Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763

GILL IMMIGRATION SERVICES
REGISTERED & BONDED
FAMILY PETITION
CITIZENSHIP
INDIAN PASSPORT
POLITICAL ASYLUM
GREEN CARD
MANJIT GILL
CALL NOW: 510-888-1180
31080 UNION CITY BLVD. SUITE 201 UNION CITY, CA 94587

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 5, January 30, 2016 20451 N Plum Grove Rd., Palatine, IL 60074 Ph:847-359-0746, Fax:847-705-9388

# ਨਸ਼ਾ ਤਸਕਰੀ ਦਾ ਮੁੱਦਾ ਮੁੜ ਠੰਢੇ ਬਸਤੇ 'ਚ

## ਐਸ.ਪੀ. ਸਲਵਿੰਦਰ ਸਿੰਘ ਨੂੰ ਕਲੀਨ ਚਿੱਟ



*ਸੁਰੱਖਿਆ ਬਲਾਂ ਵੱਲੋਂ ਫੜੀ ਨਸ਼ਿਆਂ ਦੀ ਵੱਡੀ ਖੇਪ।*

**ਅੰਮ੍ਰਿਤਸਰ (ਗੁਰਵਿੰਦਰ ਸਿੰਘ ਵਿਰਕ):** ਪਠਾਨਕੋਟ ਏਅਰ ਬੇਸ ਉਤੇ ਅਤਿਵਾਦੀ ਹਮਲੇ ਦੌਰਾਨ ਸ਼ੱਕ ਦੇ ਘੇਰੇ ਵਿਚ ਆਏ ਪੰਜਾਬ ਪੁਲਿਸ ਦੇ ਐਸ.ਪੀ. ਸਲਵਿੰਦਰ ਸਿੰਘ ਨੂੰ ਕੌਮੀ ਜਾਂਚ ਏਜੰਸੀਆਂ ਵੱਲੋਂ ਦਿੱਤੀ ਕਲੀਨ ਚਿੱਟ ਨਾਲ ਸੂਬੇ ਵਿਚ ਕੌਮਾਂਤਰੀ ਸਰਹੱਦ ਤੋਂ ਹੁੰਦੀ ਨਸ਼ਾ ਤਸਕਰੀ ਰੋਕਣ ਦਾ ਮੁੱਦਾ ਮੁੜ ਠੰਢੇ ਬਸਤੇ ਵਿਚ ਪੈਂਦਾ ਨਜ਼ਰ ਆ ਰਿਹਾ ਹੈ। ਇਹ ਅਤਿਵਾਦੀ ਪੰਜਾਬ ਪੁਲਿਸ ਦੇ ਇਸ ਅਫਸਰ ਦੀ ਗੱਡੀ 'ਤੇ ਪਠਾਨਕੋਟ ਏਅਰ ਬੇਸ ਤੱਕ ਪੁੱਜੇ ਸਨ। ਮੁਢਲੀ ਜਾਂਚ ਵਿਚ ਸ਼ੱਕ ਦੀ ਸੂਈ ਇਸ ਅਫਸਰ 'ਤੇ ਗਈ ਸੀ ਅਤੇ ਮੰਨਿਆ ਜਾ ਰਿਹਾ ਸੀ ਕਿ ਅਤਿਵਾਦੀਆਂ ਨੂੰ ਨਸ਼ਾ ਤਸਕਰ ਸਮਝ ਕੇ ਐਸ.ਪੀ. ਨੇ ਉਨ੍ਹਾਂ ਦੀ ਮਦਦ ਕੀਤੀ ਸੀ। ਉਸ ਸਮੇਂ ਐਸ.ਪੀ. ਨਾਲ ਉਸ ਦਾ ਗਹਿਣਿਆਂ ਦਾ ਵਪਾਰੀ ਮਿੱਤਰ ਵੀ ਸੀ। ਸ਼ੱਕ ਇਹ ਵੀ ਸੀ ਕਿ ਸਲਵਿੰਦਰ ਸਿੰਘ ਨਸ਼ਾ ਤਸਕਰਾਂ ਦੀ ਮਦਦ ਬਦਲੇ ਸੋਨਾ ਲੈਂਦਾ ਸੀ ਤੇ ਇਹ ਵਪਾਰੀ ਸੋਨੇ ਦੇ ਖਰੇ ਜਾਂ ਖੋਟੇ ਹੋਣ ਦੀ ਪਰਖ ਕਰਦਾ ਸੀ।

ਇਸ ਕਾਰੇ ਵਿਚ ਕਈ ਸਿਆਸੀ ਆਗੂਆਂ ਦੀ ਮਿਲੀ ਭੁਗਤ ਦੇ ਵੀ ਪੁਖਤਾ ਸਬੂਤ ਮਿਲਣ ਦਾ ਦਾਅਵਾ ਕੀਤਾ ਜਾ ਰਿਹਾ ਸੀ। ਜਾਂਚ ਏਜੰਸੀਆਂ ਸ਼ੁਰੂ ਵਿਚ ਸਰਹੱਦ 'ਤੇ ਨਸ਼ਾ ਤਸਕਰੀ ਨੂੰ ਅਤਿਵਾਦੀਆਂ ਦੇ ਲਾਂਘੇ ਲਈ ਮਦਦਗਾਰ ਮੰਨ ਰਹੀਆਂ ਸਨ ਅਤੇ ਉਮੀਦ ਇਹ ਕੀਤੀ ਜਾ ਰਹੀ ਸੀ ਕਿ ਇਸ ਮਸਲੇ ਦਾ ਹੁਣ ਪੁਖਤਾ ਹੱਲ ਹੋਵੇਗਾ, ਪਰ ਸਲਵਿੰਦਰ ਸਿੰਘ ਨੂੰ ਮਿਲੀ ਕਲੀਨ ਚਿੱਟ ਤੋਂ ਜਾਪ ਰਿਹਾ ਹੈ ਕਿ ਜਾਂਚ ਏਜੰਸੀਆਂ ਨੇ ਨਸ਼ਾ ਤਸਕਰੀ ਵਾਲਾ ਮਸਲਾ ਜਾਂਚ ਤੋਂ ਲਾਂਭੇ ਕਰ ਦਿੱਤਾ ਹੈ।

ਯਾਦ ਰਹੇ ਕਿ ਪੰਜਾਬ ਵਿਚ ਸਭ ਤੋਂ ਵੱਧ ਨਸ਼ਾ ਤਸਕਰੀ ਭਾਰਤ-ਪਾਕਿਸਤਾਨ ਸਰਹੱਦ ਤੋਂ ਹੁੰਦੀ ਹੈ। ਇਹ ਮੁੱਦਾ ਪੰਜਾਬ ਵਾਰ-ਵਾਰ ਕੇਂਦਰ ਸਰਕਾਰ ਕੋਲ ਉਠਾਉਂਦਾ ਆਇਆ ਹੈ, ਪਰ ਗ੍ਰਹਿ ਮੰਤਰੀ ਰਾਜਨਾਥ ਸਿੰਘ ਸਮੇਤ ਕੇਂਦਰੀ ਆਗੂ ਪੰਜਾਬ ਆ ਕੇ ਸੂਬੇ ਦੇ ਨੌਜਵਾਨਾਂ ਨੂੰ ਨਸ਼ਈ ਤਾਂ ਦੱਸ ਜਾਂਦੇ ਹਨ, ਪਰ ਇਸ ਮਸਲੇ ਦੇ ਹੱਲ ਬਾਰੇ ਕਦੇ ਵਿਚਾਰ ਨਹੀਂ ਕੀਤਾ ਗਿਆ। ਪੰਜਾਬ ਦੀਆਂ ਸਿਆਸੀ ਧਿਰਾਂ ਵੀ ਸਮੇਂ-ਸਮੇਂ ਉਤੇ ਇਸ ਮੁੱਦੇ ਉਤੇ ਸਿਆਸਤ ਖੇਡਦੀਆਂ ਹਨ। ਪਿਛਲੇ ਵਰ੍ਹੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਨਸ਼ਾ ਤਸਕਰੀ ਨੂੰ ਬੀ.ਐਸ.ਐਫ. ਦੀ ਢਿੱਲ ਦੱਸ ਕੇ

(ਬਾਕੀ ਸਫਾ 6 'ਤੇ)

# ਪੰਜਾਬ ਵਿਚ ਵਗਦਾ ਹੈ ਜੂਸ ਦਾ ਦਰਿਆ!

**ਚੰਡੀਗੜ੍ਹ:** ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਇਹ ਕਹਿ ਕੇ ਬਦਨਾਮ ਕੀਤਾ ਜਾਂਦਾ ਹੈ ਕਿ ਇਥੇ ਸ਼ਰਾਬ ਦਾ 6ਵਾਂ ਦਰਿਆ ਵਗਦਾ ਹੈ, ਪਰ ਕਈ ਕੰਪਨੀਆਂ ਨੇ ਆਪਣੀ ਖੋਜ ਰਿਪੋਰਟ ਵਿਚ ਇਸ ਦਾਅਵੇ ਨੂੰ ਝੁਠਲਾ ਦਿੱਤਾ ਹੈ। ਰਿਪੋਰਟਾਂ ਵਿਚ ਦੱਸਿਆ ਗਿਆ ਹੈ ਕਿ ਪੰਜਾਬੀ ਸਿਹਤ ਨੂੰ ਲੈ ਕੇ ਕਾਫੀ ਸੰਜੀਦਾ ਹਨ ਤੇ ਉਹ ਜੂਸ ਪੀਣ ਵਿਚ ਦੇਸ਼ ਭਰ ਵਿਚ ਸਭ ਤੋਂ ਅੱਗੇ ਹਨ। ਜੇਕਰ ਇਸ ਰਿਪੋਰਟ ਦੀ ਮੰਨੀਏ ਤਾਂ ਪੰਜਾਬ ਵਿਚ ਹੁਣ ਸ਼ਰਾਬ ਨਹੀਂ, ਜੂਸ ਦਾ 6ਵਾਂ ਦਰਿਆ ਵਹਿੰਦਾ ਹੈ। ਦੱਸਿਆ ਗਿਆ ਹੈ ਕਿ ਜਿੰਨਾ ਜੂਸ ਪੂਰੇ ਦੇਸ਼ ਵਿਚ ਵਿਕਦਾ ਹੈ, ਉਸ ਦਾ 23 ਫੀਸਦੀ ਹਿੱਸਾ ਇਕੱਲਾ ਪੰਜਾਬੀ ਪੀਂਦੇ ਹਨ।

ਪੰਜਾਬ ਵਿਚ ਔਸਤਨ ਹਰ ਮਹੀਨੇ ਇਕ ਵਿਅਕਤੀ 1.10 ਲੀਟਰ (ਤਕਰੀਬਨ 13 ਲੀਟਰ ਸਾਲ) ਜੂਸ ਪੀਂਦਾ ਹੈ। ਜਦੋਂ ਕਿ ਜੂਸ ਪੀਣ ਦੇ ਮਾਮਲੇ ਵਿਚ ਰਾਸ਼ਟਰੀ ਔਸਤ 100 ਮਿਲੀ ਲੀਟਰ ਪ੍ਰਤੀ ਵਿਅਕਤੀ ਤੋਂ ਵੀ ਘੱਟ ਹੈ। ਜੇਕਰ ਮਾਰਕੀਟ ਦੇ ਹਿਸਾਬ ਨਾਲ ਵੇਖਿਆ ਜਾਵੇ ਤਾਂ ਦੇਸ਼ ਵਿਚ ਜੂਸ ਦਾ ਬਾਜ਼ਾਰ 1500 ਕਰੋੜ ਰੁਪਏ ਦਾ ਹੈ। ਇਸ ਵਿਚ ਪੰਜਾਬ ਦਾ ਹਿੱਸਾ 23 ਫੀਸਦੀ ਹੈ, ਜੋ ਤਕਰੀਬਨ 3.50 ਕਰੋੜ ਰੁਪਏ ਬਣਦਾ ਹੈ।



ਜੂਸ ਪੀਣ ਦੇ ਮਾਮਲੇ ਵਿਚ ਜਰਮਨੀ ਦੇ ਲੋਕ ਸਭ ਤੋਂ ਅੱਗੇ ਹਨ, ਉਥੇ ਹਰ ਸਾਲ ਪ੍ਰਤੀ ਵਿਅਕਤੀ 45 ਲੀਟਰ ਜੂਸ ਪੀਂਦਾ ਹੈ। ਦੂਜਾ ਨੰਬਰ ਸਵਿਟਜ਼ਰਲੈਂਡ ਦਾ ਹੈ ਜਿਥੇ ਪ੍ਰਤੀ ਵਿਅਕਤੀ ਖਪਤ 42 ਲੀਟਰ ਹਨ। ਅਮਰੀਕਾ ਵਿਚ 39 ਲੀਟਰ, ਭਾਰਤ ਵਿਚ 1.2 ਤੇ ਪੰਜਾਬ ਵਿਚ 13 ਲੀਟਰ ਪ੍ਰਤੀ ਵਿਅਕਤੀ ਖਪਤ ਹੈ।

ਇਸ ਹਿਸਾਬ ਨਾਲ ਦੇਸ਼ ਵਿਚ ਵਿਕਣ ਵਾਲੇ ਕੁਲ ਪੈਕਟ ਜੂਸ ਦਾ ਇਕ ਚੁਥਾਈ ਹਿੱਸਾ ਸਿਰਫ ਪੰਜਾਬ ਵਿਚ ਵਿਕਦਾ ਹੈ। ਇਹੀ ਵਜ੍ਹਾ ਹੈ ਕਿ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਚੰਡੀਗੜ੍ਹ ਵਿਚ ਜੂਸ ਦੀ ਵਿਕਰੀ ਦੇ ਵੱਡੇ ਸੈਂਟਰ ਹਨ। ਦੇਸ਼ ਵਿਚ ਪੈਕਿੰਗ ਜੂਸ ਦੀ ਮਾਰਕੀਟ 20 ਤੋਂ 30 ਫੀਸਦੀ ਦੀ ਦਰ ਨਾਲ ਵਧ ਰਹੀ ਹੈ। ਇਕ ਦਹਾਕਾ ਪਹਿਲਾਂ ਤੱਕ ਇਹ ਬਾਜ਼ਾਰ 100 ਕਰੋੜ ਰੁਪਏ ਤੋਂ ਵੀ ਘੱਟ ਸੀ। ਲੋਕਾਂ ਦੀ ਵਧਦੀ ਕਮਾਈ ਤੇ ਸਿਹਤ ਪ੍ਰਤੀ ਜਾਗਰੂਕਤਾ ਕਾਰਨ ਜੂਸ ਦੀ ਖਪਤ ਵਧੀ ਹੈ। ਇਹ ਗੱਲ

(ਬਾਕੀ ਸਫਾ 6 'ਤੇ)

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja Sweets & Catering
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
• Catering
• Silverware
• Chinaware
• Decorated Hall
• Linen
• Several Bar Options
• Security
• Wait Staff
• Full Setup Including
Table cloth, napkins, chairs etc.
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਤਨਵੀਰ ਕੌਰ ਰਿਜ਼ਨਲ ਸਪੈਲਿੰਗ ਬੀ ਦੇ ਫਾਈਨਲ 'ਚ ਪਹੁੰਚੀ

**ਸੈਕਰਾਮੈਂਟੋ (ਬਿਊਰੋ):** ਅਮਰੀਕਾ ਵਿਚ ਰਾਸ਼ਟਰੀ ਪੱਧਰ 'ਤੇ 'ਸਪੈਲਿੰਗ ਬੀ' ਮੁਕਾਬਲਾ ਚੌਥੀ ਤੋਂ ਅੱਠਵੀਂ ਦੇ ਬੱਚਿਆਂ ਲਈ ਅਹਿਮ ਮੰਨਿਆ ਜਾਂਦਾ ਹੈ। ਸੈਕਰਾਮੈਂਟੋ ਵੈਲੀ ਚਾਰਟਰ ਸਕੂਲ, ਵੈਸਟ ਸੈਕਰਾਮੈਂਟੋ ਦੀ ਸੱਤਵੀਂ ਕਲਾਸ ਦੀ ਵਿਦਿਆਰਥਣ ਤਨਵੀਰ ਰਿਜ਼ਨਲ ਸਪੈਲਿੰਗ ਬੀ ਦੇ ਫਾਈਨਲ ਵਿਚ ਪਹੁੰਚ ਗਈ ਹੈ। ਇਹ ਮੁਕਾਬਲਾ ਨੌਂ ਕਾਉਂਟੀਆਂ ਦੇ ਸਕੂਲਾਂ ਦੇ ਸਪੈਲਿੰਗ ਚੈਂਪੀਅਨਾਂ ਵਿਚ ਹੁੰਦਾ ਹੈ। ਤਨਵੀਰ ਇਸ ਮੁਕਾਬਲੇ ਦੇ ਲਿਖਤੀ ਦੌਰ ਵਿਚ ਵੀ ਜਿੱਤ ਗਈ ਹੈ।


ਚੇਤੇ ਰਹੇ, ਜੇਕਰ ਤਨਵੀਰ 2 ਮਾਰਚ 2016 ਨੂੰ ਹੋਣ ਵਾਲੇ ਰਿਜ਼ਨਲ ਮੁਕਾਬਲੇ ਵਿਚ ਸਫਲ ਹੁੰਦੀ ਹੈ ਤਾਂ ਉਹ ਵਾਸ਼ਿੰਗਟਨ ਡੀ ਸੀ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲਵੇਗੀ। ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਆਪਣੇ ਵਿਦਿਆਰਥੀਆਂ ਦੀ ਹਰ ਖੇਤਰ ਵਿਚ ਸਫ਼ਲਤਾ ਲਈ ਕਾਰਜਸ਼ੀਲ ਹੈ।

ਸੈਕਰਾਮੈਂਟੋ ਬੋਰਡ ਆਫ਼ ਡਾਇਰੈਕਟਰਜ਼ ਦੀ 13 ਜਨਵਰੀ ਦੀ ਮੀਟਿੰਗ ਵਿਚ ਤਨਵੀਰ ਦਾ ਹੌਸਲਾ ਵਧਾਉਂਦਿਆਂ ਉਸ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

ਚੇਅਰਮੈਨ ਤੀਰਥਪਾਲ ਸੰਧੂ, ਸਕੂਲ ਦੇ ਪ੍ਰਧਾਨ ਨਰਿੰਦਰ ਥਾਂਦੀ, ਵਾਈਸ ਪ੍ਰਧਾਨ ਦਰਸ਼ਨ ਸਿੰਘ ਮੁੰਡੀ, ਬੋਰਡ ਮੈਂਬਰ ਸੁਰਜੀਤ ਸਿੰਘ ਢਿੱਲੋਂ ਅਤੇ ਬੋਰਡ ਮੈਂਬਰ ਭਜਨ ਸਿੰਘ ਭਿੰਡਰ ਮੀਟਿੰਗ ਵਿਚ ਹਾਜ਼ਰ ਸਨ।

## ਵੈਨਕੂਵਰ ਪੁਲਿਸ ਵਿਚ ਚਾਰ ਪੰਜਾਬੀ ਭਰਤੀ

**ਵੈਨਕੂਵਰ:** ਵੈਨਕੂਵਰ ਪੁਲਿਸ ਵੱਲੋਂ 27 ਪੁਲਿਸ ਅਫਸਰਾਂ ਦੀ ਭਰਤੀ ਕੀਤੀ ਗਈ ਜਿਨ੍ਹਾਂ ਵਿਚ ਚਾਰ ਪੰਜਾਬੀ ਵੀ ਸ਼ਾਮਲ ਹਨ। ਇਹ ਨੌਜਵਾਨ ਜਗਪ੍ਰੀਤ ਸਿੰਘ ਘੁੰਮਣ, ਨਿੱਕ ਮਾਨ, ਸੰਦੀਪ ਸਿੰਘ ਪੂਨੀ ਅਤੇ ਜਗਰੂਪ ਸਿੰਘ ਘੰਗਾਸ ਪੰਜਾਬੀ ਬੋਲਣ ਅਤੇ ਲਿਖਣ 'ਚ ਮੁਹਾਰਤ ਰੱਖਦੇ ਹਨ। ਜ਼ਿਕਰਯੋਗ ਹੈ ਕਿ ਕੁਲਵਿੰਦਰ ਸਿੰਘ ਦੁਸਾਂਝ ਅਤੇ ਕਈ ਹੋਰ ਪੰਜਾਬੀ ਪਹਿਲਾਂ ਹੀ ਵੈਨਕੂਵਰ ਪੁਲਿਸ 'ਚ ਸੇਵਾਵਾਂ ਨਿਭਾ ਰਹੇ ਹਨ।








M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



ਸੰਜਨਾ ਪ੍ਰਭਾਕਰ
ਸੀਨੀਅਰ ਮਾਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?
ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
email: sanjana.prabhakar@gmail.com



ਸੰਜਨਾ ਪ੍ਰਭਾਕਰ
ਅਨੁਭਵੀ ਮਾਰਟਗੇਜ ਕੰਸਲਟੈਂਟ
NMLS # 378390

Arcus LENDING
America's Premier Mortgage Experts
Arcus NMLS # 1035734

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰਿਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

Work with her preferred realtor and save money on real estate closing cost.



AFJ
TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ।
deep@jfsinc.us




ਵਾਜ਼ਿਬ ਰੇਟ, ਫਾਸਟ ਸਰਵਿਸ, ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ, ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ • Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986

# ਅਮਰੀਕਾ ਵਿਚ ਸਿੱਖ ਪਹਿਚਾਣ ਮਜਬੂਤ ਕਰਨ ਲਈ ਸਾਂਝੇ ਯਤਨਾਂ ਦੀ ਲੋੜ: ਬਾਸੀ

**ਬੇਕਰਜ਼ਫੀਲਡ (ਬਿਊਰੋ):** ਅਮਰੀਕਾ ਵਿਚ ਸਿੱਖ ਪਹਿਚਾਣ ਮਜਬੂਤ ਕਰਨ ਅਤੇ ਸਕੂਲਾਂ ਵਿਚ ਬੱਚਿਆਂ ਨੂੰ ਨਸਲੀ ਵਿਤਕਰੇ ਕਾਰਨ ਪ੍ਰੇਸ਼ਾਨ ਕੀਤੇ ਜਾਣ ਵਿਰੁਧ ਇਕ ਸਾਂਝੀ ਮੁਹਿੰਮ ਦੀ ਲੋੜ ਹੈ।



ਇਹ ਵਿਚਾਰ ਅਮਰੀਕਨ ਸਿੱਖ ਕੌਂਸਲ ਦੇ ਚੇਅਰਮੈਨ ਸ. ਗੁਲਬਰਗ ਸਿੰਘ ਬਾਸੀ ਨੇ ਕੈਲੀਫੋਰਨੀਆ ਦੇ ਵੱਖ ਵੱਖ ਗੁਰਦੁਆਰਿਆਂ ਵਿਚ ਬੋਲਦਿਆਂ ਪ੍ਰਗਟਾਏ। ਆਪਣੇ ਇਸ ਦੌਰੇ ਦੌਰਾਨ ਉਨ੍ਹਾਂ ਅੰਤਰ ਧਰਮ ਵਾਰਤਾਲਾਪ, ਆਪਸੀ ਝਗੜੇ ਨਿਬੇੜਨ ਲਈ ਸਾਂਝੀ ਨੀਤੀ ਅਪਨਾਏ ਜਾਣ, ਗੁਰਮਤਿ ਪ੍ਰਚਾਰ ਅਤੇ ਸਕੂਲਾਂ, ਕਾਲਜਾਂ ਵਿਚ ਸਿੱਖ ਬੱਚਿਆਂ ਨੂੰ ਪ੍ਰੇਸ਼ਾਨ ਕੀਤੇ ਜਾਣ ਆਦਿ ਵਿਸ਼ਿਆਂ ਉਤੇ ਸੰਗਤ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਦੌਰੇ ਦੌਰਾਨ ਬੇਕਰਜ਼ਫੀਲਡ ਤੋਂ ਸਿੱਖ ਸਰਗਰਮੀਆਂ ਅਤੇ ਬੱਚਿਆਂ ਨੂੰ ਸਿੱਖੀ ਪ੍ਰਤੀ ਹੋਰ ਸੁਚੇਤ ਕਰਨ ਲਈ ਸਰਗਰਮ ਡਾ. ਮਨਬੀਰ ਸਿੰਘ ਉਨ੍ਹਾਂ ਦੇ ਨਾਲ ਸਨ।

ਸ. ਬਾਸੀ ਨੇ ਨਿਊ ਜਰਸੀ ਵਿਚ ਹਾਈ ਸਕੂਲ ਦੇ ਇਕ ਸਿੱਖ ਬੱਚੇ ਕਰਨਵੀਰ ਸਿੰਘ ਪੰਨੂ ਵਲੋਂ ਸਕੂਲਾਂ ਵਿਚ ਸਿੱਖ ਬੱਚਿਆਂ ਵਿਰੁਧ ਨਸਲੀ ਟਿੱਪਣੀਆਂ ਕੀਤੇ ਜਾਣ ਬਾਰੇ ਉਨ੍ਹਾਂ ਦੇ ਅਨੁਭਵ ਬਾਰੇ ਲਿਖੀ ਇਕ ਕਿਤਾਬ ਵੀ ਵੰਡੀ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਅਮਰੀਕੀ ਭਾਈਚਾਰੇ ਵਿਚ ਹੋਰ ਸਰਗਰਮ ਹੋਣ ਦੀ ਲੋੜ ਹੈ ਅਤੇ ਮੁੱਖ ਧਾਰਾ ਦੇ ਸਮਾਗਮਾਂ ਵਿਚ ਵਧ ਤੋਂ ਵਧ ਸ਼ਾਮਲ ਹੋਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਦੇ 70 ਤੋਂ ਵੱਧ ਗੁਰਦੁਆਰੇ ਅਮਰੀਕਨ ਸਿੱਖ ਕੌਂਸਲ ਦੇ ਮੈਂਬਰ ਹਨ। ਗੁਰਦੁਆਰਾ ਮਾਮਲਿਆਂ ਵਿਚ ਇਸ ਵਲੋਂ ਨਿਭਾਏ ਜਾ ਰਹੇ ਉਸਾਰੂ ਰੋਲ ਕਰ ਕੇ ਇਸ ਦਾ ਪ੍ਰਭਾਵ ਖੇਤਰ ਨਿਰੰਤਰ ਵਧ ਰਿਹਾ ਹੈ।



# ਹੱਤਿਆ ਦੇ ਦੋਸ਼ ਹੇਠ ਪੰਜਾਬੀ ਨੂੰ 82 ਸਾਲ ਕੈਦ

**ਸੈਕਰਾਮੈਂਟੋ:** ਸੈਕਰਾਮੈਂਟੋ ਵਿਚ 2008 ਵਿਚ ਸਿੱਖ ਸਪੋਰਟਸ ਕੰਪਲੈਕਸ ਵਿਚ ਮੇਲੇ ਦੌਰਾਨ ਆਪਣੇ ਹਮਵਤਨੀ ਦੀ ਹੱਤਿਆ ਤੇ ਇਕ ਹੋਰ ਨੂੰ ਜਖਮੀ ਕਰਨ ਦੇ ਦੋਸ਼ ਹੇਠ 30 ਸਾਲਾ ਪੰਜਾਬੀ ਨੂੰ ਅਮਰੀਕੀ ਅਦਾਲਤ ਨੇ 82 ਸਾਲਾਂ ਦੀ ਸਜ਼ਾ ਸੁਣਾਈ ਹੈ। ਸੈਕਰਾਮੈਂਟੋ ਸੁਪਰੀਅਰ ਕੋਰਟ ਜੱਜ ਰਿਚਰਡ ਸੁਓਸ਼ੀ ਨੇ ਅਮਨਦੀਪ ਸਿੰਘ ਧਾਮੀ ਨੂੰ ਪਰਮਜੀਤ ਸਿੰਘ (26) ਦੇ ਕਤਲ ਤੇ ਸਾਹਿਬਜੀਤ ਸਿੰਘ ਨੂੰ ਜਖਮੀ ਕਰਨ ਦੇ ਦੋਸ਼ ਹੇਠ ਸਜ਼ਾ ਸੁਣਾਈ। ਸੈਕਰਾਮੈਂਟੋ ਬੀ ਦੀ ਰਿਪੋਰਟ ਮੁਤਾਬਕ ਦਿਨ ਦਿਹਾੜੇ ਗੋਲੀਬਾਰੀ ਕਰਨ ਮਗਰੋਂ ਧਾਮੀ ਮੇਲੇ ਵਾਲੀ ਥਾਂ ਤੋਂ ਫਰਾਰ ਹੋਣ ਵਿਚ ਕਾਮਯਾਬ ਹੋ ਗਿਆ ਸੀ ਪਰ ਇਸ ਵਾਰਦਾਤ ਵਿਚ ਸ਼ਾਮਲ ਦੂਜੇ ਹਮਲਾਵਰ ਗੁਰਪ੍ਰੀਤ ਸਿੰਘ ਗੋਸਲ (28) ਨੂੰ ਲੋਕਾਂ ਨੇ ਮੌਕੇ 'ਤੇ ਫੜ ਲਿਆ ਸੀ।

ਗੋਸਲ ਨੂੰ ਦੂਜੇ ਦਰਜੇ ਦੀ ਹੱਤਿਆ ਦਾ ਦੋਸ਼ੀ ਮੰਨਦਿਆਂ 25 ਸਾਲਾਂ ਦੀ ਸਜ਼ਾ ਸੁਣਾਈ ਗਈ ਸੀ। ਵਾਰਦਾਤ ਤੋਂ ਬਾਅਦ ਧਾਮੀ ਭਾਰਤ ਭੱਜ ਗਿਆ ਸੀ। ਉਸ ਨੂੰ ਭਾਰਤੀ ਅਧਿਕਾਰੀਆਂ ਨੇ ਜਲੰਧਰ ਤੋਂ ਗ੍ਰਿਫਤਾਰ ਕੀਤਾ ਸੀ। ਇਸ ਕਤਲ ਦੀ ਵਜ੍ਹਾ ਧਾਮੀ ਤੇ ਗੋਸਲ ਦੀ ਵਾਰਦਾਤ ਤੋਂ ਕੁਝ ਦਿਨ ਪਹਿਲਾਂ ਇਕ ਨਾਈਟ ਕਲੱਬ 'ਚ ਪਰਮਜੀਤ ਸਿੰਘ ਨਾਲ ਹੋਈ ਖਹਿਬਾਜ਼ੀ ਬਣੀ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*

*Attorney at Law*

*Licensed to practice Immigration in all 50 states.*

More than 20 year experience in US immigration & Indian law

US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*

*Divorce *Annulment
*International Custody

INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ

ਜਗਦੇਵ ਸਿੰਘ

ਫੋਨ: 510-689-4625

REALTOR  EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538

# ਹੁਣ ਪੰਜਾਬ ਵਿਚ ਬੀਬੀਆਂ ਵੀ ਕਰਨ ਲੱਗੀਆਂ ਲੰਬੜਦਾਰੀ

**ਸ਼ੇਰਪੁਰ:** ਪੰਜਾਬ ਵਿਚ ਔਰਤਾਂ ਨੂੰ ਵੀ ਨੰਬਰਦਾਰੀ ਦਾ ਚਸਕਾ ਲੱਗ ਗਿਆ ਹੈ। ਨੰਬਰਦਾਰ ਪਤੀ ਦੀ ਮੌਤ ਪਿੱਛੋਂ ਉਨ੍ਹਾਂ ਦੀਆਂ ਪਤਨੀਆਂ ਹੀ 'ਕੁਰਸੀ' ਸਾਂਭਣ ਲਈ ਹੱਥ-ਪੈਰ ਮਾਰ ਰਹੀਆਂ ਹਨ। ਪਿੰਡ ਟਿੱਬਾ ਦੀ ਬਾਰ੍ਹਵੀਂ ਪਾਸ ਸੁਖਵਿੰਦਰ ਕੌਰ (36 ਸਾਲ) ਆਪਣੇ ਪਿਤਾ ਮੱਘਰ ਸਿੰਘ ਦੀ ਮੌਤ ਮਗਰੋਂ ਉਨ੍ਹਾਂ ਦੀ ਥਾਂ ਨੰਬਰਦਾਰ ਹੈ। ਸੁਖਵਿੰਦਰ ਕੌਰ ਨੇ ਦੱਸਿਆ ਕਿ ਉਹ ਆਪਣੇ ਮਾਪਿਆਂ ਦੀ ਇਕਲੌਤੀ ਧੀ ਹੈ ਅਤੇ ਉਸ ਦੇ ਪਿਤਾ ਆਪਣੇ ਕੰਮਾਂ-ਕਾਰਾਂ ਬਾਰੇ ਉਸ ਨੂੰ ਪਹਿਲਾਂ ਤੋਂ ਹੀ ਦੱਸਦੇ ਰਹਿੰਦੇ ਸੀ। ਉਨ੍ਹਾਂ ਦੀ ਮੌਤ ਮਗਰੋਂ ਨੰਬਰਦਾਰੀ ਲੈਣ ਲਈ ਉਸ ਨੂੰ ਲੰਬੀ ਕਾਨੂੰਨੀ ਪ੍ਰਕਿਰਿਆ ਵਿਚੋਂ ਲੰਘਣਾ ਪਿਆ। ਉਸ ਦਾ ਪਤੀ ਫੌਜ ਵਿਚੋਂ ਸੇਵਾ-ਮੁਕਤ ਹੈ ਤੇ ਉਸ ਨੇ ਹਮੇਸ਼ਾ ਉਸ ਦਾ ਸਾਥ ਦਿੱਤਾ ਹੈ।

ਪਿੰਡ ਕਲੇਰਾਂ ਦੀ ਮੈਟ੍ਰਿਕ ਪਾਸ ਮਨਵਿੰਦਰ ਕੌਰ (39 ਸਾਲ) ਨੇ ਦੱਸਿਆ ਕਿ ਉਹਦਾ ਪਤੀ ਲਖਵੀਰ ਸਿੰਘ ਪਿੰਡ ਦਾ ਨੰਬਰਦਾਰ ਸੀ। ਉਸ ਦੀ ਸੜਕ ਹਾਦਸੇ ਵਿਚ ਮੌਤ ਹੋਣ ਮਗਰੋਂ ਜਥੇਬੰਦੀ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਉਹ ਨੰਬਰਦਾਰ ਬਣ ਗਈ। ਮਨਵਿੰਦਰ ਕੌਰ ਅਨੁਸਾਰ ਜ਼ਮੀਨੀ ਕੰਮਾਂ ਦੇ ਕਾਗਜ਼ਾਂ-ਪੱਤਰਾਂ ਸਬੰਧੀ ਉਸ ਦਾ ਪਤੀ ਉਸ ਦਾ ਸਹਿਯੋਗ ਲੈਂਦਾ ਸੀ ਅਤੇ ਵਿਚਾਰ-ਵਟਾਂਦਰਾ ਕਰਦੇ ਰਹਿਣ ਕਰਕੇ ਉਹ ਸਾਰੀਆਂ ਬਰੀਕੀਆਂ ਤੋਂ ਵਾਕਫ ਹੈ। ਇਸ ਕਿੱਤੇ ਵਿਚ ਔਰਤ ਨੂੰ ਮੁਸ਼ਕਲਾਂ ਬਾਰੇ ਉਨ੍ਹਾਂ ਕਿਹਾ ਕਿ ਤਹਿਸੀਲ ਵਿਚ ਕਈ ਵਾਰ ਸਬੰਧਤ ਅਧਿਕਾਰੀ ਸਮੇਂ ਸਿਰ ਨਾ ਆਉਣ ਤਾਂ ਮਹਿਲਾ ਨੰਬਰਦਾਰ ਨੂੰ ਤਹਿਸੀਲ ਵਿਚ ਬੈਠਣ ਲਈ ਕੋਈ ਪ੍ਰਬੰਧ ਨਾ ਹੋਣ ਕਰਕੇ ਅਧਿਕਾਰੀਆਂ ਦੀ ਲੰਬੀ ਉਡੀਕ ਕਰਨੀ ਔਖੀ ਹੋ ਜਾਂਦੀ ਹੈ।



ਪਿੰਡ ਈਨਾਬਾਜਵਾ ਦੀ ਰਜਿੰਦਰ ਕੌਰ (45 ਸਾਲ) ਪੇਕੇ ਪਿੰਡ ਆਪਣੇ ਪਿਤਾ ਮਹਿੰਦਰ ਸਿੰਘ ਦੀ ਮੌਤ ਮਗਰੋਂ ਨੰਬਰਦਾਰ ਬਣੀ ਪਰ ਸੂਤਰਾਂ ਅਨੁਸਾਰ ਪਿੰਡ ਵਿਚ ਵਿਰੋਧੀ ਧੜੇ ਵੱਲੋਂ ਚੁਣੌਤੀ ਦਿੱਤੇ ਜਾਣ ਕਾਰਨ ਉਸ ਦਾ ਮਾਮਲਾ ਵਿਭਾਗ ਦੇ ਉਚ ਅਧਿਕਾਰੀਆਂ ਕੋਲ ਵਿਚਾਰਨਯੋਗ ਹੈ। ਰਜਿੰਦਰ ਕੌਰ ਨੇ ਦੱਸਿਆ ਕਿ ਔਰਤਾਂ ਆਪਣੇ ਘਰ ਦਾ ਕੰਮ ਛੱਡ ਕੇ ਜਾਂਦੀਆਂ ਹਨ। ਸਰਕਾਰ ਵੱਲੋਂ ਨੰਬਰਦਾਰ ਲਈ ਨਿਰਧਾਰਤ ਕੀਤਾ ਇਕ ਹਜ਼ਾਰ ਰੁਪਏ ਭੱਤਾ ਬਹੁਤ ਘੱਟ ਹੈ।

ਨੰਬਰਦਾਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਮਹਿੰਦਰ ਸਿੰਘ ਜਹਾਂਗੀਰ ਦੀ ਮੌਤ ਮਗਰੋਂ ਜਥੇਬੰਦੀ ਵੱਲੋਂ ਉਸ ਦੀ ਪਤਨੀ ਹਰਬੰਸ ਕੌਰ ਜਹਾਂਗੀਰ ਨੂੰ ਵੀ ਨੰਬਰਦਾਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਪਿੰਡ ਗੁਰਬਖ਼ਸ਼ਪੁਰਾ ਦੀ ਨੰਬਰਦਾਰ ਅੰਗਰੇਜ਼ ਕੌਰ ਦੀ ਮੌਤ ਮਗਰੋਂ ਉਸ ਦੀ ਨੂੰਹ ਰਣਜੀਤ ਕੌਰ ਨੰਬਰਦਾਰੀ ਲੈਣ ਲਈ ਚਾਰਾਜੋਈ ਕਰ ਰਹੀ ਹੈ, ਜਦੋਂਕਿ ਕਾਤਰੋਂ ਤੋਂ ਗੁਰਦਿਆਲ ਕੌਰ ਅਤੇ ਈਸਾਪੁਰ ਤੋਂ ਬੀਬੀ ਲਾਭ ਕੌਰ ਨੰਬਰਦਾਰ ਹਨ।

## ਹਰਿਆਣਾ ਦੀ ਮਹਿਲਾ ਸਰਪੰਚ ਦੀ ਨਵੀਂ ਪਹਿਲ

**ਭਿਵਾਨੀ:** ਹੁਣ ਵਿਆਹ ਕਰਵਾਉਣ ਤੋਂ ਪਹਿਲਾਂ ਐਚ.ਆਈ.ਵੀ. ਟੈਸਟ ਪਾਸ ਕਰਨਾ ਜ਼ਰੂਰੀ ਹੋਵੇਗਾ। ਇਹ ਐਲਾਨ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਦੇ ਦਾਦਰੀ ਉਪ ਮੰਡਲ ਵਿਚ ਪਿੰਡ ਚੰਦੇਨੀ ਦੀ ਪੰਚਾਇਤ ਨੇ ਕੀਤਾ ਹੈ। ਪੰਚਾਇਤ ਦੇ ਫੈਸਲੇ ਮੁਤਾਬਕ ਵਿਆਹ ਤੋਂ ਪਹਿਲਾਂ ਮੁੰਡੇ ਤੇ ਕੁੜੀ ਨੂੰ ਸਿਹਤ ਕੇਂਦਰ ਤੋਂ ਐਚ.ਆਈ.ਵੀ. ਟੈਸਟ ਕਰਵਾ ਕੇ ਤੰਦਰੁਸਤੀ ਦਾ ਸਰਟੀਫਿਕੇਟ ਪੰਚਾਇਤ ਨੂੰ ਦੇਣਾ ਪਏਗਾ। ਦਰਅਸਲ, ਇਸੇ ਮਹੀਨੇ ਹੀ ਹਰਿਆਣਾ ਵਿਚ ਹੋਈਆਂ ਪੰਚਾਇਤ ਚੋਣਾਂ ਵਿਚ ਚੰਦੇਨੀ ਪਿੰਡ ਦੀ ਕਮਾਨ ਮਹਿਲਾ ਸਰਪੰਚ ਮਮਤਾ ਸਾਂਗਵਾਨ ਨੂੰ ਸੌਂਪੀ ਗਈ ਹੈ।

ਮਮਤਾ ਨੂੰ ਸਰਬਸੰਮਤੀ ਨਾਲ ਹੀ ਸਰਪੰਚ ਚੁਣਿਆ ਗਿਆ ਹੈ। ਪਿੰਡ ਦੀ ਇਸ ਨਵੀਂ ਸਰਪੰਚ ਨੇ ਕੁਝ ਨਵਾਂ ਕਰਨ ਦੀ ਇੱਛਾ ਰੱਖਦਿਆਂ ਪਿੰਡ ਦੇ ਪੰਚਾਂ, ਸਮਾਜ ਸੇਵੀ ਤੇ ਅਗਾਂਹਵਧੂ ਵਿਅਕਤੀਆਂ ਨਾਲ ਵਿਚਾਰ ਕਰਕੇ ਸਭ ਦੀ ਸਹਿਮਤੀ ਨਾਲ ਇਹ ਫੈਸਲਾ ਲਿਆ। ਫੈਸਲੇ ਮੁਤਾਬਕ ਪਿੰਡ ਨੂੰ ਇਸ ਬਿਮਾਰੀ ਤੋਂ ਮੁਕਤ ਰੱਖਣ ਲਈ ਜ਼ਰੂਰੀ ਹੈ ਕਿ ਵਿਆਹ ਤੋਂ ਪਹਿਲਾਂ ਐਚ.ਆਈ.ਵੀ. ਟੈਸਟ ਕਰਵਾਇਆ ਜਾਵੇ। ਇਹ ਫੈਸਲਾ ਇਕ ਵਿਆਹ 'ਤੇ ਲਾਗੂ ਵੀ ਹੋ ਚੁੱਕਾ ਹੈ। ਪਿੰਡ ਦੇ ਧਰਮਜੀਤ ਨੇ ਆਪਣੇ ਵਿਆਹ ਤੋਂ ਪਹਿਲਾਂ ਐਚ.ਆਈ.ਵੀ. ਟੈਸਟ ਕਰਵਾ ਕੇ ਰਿਪੋਰਟ ਪੰਚਾਇਤ ਕੋਲ ਪੇਸ਼ ਕੀਤੀ ਤੇ ਇਸ ਤੋਂ ਬਾਅਦ ਹੀ ਵਿਆਹ ਕਰਵਾਇਆ। ਧਰਮਜੀਤ ਦੀ ਪਤਨੀ ਮਹੇਸ਼ ਨੇ ਵੀ ਇਸ ਪਹਿਲ ਦੀ ਸ਼ਲਾਘਾ ਕੀਤੀ। ਇਹ ਜੋੜਾ ਹੁਣ ਹੋਰ ਪੰਚਾਇਤਾਂ ਨੂੰ ਵੀ ਇਸ ਤਰ੍ਹਾਂ ਦਾ ਨਿਯਮ ਬਣਾਉਣ ਦੀ ਅਪੀਲ ਕਰ ਰਿਹਾ ਹੈ। ਚੰਦੇਨੀ ਦੀ ਪੰਚਾਇਤ ਮੁਤਾਬਕ ਉਹ ਆਪਣੇ ਪਿੰਡ ਨੂੰ ਭਵਿੱਖ ਵਿਚ ਏਡਜ਼ ਮੁਕਤ ਰੱਖਦਿਆਂ ਆਉਣ ਵਾਲੀ ਪੀੜ੍ਹੀ ਨੂੰ ਇਸ ਨਾਮੁਰਾਦ ਬਿਮਾਰੀ ਤੋਂ ਦੂਰ ਰੱਖਣਾ ਚਾਹੁੰਦੇ ਹਨ। ਪਿੰਡ ਵੱਲੋਂ ਆਪਣੇ ਇਲਾਕੇ ਨੂੰ ਇਸ ਬਿਮਾਰੀ ਤੋਂ ਮੁਕਤ ਕਰਵਾਉਣ ਲਈ ਵੀ ਖਾਸ ਮੁਹਿੰਮ ਚਲਾਈ ਜਾ ਰਹੀ ਹੈ। ਸਰਪੰਚ ਮਮਤਾ ਦਾ ਕਹਿਣਾ ਹੈ ਕਿ ਉਹ ਚਾਹੁੰਦੀ ਹੈ ਕਿ ਇਸ ਪਹਿਲ ਨੂੰ ਹਰਿਆਣੇ ਸਮੇਤ ਪੂਰੇ ਦੇਸ਼ ਵਿਚ ਅਪਨਾਇਆ ਜਾਵੇ ਤਾਂ ਜੋ ਪੂਰੇ ਦੇਸ਼ ਵਿਚ ਜਾਗਰੂਕਤਾ ਤੇ ਸਿਹਤਯਾਬੀ ਦੀ ਮੁਹਿੰਮ ਸਫਲ ਹੋ ਸਕੇ।

# ਹਾਈਕੋਰਟ ਵੱਲੋਂ ਹਰਸਿਮਰਤ ਕੌਰ ਬਾਦਲ ਨੂੰ ਮੁੜ ਨੋਟਿਸ

**ਚੰਡੀਗੜ੍ਹ:** ਕੇਂਦਰੀ ਮੰਤਰੀ ਤੇ ਬਠਿੰਡਾ ਤੋਂ ਐਮ.ਪੀ. ਹਰਸਿਮਰਤ ਕੌਰ ਬਾਦਲ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਮੁੜ ਤੋਂ ਨੋਟਿਸ ਜਾਰੀ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਇਸੇ ਮਾਮਲੇ ਵਿਚ ਹਾਈਕੋਰਟ ਨੇ ਹਰਸਿਮਰਤ ਨੂੰ ਪਿਛਲੇ ਸਾਲ ਮਈ ਮਹੀਨੇ ਵਿਚ ਵੱਡੀ ਰਾਹਤ ਦਿੱਤੀ ਸੀ। ਹਾਈਕੋਰਟ ਦੇ ਜਸਟਿਸ ਮਹੇਸ਼ ਗਰੋਵਰ ਦੇ ਇਕਹਿਰੇ ਬੈਂਚ ਨੇ ਉਸ ਵੇਲੇ ਹਰਸਿਮਰਤ ਕੌਰ ਬਾਦਲ ਦੀ ਚੋਣ ਨੂੰ ਰੱਦ ਕਰਵਾਉਣ ਲਈ ਪਾਈ ਗਈ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ। ਉਸ ਵੇਲੇ ਹਾਈਕੋਰਟ ਨੇ ਕਿਹਾ ਸੀ ਕਿ ਹਰਸਿਮਰਤ ਕੌਰ ਬਾਦਲ ਦੀ ਚੋਣ ਖਿਲਾਫ ਪਟੀਸ਼ਨ ਦਾਇਰ ਕਰਵਾਉਣ ਵਿਚ ਦੇਰੀ ਹੋਈ ਹੈ ਕਿਉਂਕਿ ਇਹ ਪਟੀਸ਼ਨ ਚੋਣ ਨਤੀਜਿਆਂ ਤੋਂ 45 ਦਿਨਾਂ ਦੇ ਅੰਦਰ-ਅੰਦਰ ਦਾਖਲ ਕਰਵਾਉਣੀ ਹੁੰਦੀ ਹੈ। ਹਾਈਕੋਰਟ ਦੇ ਇਸੇ ਫੈਸਲੇ 'ਤੇ ਮੁੜ ਵਿਚਾਰ ਕਰਨ ਸਬੰਧੀ ਅਰਜ਼ੀ ਦਾਇਰ ਕੀਤੀ ਗਈ ਸੀ। ਪਟੀਸ਼ਨਕਰਤਾ ਨਵਜੋਤ ਸਿੰਘ ਨੇ ਐਡਵੋਕੇਟ ਸੁਰਜੀਤ ਸਿੰਘ ਸਵੈਚ ਦੇ ਜ਼ਰੀਏ ਅਰਜ਼ੀ ਵਿਚ ਕਿਹਾ ਕਿ ਸੁਪਰੀਮ ਕੋਰਟ ਇਕ ਫੈਸਲੇ ਵਿਚ ਮੰਨ ਚੁੱਕੀ ਹੈ ਕਿ ਵੋਟਾਂ ਦੀ ਗਿਣਤੀ ਵਾਲੇ ਦਿਨ ਨੂੰ ਉਨ੍ਹਾਂ ਨਿਯਮਤ ਦਿਨਾਂ ਵਿਚ ਨਹੀਂ ਗਿਣਿਆ ਜਾਵੇਗਾ, ਜਿਨ੍ਹਾਂ ਦਿਨਾਂ ਵਿਚ (ਚੋਣ ਨਤੀਜਿਆਂ ਤੋਂ 45 ਦਿਨ) ਪਟੀਸ਼ਨ ਦਾਖਲ ਕਰਨੀ ਹੁੰਦੀ ਹੈ। ਇਸੇ ਫੈਸਲੇ ਦੇ ਹਵਾਲੇ ਨਾਲ ਦਰਜ ਕੀਤੀ ਗਈ ਅਰਜ਼ੀ 'ਤੇ ਸੁਣਵਾਈ ਕਰਦਿਆਂ ਹਾਈਕੋਰਟ ਨੇ ਹਰਸਿਮਰਤ ਕੌਰ ਬਾਦਲ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।



# ਦਿੱਲੀ ਪੁਲਿਸ ਦੀ ਕਮਾਨ ਮੋਦੀ ਦੇ ਜਰਨੈਲ ਹੱਥ?

**ਨਵੀਂ ਦਿੱਲੀ:** ਦਿੱਲੀ ਪੁਲਿਸ ਦਾ ਨਵਾਂ ਕਮਿਸ਼ਨਰ ਗੁਜਰਾਤ ਦੇ ਆਈ.ਪੀ.ਐਸ. ਅਫਸਰ ਨੂੰ ਬਣਾਉਣ ਦੀ ਤਿਆਰੀ ਹੈ। ਸ਼ਿਵਾਨੰਦ ਝਾਅ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕਾਫੀ ਕਰੀਬੀ ਮੰਨੇ ਜਾਂਦੇ ਹਨ। ਅਹਿਮਦਾਬਾਦ ਦੇ ਪੁਲਿਸ ਕਮਿਸ਼ਨਰ ਸ਼ਿਵਾਨੰਦ ਝਾਅ ਦਾ ਨਾਮ ਦਿੱਲੀ ਪੁਲਿਸ ਕਮਿਸ਼ਨਰ ਅਹੁਦੇ ਲਈ ਸਭ ਤੋਂ ਅੱਗੇ ਹੈ।

ਝਾਅ 1983 ਬੈਚ ਦੇ ਗੁਜਰਾਤ ਕੇਡਰ ਦੇ ਆਈ.ਪੀ.ਐਸ. ਅਫਸਰ ਹਨ। ਮੋਦੀ ਦੇ ਕਰੀਬੀ ਇਸ ਅਫਸਰ ਦਾ ਨਾਂ 2002 ਗੁਜਰਾਤ ਦੰਗਿਆਂ ਦੀ ਜਾਂਚ ਲਈ ਸੁਪਰੀਮ ਕੋਰਟ ਵੱਲੋਂ ਬਣਾਈ ਐਸ.ਆਈ.ਟੀ. ਵਿਚ ਵੀ ਸ਼ਾਮਲ ਸੀ। ਹਾਲਾਂਕਿ ਬਾਅਦ ਵਿਚ ਉਨ੍ਹਾਂ ਨੂੰ ਇਸ ਜਾਂਚ ਤੋਂ ਹਟਾ ਦਿੱਤਾ ਗਿਆ ਸੀ। ਸ਼ਿਵਾਨੰਦ ਝਾਅ ਨੂੰ ਦਿੱਲੀ ਪੁਲਿਸ ਦੀ ਕਮਾਨ ਸੌਂਪੀ ਜਾ ਸਕਦੀ ਹੈ। ਗੁਜਰਾਤ ਤੋਂ ਦਿੱਲੀ ਪੁਲਿਸ ਸਮੇਤ ਗ੍ਰਹਿ ਮੰਤਰਾਲੇ ਤੱਕ ਇਹ ਚਰਚਾ ਚੱਲ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਜੇਕਰ ਸ਼ਿਵਾਨੰਦ ਨੂੰ ਦਿੱਲੀ ਲਿਆਇਆ ਜਾਂਦਾ ਹੈ ਤਾਂ ਉਹ ਸਿੱਧੀ ਰਿਪੋਰਟ ਪੀ.ਐਮ.ਓ. ਨੂੰ ਕਰਨਗੇ। ਇਸ ਨਾਲ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਤਾਕਤ ਘਟ ਹੋਵੇਗੀ। ਇਸ ਦੇ ਨਾਲ ਹੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਲਈ ਵੀ ਇਹ ਚੰਗੀ ਖਬਰ ਨਹੀਂ ਹੈ। ਕਿਉਂਕਿ ਦਿੱਲੀ ਪੁਲਿਸ ਤੇ ਕੇਜਰੀਵਾਲ ਵਿਚਕਾਰ ਪਹਿਲਾਂ ਹੀ ਛੱਤੀ ਦਾ ਅੰਕੜਾ ਹੈ। ਅਜਿਹੇ ਵਿਚ ਜੇਕਰ ਮੋਦੀ ਦੇ ਕਰੀਬੀ ਅਫਸਰ ਨੂੰ ਦਿੱਲੀ ਦਾ ਪੁਲਿਸ ਕਮਿਸ਼ਨਰ ਲਾਇਆ ਜਾਂਦਾ ਹੈ ਤਾਂ ਮਾਮਲਾ ਹੋਰ ਵੀ ਵਿਗੜ ਸਕਦਾ ਹੈ। ਦਿੱਲੀ ਦੇ ਮੌਜੂਦਾ ਪੁਲਿਸ ਕਮਿਸ਼ਨਰ ਬੀ.ਐਸ. ਬੱਸੀ ਅਗਲੇ ਮਹੀਨੇ ਆਪਣੇ ਅਹੁਦੇ ਤੋਂ ਸੇਵਾ ਮੁਕਤ ਹੋਣ ਵਾਲੇ ਹਨ।



## ਅਦਾਲਤ ਵੱਲੋਂ ਕੇਜਰੀਵਾਲ ਨੂੰ ਵੱਡੀ ਰਾਹਤ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਥਾਨਕ ਅਦਾਲਤ ਤੋਂ ਵੱਡੀ ਰਾਹਤ ਮਿਲੀ ਹੈ। ਅਦਾਲਤ ਨੇ ਕੇਜਰੀਵਾਲ ਖਿਲਾਫ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਵੋਟਰਾਂ ਨੂੰ ਵੋਟ ਬਦਲੇ ਪੈਸੇ ਲੈਣ ਲਈ ਉਤਸ਼ਾਹਤ ਕਰਨ ਦੇ ਵਿਰੋਧੀ ਧਿਰ ਵੱਲੋਂ ਦਰਜ ਕਰਵਾਏ ਮਾਮਲੇ ਤੋਂ ਬਰੀ ਕੀਤਾ ਹੈ। ਅਦਾਲਤ ਮੁਤਾਬਕ ਅਜਿਹੀ ਕੋਈ ਗੱਲ ਸਾਹਮਣੇ ਨਹੀਂ ਆਈ ਜਿਸ ਤੋਂ ਉਨ੍ਹਾਂ ਖਿਲਾਫ ਦੋਸ਼ ਸਾਬਤ ਹੋ ਸਕਣ। ਦਰਅਸਲ, ਇਕਰਾਂਤ ਸ਼ਰਮਾ ਨਾਮੀ ਸ਼ਿਕਾਇਤਕਰਤਾ ਨੇ ਕੇਜਰੀਵਾਲ ਖਿਲਾਫ ਮਾਮਲਾ ਦਰਜ ਕਰਵਾਇਆ ਸੀ ਕਿ ਉਨ੍ਹਾਂ ਨੇ ਪਿਛਲੇ ਸਾਲ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਵੋਟਰਾਂ ਨੂੰ ਵੋਟ ਬਦਲੇ ਪੈਸੇ ਲੈਣ ਲਈ ਉਕਸਾਇਆ ਸੀ। ਹਵਾਲਾ ਦਿੱਤਾ ਗਿਆ ਸੀ ਕਿ ਕੇਜਰੀਵਾਲ ਨੇ ਚੋਣ ਪ੍ਰਚਾਰ ਦੌਰਾਨ ਬਿਆਨ ਦਿੱਤਾ ਸੀ ਕਿ 'ਜੇਕਰ ਕਾਂਗਰਸੀ ਜਾਂ ਬੀ.ਜੇ.ਪੀ. ਵਾਲੇ ਤੁਹਾਨੂੰ ਵੋਟ ਬਦਲੇ ਪੈਸੇ ਦਿੰਦੇ ਹਨ ਤਾਂ ਤੁਸੀਂ ਲੈ ਲਓ ਪਰ ਵੋਟ 'ਆਪ' ਨੂੰ ਪਾਓ।

# ਸਿੱਖ ਕਤਲੇਆਮ ਵਾਲੀ ਫਾਈਲ ਗੁੰਮ ਹੋਣ ਉਤੇ ਸਿਆਸਤ ਮਘੀ

**ਨਵੀਂ ਦਿੱਲੀ:** ਦਿੱਲੀ ਸਰਕਾਰ ਵੱਲੋਂ ਨਵੰਬਰ 1984 ਬਾਰੇ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਵਾਲੀ ਫਾਈਲ ਸਕੱਤਰੇਤ ਵਿਚੋਂ ਗੁੰਮ ਹੋ ਜਾਣ ਦੇ ਮੁੱਦੇ ਉਤੇ ਸਿਆਸਤ ਵਿਚ ਉਬਾਲ ਆ ਗਿਆ ਹੈ ਤੇ ਭਾਰਤੀ ਜਨਤਾ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਘੇਰਨ ਦਾ ਮੌਕਾ ਮਿਲ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੇ ਵੱਖਰੇ ਤੌਰ 'ਤੇ ਪ੍ਰੈਸ ਕਾਨਫਰੰਸਾਂ ਕਰਕੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਉਤੇ ਨਵੰਬਰ 1984 ਦੇ ਸਿੱਖ ਕਤਲੇਆਮ 'ਤੇ ਸਿਆਸਤ ਕਰਨ ਦੇ ਦੋਸ਼ ਲਾਏ।

ਅਕਾਲੀ ਦਲ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਮਨਜਿੰਦਰ ਸਿੰਘ ਸਿਰਸਾ ਨੇ ਇਸ ਸਮੁੱਚੇ ਕਾਂਡ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕੀਤੀ ਤੇ ਕਿਹਾ ਕਿ ਇਸ ਗੁੰਮ ਹੋਈ ਫਾਈਲ ਦੀ ਜ਼ਿੰਮੇਵਾਰੀ ਸ੍ਰੀ ਕੇਜਰੀਵਾਲ ਆਪਣੇ ਉਪਰ ਲੈਣ। ਜੀ.ਕੇ. ਨੇ ਕਿਹਾ ਕਿ ਐਸ.ਆਈ.ਟੀ. ਸਬੰਧੀ ਜਾਣਕਾਰੀ ਲੈਣ ਲਈ ਕਮੇਟੀ ਵੱਲੋਂ 26 ਦਸੰਬਰ ਨੂੰ ਲਗਾਈ ਗਈ ਆਰ.ਆਈ.ਟੀ. ਦਾ ਜਵਾਬ ਦੇਣ ਤੋਂ ਬਚਣ ਲਈ ਦਿੱਲੀ ਸਰਕਾਰ ਵੱਲੋਂ ਇਸ ਫਾਈਲ ਦੇ ਗੁਆਚਣ ਦਾ ਨਾਟਕ ਕੀਤਾ ਗਿਆ ਹੈ। ਭਾਜਪਾ ਦੇ ਸਥਾਨਕ ਆਗੂ ਆਰ.ਪੀ. ਸਿੰਘ ਨੇ ਵੱਖਰੇ ਤੌਰ 'ਤੇ ਪ੍ਰੈਸ ਕਾਨਫਰੰਸ ਕਰਕੇ ਕਿਹਾ, 'ਕੇਜਰੀਵਾਲ ਸਿਰਫ ਹਰ ਮੁੱਦੇ ਨੂੰ ਸਿਆਸੀ ਲਾਭ ਲਈ ਵਰਤਦੇ ਹਨ, ਚਾਹੇ ਉਹ ਸ਼ਹੀਦਾਂ ਦਾ ਸਨਮਾਨ ਹੋਵੇ ਜਾਂ ਸਿੱਖਾਂ ਨੂੰ ਰਾਹਤ ਦੇ ਚੈੱਕ ਵੰਡਣੇ ਹੋਣ।' ਦੂਜੇ ਪਾਸੇ 'ਆਪ' ਦੇ ਰਾਜੌਰੀ ਗਾਰਡਨ ਤੋਂ ਵਿਧਾਇਕ ਜਰਨੈਲ ਸਿੰਘ ਵੱਲੋਂ ਜਾਰੀ ਬਿਆਨ ਵਿਚ ਕਿਹਾ ਕਿ 49 ਦਿਨ ਦੀ ਸਰਕਾਰ ਬਣਨ ਵੇਲੇ ਸ੍ਰੀ ਕੇਜਰੀਵਾਲ ਨੇ ਵਿਸ਼ੇਸ਼ ਜਾਂਚ ਟੀਮ ਬਣਾਉਣ ਦਾ ਐਲਾਨ ਕੀਤਾ ਸੀ ਪਰ ਸਰਕਾਰ ਦੇ ਜਾਂਦੇ ਹੀ ਇਹ ਕੰਮ ਰੁਕ ਗਿਆ ਤੇ ਦੂਜੀ ਵਾਰ ਦਿੱਲੀ ਸਰਕਾਰ ਬਣਨ ਤੋਂ ਇਕ ਦਿਨ ਪਹਿਲਾਂ ਹੀ ਮੋਦੀ ਸਰਕਾਰ ਨੇ 'ਐਸ.ਆਈ.ਟੀ.' ਬਣਾ ਦਿੱਤੀ ਜਿਸ ਨੇ 6 ਮਹੀਨੇ ਵਿਚ ਰਿਪੋਰਟ ਦੇਣੀ ਸੀ, ਪਰ ਦੂਜੀ ਵਾਰ ਸਮੇਂ ਦਾ ਵਾਧਾ ਕਰਨ ਦੇ ਬਾਵਜੂਦ ਰਿਪੋਰਟ ਨਹੀਂ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹੁਣ ਉਹ ਫਾਈਲ ਮੰਗਵਾਈ ਗਈ ਸੀ ਜੋ ਉਪ ਰਾਜਪਾਲ ਦੇ ਸ਼ਾਸਨ ਕਾਲ ਦੌਰਾਨ ਇਧਰ-ਉਧਰ ਹੋ ਗਈ ਸੀ।



## ਕਤਲੇਆਮ ਬਾਰੇ ਵਿਸ਼ੇਸ਼ ਜਾਂਚ ਟੀਮ 'ਤੇ ਸਵਾਲ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਬਾਰੇ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਅਜੇ ਤੱਕ ਗੋਹਲੇ ਵਿਚੋਂ ਇਕ ਵੀ ਪੂਣੀ ਨਹੀਂ ਕੱਤੀ ਹੈ ਜਦੋਂ ਕਿ ਇਸ ਦੇ ਕਾਰਜਕਾਲ ਵਿਚ ਛੇ ਮਹੀਨੇ ਦਾ ਇਕ ਵਾਰ ਵਾਧਾ ਵੀ ਕੀਤਾ ਜਾ ਚੁੱਕਾ ਹੈ। ਨਵੰਬਰ 1984 ਦੇ ਮੁੱਦੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ 'ਸਿਟ' ਬਾਰੇ ਕਦੇ ਕੋਈ ਜਾਂਚ ਲਈ ਤੇਜ਼ੀ ਨਹੀਂ ਦਿਖਾਈ। ਇਹ ਵਿਚਾਰ ਪੰਥਕ ਸੇਵਾ ਦਲ ਦੇ ਸੀਨੀਅਰ ਆਗੂ ਕਰਤਾਰ ਸਿੰਘ ਕੋਚਰ ਨੇ ਪ੍ਰਗਟ ਕੀਤੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਹੋਵੇ ਜਾਂ ਕਾਂਗਰਸ, ਇਹ ਦੋਨੋਂ ਪਾਰਟੀਆਂ ਕਦੇ ਵੀ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਸੁਹਿਰਦ ਨਹੀਂ ਹੋਈਆਂ। ਸ੍ਰੀ ਕੋਚਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕੇਂਦਰ ਸਰਕਾਰ ਵਿਚ ਭਾਈਵਾਲ ਹੈ ਤੇ ਜਿਸ ਵਿਸ਼ੇਸ਼ ਜਾਂਚ ਟੀਮ ਨੇ ਛੇ ਮਹੀਨੇ ਵਿਚ ਰਿਪੋਰਟ ਦੇਣੀ ਸੀ, ਉਸ ਨੇ ਅਜੇ ਬਹੁਤੀ ਪ੍ਰਗਤੀ ਨਹੀਂ ਕੀਤੀ ਹੈ ਜਦੋਂ ਕਿ ਸੀ.ਬੀ.ਆਈ. ਸਮੇਤ ਦਿੱਲੀ ਪੁਲਿਸ ਸਿੱਧੇ ਤੌਰ 'ਤੇ ਕੇਂਦਰ ਦੀ ਮੋਦੀ ਸਰਕਾਰ ਦੇ ਅਧੀਨ ਹੈ। ਇਸ ਸਰਕਾਰ ਵਿਚ ਦਲ ਦੀ ਇਕ ਸੰਸਦ ਮੈਂਬਰ ਮੰਤਰੀ ਵੀ ਹੈ।

## ਮੱਕੜ ਨੇ ਕੇਂਦਰ ਸਰਕਾਰ ਦਾ ਦਖਲ ਮੰਗਿਆ

**ਅੰਮ੍ਰਿਤਸਰ:** ਦਿੱਲੀ ਦੀ 'ਆਪ' ਸਰਕਾਰ ਵੱਲੋਂ 1984 ਦੀ ਸਿੱਖ ਨਸਲਕੁਸ਼ੀ ਬਾਰੇ ਗਠਿਤ ਵਿਸ਼ੇਸ਼ ਜਾਂਚ ਟੀਮ ਵੱਲੋਂ ਕੇਂਦਰ ਨੂੰ ਭੇਜੀ ਇਕ ਸੰਵੇਦਨਸ਼ੀਲ ਫਾਈਲ ਗਵਾਚ ਜਾਣ 'ਤੇ ਰੋਸ ਪ੍ਰਗਟਾਉਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਸ ਬਾਰੇ ਗ੍ਰਹਿ ਮੰਤਰਾਲੇ ਨੂੰ ਜ਼ਿੰਮੇਵਾਰ ਅਨਸਰਾਂ ਖਿਲਾਫ ਸਖਤ ਕਾਰਵਾਈ ਕਰਨੀ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਬਾਬਤ ਗ੍ਰਹਿ ਮੰਤਰੀ ਨੂੰ ਪੱਤਰ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਸਿੱਖ ਭਾਵਨਾਵਾਂ ਨਾਲ ਤਾਲਮੇਲ ਨਹੀਂ ਬੈਠ ਸਕਦਾ ਅਤੇ ਇਹ ਪਾਰਟੀ ਵੀ ਕਾਂਗਰਸ ਵਾਂਗ ਸਿੱਖਾਂ ਦੀਆਂ ਸਮੱਸਿਆਵਾਂ ਵਿਚ ਦਿਲਚਸਪੀ ਨਹੀਂ ਰੱਖਦੀ।

# ਗੁਰਦੁਆਰਾ ਟਰਲਕ ਵਿਚ ਹੋਏ ਝਗੜੇ ਸਬੰਧੀ ਦੋ ਔਰਤਾਂ ਗ੍ਰਿਫਤਾਰ

**ਟਰਲਕ (ਬਿਊਰੋ):** ਸਥਾਨਕ ਗੁਰਦੁਆਰਾ ਸਾਹਿਬ ਵਿਚ ਹੋਏ ਝਗੜੇ ਸਬੰਧੀ ਟਰਲਕ ਪੁਲਿਸ ਵਿਭਾਗ ਵਲੋਂ ਤਫਤੀਸ਼ ਜਾਰੀ ਹੈ ਅਤੇ ਇਸ ਨੇ ਦੋ ਹੋਰ ਸਿੱਖ ਔਰਤਾਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਉਤੇ ਲੜਾਈ ਝਗੜੇ ਦੌਰਾਨ ਹੱਥੋ-ਪਾਈ ਕਰਨ ਦਾ ਦੋਸ਼ ਹੈ।

ਪਿਛਲੇ ਵੀਰਵਾਰ ਨੂੰ ਹਿਲਮਰ ਵਾਸੀ 47 ਸਾਲਾ ਮਨਜੀਤ ਕੌਰ ਜੌਹਲ ਅਤੇ ਦੇਹਲੀ ਵਾਸੀ 45 ਸਾਲਾ ਅਨਜੀਤ ਕੌਰ ਬਾਗੜੀ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ। ਦੋਹਾਂ ਉਪਰ ਲੰਘੀ 10 ਜਨਵਰੀ ਨੂੰ ਗੁਰਦੁਆਰਾ ਸਾਹਿਬ ਵਿਚ ਹੋਏ ਲੜਾਈ ਝਗੜੇ ਦੌਰਾਨ ਇਕ ਖਤਰਨਾਕ ਹਥਿਆਰ ਨਾਲ ਹਮਲਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਪੁਲਿਸ ਦੇ ਬੁਲਾਰੇ ਸਾਰਜੈਂਟ ਸਟੀਫਨ ਵੈਬ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਨਜੀਤ ਬਾਗੜੀ ਉਪਰ ਲੁੱਟ-ਖੋਹ ਕਰਨ ਦਾ ਵੀ ਦੋਸ਼ ਹੈ।

ਜ਼ਿਕਰਯੋਗ ਹੈ ਕਿ 10 ਜਨਵਰੀ ਨੂੰ ਕਰੀਬ 12:30 ਵਜੇ ਪੰਜਵੀਂ ਸਟਰੀਟ ਅਤੇ ਲਿਨਵੁਡ ਐਵਨਿਊ ਉਤੇ ਸਥਿਤ ਗੁਰਦੁਆਰਾ ਸਾਹਿਬ ਵਿਖੇ ਲੜਾਈ ਹੋਣ ਦੀ ਇਤਲਾਹ ਮਿਲਣ 'ਤੇ ਪੁਲਿਸ ਪਹੁੰਚੀ। ਲੜਾਈ ਝਗੜਾ ਹੁੰਦਾ ਦੇਖ ਕੇ ਪੁਲਿਸ ਗੁਰਦੁਆਰਾ ਸਾਹਿਬ ਦੇ ਅੰਦਰ ਵੀ ਗਈ ਜਿਥੇ ਬਹੁਤ ਸਾਰੇ ਲੋਕ ਗਾਲ੍ਹੀ-ਗਲੋਚ ਕਰਨ ਤੋਂ ਇਲਾਵਾ ਗਾਤਰੇ ਦੀਆਂ ਕਿਰਪਾਨਾਂ ਅਤੇ ਚਿਮਟਿਆਂ ਨਾਲ ਇਕ ਦੂਜੇ 'ਤੇ ਹਮਲਾ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਕਿਉਂਕਿ ਪੁਲਿਸ ਦੀ ਪਹਿਲ ਲੜਾਈ ਝਗੜੇ ਵਿਚ ਲੱਗੀ ਸੰਗਤ ਨੂੰ ਸ਼ਾਂਤ ਕਰਨ ਦੀ ਸੀ।

ਬਾਅਦ ਵਿਚ ਚਸ਼ਮਦੀਦ ਗਵਾਹਾਂ ਨਾਲ ਗੱਲਬਾਤ ਅਤੇ ਮੌਕੇ 'ਤੇ ਬਣਾਈਆਂ ਗਈਆਂ ਸੈਲ ਫੋਨ ਵੀਡੀਓ ਦੇ ਆਧਾਰ ਉਤੇ ਪੁਲਿਸ ਨੇ 5 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਿਨ੍ਹਾਂ ਉਪਰ ਫੌਜਦਾਰੀ ਦੋਸ਼ ਹਨ। ਅਜੇ ਹੋਰ ਗ੍ਰਿਫਤਾਰੀਆਂ ਕੀਤੇ ਜਾਣ ਦੀ ਸੰਭਾਵਨਾ ਹੈ।



*ਅਨਜੀਤ ਬਾਗੜੀ (ਖੱਬੇ) ਅਤੇ ਮਨਜੀਤ ਜੌਹਲ (ਸੱਜੇ)*

ਤਫਤੀਸ਼ ਕਰ ਰਹੇ ਪੁਲਿਸ ਅਫਸਰਾਂ ਦਾ ਯਕੀਨ ਹੈ ਕਿ ਮਨਜੀਤ ਕੌਰ ਜੌਹਲ ਅਤੇ ਅਨਜੀਤ ਕੌਰ ਬਾਗੜੀ ਗੁਰਦੁਆਰਾ ਸਾਹਿਬ ਦੇ ਬਾਥਰੂਮ ਅੰਦਰ ਹੋਏ ਹਿੰਸਕ ਝਗੜੇ ਵਿਚ ਸ਼ਾਮਲ ਸਨ।

ਪੁਲਿਸ ਅਨੁਸਾਰ ਇਨ੍ਹਾਂ ਦੋਹਾਂ ਔਰਤਾਂ ਨੇ ਮਡੇਰਾ ਵਾਸੀ 51 ਸਾਲਾ ਬਲਵਿੰਦਰ ਕੌਰ ਬਾਗੜੀ ਨਾਲ ਰਲ ਕੇ ਦੋ ਵਿਅਕਤੀਆਂ ਉਤੇ ਹਮਲਾ ਕੀਤਾ ਅਤੇ ਉਨ੍ਹਾਂ ਦੀ ਘਸੁੰਨ-ਮੁੱਕੀ ਅਤੇ ਠੁੱਡੇ ਮਾਰ ਕੇ ਕੁੱਟ-ਮਾਰ ਕੀਤੀ। ਦੋਸ਼ ਹੈ ਕਿ ਇਸ ਲੜਾਈ ਦੌਰਾਨ ਅਨਜੀਤ ਬਾਗੜੀ ਨੇ ਕੁੱਟ-ਮਾਰ ਦਾ ਸ਼ਿਕਾਰ ਹੋਏ ਵਿਅਕਤੀਆਂ ਵਿਚੋਂ ਇਕ ਪਾਸੋਂ ਉਸ ਦਾ ਸਾਮਾਨ ਵੀ ਖੋਹ ਲਿਆ।

ਜ਼ਿਕਰਯੋਗ ਹੈ ਕਿ ਬਲਵਿੰਦਰ ਬਾਗੜੀ ਨੂੰ ਲੰਘੀ 15 ਜਨਵਰੀ ਨੂੰ ਇਕ ਖਤਰਨਾਕ ਹਥਿਆਰ ਰਾਹੀਂ ਹਮਲਾ ਕਰਨ ਅਤੇ ਮੁਜ਼ਰਮਾਨਾ ਸਾਜਿਸ਼ ਰਚਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਜਾ ਚੁਕਾ ਹੈ। ਅਨਜੀਤ ਬਾਗੜੀ ਅਤੇ ਮਨਜੀਤ ਕੌਰ ਜੌਹਲ ਨੇ ਬੀਤੇ ਵੀਰਵਾਰ ਨੂੰ ਸਟਾਨੀਲਾਊਸ ਕਾਊਂਟੀ ਜੇਲ੍ਹ ਵਿਚ ਜਾ ਕੇ ਆਤਮ ਸਮਰਪਣ ਕਰ ਦਿੱਤਾ ਸੀ।

ਇਸ ਝਗੜੇ ਸਬੰਧੀ ਪਹਿਲੀ ਗ੍ਰਿਫਤਾਰੀ 14 ਜਨਵਰੀ ਨੂੰ ਉਦੋਂ ਕੀਤੀ ਗਈ ਸੀ ਜਦੋਂ ਪੁਲਿਸ ਨੇ ਸੀਰੀਜ਼ ਵਾਸੀ 38 ਸਾਲਾ ਸੰਦੀਪ ਸਿੰਘ ਨੂੰ ਖਤਰਨਾਕ ਹਥਿਆਰ ਨਾਲ ਹਮਲਾ ਕਰਨ ਦੇ ਦੋਸ਼ ਹੇਠ ਹਿਰਾਸਤ ਵਿਚ ਲਿਆ। ਪੁਲਿਸ ਅਨੁਸਾਰ ਸੈਲ ਫੋਨ ਵੀਡੀਓ ਵਿਚ ਸੰਦੀਪ ਸਿੰਘ ਨੂੰ ਗਾਤਰੇ ਦੀ ਕਿਰਪਾਨ ਨਾਲ ਹਮਲਾ ਕਰਦੇ ਵੇਖਿਆ ਗਿਆ ਹੈ। 15 ਜਨਵਰੀ ਨੂੰ ਟਰਲਕ ਪੁਲਿਸ ਨੇ ਮਡੇਰਾ ਵਾਸੀ 47 ਸਾਲਾ ਗੁਰਦੇਵ ਸਿੰਘ ਨੂੰ ਗਾਲ੍ਹ-ਮੰਦਾ ਕਰਨ ਅਤੇ ਖਤਰਨਾਕ ਹਥਿਆਰ ਰਾਹੀਂ ਹਮਲਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਸੀ। ਸੋਸ਼ਲ ਮੀਡੀਆ ਉਪਰ ਇਸ ਲੜਾਈ ਦੀਆਂ ਪਾਈਆਂ ਗਈਆਂ ਸੈਲ ਫੋਨ ਵੀਡੀਓ ਵਿਚ ਇਕ ਵਿਅਕਤੀ ਨੂੰ, ਜੋ ਗੁਰਦੇਵ ਸਿੰਘ ਜਾਪਦਾ ਹੈ, ਦੋ ਵਿਅਕਤੀਆਂ ਉਪਰ ਚਿਮਟੇ ਨਾਲ ਹਮਲਾ ਕਰਦਿਆਂ ਦਿਖਾਇਆ ਗਿਆ ਹੈ। ਇਸ ਹਮਲੇ ਵਿਚ ਦੋ ਵਿਅਕਤੀ ਜ਼ਖਮੀ ਹੋ ਗਏ ਸਨ।

ਸੂਤਰਾਂ ਅਨੁਸਾਰ ਗ੍ਰਿਫਤਾਰ ਕੀਤੇ ਗਏ ਇਨ੍ਹਾਂ ਪੰਜਾਂ ਹੀ ਵਿਅਕਤੀਆਂ ਨੂੰ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਅਦਾਲਤ ਵਿਚ ਪੇਸ਼ੀ 11 ਫਰਵਰੀ ਨੂੰ ਹੈ।

ਜ਼ਿਕਰਯੋਗ ਹੈ ਕਿ ਇਹ ਸਾਰਾ ਝਗੜਾ ਸੰਨ 2013 ਵਿਚ ਪ੍ਰਬੰਧਕਾਂ ਵਲੋਂ ਗੁਰੂ ਘਰ ਦੇ ਗ੍ਰੰਥੀ ਅਤਰ ਸਿੰਘ ਨੂੰ ਬਰਖਾਸਤ ਕੀਤੇ ਜਾਣ ਤੋਂ ਸ਼ੁਰੂ ਹੋਇਆ। ਇਸ ਪਿਛੋਂ ਪ੍ਰਬੰਧਕਾਂ ਅਤੇ ਵਿਰੋਧੀ ਧੜੇ ਵਿਚਾਲੇ 2 ਜੂਨ 2013 ਨੂੰ ਗੁਰੂ ਘਰ ਦੇ ਬਾਹਰ ਲੜਾਈ ਝਗੜਾ ਹੋਇਆ। ਇਸ ਘਟਨਾ ਤੋਂ ਕੁਝ ਹਫਤੇ ਬਾਅਦ ਵਿਰੋਧੀ ਧੜੇ ਨੇ ਗੁਰੂ ਘਰ ਦਾ ਰਿਕਾਰਡ, ਦਫਤਰ ਅਤੇ ਗੁਰੂ ਘਰ ਦੇ ਦਰਵਾਜ਼ਿਆਂ ਦੇ ਤਾਲੇ ਬਦਲ ਕੇ ਪ੍ਰਬੰਧ ਉਤੇ ਕਬਜ਼ਾ ਕਰ ਲਿਆ। ਪ੍ਰਬੰਧਕੀ ਧੜੇ ਨੇ ਇਸ ਮਾਮਲੇ ਨੂੰ ਲੈ ਕੇ ਅਦਾਲਤ ਵਿਚ ਕੇਸ ਕਰ ਦਿਤਾ ਜੋ ਦੋ ਸਾਲ ਤੋਂ ਵੱਧ ਚੱਲਿਆ ਜਦੋਂ ਅਦਾਲਤ ਨੇ ਬੋਰਡ ਦੇ ਹੱਕ 'ਚ ਫੈਸਲਾ ਦਿੰਦਿਆਂ ਪ੍ਰਤੀਵਾਦੀਆਂ ਨੂੰ ਗੁਰੂ ਘਰ ਦਾ ਪ੍ਰਬੰਧ ਬੋਰਡ ਦੇ ਹਵਾਲੇ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ ਪ੍ਰਤੀਵਾਦੀਆਂ ਨੂੰ ਅਪਰੈਲ 2016 ਤੱਕ ਗੁਰੂ ਘਰ ਦੇ ਪ੍ਰਬੰਧ ਵਿਚ ਦਖਲ ਦੇਣ ਤੋਂ ਵਰਜ ਦਿੱਤਾ। ਹੋਣ ਵਾਲੀਆਂ ਚੋਣਾਂ ਅਦਾਲਤ ਦੀ ਨਿਗਰਾਨੀ ਹੇਠ ਹੋਣਗੀਆਂ।

## ਡੈਮੋਕਰੈਟਿਕ ਦੀਆਂ ਕਮੇਟੀਆਂ ਲਈ ਭਾਰਤੀ ਮੂਲ ਦੇ ਵਿਅਕਤੀ ਨਾਮਜ਼ਦ

**ਵਾਸ਼ਿੰਗਟਨ:** ਭਾਰਤ-ਅਮਰੀਕੀ ਚਾਰ ਵਿਅਕਤੀ ਡੈਮੋਕਰੈਟਿਕ ਪਾਰਟੀ ਦੀ 2016 ਦੀ ਕਨਵੈਨਸ਼ਨ ਸਟੈਂਡਿੰਗ ਕਮੇਟੀਆਂ ਲਈ ਨਾਮਜ਼ਦ ਹੋਏ ਹਨ। ਇਹ ਕਮੇਟੀਆਂ ਰਾਸ਼ਟਰਪਤੀ ਚੋਣ ਲਈ ਪਾਰਟੀ ਦੇ ਉਮੀਦਵਾਰ ਦਾ ਐਲਾਨ ਕਰਨਗੀਆਂ।

ਨਿਯਮਾਂਵਲੀ ਕਮੇਟੀ ਵਿਚ ਸਮਿਤਾ ਸ਼ਾਹ, ਸ਼ੇਫਾਲੀ ਰਾਜ਼ਦਾਨ ਦੁੱਗਲ ਅਤੇ ਸੈਫ਼ ਖ਼ਾਨ ਅਤੇ ਪਰਿਚੈ ਪੱਤਰ ਕਮੇਟੀ 'ਚ ਸ੍ਰੀਧਰ ਪੋਟਾਰਾਜੂ ਨੂੰ ਨਾਮਜ਼ਦ ਕੀਤਾ ਗਿਆ ਹੈ। ਯਾਦ ਰਹੇ ਕਿ ਭਾਰਤੀ ਮੂਲ ਦੇ ਲੋਕ ਅਮਰੀਕਾ ਵਿਚ ਖੂਬ ਮੱਲਾਂ ਮਾਰ ਰਹੇ ਹਨ।

# ਬਾਦਲਾਂ ਵਾਲੇ ਅਕਾਲੀ ਦਲ ਨੂੰ 'ਗੁਪਤ ਫੰਡਾਂ' ਦੇ ਗੱਫੇ

**ਫਰੀਦਕੋਟ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਪਿਛਲੇ ਦੋ ਵਿੱਤੀ ਵਰ੍ਹਿਆਂ (2013-14 ਅਤੇ 2014-15) ਦੌਰਾਨ ਫੰਡਾਂ ਦਾ ਵੱਡਾ ਹਿੱਸਾ ਉਨ੍ਹਾਂ ਵਸੀਲਿਆਂ ਤੋਂ ਹਾਸਲ ਹੋਇਆ ਹੈ ਜਿਨ੍ਹਾਂ ਨੂੰ 'ਅਣਪਛਾਤੇ' ਕਰਾਰ ਦਿੱਤਾ ਗਿਆ ਹੈ। ਸਿਵਲ ਸੁਸਾਇਟੀ ਗਰੁੱਪ 'ਪੀਪਲ ਫਾਰ ਟਰਾਂਸਪੇਰੈਂਸੀ' ਦੇ ਅਧਿਐਨ ਵਿਚ ਇਹ ਖੁਲਾਸਾ ਕੀਤਾ ਗਿਆ ਹੈ।

ਜਥੇਬੰਦੀ ਮੁਤਾਬਕ ਪਿਛਲੇ ਦੋ ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ 34.13 ਕਰੋੜ ਰੁਪਏ ਦਾਨ ਵਜੋਂ ਮਿਲੇ ਜਿਸ ਵਿਚੋਂ ਪਾਰਟੀ ਨੇ ਚੋਣ ਕਮਿਸ਼ਨ ਕੋਲ 6.49 ਕਰੋੜ ਰੁਪਏ ਦਾ ਹਿਸਾਬ ਦਿੱਤਾ ਹੈ। ਇਹ ਰਕਮ ਵੀ ਪਾਰਟੀ ਵਿਧਾਇਕਾਂ ਅਤੇ ਕਾਰੋਬਾਰੀਆਂ ਸਮੇਤ 257 ਦਾਨੀਆਂ ਨੇ ਦਿੱਤੀ ਹੈ। ਪਾਰਟੀ ਨੇ ਚੋਣ ਕਮਿਸ਼ਨ ਨੂੰ ਬਾਕੀ ਦੇ 27.64 ਕਰੋੜ ਰੁਪਏ ਦੇ ਦਾਨ ਦਾ ਕੋਈ ਵੇਰਵਾ ਨਹੀਂ ਦਿੱਤਾ ਹੈ ਕਿਉਂਕਿ ਇਹ ਰਕਮ ਦਾਨੀਆਂ ਵੱਲੋਂ 20-20 ਹਜ਼ਾਰ ਰੁਪਏ ਕਰ ਕੇ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਜਨ ਪ੍ਰਤੀਨਿਧ ਐਕਟ ਤਹਿਤ ਸਿਆਸੀ ਪਾਰਟੀਆਂ ਨੂੰ ਦਾਨ ਦੀ ਰਕਮ 20 ਹਜ਼ਾਰ ਰੁਪਏ ਤੋਂ ਘੱਟ ਹੋਣ 'ਤੇ ਵੇਰਵਿਆਂ ਦਾ ਖੁਲਾਸਾ ਕਰਨ ਦੀ ਲੋੜ ਨਹੀਂ ਹੈ।

ਪੀਪਲ ਫਾਰ ਟਰਾਂਸਪੇਰੈਂਸੀ ਨੇ ਖੁਲਾਸਾ ਕੀਤਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਪਰਮਿੰਦਰ ਸਿੰਘ ਢੀਂਡਸਾ ਸਮੇਤ 10 ਅਕਾਲੀ ਵਿਧਾਇਕਾਂ ਨੇ 2013-14 ਦੌਰਾਨ ਪਾਰਟੀ ਵਿਚ 2.04-2.04 ਲੱਖ ਰੁਪਏ ਦਾ ਯੋਗਦਾਨ ਪਾਇਆ ਜਦਕਿ 2014-15 ਦੌਰਾਨ ਹਰੇਕ ਨੇ 93-93 ਹਜ਼ਾਰ ਰੁਪਏ ਪਾਰਟੀ ਫੰਡ 'ਚ ਦਿੱਤੇ। ਹੋਰ ਅਕਾਲੀ ਵਿਧਾਇਕਾਂ ਨੇ ਇਨ੍ਹਾਂ ਦੋ ਸਾਲਾਂ ਦੇ ਵਕਫ਼ੇ ਦੌਰਾਨ 11 ਹਜ਼ਾਰ ਤੋਂ ਦੋ ਲੱਖ ਰੁਪਏ ਪਾਰਟੀ ਨੂੰ ਦਾਨ ਵਜੋਂ ਦਿੱਤੇ। ਫਰੀਦਕੋਟ ਤੋਂ ਵਿਧਾਇਕ ਦੀਪ ਮਲਹੋਤਰਾ ਸਭ ਤੋਂ ਵੱਡੇ ਦਾਨੀ ਰਹੇ ਜਿਨ੍ਹਾਂ ਦੋ ਸਾਲਾਂ ਦੌਰਾਨ ਪਾਰਟੀ ਨੂੰ 12 ਲੱਖ ਰੁਪਏ ਦਾ ਯੋਗਦਾਨ ਦਿੱਤਾ।

ਚੋਣ ਕਮਿਸ਼ਨ ਨੂੰ ਸੌਂਪੀ 257 ਦਾਨੀਆਂ ਦੀ ਸੂਚੀ ਵਿਚ ਕੁਝ ਵੱਡੇ ਕਾਰੋਬਾਰੀ ਘਰਾਣੇ ਅਤੇ ਕਾਰੋਬਾਰੀ ਸ਼ਾਮਲ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਕਾਰੋਬਾਰੀ ਲੁਧਿਆਣਾ ਅਤੇ ਬਰਨਾਲਾ ਤੋਂ ਹਨ। ਸਤਿਆ ਇਲੈਕਟੋਰਲ ਟਰੱਸਟ, ਨਵੀਂ ਦਿੱਲੀ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ 2013-14 ਦੌਰਾਨ ਦੋ ਕਰੋੜ ਰੁਪਏ ਦਾਨ ਕੀਤੇ। ਇਸੇ ਤਰ੍ਹਾਂ ਏਵਨ ਇਸਪਾਤ ਐਂਡ ਪਾਵਰ ਲਿਮਟਿਡ, ਲੁਧਿਆਣਾ ਨੇ ਇਕ ਕਰੋੜ ਰੁਪਏ ਅਤੇ ਰਾਲਸਨ ਲਿਮਟਿਡ, ਲੁਧਿਆਣਾ ਨੇ 50 ਲੱਖ ਰੁਪਏ ਦਾ ਯੋਗਦਾਨ ਦਿੱਤਾ। ਪਿਛਲੇ ਦੋ ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਬਰਨਾਲਾ, ਲੁਧਿਆਣਾ ਅਤੇ ਬਠਿੰਡਾ ਦੇ 100 ਤੋਂ ਵੱਧ ਕਾਰੋਬਾਰੀਆਂ ਨੇ ਵੀ ਦੋ-ਦੋ ਲੱਖ ਰੁਪਏ ਦਾ ਦਾਨ ਦਿੱਤਾ। ਮੁੰਬਈ ਦੀ ਪ੍ਰਾਈਵੇਟ ਡਿਟੈਕਟਿਵ ਏਜੰਸੀ ਨੇ 15 ਲੱਖ ਰੁਪਏ ਅਤੇ ਕੇਰਲਾ ਦੀ ਸਰਾਫ ਕੰਪਨੀ ਨੇ 50 ਲੱਖ ਰੁਪਏ ਪਾਰਟੀ ਨੂੰ ਦਾਨ ਵਜੋਂ ਦਿੱਤੇ। ਮੱਧ ਪ੍ਰਦੇਸ਼, ਮੁੰਬਈ, ਯੂਪੀ, ਹਰਿਆਣਾ, ਆਂਧਰਾ ਪ੍ਰਦੇਸ਼, ਕੋਲਕਾਤਾ ਅਤੇ ਦਿੱਲੀ ਤੋਂ ਵੀ ਕਈਆਂ ਨੇ ਪਾਰਟੀ ਨੂੰ ਫੰਡ ਦਿੱਤੇ। ਪੀਪਲ ਫਾਰ ਟਰਾਂਸਪੇਰੈਂਸੀ ਦੇ ਜਨਰਲ ਸਕੱਤਰ ਕਮਲ ਆਨੰਦ ਨੇ ਕਿਹਾ ਕਿ ਸਿਆਸੀ ਫੰਡਾਂ 'ਚ ਪਾਰਦਰਸ਼ਿਤਾ ਲਈ ਜਨ ਪ੍ਰਤੀਨਿਧ ਐਕਟ ਵਿਚ ਸੋਧ ਕਰਨ ਦੀ ਲੋੜ ਹੈ ਤਾਂ ਜੋ ਸਿਆਸੀ ਪਾਰਟੀਆਂ 20 ਹਜ਼ਾਰ ਰੁਪਏ ਤੋਂ ਘੱਟ ਪੈਸੇ ਦਾਨ ਕਰਨ ਵਾਲਿਆਂ ਦਾ ਵੀ ਖੁਲਾਸਾ ਕਰ ਸਕਣ।

# ਮੋਗਾ ਵੀਡੀਉ ਵਾਲੇ ਅਜੀਤ ਸਿੰਘ ਗਿੱਲ ਦੇ ਪਿਤਾ ਦਾ ਦੇਹਾਂਤ

**ਫਰਿਜ਼ਨੋ (ਬਿਊਰੋ):** ਭਾਈਚਾਰੇ ਵਿਚ ਆਪਣੀਆਂ ਸੇਵਾਵਾਂ ਦੇਣ ਕਰਕੇ ਜਾਣੇ-ਪਛਾਣੇ



ਸ਼ਖਸ ਸ. ਅਜੀਤ ਸਿੰਘ ਗਿੱਲ 'ਮੋਗਾ ਵੀਡੀਉ ਫਰਿਜ਼ਨੋ' ਨੂੰ ਉਦੋਂ ਗਹਿਰਾ ਸਦਮਾ ਲੱਗਾ ਜਦੋਂ ਲੰਘੀ 22 ਜਨਵਰੀ, ਸ਼ੁੱਕਰਵਾਰ ਨੂੰ ਉਨ੍ਹਾਂ ਦੇ ਪਿਤਾ ਸ. ਹਰੀ ਸਿੰਘ ਗਿੱਲ ਅਕਾਲ ਚਲਾਣਾ ਕਰ ਗਏ।

ਸਵਰਗੀ ਹਰੀ ਸਿੰਘ ਗਿੱਲ ਕਰੀਬ 82 ਸਾਲਾਂ ਦੇ ਸਨ। ਉਹ ਪਿਛਲੇ 36 ਸਾਲਾਂ ਤੋਂ ਫਰਿਜ਼ਨੋ ਰਹਿ ਰਹੇ ਸਨ। ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਂਜ਼ਲੀ ਸਮਾਗਮ 27 ਜਨਵਰੀ, ਬੁੱਧਵਾਰ ਨੂੰ ਸਥਾਨਕ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ (ਫਰੀਵੇ 99 ਤੋਂ ਕਲੋਵਿਸ ਐਵਨਿਊ ਦੇ ਐਗਜ਼ਿਟ 'ਤੇ ਸਥਿਤ) ਵਿਖੇ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ ਇਕ ਵਜੇ ਤੱਕ ਕੀਤੇ ਜਾਣਗੇ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਫਰਿਜ਼ਨੋ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਸ. ਅਜੀਤ ਸਿੰਘ ਗਿੱਲ (559) 217-3060, ਪਿੰਦਰ ਸਿੰਘ ਗਿੱਲ (559) 374-8267 ਜਾਂ ਮਿੰਦਰ ਸਿੰਘ ਗਿੱਲ ਨਾਲ ਫੋਨ (682) 702-9891 ਰਾਹੀਂ ਕੀਤਾ ਜਾ ਸਕਦਾ ਹੈ।

# ਪ੍ਰਦਰਸ਼ਨਕਾਰੀ ਸਿੱਖ ਨੂੰ ਟਰੰਪ ਦੀ ਰੈਲੀ ਵਿਚੋਂ ਬਾਹਰ ਕੱਢਿਆ

**ਵਾਸ਼ਿੰਗਟਨ:** ਰਿਪਬਲਿਕਨ ਪਾਰਟੀ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਮੋਹਰੀ ਦਾਅਵੇਦਾਰ ਡੋਨਲਡ ਟਰੰਪ ਦੇ ਭਾਸ਼ਣ ਦੌਰਾਨ ਵਿਘਨ ਪਾਉਣ ਉਤੇ ਦਸਤਾਰ ਵਾਲੇ ਸਿੱਖ ਨੂੰ ਰੈਲੀ ਵਿਚੋਂ ਬਾਹਰ ਕੱਢ ਦਿੱਤਾ ਗਿਆ। ਆਇਓਵਾ ਸੂਬੇ ਵਿਚ ਹੋਈ ਇਸ ਰੈਲੀ ਦੌਰਾਨ ਇਸ ਵਿਅਕਤੀ ਦੇ ਹੱਥ ਵਿਚ ਇਕ ਬੈਨਰ ਫੜਿਆ ਹੋਇਆ ਸੀ, ਜਿਸ ਉਤੇ 'ਸਟੌਪ ਹੇਟ' (ਨਫਰਤ ਬੰਦ ਕਰੋ) ਲਿਖਿਆ ਹੋਇਆ ਸੀ। ਸ੍ਰੀ ਟਰੰਪ ਆਪਣੀ ਪ੍ਰਚਾਰ ਰੈਲੀ ਨੂੰ ਸੰਬੋਧਨ ਕਰ ਰਹੇ ਸਨ ਤਾਂ ਗੂੜ੍ਹੇ ਲਾਲ ਰੰਗ ਦੀ ਦਸਤਾਰ ਵਾਲੇ ਵਿਅਕਤੀ ਨੇ ਉਨ੍ਹਾਂ ਦੇ ਮੁਸਲਿਮ ਵਿਰੋਧੀ ਭਾਸ਼ਣਾਂ ਖਿਲਾਫ਼ ਸ਼ਾਂਤੀਪੂਰਨ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।

ਰੈਲੀ ਦੌਰਾਨ ਸ੍ਰੀ ਟਰੰਪ ਨੇ ਨਿਊ ਯਾਰਕ ਵਿਚ ਜੌੜੇ ਟਾਵਰਾਂ ਉਤੇ ਹੋਏ ਅਤਿਵਾਦੀ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ, 'ਕੱਟੜ ਇਸਲਾਮਿਕ ਅਤਿਵਾਦ ਪੂਰੀ ਦੁਨੀਆਂ ਵਿਚ ਫੈਲ ਗਿਆ ਹੈ ਅਤੇ ਸਾਡੇ ਰਾਸ਼ਟਰਪਤੀ ਹਨ, ਜੋ ਇਸ ਬਾਰੇ ਚੁੱਪ ਵੱਟੀ ਬੈਠੇ ਹਨ।' ਇਸ ਬਾਅਦ ਸਿੱਖ ਨੇ ਬੈਨਰ ਉਪਰ ਚੁੱਕ ਕੇ ਆਪਣਾ ਹੱਥ ਹਿਲਾਉਂਦਿਆਂ ਕਿਹਾ, 'ਬਾਏ..ਬਾਏ..ਗੁੱਡਬਾਏ'। ਜਦੋਂ ਪ੍ਰਦਰਸ਼ਨਕਾਰੀ ਸਿੱਖ ਨੂੰ ਰੈਲੀ ਵਿਚੋਂ ਬਾਹਰ ਕੱਢਿਆ ਜਾ ਰਿਹਾ ਸੀ ਤਾਂ ਉਸ ਸਮੇਂ ਟਰੰਪ ਦੇ ਸਮਰਥਕ 'ਅਮਰੀਕਾਤਅਮਰੀਕਾਤਅਮਰੀਕਾ' ਦੇ ਨਾਅਰੇ ਲਗਾ ਰਹੇ ਸਨ। ਦੱਸਣਯੋਗ ਹੈ ਕਿ ਹਾਲ ਹੀ ਵਿਚ ਹੋਏ ਚੋਣ ਸਰਵੇਖਣ ਵਿਚ ਟਰੰਪ ਨੇ ਆਪਣੇ ਕਰੀਬੀ ਰਿਪਬਲਿਕਨ ਵਿਰੋਧੀ ਟੈਂਡ ਕਰੂਜ਼ ਨੂੰ ਪਛਾੜਿਆ ਹੈ।

# ਅਮਰੀਕਾ ਵਿਚ ਬਰਫੀਲੇ ਤੂਫਾਨ ਦਾ ਕਹਿਰ, 18 ਮੌਤਾਂ

**ਵਾਸ਼ਿੰਗਟਨ/ਨਿਊ ਯਾਰਕ:** ਬਰਫੀਲੇ ਤੂਫਾਨ 'ਸਨੋਅਜ਼ਿੱਲਾ' ਨੇ ਅਮਰੀਕਾ ਦੇ ਪੂਰਬੀ ਕੰਢੇ 'ਤੇ ਕਹਿਰ ਵਰਸਾਇਆ ਹੋਇਆ ਹੈ ਜਿਸ ਕਾਰਨ 18 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ। ਤੇਜ਼ ਹਵਾਵਾਂ ਦੇ ਨਾਲ ਰਿਕਾਰਡ ਬਰਫਬਾਰੀ ਵੀ ਹੋਈ। ਤੂਫਾਨ ਦੇ ਨਰਮ ਪੈਣ ਤੋਂ ਬਾਅਦ ਲੱਖਾਂ ਅਮਰੀਕੀ ਘਰਾਂ ਤੋਂ ਬਾਹਰ ਨਿਕਲ ਆਏ ਅਤੇ ਰਾਹਤ ਕਾਰਜਾਂ ਵਿਚ ਜੁਟ ਗਏ।

ਅਮਰੀਕਾ ਦੇ ਉੱਤਰ-ਪੂਰਬ ਵਿਚ ਤਿੰਨ ਫੁੱਟ ਤੱਕ ਬਰਫ ਜੰਮ ਗਈ ਜਿਸ ਕਾਰਨ 10 ਸੂਬਿਆਂ ਨੂੰ ਐਮਰਜੈਂਸੀ ਦਾ ਐਲਾਨ ਕਰਨਾ ਪੈ ਗਿਆ। ਬਰਫੀਲੇ ਤੂਫਾਨ ਕਾਰਨ ਸਾਢੇ ਅੱਠ ਕਰੋੜ ਆਬਾਦੀ 'ਤੇ ਅਸਰ ਪਿਆ ਹੈ। ਨਿਊ ਯਾਰਕ ਤੇ ਵਾਸ਼ਿੰਗਟਨ ਡੀਸੀ ਵਿਚ ਜਨਜੀਵਨ ਠੱਪ ਹੋ ਕੇ ਰਿਹਾ ਗਿਆ ਹੈ। ਹਜ਼ਾਰਾਂ ਲੋਕ ਬਿਜਲੀ ਤੋਂ ਵਾਂਝੇ ਹੋ ਗਏ ਜਦਕਿ ਹਜ਼ਾਰਾਂ ਉਡਾਣਾਂ ਰੱਦ ਕਰਨੀਆਂ ਪੈ ਗਈਆਂ।

ਨਿਊ ਯਾਰਕ ਸਿਟੀ ਵਿਚ ਕਾਰਾਂ 'ਚ ਯਾਤਰਾ ਕਰਨ ਉਤੇ ਪਾਬੰਦੀ ਲਾ ਦਿੱਤੀ ਗਈ ਹੈ ਜਦਕਿ ਮੈਟਰੋ ਸੇਵਾਵਾਂ ਨੂੰ ਰੋਕ ਦਿੱਤਾ ਗਿਆ ਹੈ। ਬਰਫੀਲੇ ਤੂਫ਼ਾਨ ਤੋਂ ਬਾਅਦ ਨਿਊਜਰਸੀ 'ਚ ਹੜ੍ਹ ਆ ਗਏ। ਗਵਰਨਰ ਕ੍ਰਿਸ ਕ੍ਰਿਸਟੀ ਨੇ ਸੂਬੇ ਵਿਚ ਐਮਰਜੈਂਸੀ ਐਲਾਨ ਦਿੱਤੀ। ਇਸ ਤੋਂ ਇਲਾਵਾ ਅਮਰੀਕਾ ਦੇ ਦੱਖਣੀ ਅਲਾਸਕਾ ਵਿਚ ਐਤਵਾਰ ਨੂੰ 6.8 ਸ਼ਿੱਦਤ ਦਾ ਭੂਚਾਲ ਆਇਆ। ਅਮਰੀਕੀ ਭੂ ਵਿਗਿਆਨੀਆਂ ਮੁਤਾਬਕ ਭੂਚਾਲ ਦਾ ਕੇਂਦਰ ਓਲਡ ਲਿਆਮਨਾ ਦੇ ਪੂਰਬ ਵਿਚ 83 ਕਿਲੋਮੀਟਰ ਵੱਲ ਨੂੰ ਸੀ।


# ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਕੁਕ, ਤੰਦੂਰੀਏ, ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ।

*ਸੰਪਰਕ ਕਰੋ: ਦਵਿੰਦਰ ਸਿੰਘ*

**ਫੋਨ: 262-391-7666**

4-5

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪ੍ਰੋ. ਸਾਈਬਾਬਾ ਤੇ ਅਰੁੰਧਤੀ ਰਾਏ ਦੇ ਹੱਕ 'ਚ ਡਟਣ ਦਾ ਹੋਕਾ

**ਲੁਧਿਆਣਾ:** "ਪ੍ਰੋਫੈਸਰ ਸਾਈਬਾਬਾ ਨੂੰ ਜੇਲ੍ਹ ਵਿਚ ਸਾੜਨ ਦਾ ਮਨੋਰਥ ਸਮੁੱਚੇ ਬੁੱਧੀਜੀਵੀਆਂ, ਚਿੰਤਕਾਂ ਨੂੰ ਫਾਸ਼ੀਵਾਦੀ ਸੰਦੇਸ਼ ਦੇਣਾ ਹੈ ਕਿ ਸਥਾਪਤੀ ਦੀ ਆਲੋਚਨਾ ਨੂੰ ਇਹ ਨਿਜ਼ਾਮ ਸਹਿਣ ਨਹੀਂ ਕਰੇਗਾ ਅਤੇ ਅਜਿਹੇ ਕਰਨ 'ਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੜਨਾ ਪਵੇਗਾ।" ਇਹ ਵਿਚਾਰ ਇਥੇ ਓਪਰੇਸ਼ਨ ਗਰੀਨ ਵਿਰੋਧੀ ਜਮਹੂਰੀ ਫਰੰਟ ਵਲੋਂ ਪ੍ਰੋਫੈਸਰ ਜੀ.ਐੱਨ. ਸਾਈਬਾਬਾ ਨੂੰ ਦੁਬਾਰਾ ਜੇਲ੍ਹ ਭੇਜੇ ਜਾਣ ਅਤੇ ਲੇਖਕਾ ਅਰੁੰਧਤੀ ਰਾਏ ਨੂੰ ਅਦਾਲਤ ਦੀ ਤੌਹੀਨ ਦਾ ਨੋਟਿਸ ਜਾਰੀ ਕਰਨ ਵਿਰੁੱਧ ਜਥੇਬੰਦ ਕੀਤੀ ਸੂਬਾ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਪ੍ਰੋਫੈਸਰ ਸਾਈਬਾਬਾ ਦੀ ਜੀਵਨ ਸਾਥਣ ਏ.ਐੱਸ. ਵਸੰਤਾ ਨੇ ਕਹੇ। ਕਨਵੈਨਸ਼ਨ ਦੇ ਮੁੱਖ ਬੁਲਾਰਿਆਂ ਵਿਚ ਪ੍ਰੋਫੈਸਰ ਐੱਸ.ਏ.ਆਰ. ਗਿਲਾਨੀ (ਦਿੱਲੀ), ਪ੍ਰੋਫੈਸਰ ਜਗਮੋਹਣ ਸਿੰਘ, ਪ੍ਰੋਫੈਸਰ ਏ.ਕੇ. ਮਲੇਰੀ, ਗੁਰਪ੍ਰੀਤ ਸਿੰਘ ਕੈਨੇਡਾ ('ਦੇਸੀ ਰੈਡੀਕਲ' ਦੇ ਸੰਪਾਦਕ) ਅਤੇ ਯਸ਼ਪਾਲ ਸ਼ਾਮਲ ਸਨ।

ਕਨਵੈਨਸ਼ਨ ਦਾ ਆਗਾਜ਼ ਦਲਿਤ ਰਿਸਰਚ ਸਕਾਲਰ ਰੋਹਿਤ ਵੇਮੁਲਾ ਨੂੰ ਸ਼ਰਧਾਂਜਲੀ ਦੇ ਕੇ ਕੀਤਾ ਗਿਆ। ਸ੍ਰੀਮਤੀ ਵਸੰਤਾ ਨੇ ਕਿਹਾ ਕਿ



ਪ੍ਰੋਫੈਸਰ ਸਾਈਬਾਬਾ ਸਮੇਤ ਸਮੁੱਚੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਜੂਝਣਾ ਜਮਹੂਰੀ ਤਾਕਤਾਂ ਦਾ ਸਭ ਤੋਂ ਅਹਿਮ ਤੇ ਵੱਡਾ ਕੰਮ ਹੈ। ਕਨਵੈਨਸ਼ਨ ਦੇ ਮੁੱਖ ਵਕਤਾ ਪ੍ਰੋਫੈਸਰ ਐੱਸ.ਏ.ਆਰ. ਗਿਲਾਨੀ ਨੇ ਪ੍ਰੋਫੈਸਰ ਸਾਈਬਾਬਾ ਦੇ ਸਮੁੱਚੇ ਮਾਮਲੇ ਦੀ ਤਫ਼ਸੀਲ ਦਿੰਦਿਆਂ ਕਿਹਾ ਕਿ 90 ਫ਼ੀਸਦੀ ਅਪਾਹਜ ਪ੍ਰੋਫੈਸਰ ਨੂੰ ਬਹੁਤ ਵੱਡਾ ਖ਼ਤਰਾ ਬਣਾ ਕੇ ਉਸ ਨਾਲ ਰਾਜਤੰਤਰ ਦੇ ਇਸ ਤਰ੍ਹਾਂ ਦੇ ਸਲੂਕ ਤੋਂ ਸਪਸ਼ਟ ਹੈ ਕਿ ਇਸ ਨਿਆਂ ਪ੍ਰਬੰਧ ਤੋਂ ਇਨਸਾਫ਼ ਦੀ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ। ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਉਪਰ ਵਿਅੰਗ ਕਰਦਿਆਂ ਉਨ੍ਹਾਂ ਕਿਹਾ ਕਿ ਦਰਅਸਲ ਇਹ ਕਾਨੂੰਨ ਗ਼ੈਰ-ਕਾਨੂੰਨੀ ਕਾਰਵਾਈਆਂ ਨੂੰ ਸੁਰੱਖਿਆ ਦੇਣ ਲਈ ਹੈ ਅਤੇ ਇਸ ਤਰ੍ਹਾਂ ਦੇ ਜ਼ਾਲਮ ਕਾਨੂੰਨ ਦਰਅਸਲ ਹੁਕਮਰਾਨ ਜਮਾਤਾਂ ਵਲੋਂ ਆਪਣੇ ਗ਼ੈਰ-ਕਾਨੂੰਨੀ ਕਾਰਿਆਂ ਨੂੰ ਸੁਰੱਖਿਆ ਦੇਣ ਲਈ ਲਿਆਂਦੇ ਗਏ ਹਨ ਜਿਨ੍ਹਾਂ ਦਾ ਮਨੋਰਥ ਇਨਸਾਫ਼ ਲਈ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਜੇਲ੍ਹਾਂ ਵਿਚ ਸਾੜਨਾ ਹੈ। ਉਨ੍ਹਾਂ ਕਿਹਾ ਕਿ ਦੋਹਰੇ ਮਿਆਰਾਂ ਵਾਲੀ ਅਦਾਲਤੀ ਪ੍ਰਣਾਲੀ ਮੁਜਰਿਮ ਸਾਬਤ ਹੋ ਚੁੱਕੇ ਹਿੰਦੂਤਵੀ ਕਾਤਲਾਂ ਨੂੰ ਤਾਂ ਜ਼ਮਾਨਤਾਂ ਅਤੇ ਕਲੀਨ ਚਿੱਟਾਂ ਦੇ ਰਹੀ ਹੈ ਪਰ ਸਥਾਪਤੀ ਦੇ ਆਲੋਚਕ ਬੁੱਧੀਜੀਵੀਆਂ ਨੂੰ ਮਹਿਜ਼ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ ਸਬੰਧਤ ਹੋਣ ਦੇ ਸ਼ੱਕ ਦੇ ਇਲਜ਼ਾਮ ਵਿਚ ਅਣਮਿਥੇ ਸਮੇਂ ਲਈ ਜੇਲ੍ਹਾਂ ਵਿਚ ਸਾੜ ਰਹੀ ਹੈ।

ਇਸ ਤਾਨਾਸ਼ਾਹ ਵਰਤਾਰੇ ਨੂੰ ਚੁਣੌਤੀ ਦੇਣ ਲਈ ਪੰਜਾਬ ਦੇ ਗੌਰਵਮਈ ਵਿਰਸੇ ਤੋਂ ਪ੍ਰੇਰਨਾ ਲੈਂਦਿਆਂ ਉਸੇ ਤਰ੍ਹਾਂ ਦੇ ਸਵੈ-ਵਿਸ਼ਵਾਸ ਨਾਲ ਜਮਹੂਰੀ ਸੰਘਰਸ਼ ਉਸਾਰਨ ਦੀ ਲੋੜ ਹੈ ਜਿਵੇਂ ਦੇਸ਼ ਭਗਤ ਇਨਕਲਾਬੀਆਂ ਨੇ ਬਰਤਾਨਵੀ ਬਸਤੀਵਾਦ ਤੋਂ ਆਜ਼ਾਦੀ ਹਾਸਲ ਕਰਨ ਲਈ ਕੀਤਾ ਸੀ।

ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਣ ਸਿੰਘ ਨੇ ਕਿਹਾ ਕਿ ਪ੍ਰੋਫੈਸਰ ਸਾਈਬਾਬਾ ਦਾ ਪਰਿਵਾਰ ਅਤੇ ਉਨ੍ਹਾਂ ਉਪਰ ਰਾਜਕੀ ਜ਼ੁਲਮ ਵਿਰੁੱਧ ਲੜਨ ਵਾਲੀ ਕਮੇਟੀ ਇਕੱਲੀ ਨਹੀਂ, ਪੰਜਾਬ ਦੇ ਲੋਕ ਵੀ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਮੁਲਕ ਉਪਰ ਮੰਡਰਾ ਰਹੇ ਹਿੰਦੂਤਵੀ ਫਾਸ਼ੀਵਾਦ ਦੇ ਖ਼ਤਰੇ ਦੀ ਚਰਚਾ ਕਰਦਿਆਂ ਹੁਕਮਰਾਨਾਂ ਦੇ ਲੋਕ ਲਹਿਰਾਂ ਨੂੰ ਆਗੂ ਰਹਿਤ ਕਰਨ ਦੇ ਮਨਸੂਬਿਆਂ ਨੂੰ ਅਸਫ਼ਲ ਬਣਾਉਣ ਲਈ ਸ਼ਹੀਦ ਭਗਤ ਸਿੰਘ ਦੇ ਦੋ ਨਾਅਰਿਆਂ 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜਵਾਦ ਮੁਰਦਾਬਾਦ' ਨੂੰ ਮਾਰਗ ਦਰਸ਼ਕ ਵਜੋਂ ਲੈਣ 'ਤੇ ਜ਼ੋਰ ਦਿੱਤਾ। ਕੈਨੇਡਾ ਤੋਂ ਛਪਦੇ 'ਰੈਡੀਕਲ ਦੇਸੀ' ਦੇ ਸੰਪਾਦਕ ਤੇ ਰੇਡੀਓ ਹੋਸਟ ਗੁਰਪ੍ਰੀਤ ਸਿੰਘ ਨੇ ਕੈਨੇਡਾ ਤੇ ਹੋਰ ਮੁਲਕਾਂ ਦੀ ਧਰਤੀ ਉਪਰ ਹਿੰਦੁਸਤਾਨੀ ਹਕੂਮਤ ਦੇ ਆਪਣੇ ਲੋਕਾਂ ਉਪਰ ਜ਼ੁਲਮਾਂ ਅਤੇ ਬੇਇਨਸਾਫ਼ੀਆਂ ਵਿਰੁੱਧ ਉਠਾਈ ਜਾ ਰਹੀ ਆਵਾਜ਼ ਬਾਰੇ ਦੱਸਿਆ।

## ਪੰਜਾਬ ਵਿਚ ਵਗਦਾ ਹੈ ਜੂਸ ਦਾ ਦਰਿਆ!

*(ਸਫਾ ਇਕ ਦੀ ਬਾਕੀ)*

ਵੱਖਰੀ ਹੈ ਕਿ ਦੇਸ਼ ਦੇ ਜੂਸ ਬਾਜ਼ਾਰ ਵਿਚ ਹੁਣ ਵੀ ਸੰਗਠਿਤ ਖੇਤਰ ਕੋਲ 25 ਫੀਸਦੀ ਹਿੱਸੇਦਾਰੀ ਹੈ ਜਦੋਂ ਕਿ 75 ਫੀਸਦੀ ਹਿੱਸੇਦਾਰ ਹੁਣ ਵੀ ਗੈਰ-ਜਥੇਬੰਦ ਖੇਤਰ ਕੋਲ ਹੈ। ਪੰਜਾਬ ਵਿਚ ਵਧਦੇ ਜੂਸ ਬਾਜ਼ਾਰ ਨੂੰ ਦੇਖਦੇ ਹੋਏ ਜੂਸ ਬਣਾਉਣ ਵਾਲੀਆਂ ਕਈ ਕੰਪਨੀਆਂ ਨੇ ਸੂਬੇ ਵਿਚ ਪਲਾਂਟ ਲਗਾਏ ਹਨ। ਇਨ੍ਹਾਂ ਵਿਚ ਕੁਵੈਤੀ ਡੈਨਿਸ਼ ਡੇਅਰੀ ਨੇ ਫਾਜ਼ਿਲਕਾ ਵਿਚ ਪਲਾਂਟ ਲਗਾਉਣ ਦੀ ਗੱਲ ਕਹੀ ਹੈ। ਉਥੇ ਹੀ ਆਈ.ਟੀ.ਸੀ. ਵੀ ਜੂਸ ਪਲਾਂਟ ਲਗਾਉਣ ਲਈ ਤਿਆਰ ਹੈ। ਕਿੰਨੂ ਨੂੰ ਲੈ ਕੇ ਕੰਪਨੀ ਕਾਫੀ ਰਿਸਰਚ ਕਰ ਰਹੀ ਹੈ, ਹਾਲਾਂਕਿ ਕਿੰਨੂ ਨੂੰ ਲੈ ਕੇ ਜੂਸ ਕੰਪਨੀਆਂ ਹਾਲੇ ਰੁਚੀ ਨਹੀਂ ਦਿਖਾ ਰਹੀਆਂ ਹਨ।

## ਆਈ.ਐਸ. ਨੇ ਵਰਤਿਆ ਭਗਤ ਸਿੰਘ ਦਾ ਨਾਂ

**ਨਵੀਂ ਦਿੱਲੀ:** ਖਤਰਨਾਕ ਅਤਿਵਾਦੀ ਜਥੇਬੰਦੀ ਆਈ.ਐਸ. ਹੁਣ ਭਾਰਤ ਦੇ ਨੌਜਵਾਨਾਂ ਨੂੰ ਵਰਗਲਾਉਣ ਲਈ ਸ਼ਹੀਦ ਭਗਤ ਸਿੰਘ ਦੇ ਨਾਮ ਦਾ ਇਸਤੇਮਾਲ ਕੀਤਾ ਹੈ। ਆਈ.ਐਸ. ਵਿਚ ਭਰਤੀ ਦੇ ਇਲਜ਼ਾਮਾਂ ਵਿਚ ਗ੍ਰਿਫਤਾਰ ਕੀਤੇ ਗਏ ਮੁਦਬੀਰ ਸ਼ੇਖ ਤੋਂ ਕੀਤੀ ਪੁੱਛਗਿੱਛ ਮਗਰੋਂ ਇਹ ਖੁਲਾਸਾ ਹੋਇਆ ਹੈ। ਸ਼ੇਖ਼ ਨੂੰ ਮੁੰਬਈ ਨੇੜਿਓਂ ਗ੍ਰਿਫਤਾਰ ਕੀਤਾ ਗਿਆ ਹੈ। ਇੰਡੀਅਨ ਐਕਸਪ੍ਰੈੱਸ ਮੁਤਾਬਕ ਇਰਾਕ ਵਿਚ ਬੈਠਾ ਸ਼ੇਖ਼ ਦਾ ਹੈਂਡਲਰ ਭਾਰਤੀ ਇਤਿਹਾਸ ਦਾ ਜ਼ਿਕਰ ਕਰਦਾ ਸੀ। ਇਹ ਆਈ.ਐਸ. ਸਰਗਨਾ ਨੌਜਵਾਨਾਂ ਨੂੰ ਵਰਗਲਾਉਣ ਲਈ ਕਹਿੰਦਾ ਸੀ ਕਿ ਇਨ੍ਹਾਂ ਦੀ ਲੜਾਈ ਉਸੇ ਤਰ੍ਹਾਂ ਹੈ ਜਿਵੇਂ ਆਜ਼ਾਦੀ ਤੋਂ ਪਹਿਲਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੀ। ਅਤਿਵਾਦੀ ਨੇ ਭਗਤ ਸਿੰਘ ਵੱਲੋਂ ਸੰਸਦ 'ਚ ਬੰਬ ਸੁੱਟਣ ਤੇ ਅੰਗਰੇਜ਼ ਅਧਿਕਾਰੀ ਨੂੰ ਗੋਲੀ ਮਾਰਨ ਦੀ ਘਟਨਾ ਦਾ ਵੀ ਜ਼ਿਕਰ ਕੀਤਾ ਸੀ। ਜ਼ਿਕਰਯੋਗ ਹੈ ਕਿ ਭਾਰਤੀ ਸੁਰੱਖਿਆ ਏਜੰਸੀਆਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਕੁੱਲ 14 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚ ਸਭ ਤੋਂ ਮਹੱਤਵਪੂਰਨ ਗ੍ਰਿਫਤਾਰੀ ਸ਼ੇਖ਼ ਦੀ ਹੀ ਮੰਨੀ ਜਾ ਰਹੀ ਹੈ। ਪੁੱਛਗਿੱਛ ਦੌਰਾਨ ਸ਼ੇਖ਼ ਨੇ ਕਿਹਾ ਕਿ ਉਹ ਭਾਰਤ 'ਚ ਅਮਰੀਕਾ ਤੇ ਬ੍ਰਿਟੇਨ ਦਾ ਅਸਰ ਖਤਮ ਕਰਨਾ ਚਾਹੁੰਦੇ ਹਨ। ਇਨ੍ਹਾਂ ਸ਼ੱਕੀਆਂ ਨੇ ਜਿਹੜੀ ਜਥੇਬੰਦੀ ਬਣਾਈ ਹੈ, ਦਾ ਨਾਂ 'ਜੁਨੂਦ ਉਲ ਖ਼ਲੀਫ਼ਾ ਏ ਹਿੰਦ' ਹੈ।

## ਨੇਤਾ ਜੀ ਦਾ ਪੜਪੋਤਰਾ ਭਾਜਪਾ ਵਿਚ ਸ਼ਾਮਲ

**ਹਾਵੜਾ (ਪੱਛਮੀ ਬੰਗਾਲ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਨੇਤਾ ਸੁਭਾਸ਼ ਚੰਦਰ ਬੋਸ ਨਾਲ ਸਬੰਧਤ 100 ਗੁਪਤ ਫਾਈਲਾਂ ਨੂੰ ਜਨਤਕ ਕਰਨ ਦੇ ਦੋ ਦਿਨ ਬਾਅਦ ਹੀ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਪੜਪੋਤਰੇ ਚੰਦਰ ਕੁਮਾਰ ਬੋਸ ਇਥੇ ਭਾਜਪਾ ਵਿਚ ਸ਼ਾਮਲ ਹੋ ਗਏ। ਚੰਦਰ ਬੋਸ ਪੱਛਮੀ ਬੰਗਾਲ ਦੇ ਹਾਵੜਾ ਵਿਚ ਇਕ ਰੈਲੀ ਵਿਚ ਸ਼ਾਮਲ ਹੋਣ ਆਏ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਮੌਜੂਦਗੀ ਵਿਚ ਭਾਜਪਾ ਵਿਚ ਸ਼ਾਮਲ ਹੋਏ। ਰੈਲੀ ਦੌਰਾਨ ਮੰਚ 'ਤੇ ਅਮਿਤ ਸ਼ਾਹ ਨੇ ਚੰਦਰ ਬੋਸ ਨੂੰ ਭਾਜਪਾ ਦਾ ਝੰਡਾ ਫੜਾਇਆ। ਚੰਦਰ ਬੋਸ ਨੇ ਕਿਹਾ ਕਿ ਉਹ ਬਾਅਦ 'ਚ ਦੱਸਣਗੇ ਕਿ ਉਹ ਕਿਉਂ ਭਾਜਪਾ ਵਿਚ ਸ਼ਾਮਿਲ ਹੋਏ।

# ਨਸ਼ਾ ਤਸਕਰੀ ਦਾ ਮੁੱਦਾ ਮੁੜ ਠੰਢੇ ਬਸਤੇ 'ਚ

*(ਸਫਾ ਇਕ ਦੀ ਬਾਕੀ)*

ਸਰਹੱਦ 'ਤੇ ਧਰਨਾ ਲਾਉਣ ਦਾ ਐਲਾਨ ਕੀਤਾ ਸੀ, ਪਰ ਮਾਮਲਾ ਉਲਟਾ ਪੈਂਦਾ ਵੇਖ ਕੇ ਪਿੱਛੇ ਹਟਣਾ ਪਿਆ। ਪੰਜਾਬ ਨੂੰ ਇਸ ਸਮੇਂ ਨਸ਼ਿਆਂ ਦੀ ਵੱਡੀ ਮਾਰ ਪੈ ਰਹੀ ਹੈ। ਪੰਜਾਬ ਪੁਲਿਸ ਦੇ ਅੰਕੜੇ ਦਰਸਾਉਂਦੇ ਹਨ ਕਿ ਹੁਣ ਤੱਕ ਸੂਬੇ ਵਿਚ ਜਿੰਨੇ ਵੀ ਫੌਜਦਾਰੀ ਮੁਕੱਦਮੇ ਦਰਜ ਹੋਏ ਹਨ, ਉਨ੍ਹਾਂ ਵਿਚ 30 ਫੀਸਦੀ ਇਕੱਲੇ ਐਨ.ਡੀ.ਪੀ.ਐਸ. ਐਕਟ ਹੇਠ ਦਰਜ ਕੀਤੇ ਗਏ ਹਨ, ਜੋ ਦਰਸਾਉਂਦਾ ਹੈ ਕਿ ਨਸ਼ੇ ਦਾ ਕਾਰੋਬਾਰ ਪੰਜਾਬ ਵਿਚ ਕਿਸ ਕਦਰ ਫੈਲਿਆ ਹੋਇਆ ਹੈ।

ਸੂਬੇ ਵਿਚ ਇੰਨੇ ਵੱਡੇ ਪੱਧਰ 'ਤੇ ਨਸ਼ਾ ਤਸਕਰੀ ਦਾ ਕਾਰਨ ਇਸ ਦਾ ਸਰਹੱਦੀ ਸੂਬਾ ਹੋਣਾ ਹੀ ਮੰਨਿਆ ਜਾ ਰਿਹਾ ਹੈ। ਨਾਲ ਲਗਦੇ ਮੁਲਕ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਇਰਾਨ ਭੁੱਕੀ, ਅਫੀਮ ਅਤੇ ਹੈਰੋਇਨ ਦੀ ਖੇਤੀ ਕਰਦੇ ਹਨ। ਪੰਜਾਬ ਦੇ ਗੁਆਂਢੀ ਸੂਬੇ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵੀ ਭੁੱਕੀ ਤੇ ਅਫੀਮ ਦੀ ਖੇਤੀ ਕਰਦੇ ਹਨ ਤੇ ਇਹ ਪ੍ਰਭਾਵ ਲਿਆ ਜਾ ਰਿਹਾ ਹੈ ਕਿ ਇਹ ਪੰਜਾਬ ਵਿਚ ਨਸ਼ਾ ਫੈਲਾਉਣ ਲਈ ਜ਼ਿੰਮੇਵਾਰ ਹਨ। ਪੰਜਾਬ ਵਿਚ ਨਸ਼ੇ ਦੇ ਕਾਰੋਬਾਰ ਵਿਚ ਸਿਆਸੀ ਲੋਕ, ਪੁਲਿਸ ਅਤੇ ਸਮਗਲਰਾਂ ਦਾ ਗੱਠਜੋੜ ਵੀ ਇਸ ਦਾ ਇਕ ਕਾਰਨ ਹੈ। ਇਸ ਕਾਰੋਬਾਰ ਤੋਂ ਉਹ ਅਰਬਾਂ ਰੁਪਏ ਕਮਾ ਰਹੇ ਹਨ। ਪੁਲਿਸ ਨੂੰ ਜਾਣਕਾਰੀ ਹੋਣ ਦੇ ਬਾਵਜੂਦ ਇਸ ਕਾਰੋਬਾਰ ਨੂੰ ਠੱਲ੍ਹ ਨਹੀਂ ਪਾ ਸਕੀ। ਪੰਜਾਬ ਪੁਲਿਸ ਵੱਲੋਂ ਨਸ਼ਾ ਵੇਚਣ ਵਾਲੇ ਸਮਗਲਰਾਂ ਤੇ ਸਿਆਸੀ ਵਿਅਕਤੀਆਂ ਨੂੰ ਘੱਟ ਹੀ ਹੱਥ ਪਾਇਆ ਗਿਆ ਹੈ। ਇਕ ਸਮੇਂ ਉਸ ਵੱਲੋਂ ਨਸ਼ਾ ਕਰਨ ਦੇ ਆਦੀ ਨੌਜਵਾਨਾਂ ਨੂੰ ਫੜ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ ਸੀ ਤੇ ਧੜਾ-ਧੜ ਉਨ੍ਹਾਂ ਖਿਲਾਫ ਮੁਕੱਦਮੇ ਦਰਜ ਕਰ ਦਿੱਤੇ ਗਏ ਸਨ। ਮੌਜੂਦਾ ਸਰਕਾਰ ਵੱਲੋਂ ਭਾਵੇਂ ਕਈ ਨਵੇਂ ਨਸ਼ਾ-ਮੁਕਤ ਸੈਂਟਰ ਖੋਲ੍ਹੇ ਗਏ ਹਨ, ਪਰ ਉਹ ਬਹੁਤੇ ਨਸ਼ਾ-ਮੁਕਤ ਕਰਨ ਦੇ ਆਦੀ ਨੌਜਵਾਨਾਂ ਦਾ ਸਹੀ ਇਲਾਜ ਤੇ ਰਹਿਨੁਮਾਈ ਨਹੀਂ ਕਰ ਸਕੇ। ਪੰਜਾਬ ਵਿਚ ਇਕ ਸਰਵੇਖਣ ਅਨੁਸਾਰ ਕੋਈ 3,30,000 ਦੇ ਕਰੀਬ ਨਸ਼ੇ ਤੋਂ ਪੀੜਤ ਨੌਜਵਾਨਾਂ ਦਾ ਓ.ਪੀ.ਡੀ. ਵਿਚ ਇਲਾਜ ਕੀਤਾ ਗਿਆ ਤੇ 11,656 ਦੇ ਕਰੀਬ ਨਸ਼ਾ-ਮੁਕਤ ਸੈਂਟਰਾਂ ਵਿਚ ਭਰਤੀ ਕੀਤੇ ਗਏ ਹਨ, ਜਦ ਕਿ 22,000 ਦੇ ਕਰੀਬ ਨਸ਼ਾ ਕਰਨ ਵਾਲੇ ਵਿਅਕਤੀਆਂ ਦਾ ਜੇਲ੍ਹਾਂ ਵਿਚ ਇਲਾਜ ਕੀਤਾ ਗਿਆ ਹੈ।

ਅਫੀਮ ਤੇ ਭੁੱਕੀ ਤੋਂ ਬਾਅਦ ਪਾਕਿਸਤਾਨ ਸਰਹੱਦ ਤੋਂ ਹੈਰੋਇਨ ਦੀ ਸਮਗਲਿੰਗ ਹੋਣ ਕਾਰਨ ਪੰਜਾਬ ਵਿਚ ਇਹ ਚਿੱਟੇ ਨਸ਼ੇ ਨਾਲ ਮਸ਼ਹੂਰ ਹੋ ਗਈ ਹੈ ਅਤੇ ਇਸ ਨੇ ਪੰਜਾਬ ਦੇ ਪਿੰਡਾਂ ਵਿਚ ਆਪਣੀ ਮਾਰ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਕਿਹਾ ਜਾਣ ਲੱਗਾ ਹੈ ਕਿ ਚਿੱਟਾ ਨਸ਼ਾ ਸਹਿਜੇ ਹੀ ਪਿੰਡਾਂ ਦੀਆਂ ਹੱਟੀਆਂ ਤੋਂ ਮਿਲ ਜਾਂਦਾ ਹੈ। ਕਾਂਗਰਸ ਪਾਰਟੀ ਦੇ ਨਵੇਂ ਥਾਪੇ ਗਏ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੀ ਤਾਜਪੋਸ਼ੀ ਦੌਰਾਨ ਗੁਟਕੇ 'ਤੇ ਹੱਥ ਰੱਖ ਕੇ ਸਹੁੰ ਚੁੱਕੀ ਗਈ ਹੈ ਕਿ ਉਹ ਜੇ ਪੰਜਾਬ ਵਿਚ ਆਪਣੀ ਸਰਕਾਰ ਬਣਾਉਂਦੇ ਹਨ ਤਾਂ ਉਹ ਨਸ਼ੇ ਦੇ ਕਾਰੋਬਾਰ ਨੂੰ ਤਿੰਨ ਮਹੀਨੇ ਦੇ ਅੰਦਰ-ਅੰਦਰ ਖਤਮ ਕਰ ਦੇਣਗੇ।

ਇਸੇ ਤਰ੍ਹਾਂ ਦਾ ਹੀ ਸਟੈਂਡ ਆਮ ਆਦਮੀ ਪਾਰਟੀ ਵੱਲੋਂ ਲਿਆ ਜਾ ਰਿਹਾ ਹੈ, ਪਰ ਕਿਸੇ ਵੀ ਪਾਰਟੀ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਉਹ ਨਸ਼ਾ-ਮੁਕਤ ਪੰਜਾਬ ਕਿਸ ਤਰ੍ਹਾਂ ਕਰਨਗੇ ਤੇ ਉਨ੍ਹਾਂ ਦੀ ਵਿਉਂਤ ਕੀ ਹੋਵੇਗੀ? ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਵੱਲੋਂ ਇਹ ਵੀ ਦਾਅਵੇ ਕੀਤੇ ਜਾ ਰਹੇ ਹਨ ਕਿ ਉਹ ਆਪਣੇ ਡੋਪ ਟੈਸਟ ਕਰਵਾਉਣ ਲਈ ਤਿਆਰ ਹਨ ਤਾਂ ਜੋ ਪਤਾ ਲੱਗ ਸਕੇ ਕਿ ਉਹ ਨਸ਼ੇ ਦੇ ਆਦੀ ਹਨ ਜਾਂ ਨਹੀਂ। ਸਿਆਸੀ ਲੋਕ ਸਿਰਫ ਇਸ ਨੂੰ ਚੋਣ ਮੁੱਦਾ ਹੀ ਬਣਾਉਣਾ ਚਾਹੁੰਦੇ ਹਨ।

### ਕੀ ਹੈ ਅੰਕੜਿਆਂ ਦਾ ਸੱਚ...

ਪੁਲਿਸ ਵੱਲੋਂ ਨਵੰਬਰ ਮਹੀਨੇ ਤੱਕ ਕੋਈ 8410 ਦੇ ਕਰੀਬ ਐਨ.ਡੀ.ਪੀ.ਐਸ. ਐਕਟ ਹੇਠ ਮਾਮਲੇ ਦਰਜ ਕੀਤੇ ਗਏ ਅਤੇ 10,000 ਤੋਂ ਵੱਧ ਨਸ਼ਾ ਵੇਚਣ ਵਾਲੇ ਸਮਗਲਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕੋਲੋਂ ਕੋਈ 438 ਕਿਲੋ ਹੈਰੋਇਨ; 8553 ਕੁਇੰਟਲ ਭੁੱਕੀ; 20,95,000 ਨਸ਼ੀਲੇ ਕੈਪਸੂਲ; 19,14,351 ਨਸ਼ੀਲੀਆਂ ਗੋਲੀਆਂ; 12136 ਟੀਕੇ; 446 ਕਿਲੋ ਅਫੀਮ; 597 ਕਿਲੋ ਭੰਗ ਅਤੇ 13 ਕਿਲੋ ਸਮੈਕ ਫੜੀ ਗਈ। ਇਸ ਸਰਵੇਖਣ ਵਿਚ ਪੰਜਾਬ ਵਿਚ ਪੈਦਾ ਕੀਤੀ ਸਿੰਥੈਟਿਕ ਡਰੱਗ ਦਾ ਜ਼ਿਕਰ ਨਹੀਂ ਹੈ ਜਿਸ ਦੇ ਤਾਰ ਇੰਗਲੈਂਡ, ਕੈਨੇਡਾ ਅਤੇ ਪੰਜਾਬ ਨਾਲ ਜੁੜੇ ਹੋਏ ਹਨ ਅਤੇ ਇਸ ਵਿਚ ਕਈ ਸਿਆਸਤਦਾਨਾਂ ਦੇ ਨਾਂਵਾਂ ਦਾ ਜ਼ਿਕਰ ਵੀ ਆਉਂਦਾ ਹੈ। ਅਜੇ ਵੀ ਪੰਜਾਬ ਵਿਚ ਕੋਈ 2.3 ਲੱਖ ਤੋਂ ਵੱਧ ਨੌਜਵਾਨ ਨਸ਼ੇ 'ਤੇ ਨਿਰਭਰ ਹਨ ਅਤੇ 76 ਫੀਸਦੀ ਦੀ ਉਮਰ 18 ਤੋਂ 36 ਸਾਲ ਦੇ ਵਿਚ ਹੈ, ਤੇ ਕੋਈ 20 ਕਰੋੜ ਰੁਪਏ ਦੇ ਕਰੀਬ ਰੋਜ਼ਾਨਾ ਨਸ਼ਾ ਖਰੀਦਣ ਲਈ ਪੰਜਾਬ ਵਿਚ ਖਰਚੇ ਜਾ ਰਹੇ ਹਨ। ਇਨ੍ਹਾਂ ਨੌਜਵਾਨਾਂ ਦਾ ਸਾਲ ਭਰ ਦਾ ਖਰਚ ਕੋਈ 7575 ਕਰੋੜ ਰੁਪਏ ਬਣਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਧੀਰੂ ਭਾਈ ਅੰਬਾਨੀ ਤੇ ਰਜਨੀਕਾਂਤ ਨੂੰ ਪਦਮ ਵਿਭੂਸ਼ਨ ਪੁਰਸਕਾਰ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਪਦਮ ਪੁਰਸਕਾਰਾਂ ਲਈ 112 ਸ਼ਖ਼ਸੀਅਤਾਂ ਦੇ ਨਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਵਾਰ 10 ਸ਼ਖ਼ਸੀਅਤਾਂ ਨੂੰ ਪਦਮ ਵਿਭੂਸ਼ਨ, 19 ਨੂੰ ਪਦਮ ਭੂਸ਼ਨ ਅਤੇ 83 ਸ਼ਖ਼ਸੀਅਤਾਂ ਨੂੰ ਪਦਮ ਸ੍ਰੀ ਐਵਾਰਡ ਮਿਲਣਗੇ। ਇਹ ਪੁਰਸਕਾਰ ਹਾਸਲ ਕਰਨ ਵਾਲਿਆਂ ਵਿਚ 19 ਮਹਿਲਾਵਾਂ ਸ਼ਾਮਲ ਹਨ।

ਮੁਲਕ ਦੇ ਦੂਜੇ ਸਭ ਤੋਂ ਉਚੇ ਨਾਗਰਿਕ ਸਨਮਾਨ ਪਦਮ ਵਿਭੂਸ਼ਨ ਲਈ ਧੀਰੂ ਭਾਈ ਅੰਬਾਨੀ ਤੇ ਅਦਾਕਾਰ ਰਜਨੀਕਾਂਤ ਦੀ ਚੋਣ ਕੀਤੀ ਗਈ ਹੈ। ਪੱਤਰਕਾਰ ਤੇ 'ਅਜੀਤ' ਅਦਾਰੇ ਦੇ ਮੁੱਖ ਸੰਪਾਦਕ ਬਰਜਿੰਦਰ ਸਿੰਘ ਹਮਦਰਦ, ਫਿਲਮ ਅਦਾਕਾਰ ਅਨੂਪਮ ਖੇਰ ਤੇ ਸਾਬਕਾ ਕੈਗ ਵਿਨੋਦ ਰਾਏ ਦੀ ਪਦਮ ਭੂਸ਼ਨ ਅਤੇ ਪਦਮ ਸ੍ਰੀ ਪੁਰਸਕਾਰ ਲਈ ਅਦਾਕਾਰਾ ਪ੍ਰਿਅੰਕਾ ਚੋਪੜਾ, ਅਜੈ ਦੇਵਗਨ ਤੇ ਨਿਰਦੇਸ਼ਕ ਮਧੁਰ ਭੰਡਾਰਕਰ ਦੀ ਚੋਣ ਕੀਤੀ ਗਈ ਹੈ। ਪਦਮ ਵਿਭੂਸ਼ਨ ਐਵਾਰਡ ਵਾਲੀਆਂ ਸ਼ਖ਼ਸੀਅਤਾਂ ਦੀ ਸੂਚੀ ਵਿਚ ਯਾਮਿਨੀ ਕ੍ਰਿਸ਼ਨਾਮੂਰਤੀ (ਸ਼ਾਸਤਰੀ ਨ੍ਰਿਤ), ਰਜਨੀਕਾਂਤ (ਕਲਾਤਮਿਕ ਸਿਨਮਾ), ਗਿਰਿਜਾ ਦੇਵੀ (ਕਲਾਸੀਕਲ ਗਾਇਨ), ਰਾਮੋਜੀ ਰਾਓ (ਸਾਹਿਤ ਤੇ ਸਿੱਖਿਆ), ਵਿਸ਼ਵਨਾਥਨ ਸ਼ਾਂਤਾ (ਔਨਕੋਲੋਜੀ), ਸ੍ਰੀ ਸ੍ਰੀ ਰਵੀ ਸ਼ੰਕਰ (ਅਧਿਆਤਮਵਾਦ), ਜਗਮੋਹਨ (ਪਬਲਿਕ ਅਫੇਅਰਜ਼), ਵਾਸੂਦੇਵ ਕਾਲਕੁੰਤੇ ਅੱਤਰੇ (ਸਾਇੰਸ ਤੇ ਇੰਜਨੀਅਰਿੰਗ), ਅਵਿਨਾਸ਼ ਦੀਕਸ਼ਤ ਤੇ ਧੀਰੂ ਭਾਈ ਅੰਬਾਨੀ (ਸਨਅਤ) ਸ਼ਾਮਲ ਹਨ। ਪਦਮ ਭੂਸ਼ਨ ਪੁਰਸਕਾਰ ਬਰਜਿੰਦਰ ਸਿੰਘ ਹਮਦਰਦ (ਪੱਤਰਕਾਰੀ), ਅਨੁਪਮ ਖੇਰ (ਸਿਨਮਾ), ਉਦਿਤ ਨਾਰਾਇਣ ਝਾਅ (ਪਿੱਠਵਰਤੀ ਗਾਇਕ), ਵਿਨੋਦ ਰਾਏ (ਸਿਵਿਲ ਸੇਵਾਵਾਂ), ਰਾਮ ਵੀ ਸੂਤਰ (ਬੁੱਤਤਰਾਸ਼ੀ), ਹੇਇਸਨਾਮ ਕਨਹਾਈਲਾਲ (ਥੀਏਟਰ), ਵਾਈ. ਲਕਸ਼ਮੀ ਪ੍ਰਸਾਦ (ਸਾਹਿਤ), ਐਨਐਸ ਰਾਮਾਨੁਜ ਤਾਤਾਚਾਰੀਆ (ਸਾਹਿਤ), ਡੀ ਨਾਗੇਸ਼ਵਰ ਰੈੱਡੀ (ਮੈਡੀਸਨ), ਸਵਾਮੀ ਤੇਜੋਮਾਇਆਨੰਦਾ (ਅਧਿਆਤਮਵਾਦ), ਹਾਫ਼ੀਜ਼ ਕੰਟਰੈਕਟਰ (ਭਵਨ ਕਲਾ), ਰਵਿੰਦਰ ਚੰਦਰ ਭਾਰਗਵ ਤੇ ਰਾਬਰਟੋ ਬਲੈਕਵਿਲ (ਪਬਲਿਕ ਅਫੇਅਰਜ਼), ਵੀ ਰਾਮਾ ਰਾਓ ਅੱਲਾ (ਸਾਇੰਸ), ਇੰਦੂ ਜੈਨ (ਵਪਾਰ ਤੇ ਸਨਅਤ), ਮਰਹੂਮ ਸਵਾਮੀ ਦਇਆਨੰਦ ਸਰਸਵਤੀ (ਅਧਿਆਤਮਵਾਦ), ਪੀ ਸ਼ਾਪੂਰਜੀ ਮਿਸਤਰੀ (ਵਪਾਰ ਤੇ ਸਨਅਤ) ਨੂੰ ਮਿਲੇ ਹਨ।

ਪਦਮ ਸ੍ਰੀ ਪੁਰਸਕਾਰ ਲਈ ਪ੍ਰਿਅੰਕਾ ਚੋਪੜਾ (ਸਿਨਮਾ), ਅਜੈ ਦੇਵਗਨ (ਸਿਨਮਾ), ਮਧੁਰ ਭੰਡਾਰਕਰ (ਫਿਲਮ ਨਿਰਦੇਸ਼ਨ), ਜਵਾਹਰ ਲਾਲ ਕੌਲ (ਸਾਹਿਤ), ਦਲਜੀਤ ਸਿੰਘ ਗੰਭੀਰ (ਕਾਰਡੀਓਲਾਜੀ) ਯੂਪੀ ਤੇ ਐਨ.ਆਰ.ਆਈ. ਅਜੈਪਾਲ ਸਿੰਘ ਬੰਗਾ (ਵਪਾਰ ਤੇ ਸਨਅਤ) ਅਮਰੀਕਾ, ਪ੍ਰਤਿਭਾ ਪ੍ਰਹਿਲਾਦ (ਕਲਾਸੀਕਲ ਨ੍ਰਿਤ), ਭਿਖੂਦਾਨ ਗਾਧਵੀ (ਲੋਕ ਸੰਗੀਤ), ਐਸ ਚੰਦਰਾ ਸੁਪਾਕਰ (ਡਿਜ਼ਾਈਨਿੰਗ), ਐਸਐਸ ਰਾਜਾਮੌਲੀ (ਡਾਇਰੈਕਸ਼ਨ) ਤੇ ਗੁਲਾਬੀ ਸਪੇਰਾ (ਲੋਕ ਨ੍ਰਿਤ) ਸਮੇਤ ਹੋਰ ਸ਼ਖ਼ਸੀਅਤਾਂ ਦੀ ਚੋਣ ਕੀਤੀ ਗਈ ਹੈ।

# ਐਤਕੀਂ ਚੰਡੀਗੜ੍ਹ ਦਾ ਪ੍ਰਿੰਸ ਨਰੂਲਾ ਬਣਿਆ 'ਬਿਗ ਬੌਸ'

**ਨਵੀਂ ਦਿੱਲੀ:** ਟੀ.ਵੀ. ਰਿਐਲਟੀ ਸ਼ੋਅ ਬਿਗ ਬੌਸ-9 ਦਾ ਨਤੀਜਾ ਐਲਾਨ ਦਿੱਤਾ ਗਿਆ। ਚੰਡੀਗੜ੍ਹ ਦੇ ਮਾਡਲ ਪ੍ਰਿੰਸ ਨਰੂਲਾ ਨੂੰ ਜੇਤੂ ਕਰਾਰ ਦਿੱਤਾ ਗਿਆ ਹੈ। ਪ੍ਰਿੰਸ ਸ਼ੁਰੂ ਤੋਂ ਹੀ ਦਾਅਵਾ ਕਰ ਰਹੇ ਸਨ ਕਿ ਉਹ ਇਸ ਸ਼ੋਅ ਦੇ ਜੇਤੂ ਰਹਿਣਗੇ ਅਤੇ ਆਖਰ ਉਨ੍ਹਾਂ ਦੀ ਗੱਲ ਸੱਚ ਸਾਬਤ ਹੋਈ। ਉਪ ਜੇਤੂ ਦਾ ਖਿਤਾਬ ਰਿਸ਼ਭ ਸਿਨਹਾ ਨੇ ਜਿੱਤਿਆ। ਪ੍ਰਿੰਸ ਨਰੂਲਾ ਨੂੰ ਬਿਗ ਬੌਸ ਟਰਾਫੀ ਦੇ ਨਾਲ 35 ਲੱਖ ਦਾ ਚੈਕ ਦਿੱਤਾ ਗਿਆ।



ਦੂਜੀ ਉਪ ਜੇਤੂ ਇਰਾਨ ਦੀ ਮੰਦਨਾ ਕਰੀਮੀ ਰਹੀ। ਫਿਨਾਲੇ 'ਚ ਪ੍ਰਿੰਸ ਦੇ ਨਾਲ ਰਿਸ਼ਭ ਦੇ ਇਲਾਵਾ ਮੰਦਨਾ ਅਤੇ ਰੋਸ਼ੇਲ ਸ਼ਾਮਲ ਸਨ। ਦੋਵੇਂ ਮਹਿਲਾ ਸਹਿ ਪ੍ਰਤੀਯੋਗੀਆਂ ਨੂੰ ਪਛਾੜਦੇ ਹੋਏ ਪ੍ਰਿੰਸ ਤੇ ਰਿਸ਼ਭ ਜੇਤੂ ਅਤੇ ਉਪ ਜੇਤੂ ਬਣੇ। ਬਿਗ ਬੌਸ ਸੀਜ਼ਨ 9 ਦੇ ਜੇਤੂ ਰਹੇ ਪ੍ਰਿੰਸ ਨਰੂਲਾ ਇਸ ਤੋਂ ਪਹਿਲਾਂ ਰੋਡੀਜ਼ ਅਤੇ ਸਪਲਿਟਸਵਿਲਾ ਵੀ ਜਿੱਤ ਚੁੱਕੇ ਹਨ।

ਪ੍ਰਿੰਸ ਨਰੂਲਾ ਨੇ ਆਪਣਾ ਕੈਰੀਅਰ ਮਾਡਲਿੰਗ ਨਾਲ ਸ਼ੁਰੂ ਕੀਤਾ ਸੀ ਅਤੇ ਬਾਅਦ 'ਚ ਐਮ ਟੀ ਵੀ ਦੇ ਰੋਡੀਜ਼ ਤੇ ਸਪਲਿਟਸਵਿਲਾ ਜਿੱਤ ਕੇ ਪ੍ਰਸਿੱਧੀ ਹਾਸਲ ਕੀਤੀ। ਬਿਗ ਬੌਸ 9 ਦੇ ਫਿਨਾਲੇ ਦੀ ਸ਼ੁਰੂਆਤ ਸਲਮਾਨ ਖਾਨ ਅਤੇ ਮੈਨੀ ਰਾਏ ਦੀ ਪੇਸ਼ਕਾਰੀ ਨਾਲ ਹੋਈ।


## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



**Business hours:**
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
*www.princebarbershop.com*


## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਉਮਰ 28 ਸਾਲ, ਕੱਦ 5'-5", ਜੀ ਐਨ ਐਮ/ਬੀ ਐਸ ਸੀ ਨਰਸਿੰਗ, ਸਰਕਾਰੀ ਨੌਕਰੀ ਕਰਦੀ ਇੰਡੀਆ ਰਹਿੰਦੀ ਲੜਕੀ ਲਈ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ:267-275-1414, ਇੰਡੀਆ ਫੋਨ: 91-95018-00294 *4-5*

ਜੱਟ ਸਿੱਖ ਸਿੱਧੂ ਉਮਰ 27 ਸਾਲ ਕੱਦ 6 ਫੁਟ, ਪੱਕੇ ਵੈਸ਼ਣੋਂ, ਇੰਡੀਆ ਰਹਿੰਦੇ ਬੀ ਏ ਪਾਸ ਲੜਕੇ ਲਈ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਪਾਸ ਅੱਛੀ ਜ਼ਮੀਨ ਹੈ। ਲੜਕੇ ਦਾ ਭਰਾ ਅਮਰੀਕੀ ਸਿਟੀਜ਼ਨ ਹੈ। ਸੰਪਰਕ ਕਰੋ: ਫੋਨ 661-378-6458 ਜਾਂ ਇੰਡੀਆ ਫੋਨ 091-94171-80347, 98887-03571 *2-5*

Jat Sikh family seeks a suitable match for their beautiful daughter, 28, 5'-2", US Citizen, Currently 4th year doctorate student (Chemical Engineering). The boy should be professional Jat Sikh with advanced degree and US resident. Please send your recent picture and bio-data to LKaurCali@gmail.com *4*


**Punjab Times**
**Our New E-mail**
*Punjabtimes1@gmail.com*



## Golden State Realty

9912 Kapalua Ln., Elk Grove, CA 95624

*Please Contact For*
**Commercial or Residential Needs**



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
**Ph: 916-612-5773**

**email:** samchahal@hotmail.com

***Serving all over California***



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

### ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਭਾਰਤ ਅਤੇ ਫਰਾਂਸ ਨੇ ਲਿਆ ਨਵੀਆਂ ਸਾਂਝਾਂ ਪਾਉਣ ਦਾ ਅਹਿਦ

**ਚੰਡੀਗੜ੍ਹ:** ਚੰਡੀਗੜ੍ਹ ਦੀ ਫੇਰੀ 'ਤੇ ਆਏ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਖਿਆ ਹੈ ਕਿ ਦੋਵੇਂ ਦੇਸ਼ ਜਿਥੇ ਵੱਖ-ਵੱਖ ਖੇਤਰਾਂ ਵਿਚ ਪਹਿਲਾਂ ਕੀਤੇ ਸਮਝੌਤਿਆਂ ਨੂੰ ਹੋਰ ਮਜ਼ਬੂਤ ਕਰਨਗੇ, ਉਥੇ ਸਮਾਰਟ ਸਿਟੀ ਰੇਲਵੇ, ਸੂਰਜੀ ਊਰਜਾ, ਆਲਮੀ ਤਪਸ਼ ਆਦਿ ਦੇ ਖੇਤਰ ਵਿਚ ਨਵੀਆਂ ਸਾਂਝਾਂ ਵੀ ਪਾਉਣਗੇ।

ਇਸ ਦੌਰਾਨ ਜਿਥੇ ਸ੍ਰੀ ਔਲਾਂਦ ਨੇ ਐਲਾਨ ਕੀਤਾ ਕਿ ਉਨ੍ਹਾਂ ਦਾ ਮੁਲਕ ਭਾਰਤ ਵਿਚ ਹਰੇਕ ਵਰ੍ਹੇ ਦਸ ਲੱਖ ਡਾਲਰ ਹੋਰ ਨਿਵੇਸ਼ ਕਰੇਗਾ, ਉਥੇ ਸ੍ਰੀ ਮੋਦੀ ਨੇ ਵੀ ਆਪਣਾ ਹੱਥ ਅੱਗੇ ਵਧਾਉਂਦਿਆਂ ਕਿਹਾ ਕਿ ਭਾਰਤ ਦੀ ਪ੍ਰਤਿਭਾ ਤੇ ਫਰਾਂਸ ਦੇ ਅਥਾਹ ਦ੍ਰਿੜ੍ਹ ਇਰਾਦੇ ਨਾਲ ਦੋਵਾਂ ਦੇਸ਼ਾਂ ਦੇ ਵਿਕਾਸ ਲਈ ਹੋਰ ਪੁਲਾਂਘਾਂ ਪੁੱਟੀਆਂ ਜਾਣਗੀਆਂ। ਦੋਵਾਂ ਆਗੂਆਂ ਨੇ ਰੌਕ ਗਾਰਡਨ, ਕੈਪੀਟਲ ਕੰਪਲੈਕਸ ਅਤੇ ਸਰਕਾਰੀ ਮਿਊਜ਼ੀਅਮ ਤੇ ਆਰਟ ਗੈਲਰੀ ਦਾ ਦੌਰਾ ਕਰਨ ਤੋਂ ਬਾਅਦ ਇਥੇ ਇਕ ਹੋਟਲ ਵਿਚ ਭਾਰਤ-ਫਰਾਂਸ ਕਾਰੋਬਾਰੀ ਸਿਖਰ ਸੰਮੇਲਨ ਵਿਚ ਸ਼ਿਰਕਤ ਕੀਤੀ। ਇਸ ਮੌਕੇ ਦੋਵਾਂ ਦੇਸ਼ਾਂ ਦੀਆਂ ਕਈ ਕੰਪਨੀਆਂ ਅਤੇ ਵਿਭਾਗਾਂ ਵੱਲੋਂ ਚੰਡੀਗੜ੍ਹ, ਨਾਗਪੁਰ ਤੇ ਪੁੱਡੂਚੇਰੀ ਨੂੰ ਸਮਾਰਟ ਸਿਟੀ ਬਣਾਉਣ, ਊਰਜਾ, ਹਵਾਈ ਅੱਡੇ, ਇੰਜੀਨੀਅਰਿੰਗ, ਰੇਲਵੇ, ਏਅਰ ਬੱਸ ਆਦਿ ਖੇਤਰਾਂ ਵਿਚ ਕਈ ਸਮਝੌਤੇ ਸਹੀਬੰਦ ਕੀਤੇ ਗਏ।

ਇਸ ਮੌਕੇ ਸ੍ਰੀ ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ ਅਤਿਵਾਦ ਤੋਂ ਚਿੰਤਤ ਹਨ। ਭਿਆਨਕ ਅਤਿਵਾਦੀ ਹਮਲੇ ਦੇ ਬਾਵਜੂਦ ਫਰਾਂਸ ਨੇ ਆਪਣੀ ਵਿਕਾਸ ਦੀ ਰਫ਼ਤਾਰ ਨੂੰ ਬਰਕਰਾਰ ਰੱਖ ਕੇ ਦੁਨੀਆਂ ਨੂੰ ਨਵਾਂ ਰਾਹ ਦਿਖਾਇਆ ਹੈ। ਇਸ ਵਿਚ ਫਰਾਂਸ ਦੇ ਮੀਡੀਆ ਤੇ ਆਮ ਜਨਤਾ ਦੀ ਵੱਡੀ ਦੇਣ ਹੈ ਅਤੇ ਇਸ ਤੋਂ ਭਾਰਤ ਨੂੰ ਵੀ ਸਿੱਖਣ ਦੀ ਲੋੜ ਹੈ। ਸ੍ਰੀ ਮੋਦੀ ਨੇ ਖੁਲਾਸਾ ਕੀਤਾ ਕਿ ਜਦੋਂ ਫਰਾਂਸ ਉਪਰ ਅਤਿਵਾਦੀ ਹਮਲਾ ਹੋਇਆ, ਉਨ੍ਹਾਂ ਉਦੋਂ ਹੀ ਫੈਸਲਾ ਲੈ ਲਿਆ ਸੀ ਭਾਰਤ ਦੇ ਅਗਲੇ ਗਣਤੰਤਰ ਦਿਵਸ ਸਮਾਗਮਾਂ ਦੇ ਮੁੱਖ ਮਹਿਮਾਨ ਫਰਾਂਸ ਦੇ ਰਾਸ਼ਟਰਪਤੀ ਹੀ ਹੋਣਗੇ।

ਉਨ੍ਹਾਂ ਕਿਹਾ ਕਿ ਅਤਿਵਾਦ ਵਿਰੁੱਧ ਲੜਨਾ ਮਾਨਵਤਾ ਦੀ ਸੱਚੀ ਸੇਵਾ ਹੈ ਅਤੇ ਭਾਰਤ ਤੇ ਫਰਾਂਸ ਸਾਂਝੇ ਤੌਰ 'ਤੇ ਮਾਨਵਤਾ ਦੀ ਸੇਵਾ ਲਈ ਦੁਨੀਆਂ ਭਰ ਵਿਚੋਂ ਅਤਿਵਾਦ ਦਾ ਖਾਤਮਾ ਕਰਨ ਲਈ ਮੁਹਿੰਮ ਵਿੱਢਣਗੇ। ਉਨ੍ਹਾਂ ਦੁਨੀਆਂ ਵਿਚ ਸਾਈਬਰ ਸੁਰੱਖਿਆ ਨੂੰ ਦਰਪੇਸ਼ ਚੁਣੌਤੀਆਂ 'ਤੇ ਵੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਇਸ ਵੇਲੇ ਭਾਰਤ ਵਿਚ 400 ਫਰਾਂਸੀਸੀ ਕੰਪਨੀਆਂ ਕੰਮ ਕਰ ਰਹੀਆਂ ਹਨ ਤੇ ਹੁਣ ਦੋਵੇਂ ਮੁਲਕ ਇਕ-ਦੂਜੇ ਦੀ ਲੋੜ ਬਣ ਚੁੱਕੇ ਹਨ। ਭਾਰਤ ਵਿਚ 2022 ਤੱਕ ਬੇਘਰਿਆਂ ਨੂੰ ਛੱਤ ਦੇਣ ਲਈ ਦੇਸ਼ ਵਿੱਚ 'ਨਵਾਂ ਦੇਸ਼ ਵਸਾਉਣ' ਦੀ ਲੋੜ ਹੈ ਅਤੇ ਇਸ ਲਈ ਵੀ ਫਰਾਂਸ ਵੱਲ ਹੱਥ ਵਧਾਇਆ ਜਾਵੇਗਾ। ਸ੍ਰੀ ਔਲਾਂਦ ਨੇ ਇਸ ਮੌਕੇ ਚੰਡੀਗੜ੍ਹ ਨਾਲ ਫਰਾਂਸ ਦੀ ਸਾਂਝ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਵਿੱਚ ਹਰੇਕ ਵਰ੍ਹੇ ਦਸ ਲੱਖ ਡਾਲਰ ਹੋਰ ਵਾਧੂ ਨਿਵੇਸ਼ ਕੀਤਾ ਜਾਵੇਗਾ। ਉਨ੍ਹਾਂ ਸੂਰਜੀ ਊਰਜਾ, ਟਰਾਂਸਪੋਰਟ, ਸਮਾਰਟ ਸਿਟੀ ਆਦਿ ਖੇਤਰਾਂ ਵਿਚ ਭਾਰਤ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਸਿਰਫ ਸਮਝੌਤਿਆਂ ਨਾਲ ਤਸੱਲੀ ਨਹੀਂ ਹੁੰਦੀ ਤੇ ਇਹ ਸਾਂਝ ਸੱਚੇ ਰੂਪ ਵਿਚ ਕੀਤੀ ਜਾਵੇਗੀ। ਪਿਛਲੇ ਸਮੇਂ ਫਰਾਂਸ ਵਿਚ ਸ੍ਰੀ ਮੋਦੀ ਨਾਲ ਜਿਹੜੇ ਸਮਝੌਤੇ ਹੋਏ ਸਨ ਉਨ੍ਹਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ। ਉਨ੍ਹਾਂ ਦਾ ਇਹ ਭਾਰਤ ਦੌਰਾ ਸਾਂਝਾਂ ਪੀਡੀਆਂ ਕਰਨ ਵਿਚ ਸਹਾਈ ਹੋਵੇਗਾ। ਉਹ ਭਾਰਤ ਦੀ ਸੁਰੱਖਿਆ ਲਈ ਹਰੇਕ ਸਹਿਯੋਗ ਦੇਣਗੇ ਅਤੇ ਅਤਿਵਾਦ ਦੀ ਚੁਣੌਤੀ ਨਾਲ ਇਕੱਠਿਆਂ ਨਜਿੱਠਣਗੇ। ਉਨ੍ਹਾਂ ਆਲਮੀ ਤਪਸ਼ ਉਪਰ ਚਿੰਤਾ ਪ੍ਰਗਟ ਕਰਦਿਆਂ ਇਸ ਲਈ ਵੀ ਸਾਂਝੇ ਤੌਰ 'ਤੇ ਕੰਮ ਕਰਨ ਦਾ ਸੱਦਾ ਦਿੱਤਾ।



## ਨੇਕ ਚੰਦ ਦੇ ਮੁੰਡੇ ਨੂੰ ਰੌਕ ਗਾਰਡਨ 'ਚੋਂ ਬਾਹਰ ਕੱਢਿਆ

**ਚੰਡੀਗੜ੍ਹ:** ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਚੰਡੀਗੜ੍ਹ ਫੇਰੀ ਦੌਰਾਨ ਰੌਕ ਗਾਰਡਨ ਵੀ ਗਏ, ਪਰ ਇਸ ਸੋਹਣੇ ਗਾਰਡਨ ਨੂੰ ਬਣਾਉਣ ਵਾਲੇ ਨੇਕ ਚੰਦ ਦੇ ਬੇਟੇ ਅਨੁਜ ਸੈਣੀ ਨੂੰ ਇਥੋਂ ਬਾਹਰ ਕੱਢ ਦਿੱਤਾ ਗਿਆ।

ਸ੍ਰੀ ਸੈਣੀ ਨੇ ਬੜੀ ਨਿਰਾਸ਼ਾ ਨਾਲ ਦੱਸਿਆ ਕਿ ਪੁਲਿਸ ਨੇ ਐਨ ਮੌਕੇ 'ਤੇ ਉਸ ਨੂੰ ਬਾਹਰ ਜਾਣ ਲਈ ਕਹਿ ਦਿੱਤਾ। ਸੈਣੀ ਨੂੰ ਇਹੀ ਕਿਹਾ ਗਿਆ ਕਿ ਉਸ ਦਾ ਨਾਂ ਮਹਿਮਾਨਾਂ ਵਾਲੀ ਲਿਸਟ ਵਿਚ ਨਹੀਂ ਹੈ। ਉਸ ਨੇ ਨਿਰਾਸ਼ ਹੁੰਦੇ ਹੋਏ ਕਿਹਾ ਕਿ ਜੇ ਉਸ ਦੇ ਪਿਤਾ ਨੇਕ ਚੰਦ ਅੱਜ ਜਿਉਂਦੇ ਹੁੰਦੇ ਤਾਂ ਇਹ ਦਿਨ ਨਾ ਵੇਖਣਾ ਪੈਂਦਾ।

## ਰਾਫੇਲ ਸੌਦੇ ਉਤੇ ਭਾਅ ਨੂੰ ਲੈ ਕੇ ਮਤਭੇਦ ਬਰਕਰਾਰ

**ਨਵੀਂ ਦਿੱਲੀ:** ਭਾਰਤ ਤੇ ਫਰਾਂਸ ਵਿਚਕਾਰ 36 ਰਾਫੇਲ ਜੈੱਟ ਜਹਾਜ਼ਾਂ ਦੀ ਖਰੀਦ ਸਬੰਧੀ ਸਮਝੌਤੇ ਬਾਰੇ ਸਹਿਮਤੀ ਬਣਨ ਦੇ ਬਾਵਜੂਦ ਇਸ ਦੀ ਕੀਮਤ ਨੂੰ ਲੈ ਕੇ ਮਤਭੇਦ ਕਾਇਮ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦ ਦਰਮਿਆਨ ਵੱਖ-ਵੱਖ ਮੁੱਦਿਆਂ 'ਤੇ ਵਾਰਤਾ ਤੋਂ ਬਾਅਦ 14 ਸਮਝੌਤਿਆਂ 'ਤੇ ਦਸਤਖ਼ਤ ਹੋਏ ਜਿਨ੍ਹਾਂ ਵਿਚ ਰਾਫੇਲ ਜੈੱਟਾਂ ਦੇ ਸੌਦੇ ਬਾਰੇ ਸਹਿਮਤੀ ਪੱਤਰ ਵੀ ਸ਼ਾਮਲ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਅਤੇ ਫਰਾਂਸ ਨੇ 36 ਰਾਫੇਲ ਲੜਾਕੂ ਜੈੱਟਾਂ ਦੀ ਖਰੀਦ ਲਈ ਦੋਵਾਂ ਦੇਸ਼ਾਂ ਵਿਚਾਲੇ ਸਮਝੌਤੇ (ਆਈ.ਜੀ.ਏ.) ਬਾਰੇ ਸਹਿਮਤੀ ਪੱਤਰ 'ਤੇ ਦਸਤਖ਼ਤ ਕੀਤੇ ਹਨ। ਉਮੀਦ ਹੈ ਕਿ ਜੈੱਟਾਂ ਦੀ ਖਰੀਦ ਸਬੰਧੀ ਵਿੱਤੀ ਪੱਖ ਨੂੰ ਵੀ ਛੇਤੀ ਹੀ ਸੁਲਝਾ ਲਿਆ ਜਾਏਗਾ। ਫਰਾਂਸ ਦੇ ਰਾਸ਼ਟਰਪਤੀ ਨੇ ਕਿਹਾ ਕਿ ਜੈੱਟਾਂ ਦੀ ਖਰੀਦ ਸਬੰਧੀ ਕੁਝ ਵਿੱਤੀ ਮਸਲੇ ਹਨ ਜਿਨ੍ਹਾਂ ਨੂੰ ਹੱਲ ਕਰ ਲਿਆ ਜਾਏਗਾ। ਸਮਝੌਤੇ 'ਤੇ 59 ਹਜ਼ਾਰ ਕਰੋੜ ਰੁਪਏ ਦੀ ਲਾਗਤ ਆਉਣ ਦਾ ਅਨੁਮਾਨ ਹੈ। ਉਂਜ ਇਸ ਦੀ ਕੀਮਤ 65 ਹਜ਼ਾਰ ਕਰੋੜ ਰੁਪਏ ਮੰਗੀ ਗਈ ਸੀ।

## ਬਾਦਲ ਦਾ ਹਾਲ ਪੁੱਛਣ ਪੀ.ਜੀ.ਆਈ. ਪੁੱਜੇ ਮੋਦੀ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਿਹਤ ਖਰਾਬ ਹੋਣ ਕਾਰਨ ਪੀ.ਜੀ.ਆਈ. ਚੰਡੀਗੜ੍ਹ ਵਿਚ ਦਾਖਲ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਦਾ ਹਾਲ ਚਾਲ ਪੁੱਛਿਆ। ਪ੍ਰਧਾਨ ਮੰਤਰੀ ਸ. ਬਾਦਲ ਨਾਲ ਕੋਈ 20 ਮਿੰਟ ਤੱਕ ਰਹੇ ਅਤੇ ਉਨ੍ਹਾਂ ਸ. ਬਾਦਲ ਦੀ ਛੇਤੀ ਸਿਹਤ ਠੀਕ ਹੋਣ ਦੀ ਕਾਮਨਾ ਵੀ ਕੀਤੀ। ਸ. ਬਾਦਲ ਜਿਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਦਾ ਚੰਡੀਗੜ੍ਹ ਪੁੱਜਣ 'ਤੇ ਸਵਾਗਤ ਕਰਨ ਲਈ ਏਅਰਪੋਰਟ 'ਤੇ ਜਾਣ ਦਾ ਪ੍ਰੋਗਰਾਮ ਸੀ ਪਰ ਸਿਹਤ ਠੀਕ ਨਾ ਹੋਣ ਕਾਰਨ ਉਥੇ ਨਹੀਂ ਪੁੱਜ ਸਕੇ।

# ਗੁਰੂ ਕੀ ਨਗਰੀ ਪਹਿਲੇ 20 'ਸਮਾਰਟ' ਸ਼ਹਿਰਾਂ 'ਚ?

**ਜਲੰਧਰ:** ਗੁਰੂ ਕੀ ਨਗਰੀ ਅੰਮ੍ਰਿਤਸਰ ਸਮਾਰਟ ਸਿਟੀ ਦੇ ਪਹਿਲੇ 20 ਸ਼ਹਿਰਾਂ ਵਿਚ ਸ਼ਾਮਲ ਹੋ ਸਕਦਾ ਹੈ। ਇਸ ਮਾਮਲੇ 'ਚ ਕੰਸਲਟੈਂਸੀ ਕੰਪਨੀ ਵੱਲੋਂ ਭੇਜੀ ਗਈ ਬਿਹਤਰ ਰਿਪੋਰਟ ਤੇ ਕੇਂਦਰ ਦੀ ਇਸ ਸ਼ਹਿਰ ਵਿਚ ਵਿਕਾਸ ਕਰਾਉਣ ਲਈ ਦਿਲਚਸਪੀ ਨੂੰ ਇਸ ਦਾ ਕਾਰਨ ਦੱਸਿਆ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਜਨਵਰੀ ਦੇ ਆਖਰੀ ਹਫਤੇ ਵਿਚ 100 ਐਲਾਨੇ ਗਏ ਸ਼ਹਿਰਾਂ 'ਚੋਂ ਉਨ੍ਹਾਂ 20 ਸ਼ਹਿਰਾਂ ਦੇ ਨਾਵਾਂ ਨੂੰ ਸਮਾਰਟ ਸਿਟੀ ਵਜੋਂ ਐਲਾਨ ਕਰਨਾ ਹੈ ਜਿਥੇ ਕਿ ਪਹਿਲ ਦੇ ਤੌਰ 'ਤੇ ਕੇਂਦਰ ਸਰਕਾਰ ਵੱਲੋਂ ਤੇਜ਼ੀ ਨਾਲ ਵਿਕਾਸ ਦੇ ਕੰਮ ਕਰਵਾਏ ਜਾਣੇ ਹਨ। ਉਂਜ ਸਮਾਰਟ ਸਿਟੀ 'ਚ ਸ਼ਾਮਲ ਕੀਤੇ ਗਏ 500 ਕਰੋੜ ਰੁਪਏ ਕੇਂਦਰ ਵੱਲੋਂ ਦਿੱਤੇ ਜਾਣੇ ਹਨ, ਪਰ ਜਿਹੜੇ ਪਹਿਲੇ 20 ਸ਼ਹਿਰਾਂ ਦਾ ਐਲਾਨ ਕੀਤਾ ਜਾਏਗਾ, ਉਸ ਨੂੰ ਕੇਂਦਰ ਵੱਲੋਂ ਫੰਡ ਲਈ ਖੁੱਲ੍ਹੇ ਗੱਫੇ ਦਿੱਤੇ ਜਾਣਗੇ ਤੇ ਇਹ ਸ਼ਹਿਰ ਵਿਕਾਸ ਲਈ ਕੇਂਦਰ ਦੇ ਏਜੰਡੇ 'ਤੇ ਰਹਿਣਗੇ। ਅੰਮ੍ਰਿਤਸਰ ਉਂਜ ਸਮਾਰਟ ਸਿਟੀ ਤੋਂ ਇਲਾਵਾ ਵਿਕਾਸ ਲਈ ਕੇਂਦਰ ਦੀ ਨਵੀਂ ਸਕੀਮ ਅੰਮ੍ਰਿਤ ਵਿਚ ਸ਼ਾਮਲ ਹੋ ਚੁੱਕਾ ਹੈ ਤੇ ਇਸ ਤਹਿਤ ਕੇਂਦਰ ਵੱਲੋਂ ਸ਼ਾਮਲ ਸ਼ਹਿਰਾਂ ਨੂੰ 730 ਕਰੋੜ ਰੁਪਏ ਜਾਰੀ ਕੀਤੇ ਜਾਣੇ ਹਨ। ਇਸ ਰਕਮ ਦਾ ਕੁਝ ਹਿੱਸਾ ਕੇਂਦਰ ਨੇ ਜਾਰੀ ਵੀ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਕੰਸਲਟੈਂਸੀ ਕੰਪਨੀ ਨੇ ਅੰਮ੍ਰਿਤਸਰ ਦੀ ਬਿਹਤਰ ਰਿਪੋਰਟ ਤਿਆਰ ਕੀਤੀ ਹੈ। ਇਸ ਮਾਮਲੇ 'ਚ ਲੁਧਿਆਣਾ ਤੇ ਜਲੰਧਰ ਨੇ ਵੀ ਪਹਿਲੇ 20 ਸ਼ਹਿਰਾਂ ਵਿਚ ਸ਼ਾਮਲ ਹੋਣ ਲਈ ਕੰਪਨੀ ਕੋਲ ਰਿਪੋਰਟਾਂ ਤਿਆਰ ਕਰਵਾਈਆਂ ਹਨ। ਲੁਧਿਆਣਾ ਵਿਚ ਤਾਂ ਨਿਗਮ ਨੇ ਪਹਿਲੇ 20 ਸ਼ਹਿਰਾਂ 'ਚ ਆਉਣ ਲਈ ਲੋਕਾਂ ਦੇ ਆਨਲਾਈਨ ਵਿਚਾਰ ਵੱਡੀ ਗਿਣਤੀ ਵਿਚ ਲਏ ਹਨ। ਕੇਂਦਰ ਦੀ



ਇਹ ਸ਼ਰਤ ਵੀ ਸੀ ਕਿ ਇਸ ਮਾਮਲੇ 'ਚ ਉਨ੍ਹਾਂ ਸ਼ਹਿਰਾਂ ਨੂੰ ਫਾਇਦਾ ਮਿਲ ਸਕਦਾ ਹੈ ਜਿਨ੍ਹਾਂ ਨੇ ਸਮਾਰਟ ਸਿਟੀ ਬਣਾਉਣ ਲਈ ਲੋਕਾਂ ਤੋਂ ਵੱਡੀ ਗਿਣਤੀ 'ਚ ਵਿਚਾਰ ਲਏ ਹਨ।

# ਅਬੋਹਰ ਕਾਂਡ: ਸ਼ਿਵ ਲਾਲ ਡੋਡਾ ਵੱਲੋਂ ਆਤਮ ਸਮਰਪਣ

**ਫਾਜ਼ਿਲਕਾ:** ਅਬੋਹਰ ਕਾਂਡ ਵਿਚ ਨਾਮਜ਼ਦ ਸ਼ਰਾਬ ਕਾਰੋਬਾਰੀ ਤੇ ਅਕਾਲੀ ਆਗੂ ਸ਼ਿਵ ਲਾਲ ਡੋਡਾ ਨੇ ਫਾਜ਼ਿਲਕਾ ਵਿਚ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਸ਼ਿਵ ਲਾਲ ਦੀ ਅਗਾਊਂ ਜ਼ਮਾਨਤ ਅਰਜ਼ੀ 21 ਜਨਵਰੀ ਨੂੰ ਹਾਈਕੋਰਟ ਨੇ ਖਾਰਜ ਕਰ ਦਿੱਤੀ ਸੀ। ਇਸ ਕਾਰਨ ਆਤਮ ਸਮਰਪਣ ਕਰਨਾ ਪਿਆ।

ਦੱਸਣਯੋਗ ਹੈ ਕਿ ਅਬੋਹਰ ਵਿਚ ਸ਼ਿਵ ਲਾਲ ਡੋਡਾ ਦੇ ਫਾਰਮ ਹਾਊਸ ਉਤੇ ਉਸ ਦੇ ਕਰਿੰਦਿਆਂ ਨੇ 11 ਦਸੰਬਰ, 2015 ਨੂੰ ਪੁਰਾਣੇ ਕਰਿੰਦੇ ਭੀਮ ਦਾ ਕਤਲ ਕੀਤਾ ਸੀ ਤੇ ਉਸ ਦੇ ਸਾਥੀ ਗੁਰਜੰਟ ਸਿੰਘ ਦੇ ਹੱਥ ਪੈਰ ਵੱਢ ਦਿੱਤੇ ਸਨ। ਭੀਮ ਦੀ ਮੌਕੇ 'ਤੇ ਮੌਤ ਹੋ ਗਈ ਸੀ ਜਦੋਂ ਕਿ ਗੁਰਜੰਟ ਅੰਮ੍ਰਿਤਸਰ ਵਿਚ ਜੇਰੇ ਇਲਾਜ ਹੈ।

ਪੁਲਿਸ ਨੇ ਇਸ ਮਾਮਲੇ ਵਿਚ ਨਾਮਜ਼ਦ ਸ਼ਿਵ ਲਾਲ ਦੇ ਭਤੀਜੇ ਅਮਿਤ ਡੋਡਾ ਸਮੇਤ 23 ਜਣਿਆਂ ਨੂੰ ਗ੍ਰਿਫਤਾਰ ਕਰ ਲਿਆ ਸੀ, ਪਰ ਸ਼ਿਵ ਲਾਲ ਦੀ ਗ੍ਰਿਫਤਾਰੀ ਨਹੀਂ ਹੋ ਸਕੀ ਸੀ।

# ਪਨਾਮਾ ਹਾਦਸਾ: ਪੰਜਾਬੀਆਂ ਦੇ ਬਚੇ ਹੋਣ ਦੀ ਆਸ ਬਰਕਰਾਰ

**ਜਲੰਧਰ:** ਪਨਾਮਾ ਕਿਸ਼ਤੀ ਹਾਦਸੇ ਵਿਚ ਬਚੇ ਇਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਦਾਅਵਾ ਕੀਤਾ ਹੈ ਕਿ ਛੇ ਹੋਰ ਵਿਅਕਤੀਆਂ ਨੂੰ ਉਥੇ ਮੌਜੂਦ ਇਕ ਮਹਿਲਾ ਨੇ ਬਚਾ ਲਿਆ ਹੈ। ਜ਼ਿਕਰਯੋਗ ਹੈ ਕਿ ਕਿਸ਼ਤੀ ਹਾਦਸੇ ਵਿਚ ਪੰਜਾਬ ਦੇ 24 ਵਿਅਕਤੀਆਂ ਦੇ ਡੁੱਬਣ ਦਾ ਖਦਸ਼ਾ ਪ੍ਰਗਟਾਇਆ ਗਿਆ ਸੀ। ਜਸਵਿੰਦਰ ਸਿੰਘ ਨਾਮਕ ਨੌਜਵਾਨ ਦੇ ਪਿਤਾ ਰਾਜਿੰਦਰ ਸਿੰਘ ਨੇ ਕਿਹਾ ਕਿ ਉਸ ਨੂੰ ਹਾਦਸੇ ਬਾਰੇ 11 ਜਨਵਰੀ ਨੂੰ ਜਸਵਿੰਦਰ ਦਾ ਫੋਨ ਆਇਆ ਸੀ। ਜਸਵਿੰਦਰ ਤੇ ਛੇ ਹੋਰਾਂ ਨੂੰ ਮਹਿਲਾ ਨੇ ਬਚਾ ਲਿਆ ਸੀ ਜੋ ਹਾਦਸੇ ਸਮੇਂ ਕਿਸ਼ਤੀ ਨੇੜੇ ਸੀ। ਉਨ੍ਹਾਂ ਕਿਹਾ ਕਿ ਟਰੈਵਲ ਏਜੰਟ ਦੇ ਇਕ ਸਾਥੀ ਨੇ ਫੋਨ ਕਰਵਾਇਆ ਲਗਦਾ ਹੈ, ਪਰ ਇਸ ਤੋਂ ਬਾਅਦ ਸੋਨੂ ਨਾਲ ਕੋਈ ਸੰਪਰਕ ਨਹੀਂ ਹੋ ਸਕਿਆ।

ਕਪੂਰਥਲਾ ਜ਼ਿਲ੍ਹੇ ਦੇ ਇਕ ਵਿਅਕਤੀ ਨੇ ਵੀ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਕਿਹਾ ਹੈ ਕਿ ਉਸ ਦੇ ਦੋ ਲੜਕੇ ਲਾਪਤਾ ਹਨ ਅਤੇ ਏਜੰਟਾਂ ਨੇ ਉਨ੍ਹਾਂ ਨੂੰ ਅਮਰੀਕਾ ਪਹੁੰਚਾਉਣ ਲਈ 24-25 ਲੱਖ ਰੁਪਏ ਲਏ ਸਨ। ਉਧਰ, ਨੌਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਚਾਹਲ ਨੇ ਹਾਦਸੇ ਦੀ ਜਾਂਚ ਦੀ ਮੰਗ ਕਰਦਿਆਂ ਕਿਹਾ ਹੈ ਕਿ ਮਹਾਰਾਸ਼ਟਰ ਅਤੇ ਕੇਰਲਾ ਵਾਂਗ ਪੰਜਾਬ ਵੀ ਵਿਦੇਸ਼ ਦੌਰਿਆਂ 'ਤੇ ਜਾਣ ਵਾਲੇ ਵਿਅਕਤੀਆਂ ਉਤੇ ਨਜ਼ਰ ਰੱਖੇ।

ਦੱਸਣਯੋਗ ਹੈ ਕਿ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਜਾਣ ਦੌਰਾਨ ਬੀਤੀ 10 ਜਨਵਰੀ ਨੂੰ ਕੋਲੰਬੀਆ ਦੇ ਤੱਟੀ ਸ਼ਹਿਰ ਟਰਬੋ ਤੋਂ ਦੱਖਣੀ ਅਮਰੀਕੀ ਦੇਸ਼ ਪਨਾਮਾ ਜਾਂਦਿਆਂ ਕਿਸ਼ਤੀ ਡੁੱਬ ਗਈ ਸੀ। ਘਟਨਾ ਵਿਚ ਬਚੇ ਇਕ ਲੜਕੇ ਦੇ ਪਿਤਾ ਰਾਜਿੰਦਰ ਸਿੰਘ ਨੇ ਦੱਸਿਆ ਕਿ 11 ਜਨਵਰੀ ਨੂੰ ਉਨ੍ਹਾਂ ਦੇ ਪੁੱਤਰ ਜਸਵਿੰਦਰ ਦਾ ਫੋਨ ਆਇਆ ਸੀ ਤੇ ਉਸ ਨੇ ਕਿਸ਼ਤੀ ਡੁੱਬਣ ਦੀ ਘਟਨਾ ਬਾਰੇ ਜਾਣਕਾਰੀ ਦਿੱਤੀ ਅਤੇ ਉਸਨੇ ਦੱਸਿਆ ਕਿ ਮੈਨੂੰ ਤੇ 6 ਹੋਰਨਾਂ ਨੂੰ ਇਕ ਔਰਤ ਨੇ ਡੁੱਬਣ ਤੋਂ ਬਚਾ ਲਿਆ, ਜੋ ਕਿ ਘਟਨਾ ਸਥਾਨ ਦੇ ਨੇੜੇ ਇਕ ਕਿਸ਼ਤੀ ਵਿਚ ਸਵਾਰ ਸੀ। ਕਪੂਰਥਲਾ ਜ਼ਿਲ੍ਹੇ ਦੇ ਇਕ ਵਿਅਕਤੀ ਨੇ ਵੀ ਆਪਣੇ ਦੋ ਪੁੱਤਰਾਂ ਦੇ ਲਾਪਤਾ ਹੋਣ ਦੇ ਮਾਮਲੇ ਵਿਚ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਵਿਚ ਉਸ ਨੇ ਕਿਹਾ ਕਿ ਟ੍ਰੈਵਲ ਏਜੰਟਾਂ ਨੇ ਉਨ੍ਹਾਂ ਦੇ ਪੁੱਤਰਾਂ ਨੂੰ ਅਮਰੀਕਾ ਭੇਜਣ ਲਈ ਉਸ ਤੋਂ ਤਕਰੀਬਨ 24 ਤੋਂ 25 ਲੱਖ ਰੁਪਏ ਲਏ ਸੀ। ਪੁਲਿਸ ਪਹਿਲਾਂ ਹੀ ਇਸ ਮਾਮਲੇ ਵਿਚ ਦੋ ਟ੍ਰੈਵਲ ਏਜੰਟਾਂ ਹਰਭਜਨ ਸਿੰਘ ਉਰਫ ਸੁੱਚਾ ਤੇ ਕੁਲਵਿੰਦਰ ਸਿੰਘ ਉਰਫ ਮੁਲਤਾਨੀ ਨੂੰ ਗ੍ਰਿਫਤਾਰ ਕਰ ਚੁੱਕੀ ਹੈ, ਜੋ ਭੋਗਪੁਰ ਨਾਲ ਸਬੰਧਤ ਹਨ। ਦੋਵਾਂ ਤੋਂ ਪੁੱਛਗਿੱਛ ਜਾਰੀ ਹੈ।

ਇਸ ਮਾਮਲੇ ਤਹਿਤ ਗ੍ਰਿਫਤਾਰ ਕੀਤੇ ਗਏ ਦਿਆਲਪੁਰ ਵਾਸੀ ਅਖੌਤੀ ਏਜੰਟ ਸੈਮੂਅਲ ਉਰਫ ਬੰਟੀ ਨੂੰ ਅਦਾਲਤ ਨੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸੈਮੂਅਲ ਉਰਫ ਬੰਟੀ ਪੰਜਾਬ ਵਿਚ ਇਸ ਨੈੱਟਵਰਕ ਨੂੰ ਕਾਫੀ ਸਮੇਂ ਤੋਂ ਚਲਾ ਰਿਹਾ ਸੀ ਤੇ ਉਸ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ ਰਵਿੰਦਰ ਉਰਫ ਰਵੀ ਨੂੰ ਦਿੱਲੀ ਤੋਂ ਗ੍ਰਿਫਤਾਰ ਕੀਤਾ ਜਦਕਿ ਉਸ ਦੇ ਇਕ ਹੋਰ ਸਾਥੀ ਸੰਜੇ ਦੀ ਭਾਲ ਲਈ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਿਸ ਇਸ ਗਿਰੋਹ ਦੀਆਂ ਪਰਤਾਂ ਦਿਨ ਪ੍ਰਤੀਦਿਨ ਖੋਲ ਰਹੀ ਹੈ, ਪਰ ਕਿਸ਼ਤੀ ਹਾਦਸੇ ਸਬੰਧੀ ਕੋਈ ਵੀ ਠੋਸ ਜਾਣਕਾਰੀ ਨਹੀਂ ਸਾਹਮਣੇ ਨਹੀਂ ਆਈ ਹੈ, ਜਿਸ ਨਾਲ ਪੂਰੀ ਘਟਨਾ ਦਾ ਖੁਲਾਸਾ ਹੋ ਸਕੇ।

## ਮਹਿਲਾ ਵੱਲੋਂ ਛੇ ਨੌਜਵਾਨਾਂ ਨੂੰ ਬਚਾਉਣ ਦਾ ਦਾਅਵਾ



## ਫਰਜ਼ੀ ਟਰੈਵਲ ਏਜੰਟਾਂ ਬਾਰੇ ਪੁਲਿਸ ਦੀ ਢਿੱਲ ਜੱਗ-ਜ਼ਾਹਿਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਨਜ਼ਰ ਵਿਚ ਸੂਬੇ ਭਰ ਵਿਚ ਇਕ ਵੀ ਟਰੈਵਲ ਏਜੰਟ ਗੈਰ-ਕਾਨੂੰਨੀ ਨਹੀਂ ਹੈ। ਪੰਜਾਬ ਪੁਲਿਸ ਵੱਲੋਂ ਅੱਜ ਤੱਕ ਪੰਜਾਬ ਟਰੈਵਲ ਪ੍ਰੋਫੈਸ਼ਨ ਰੈਗੂਲੇਸ਼ਨ ਐਕਟ (ਮਨੁੱਖੀ ਤਸਕਰੀ ਰੋਕੂ ਕਾਨੂੰਨ) ਤਹਿਤ ਕਿਸੇ ਵੀ ਟਰੈਵਲ ਏਜੰਟ ਵਿਰੁੱਧ ਇਕ ਵੀ ਕੇਸ ਦਰਜ ਨਹੀਂ ਕੀਤਾ ਗਿਆ। ਪੰਜਾਬ ਪੁਲਿਸ ਹੈੱਡਕੁਆਰਟਰ ਦੇ ਸੂਤਰਾਂ ਅਨੁਸਾਰ ਸਰਕਾਰ ਵੱਲੋਂ ਸਾਲ 2012-14 ਦੌਰਾਨ ਮਨੁੱਖੀ ਤਸਕਰੀ ਨੂੰ ਰੋਕਣ ਤੇ ਧੋਖੇਬਾਜ਼ ਟਰੈਵਲ ਏਜੰਟਾਂ ਵੱਲੋਂ ਨਿਰੰਤਰ ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ਾਂ ਦੇ ਵੱਡੇ ਸੁਪਨੇ ਦਿਖਾ ਕੇ ਠੱਗਣ ਦੀਆਂ ਨਿੱਤ ਵਾਪਰਦੀਆਂ ਘਟਨਾਵਾਂ ਸਬੰਧੀ ਕਦੇ ਵੀ ਗਲਤ ਟਰੈਵਲ ਏਜੰਟਾਂ ਵਿਰੁੱਧ ਨਵੇਂ ਐਕਟ ਤਹਿਤ ਇਕ ਵੀ ਕੇਸ ਦਰਜ ਨਹੀਂ ਕੀਤਾ। ਪੁਲਿਸ ਅਜਿਹੇ ਮਾਮਲਿਆਂ ਵਿਚ ਪੁਰਾਣੇ ਅੰਦਾਜ਼ ਵਿਚ ਹੀ ਆਈ.ਪੀ.ਸੀ. ਦੀਆਂ ਆਮ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਡੰਗ ਟਪਾ ਰਹੀ ਹੈ।

# ਹੁਣ ਦੁਬਈ ਵਿਚ ਮਰਿਆਦਾ ਦੀ ਉਲੰਘਣਾ

**ਅੰਮ੍ਰਿਤਸਰ:** ਦੁਬਈ ਵਿਚ ਰਹਿੰਦੇ ਕੁਝ ਸਿੱਖਾਂ ਵੱਲੋਂ ਅੰਮ੍ਰਿਤ ਸੰਚਾਰ ਦੇ ਵਿਧੀ ਵਿਧਾਨ ਨਾਲ ਛੇੜਛਾੜ ਕੀਤੀ ਗਈ ਹੈ, ਜਿਸ ਦਾ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਨੋਟਿਸ ਲੈਂਦਿਆਂ ਤਬਦੀਲੀ ਕਰਨ ਵਾਲਿਆਂ ਨੂੰ ਸਖਤ ਤਾੜਨਾ ਕੀਤੀ ਹੈ। ਇਸ ਤੋਂ ਪਹਿਲਾਂ ਸਾਊਦੀ ਅਰਬ ਦੇ ਇਕ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਆਪਣੇ ਪੱਧਰ 'ਤੇ ਅਰਦਾਸ ਵਿਚ ਤਬਦੀਲੀ ਕਰ ਦਿੱਤੀ ਸੀ। ਅਰਦਾਸ ਵਿਚ ਤਬਦੀਲੀ ਕਰਦਿਆਂ ਕਈ ਤੁਕਾਂ ਬਦਲ ਦਿੱਤੀਆਂ ਗਈਆਂ ਸਨ ਜਦੋਂ ਕਿ ਸਿੱਖ ਰਹਿਤ ਮਰਿਆਦਾ ਵਿਚ ਦਰਜ ਹੈ ਕਿ ਅਰਦਾਸ ਵਿਚਲੀਆਂ ਇਨ੍ਹਾਂ ਪੰਕਤੀਆਂ ਨੂੰ ਕੋਈ ਵੀ ਬਦਲ ਨਹੀਂ ਸਕਦਾ। ਹੁਣ ਦੁਬਈ ਵਿਚ ਇਕ ਗੁਰਦੁਆਰੇ ਦੇ ਕੁਝ ਪ੍ਰਬੰਧਕਾਂ ਨੇ ਮੀਟਿੰਗ ਦੌਰਾਨ ਮਤਾ ਪਾਸ ਕਰਕੇ ਫੈਸਲਾ ਕੀਤਾ ਹੈ ਕਿ ਅੰਮ੍ਰਿਤ ਸੰਚਾਰ ਕਰਨ ਸਮੇਂ ਪੰਜ ਬਾਣੀਆਂ ਦੇ ਪਾਠ ਦੀ ਥਾਂ ਦੋ ਬਾਣੀਆਂ ਦਾ ਪਾਠ ਕੀਤਾ ਜਾਵੇਗਾ।

ਵਿਧੀ ਵਿਧਾਨ ਮੁਤਾਬਕ ਪੰਜ ਪਿਆਰਿਆਂ ਵੱਲੋਂ ਪੰਜ ਬਾਣੀਆਂ ਜਪੁਜੀ ਸਾਹਿਬ, ਜਾਪੁ ਸਾਹਿਬ, ਚੌਪਈ ਸਾਹਿਬ, ਸਵੱਈਏ ਤੇ ਅਨੰਦ ਸਾਹਿਬ ਦਾ ਪਾਠ ਕਰਕੇ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ। ਇਸ ਨੂੰ ਮਗਰੋਂ ਖੰਡੇ ਦੀ ਪਾਹੁਲ ਕਰਾਰ ਦੇ ਕੇ ਅਭਿਲਾਖੀਆਂ ਨੂੰ ਇਹ ਅੰਮ੍ਰਿਤ ਛਕਾਇਆ ਜਾਂਦਾ ਹੈ। ਇਹ ਵਿਧੀ ਗੁਰੂ ਕਾਲ ਤੋਂ ਚਲੀ ਆ ਰਹੀ ਹੈ। ਦੁਬਈ ਦੇ ਕੁਝ ਸਿੱਖਾਂ ਵਲੋਂ ਅੰਮ੍ਰਿਤ ਸੰਚਾਰ ਵੇਲੇ ਸਿਰਫ ਜਪੁਜੀ ਸਾਹਿਬ ਤੇ ਅਨੰਦ ਸਾਹਿਬ ਦਾ ਪਾਠ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਅਕਾਲ ਤਖਤ ਦੇ ਜਥੇਦਾਰ ਨੂੰ ਦੁਬਈ ਦੀ ਸਿੱਖ ਸੰਗਤ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਜਥੇਦਾਰ ਨੇ ਦੱਸਿਆ ਕਿ ਦੁਬਈ ਵਿਚ ਪੰਜ ਤੋਂ ਦਸ ਸਿੱਖਾਂ ਨੇ ਮੀਟਿੰਗ ਕਰਕੇ ਆਪਣੇ ਪੱਧਰ 'ਤੇ ਅੰਮ੍ਰਿਤ ਸੰਚਾਰ ਸਮੇਂ ਦੋ ਬਾਣੀਆਂ ਪੜ੍ਹਨ ਦਾ ਫੈਸਲਾ ਕੀਤਾ ਹੈ। ਪਰ ਇਹ ਅੰਮ੍ਰਿਤ ਸੰਚਾਰ ਦੀ ਵਿਧੀ ਵਿਧਾਨ ਨਾਲ ਛੇੜਖਾਨੀ ਹੈ, ਜੋ ਸਿੱਖ ਰਹਿਤ ਮਰਿਆਦਾ ਦੀ ਘੋਰ ਉਲੰਘਣਾ ਹੈ। ਉਨ੍ਹਾਂ ਨੇ ਅੰਮ੍ਰਿਤ ਸੰਚਾਰ ਦੀ ਵਿਧੀ ਨਾਲ ਛੇੜਛਾੜ ਕਰਨ ਵਾਲਿਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਸਿੱਖ ਰਹਿਤ ਮਰਿਆਦਾ ਨਾਲ ਛੇੜਛਾੜ ਸਿੱਖ ਪੰਥ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਦੋਸ਼ ਲਾਇਆ ਕਿ ਇਸ ਤਬਦੀਲੀ ਵਿਚ ਪ੍ਰੋ. ਦਰਸ਼ਨ ਸਿੰਘ ਦੇ ਸਮਰਥਕ ਸ਼ਾਮਲ ਹਨ। ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਪਹਿਲਾਂ ਹੀ ਪੰਥ ਵਿਚੋਂ ਛੇਕਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਅਰਦਾਸ 'ਚ ਤਬਦੀਲੀ ਕਰਨ ਵਾਲੇ ਵੀ ਪ੍ਰੋ. ਦਰਸ਼ਨ ਸਿੰਘ ਦੇ ਸਮਰਥਕ ਸਨ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ 'ਚ ਵਿਚਾਰਿਆ ਜਾਵੇਗਾ।

ਇਸ ਤੋਂ ਪਹਿਲਾਂ ਜਦੋਂ ਅਰਦਾਸ ਵਿਚ ਤਬਦੀਲੀ ਕੀਤੀ ਗਈ ਸੀ ਤਾਂ ਅਕਾਲ ਤਖ਼ਤ ਦੇ ਨੋਟਿਸ ਲੈਣ ਮਗਰੋਂ ਗੁਰਦੁਆਰੇ ਦੇ ਪ੍ਰਧਾਨ ਨੇ ਮੁਆਫੀਨਾਮਾ ਭੇਜਿਆ ਸੀ, ਜਿਸ ਵਿਚ ਉਸ ਨੇ ਦੱਸਿਆ ਸੀ ਕਿ ਜਦੋਂ ਅਰਦਾਸ 'ਚ ਤਬਦੀਲੀ ਦਾ ਫੈਸਲਾ ਕੀਤਾ ਗਿਆ ਸੀ ਤਾਂ ਉਹ ਉਸ ਵੇਲੇ ਉਥੇ ਨਹੀਂ ਸੀ। ਉਸ ਨੂੰ ਇੰਟਰਨੈਟ 'ਤੇ ਆਈਆਂ ਖਬਰਾਂ ਤੋਂ ਇਸ ਬਾਰੇ ਜਾਣਕਾਰੀ ਮਿਲੀ। ਉਸ ਵੱਲੋਂ ਮੁਆਫੀਨਾਮੇ ਵਿਚ ਭਵਿੱਖ ਵਿਚ ਅਜਿਹੀ ਗਲਤੀ ਨਾ ਕਰਨ ਦਾ ਭਰੋਸਾ ਦਿੱਤਾ ਗਿਆ ਸੀ।

## ਜ਼ਮਾਨਤ 'ਤੇ ਆਏ ਅਕਾਲੀ ਆਗੂ ਦੀ ਹੱਤਿਆ

**ਲਹਿਰਾਗਾਗਾ:** ਨੇੜਲੇ ਪਿੰਡ ਬੱਲਰਾਂ ਵਿਚ ਅਕਾਲੀ ਆਗੂ ਦਾ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪਿੰਡ ਬੱਲਰਾਂ ਦਾ ਪੰਚਾਇਤ ਮੈਂਬਰ ਤੇ ਅਕਾਲੀ ਆਗੂ ਜਗਸੀਰ ਸਿੰਘ ਉਰਫ ਕਾਲਾ ਬੱਲਰਾਂ (36) ਪੁੱਤਰ ਬਲਜੀਤ ਸਿੰਘ ਰਾਤ ਨੂੰ ਸੈਰ ਕਰਕੇ ਘਰ ਪਰਤ ਰਿਹਾ ਸੀ, ਜਦੋਂ ਉਹ ਡੇਰਾ ਦਰਬਾਰਾ ਗਿਰ ਕੋਲ ਪਹੁੰਚਿਆ ਤਾਂ ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਪਿੱਛੋਂ ਗੋਲੀਆਂ ਮਾਰ ਦਿੱਤੀਆਂ।

ਜਗਸੀਰ ਦੇ 10 ਗੋਲੀਆਂ ਲੱਗੀਆਂ। ਪੁਲਿਸ ਅਨੁਸਾਰ ਜਗਸੀਰ ਸਿੰਘ ਕਾਲਾ ਖਿਲਾਫ ਸਾਲ 2012 ਤੋਂ ਪਹਿਲਾਂ ਦੇ 7-8 ਕੇਸ ਸਨ ਅਤੇ ਉਹ ਜ਼ਮਾਨਤ 'ਤੇ ਸੀ। ਉਹ ਲਹਿਰਾਗਾਗਾ ਇਲਾਕੇ ਅੰਦਰ ਕਾਲਾ ਬੱਲਰਾਂ ਦੇ ਨਾਂ ਨਾਲ ਮਸ਼ਹੂਰ ਸੀ।

# ਅਮਿਤਾਬ ਤੇ ਪ੍ਰਿਅੰਕਾ ਚੋਪੜਾ ਹੋਣਗੇ ਸਰਕਾਰ ਦੇ ਨਵੇਂ ਬ੍ਰਾਂਡ ਅੰਬੈਸਡਰ

**ਨਵੀਂ ਦਿੱਲੀ:** ਬਾਲੀਵੁੱਡ ਅਦਾਕਾਰ ਅਮਿਤਾਬ ਬੱਚਨ ਤੇ ਪ੍ਰਿਅੰਕਾ ਚੋਪੜਾ 'ਅਤੁੱਲ ਭਾਰਤ' ਮੁਹਿੰਮ ਦੇ ਨਵੇਂ ਚਿਹਰੇ ਹੋਣਗੇ। ਇਹ ਮੁਹਿੰਮ ਕੇਂਦਰੀ ਸੈਰ-ਸਪਾਟਾ ਬਾਰੇ ਮੰਤਰਾਲੇ ਵੱਲੋਂ ਚਲਾਈ ਜਾਂਦੀ ਸੀ ਤੇ ਕੁਝ ਦਿਨ ਪਹਿਲਾਂ ਹੀ ਅਦਾਕਾਰ ਆਮਿਰ ਖਾਨ ਦਾ ਮੰਤਰਾਲੇ ਨਾਲ 10 ਸਾਲਾ ਕਰਾਰ ਖਤਮ ਹੋਇਆ ਹੈ। ਬਿਗ-ਬੀ ਤੇ ਪ੍ਰਿਅੰਕਾ ਚੋਪੜਾ ਇਸ ਮੁਹਿੰਮ ਲਈ ਤਿੰਨ ਸਾਲ ਬ੍ਰਾਂਡ ਅੰਬੈਸਡਰ ਰਹਿਣਗੇ ਅਤੇ ਦੋਵੇਂ ਵੱਖ-ਵੱਖ ਇਸ਼ਤਿਹਾਰਾਂ ਵਿਚ ਨਜ਼ਰ ਆਉਣਗੇ।




ਆਮਿਰ ਖਾਨ ਦੇ ਜਾਣ ਤੋਂ ਬਾਅਦ ਹੀ ਇਸ ਦੇ ਨਵੇਂ ਬ੍ਰਾਂਡ ਅੰਬੈਸਡਰ ਦੀ ਭਾਲ ਕੀਤੀ ਜਾ ਰਹੀ ਸੀ, ਜਿਸ ਵਿਚ ਅਮਿਤਾਬ ਤੇ ਪ੍ਰਿਅੰਕਾ ਤੋਂ ਇਲਾਵਾ ਅਕਸ਼ੈ ਕੁਮਾਰ ਅਤੇ ਦੀਪਿਕਾ ਪਾਦੂਕੋਣ ਦਾ ਨਾਂ ਵੀ ਆ ਰਿਹਾ ਹੈ। ਅਮਿਤਾਬ ਬੱਚਨ ਜੋ ਕਿ ਪਹਿਲਾਂ ਹੀ ਗੁਜਰਾਤ ਸੈਰ-ਸਪਾਟਾ ਮੰਤਰਾਲੇ ਦੇ ਅੰਬੈਸਡਰ ਹਨ, ਉਹ ਕੇਂਦਰੀ ਮੰਤਰਾਲੇ ਦੀ ਵੀ ਪਹਿਲੀ ਪਸੰਦ ਹਨ। ਦੱਸਣਯੋਗ ਹੈ ਕਿ ਆਮਿਰ ਖਾਨ ਵੱਲੋਂ ਨਵੰਬਰ ਵਿਚ ਫਿਰਕੂਵਾਦ 'ਤੇ ਦਿੱਤੀਆਂ ਟਿੱਪਣੀਆਂ 'ਤੇ ਖਾਸਾ ਵਿਵਾਦ ਹੋਇਆ ਸੀ। ਬਿਆਨ ਤੋਂ ਕੁਝ ਦੇਰ ਬਾਅਦ ਹੀ ਆਮਿਰ ਖਾਨ ਨੂੰ ਮੁਹਿੰਮ ਤੋਂ ਹਟਾ ਦਿੱਤਾ ਗਿਆ। ਮੁਹਿੰਮ ਤੋਂ ਹਟਾਏ ਜਾਣ ਤੋਂ ਬਾਅਦ ਉਨ੍ਹਾਂ ਕਿਹਾ ਸੀ ਕਿ 10 ਸਾਲ ਤੱਕ ਮੁਹਿੰਮ ਨਾਲ ਜੁੜੇ ਰਹਿਣਾ ਉਨ੍ਹਾਂ ਲਈ ਫਖਰ ਦੀ ਗੱਲ ਹੈ।

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)


Gurdip Singh Sandhu

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ




Upgrade your Security Cameras to High Definition at very reasonable prices
*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc.
Installation Available

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse
ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR®



Gurbans Singh Gill
Realtor
DRE#01227109
17 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill
Office 209-835-4545
Direct 209-815-1869
1486 W 11th Street, Tracy, CA 95376

# ਮੰਦੇ ਦੀ ਮਾਰ ਝੱਲਣ ਲਈ ਭਾਰਤ ਅਤੇ ਯੂ.ਕੇ. ਵੱਲੋਂ ਰਣਨੀਤੀ

**ਲੰਡਨ:** ਆਲਮੀ ਅਰਥਚਾਰੇ ਉਤੇ ਮੰਦੀ ਦਾ ਪਰਛਾਵਾਂ ਪੈਣ ਦੇ ਅੰਦੇਸ਼ਿਆਂ ਦਰਮਿਆਨ ਭਾਰਤ ਅਤੇ ਬ੍ਰਿਟੇਨ ਨੇ ਵਪਾਰ ਅਤੇ ਬਾਜ਼ਾਰ ਨੂੰ ਖੋਲ੍ਹਣ ਉਤੇ ਰਜ਼ਾਮੰਦੀ ਜਤਾਈ ਹੈ ਤਾਂ ਜੋ ਵਿਕਾਸ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਜਾ ਸਕੇ। ਦੋਵੇਂ ਮੁਲਕ ਬੁਨਿਆਦੀ ਸੁਧਾਰਾਂ ਨੂੰ ਅੱਗੇ ਵਧਾਉਣ ਤੇ ਸਰਹੱਦ ਪਾਰੋਂ ਟੈਕਸ ਚੋਰੀ ਨਾਲ ਜੁੜੇ ਮੁੱਦੇ ਸੁਲਝਾਉਣ 'ਤੇ ਵੀ ਸਹਿਮਤ ਹੋ ਗਏ ਹਨ।

ਵਿੱਤ ਮੰਤਰੀ ਅਰੁਣ ਜੇਤਲੀ ਤੇ ਬ੍ਰਿਟੇਨ ਦੇ ਵਿੱਤ ਮੰਤਰੀ ਜੌਰਜ ਔਸਬਰਨ ਵਿਚਕਾਰ ਗੱਲਬਾਤ ਤੋਂ ਬਾਅਦ ਦੋਵੇਂ ਮੁਲਕ ਆਰਥਿਕ ਸਬੰਧਾਂ ਨੂੰ ਉਤਸ਼ਾਹਿਤ ਕਰਨ 'ਤੇ ਵੀ ਰਾਜ਼ੀ ਹੋ ਗਏ। ਦੋਹਾਂ ਨੇ ਬੁਨਿਆਦੀ ਢਾਂਚੇ ਅਤੇ ਵਿੱਤੀ ਸੇਵਾ ਖੇਤਰ ਵਿਚ ਆਰਥਿਕ ਮਿਲਵਰਤਣ ਵਧਾਉਣ ਤੇ 2017 ਤੋਂ ਕਰ ਸਬੰਧੀ ਸੂਚਨਾਵਾਂ ਦੇ ਆਦਾਨ-ਪ੍ਰਦਾਨ ਪ੍ਰਤੀ ਨਵੇਂ ਸਿਰੇ ਤੋਂ ਵਚਨਬੱਧਤਾ ਦੁਹਰਾਈ।

ਸ੍ਰੀ ਜੇਤਲੀ ਤੇ ਔਸਬਰਨ ਦੀ ਮਿਲਣੀ ਤੋਂ ਬਾਅਦ ਸਾਂਝਾ ਬਿਆਨ ਵੀ ਜਾਰੀ ਕੀਤਾ ਗਿਆ।



ਸ੍ਰੀ ਜੇਤਲੀ ਨੇ ਕਿਹਾ ਹੈ ਕਿ ਭਾਰਤ ਦੇ ਲਿਹਾਜ਼ ਨਾਲ ਅਸੀਂ ਚਾਹੁੰਦੇ ਹਾਂ ਕਿ ਬ੍ਰਿਟੇਨ ਦੇ ਨਿਵੇਸ਼ਕ ਭਾਰਤ ਵਿਚ ਬੁਨਿਆਦੀ ਢਾਂਚੇ 'ਚ ਨਿਵੇਸ਼ 'ਤੇ ਵਿਚਾਰ ਕਰਨ, ਜਿਸ ਲਈ ਕਈ ਸੰਭਾਵਨਾਵਾਂ 'ਤੇ ਚਰਚਾ ਹੋਈ ਹੈ। ਵੱਡੀਆਂ ਬ੍ਰਿਟਿਸ਼ ਕੰਪਨੀਆਂ ਭਾਰਤੀ ਬੁਨਿਆਦੀ ਢਾਂਚੇ 'ਚ ਨਿਵੇਸ਼ ਸ਼ੁਰੂ ਕਰਨ ਤੇ ਉਹ ਇਸ ਦੀਆਂ ਇੱਛੁਕ ਵੀ ਹਨ। ਉਨ੍ਹਾਂ ਭਾਰਤੀ ਹਾਈ ਕਮਿਸ਼ਨ ਵਿਚ ਕਿਹਾ ਕਿ ਕੌਮੀ ਨਿਵੇਸ਼ ਤੇ ਬੁਨਿਆਦੀ ਢਾਂਚਾ ਨਿਵੇਸ਼ ਫੰਡ (ਐਨ.ਆਈ.ਆਈ.ਐਫ.) ਰਾਹੀਂ ਜਾਂ ਸਿੱਧੇ ਪ੍ਰੋਜੈਕਟਾਂ ਵਿਚ ਨਿਵੇਸ਼ ਬਾਰੇ ਵਿਚਾਰਾਂ ਕੀਤੀਆਂ ਹਨ। ਦੁਨੀਆਂ ਦੇ ਪੰਜਵੇਂ ਸਭ ਤੋਂ ਵੱਡੇ ਅਰਥਚਾਰੇ ਵੱਲੋਂ ਭਾਰਤ 'ਚ ਸਮਾਰਟ ਸ਼ਹਿਰ ਵਿਕਸਤ ਕੀਤੇ ਜਾਣਗੇ। ਕੌਮਾਂਤਰੀ ਮੁਦਰਾ ਕੋਸ਼ ਵੱਲੋਂ ਆਲਮੀ ਮੰਦੀ ਦੀ ਚਿਤਾਵਨੀ ਬਾਰੇ ਸ੍ਰੀ ਜੇਤਲੀ ਨੇ ਕਿਹਾ ਕਿ ਉਹ ਵੀ ਆਲਮੀ ਵਿਕਾਸ ਵਿਚ ਆ ਰਹੀ ਗਿਰਾਵਟ ਤੋਂ ਫਿਕਰਮੰਦ ਹਨ ਅਤੇ ਇਸ ਦਾ ਖਤਰਾ ਵਧ ਗਿਆ ਹੈ। ਉਨ੍ਹਾਂ ਕਿਹਾ ਕਿ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ ਤਾਂ ਜੋ ਮੰਦੀ ਦਾ ਅਸਰ ਨਾ ਪਏ।

## ਕੈਨੇਡਾ ਨੂੰ ਵੀ ਆਰਥਕ ਮੰਦਵਾੜੇ ਨੇ ਲਪੇਟਿਆ

**ਟੋਰਾਂਟੋ:** ਤੇਲ ਦੀਆਂ ਕੀਮਤਾਂ ਵਿਚ ਗਿਰਾਵਟ ਤੇ ਕੈਨੇਡੀਅਨ ਡਾਲਰ ਦੇ ਘਟਦੇ ਮੁੱਲ ਨੇ ਮੁਲਕ ਦੀ ਆਰਥਿਕਤਾ ਨੂੰ ਹਿਲਾਉਣਾ ਸ਼ੁਰੂ ਕਰ ਦਿੱਤਾ ਹੈ। ਬੇਸ਼ੱਕ ਦਸਤਕਾਰੀ ਸਨਅਤ ਨੂੰ ਦਰਾਮਦ ਨਾਲ ਫਾਇਦਾ ਹੋ ਰਿਹਾ ਹੈ ਪਰ ਆਮ ਲੋਕਾਂ ਨੂੰ ਘਰੇਲੂ ਵਸਤਾਂ ਮਹਿੰਗੇ ਮੁੱਲ ਲੈਣੀਆਂ ਪੈ ਰਹੀਆਂ ਹਨ। ਮੌਜੂਦਾ ਹਾਲਾਤ ਨੂੰ ਭਾਂਪਦਿਆਂ ਬੈਂਕ ਆਫ ਕੈਨੇਡਾ ਨੇ ਆਪਣੀ ਵਿਆਜ ਦਰ ਨੂੰ 0.5 ਫੀਸਦੀ 'ਤੇ ਹੀ ਰੱਖਣ ਦਾ ਫੈਸਲਾ ਕੀਤਾ ਹੈ ਜਦ ਕਿ ਇਸ ਵਿਚ ਹੋਰ ਕਟੌਤੀ ਦੀ ਸੰਭਾਵਨਾ ਸੀ। ਅੱਜ-ਕੱਲ੍ਹ ਕੈਨੇਡੀਅਨ ਡਾਲਰ ਅਮਰੀਕਨ ਡਾਲਰ ਦੇ ਮੁਕਾਬਲੇ 68.63 'ਤੇ ਆ ਗਿਆ ਹੈ ਅਤੇ ਮੁਲਕ ਦੇ ਅਰਥਚਾਰੇ ਨੂੰ ਪੈਰਾਂ ਸਿਰ ਕਰਨ ਲਈ ਬੈਂਕ ਅਤੇ ਵਿੱਤੀ ਮਹਿਕਮਾ ਹਰ ਹੀਲਾ ਕਰ ਰਹੇ ਹਨ। ਮਾਹਰਾਂ ਅਨੁਸਾਰ ਆਰਥਿਕਤਾ ਬੜੇ ਨਾਜ਼ੁਕ ਸਮੇਂ 'ਚੋਂ ਲੰਘ ਰਹੀ ਹੈ ਪਰ ਅਗਲੇ ਦੋ ਸਾਲਾਂ ਤੱਕ ਸੰਭਲਣ ਦੀ ਆਸ ਕੀਤੀ ਗਈ ਹੈ। ਬੈਂਕ ਆਫ ਮਾਂਟਰੀਅਲ ਦੇ ਮੁੱਖ ਸਲਾਹਕਾਰ ਡਗਲਸ ਪੋਰਟਰ ਮੁਤਾਬਕ ਵਿਆਜ ਦਰ ਕਟੌਤੀ ਨਾਲ ਡਾਲਰ ਦੇ ਹੋਰ ਡਿੱਗਣ ਤੇ ਪਹਿਲਾਂ ਹੀ ਕਰਜ਼ਿਆਂ ਹੇਠ ਦੱਬੇ ਲੋਕਾਂ ਦਾ ਬੁਰਾ ਹਾਲ ਹੋਣ ਦਾ ਡਰ ਸੀ। ਡਾਲਰ ਦੀ ਮੰਦੀ ਨੇ ਜਿਥੇ ਸਬਜ਼ੀ-ਭਾਜੀ ਤੇ ਘਰੇਲੂ ਵਸਤਾਂ ਮਹਿੰਗੀਆਂ ਕੀਤੀਆਂ ਹਨ, ਉਥੇ ਅਮਰੀਕਾ ਵੱਲ ਜਾਣਾ ਵੀ ਜੇਬ 'ਤੇ ਬੋਝ ਬਣਿਆ ਹੋਇਆ ਹੈ।

# ਸਲਮਾਨ ਨੂੰ ਬਰੀ ਕਰਨ ਦੇ ਫੈਸਲੇ ਨੂੰ ਸੁਪਰੀਮ ਵਿਚ ਚੁਣੌਤੀ

**ਨਵੀਂ ਦਿੱਲੀ:** ਮਹਾਰਾਸ਼ਟਰ ਸਰਕਾਰ ਨੇ ਅਦਾਕਾਰ ਸਲਮਾਨ ਖਾਨ ਨੂੰ 2002 ਦੇ ਹਿਟ ਐਂਡ ਰਨ ਮਾਮਲੇ ਵਿਚੋਂ ਬਰੀ ਕਰਨ ਦੇ ਬੰਬੇ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੰਦੇ ਹੋਏ ਐਸ.ਐਲ.ਪੀ. ਦਾਇਰ ਕੀਤੀ ਹੈ। ਇਸ ਘਟਨਾ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ ਜਦਕਿ ਚਾਰ ਲੋਕ ਜ਼ਖਮੀ ਹੋ ਗਏ ਸਨ। ਬੰਬੇ ਹਾਈਕੋਰਟ ਨੇ 10 ਦਸੰਬਰ ਨੂੰ 50 ਸਾਲਾ ਅਦਾਕਾਰ ਨੂੰ ਇਨ੍ਹਾਂ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ।

ਸਰਕਾਰ ਦਾ ਕਹਿਣਾ ਹੈ ਕਿ ਸਲਮਾਨ ਦੇ ਅੰਗ ਰੱਖਿਅਕ ਪੁਲਿਸ ਕਰਮੀ ਰਵਿੰਦਰ ਪਾਟਿਲ, ਜਿਸ ਦੀ ਬਾਅਦ ਵਿਚ ਮੌਤ ਹੋ ਗਈ ਸੀ, ਦੇ ਬਿਆਨ ਨੂੰ ਸੈਸ਼ਨ ਕੋਰਟ ਨੇ ਸਵੀਕਾਰ ਕਰ ਲਿਆ ਸੀ, ਪਰ ਹਾਈ ਕੋਰਟ ਨੇ ਉਸ ਨੂੰ ਖਾਰਜ ਕਰ ਦਿੱਤਾ। ਪਿਛਲੇ ਸਾਲ ਛੇ ਮਈ ਨੂੰ ਮੁੰਬਈ ਸੈਸ਼ਨ ਕੋਰਟ ਨੇ ਸਲਮਾਨ ਨੂੰ ਇਸ ਮਾਮਲੇ ਵਿਚ ਗੈਰ ਇਰਾਦਤਨ ਹੱਤਿਆ ਦਾ ਦੋਸ਼ੀ ਮੰਨਦੇ ਹੋਏ ਪੰਜ ਸਾਲ ਦੀ ਸਜ਼ਾ ਸੁਣਾਈ ਸੀ ਜਿਸ ਨੂੰ ਸੱਤ ਮਹੀਨੇ ਬਾਅਦ ਬੰਬੇ ਹਾਈਕੋਰਟ ਨੇ ਰੱਦ ਕਰ ਦਿੱਤਾ ਅਤੇ ਸਲਮਾਨ ਨੂੰ ਸਾਫ ਬਰੀ ਕਰ ਦਿੱਤਾ।



ਸਰਕਾਰੀ ਵਕੀਲ ਸੰਦੀਪ ਸ਼ਿੰਦੇ ਨੇ ਕਿਹਾ ਕਿ ਬੰਬੇ ਹਾਈਕੋਰਟ ਨੇ ਸਰਕਾਰੀ ਧਿਰ ਦੇ ਸਬੂਤ 'ਤੇ ਧਿਆਨ ਨਾ ਦੇ ਕੇ ਗਲਤੀ ਕੀਤੀ ਹੈ। ਹੇਠਲੀ ਅਦਾਲਤ ਵੱਲੋਂ ਸਲਮਾਨ 'ਤੇ ਸਹੀ ਫੈਸਲਾ ਦਿੱਤਾ ਗਿਆ ਸੀ ਅਤੇ ਉਸ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ।

## ਕੈਦੀਆਂ ਦੀ ਅਦਲਾ ਬਦਲੀ ਲਈ ਰਾਜ਼ੀ ਹੋਏ ਭਾਰਤ ਤੇ ਬਹਿਰੀਨ

**ਮਨਾਮਾ:** ਭਾਰਤ ਤੇ ਬਹਿਰੀਨ ਨੇ ਕੈਦੀਆਂ ਦੀ ਅਦਲਾ ਬਦਲੀ ਕਰਨ ਸਬੰਧੀ ਸਮਝੌਤੇ 'ਤੇ ਦਸਤਖਤ ਕੀਤੇ। ਸਮਝੌਤੇ ਮੁਤਾਬਕ ਜੇਕਰ ਇਕ ਵਾਰ ਵਿਅਕਤੀ ਨੂੰ ਦੂਸਰੇ ਦੇਸ਼ ਵਿਚ ਸਜ਼ਾ ਸੁਣਾ ਦਿੱਤੀ ਗਈ ਤਾਂ ਉਹ ਆਪਣੇ ਮੂਲ ਦੇਸ਼ 'ਚ ਸਜ਼ਾ ਕੱਟ ਸਕਦਾ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਬਹਿਰੀਨ ਦੇ ਹਮਰੁਤਬਾ ਨਾਲ ਮੀਟਿੰਗ ਕੀਤੀ।

ਇਸ ਦੌਰਾਨ ਉਨ੍ਹਾਂ ਨੇ ਦੁਵੱਲੇ ਮੁੱਦਿਆਂ ਦੇ ਸਾਰੇ ਪਹਿਲੂਆਂ 'ਤੇ ਚਰਚਾ ਵੀ ਕੀਤੀ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਆਪਣੇ ਬਹਿਰੀਨ ਦੌਰੇ ਦੌਰਾਨ ਬਾਦਸ਼ਾਹ ਹਾਮਿਦ ਬਿਨ ਇਸਾ ਅਲ ਖਲੀਫਾ ਨਾਲ ਮੁਲਾਕਾਤ ਦੌਰਾਨ ਦੋਪਾਸੜ ਸਬੰਧਾਂ ਬਾਰੇ ਗੱਲਬਾਤ ਕੀਤੀ।

ਦੋਵੇਂ ਨੇਤਾਵਾਂ ਨੇ ਇਥੇ ਹੋ ਰਹੇ ਅੰਤਰਰਾਸ਼ਟਰੀ ਏਅਰ ਸ਼ੋਅ ਜਿਸ ਵਿਚ ਭਾਰਤ ਦੇ ਹਲਕੇ ਲੜਾਕੂ ਹਵਾਈ ਜਹਾਜ਼ ਤੇਜਸ ਤੇ ਹੈਲੀਕਾਪਟਰ ਧਰੁਵ ਹਿੱਸਾ ਲੈ ਰਹੇ ਹਨ, ਨੂੰ ਵੇਖਿਆ। ਇਸ ਤੋਂ ਪਹਿਲਾਂ ਪਰੰਪਰਾ ਨੂੰ ਤੋੜਦਿਆਂ ਬਹਿਰੀਨ ਦੇ ਬਾਦਸ਼ਾਹ ਨੇ ਸੁਸ਼ਮਾ ਸਵਰਾਜ ਦਾ ਸਖੀਰ ਹਵਾਈ ਅੱਡੇ 'ਤੇ ਸਵਾਗਤ ਕੀਤਾ।

# ਆਈ.ਐਸ. ਵੱਲੋਂ 2020 ਤੱਕ ਦੁਨੀਆਂ ਦੇ ਵੱਡੇ ਹਿੱਸੇ 'ਤੇ ਕਬਜ਼ੇ ਦਾ ਦਾਅਵਾ



**ਮੈਡਰਿਡ:** ਅਤਿਵਾਦੀ ਸੰਗਠਨ ਇਸਲਾਮਿਕ ਸਟੇਟ ਵੱਲੋਂ ਜਾਰੀ ਨਵੇਂ ਪ੍ਰਚਾਰ ਵੀਡੀਓ ਵਿਚ ਸਪੇਨ 'ਤੇ ਕਬਜ਼ਾ ਕਰਨ ਦੀ ਧਮਕੀ ਦਿੱਤੀ ਗਈ ਹੈ। ਵੀਡੀਓ ਵਿਚ ਕਿਹਾ ਗਿਆ ਹੈ ਕਿ ਅਸੀਂ ਕਬਜ਼ੇ ਵਿਚ ਕੀਤੀ ਆਪਣੀ ਜ਼ਮੀਨ ਵਾਪਸ ਲਵਾਂਗੇ। ਇਸ ਤੋਂ ਪਹਿਲਾਂ ਆਈ.ਐਸ. ਨੇ ਇਕ ਨਕਸ਼ਾ ਜਾਰੀ ਕੀਤਾ ਸੀ ਜਿਸ ਵਿਚ 2020 ਤੱਕ ਅਫਰੀਕਾ ਤੇ ਏਸ਼ੀਆ ਦੇ ਵੱਡੇ ਹਿੱਸੇ ਉਤੇ ਕਬਜ਼ਾ ਕਰ ਲੈਣ ਦਾ ਦਾਅਵਾ ਕੀਤਾ ਸੀ।

ਇਸ ਨਕਸ਼ੇ ਵਿਚ ਈਰਾਨ, ਪਾਕਿਸਤਾਨ, ਅਫ਼ਗਾਨਿਸਤਾਨ ਤੇ ਏਸ਼ੀਆ ਦੇ ਕਈ ਦੇਸ਼ ਸ਼ਾਮਲ ਹਨ। ਇਸ 'ਚ ਕਸ਼ਮੀਰ ਸਮੇਤ ਭਾਰਤ ਦੇ ਪੱਛਮੀ ਹਿੱਸੇ ਨੂੰ ਵੀ ਵਿਖਾਇਆ ਗਿਆ ਹੈ। ਆਈ.ਐਸ. ਨੇ ਆਪਣੇ ਮੈਗਜ਼ੀਨ ਵਿਚ ਜੰਮੂ-ਕਸ਼ਮੀਰ ਦੇ ਗਊ ਦੀ ਪੂਜਾ ਕਰਨ ਵਾਲੇ ਹਿੰਦੂਆਂ ਖਿਲਾਫ ਜੰਗ ਛੇੜਨ ਤੇ 'ਅੱਲਾ ਦਾ ਸ਼ਾਸਨ' ਸਥਾਪਤ ਕਰਨ ਦਾ ਦਾਅਵਾ ਕੀਤਾ ਹੈ।

## ਬੇਹੱਦ ਖਤਰਨਾਕ ਸੰਗਠਨ ਤਹਿਰੀਕ-ਏ-ਤਾਲਿਬਾਨ!

**ਇਸਲਾਮਾਬਾਦ:** ਪਾਕਿਸਤਾਨ ਵਿਚ ਬਾਚਾ ਖ਼ਾਨ ਯੂਨੀਵਰਸਿਟੀ ਉੱਤੇ ਹੋਏ ਹਮਲੇ ਦੀ ਜ਼ਿੰਮੇਵਾਰੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਨੇ ਲਈ ਹੈ। ਇਸ ਤੋਂ ਪਹਿਲਾਂ 16 ਦਸੰਬਰ, 2014 ਨੂੰ ਪੇਸ਼ਾਵਰ ਦੇ ਆਰਮੀ ਪਬਲਿਕ ਸਕੂਲ ਉਤੇ ਵੀ ਇਸ ਸੰਗਠਨ ਨੇ ਹਮਲਾ ਕੀਤਾ ਸੀ। ਸੰਗਠਨ ਤਾਲਿਬਾਨ ਦਾ ਹੀ ਇਕ ਹਿੱਸਾ ਹੈ। ਬਾਕੀ ਦਹਿਸ਼ਤਗਰਦਾਂ ਸੰਗਠਨਾਂ ਦੇ ਮੁਕਾਬਲੇ ਟੀ.ਟੀ.ਪੀ. ਦਾ ਰਵੱਈਆ ਪਾਕਿਸਤਾਨ ਪ੍ਰਤੀ ਨਰਮ ਨਹੀਂ ਹੈ। ਇਸ ਸੰਗਠਨ ਦੇ 30 ਹਜ਼ਾਰ ਦੇ ਤਕਰੀਬਨ ਮੈਂਬਰ ਹਨ। ਉਤਰੀ ਵਜ਼ੀਰਸਤਾਨ ਵਿਚ ਸੰਗਠਨ ਨੇ ਬਕਾਇਦਾ ਆਪਣਾ ਹੈੱਡਕੁਆਰਟਰ ਬਣਾਇਆ ਹੈ।

# ਅਮਰੀਕਾ 'ਚ ਪੁਲਿਸ ਅਧਿਕਾਰੀ ਨੂੰ ਢਾਈ ਸਦੀਆਂ ਲਈ ਜੇਲ੍ਹ

**ਲਾਸ ਏਂਜਲਸ:** ਅਮਰੀਕਾ ਦੇ ਸੂਬੇ ਓਕਲਹਾਮਾ ਦੇ ਇਕ ਸਾਬਕਾ ਪੁਲਿਸ ਅਧਿਕਾਰੀ ਨੂੰ ਡਿਊਟੀ ਦੌਰਾਨ ਅਫਰੀਕੀ-ਅਮਰੀਕਨ ਔਰਤਾਂ ਨਾਲ ਜਬਰ ਜਨਾਹ ਤੇ ਜਿਣਸੀ ਸ਼ੋਸ਼ਣ ਕਰਨ ਦੇ ਦੋਸ਼ਾਂ ਵਿਚ 263 ਸਾਲਾਂ ਦੀ ਸਜ਼ਾ ਸੁਣਾਈ ਹੈ। 36 ਦੋਸ਼ਾਂ ਦਾ ਸਾਹਮਣਾ ਕਰ ਰਹੇ ਡੇਨੀਅਲ ਹੋਲਟਜਕਲਾਵ ਨੂੰ ਦਸੰਬਰ ਵਿਚ 18 ਮਾਮਲਿਆਂ ਵਿਚ ਦੋਸ਼ੀ ਪਾਇਆ ਗਿਆ ਸੀ। ਸਰਕਾਰੀ ਵਕੀਲ ਨੇ ਦੱਸਿਆ ਕਿ ਹੋਲਟਜਕਲਾਵ ਅਕਸਰ ਓਕਲਹਾਮਾ ਦੇ ਗਰੀਬ ਇਲਾਕਿਆਂ ਵਿਚ ਪੱਕੇ ਰੰਗ ਦੀਆਂ ਔਰਤਾਂ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਸੀ। ਉਸ ਖਿਲਾਫ ਸਭ ਮਾਮਲੇ 2013-14 ਦੇ ਹਨ ਤੇ ਸਬੂਤ ਮਿਲਣ 'ਤੇ ਪੁਲਿਸ ਵਿਭਾਗ ਨੇ ਉਸ ਨੂੰ 2015 ਵਿਚ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਸੀ।

# ਮਕਬੂਲੀਅਤ ਪੱਖੋਂ ਸੈਂਡਰਸ ਨੇ ਹਿਲੇਰੀ ਨੂੰ ਪਛਾੜਿਆ

**ਵਾਸ਼ਿੰਗਟਨ:** ਅਮਰੀਕਾ ਵਿਚ ਰਾਸ਼ਟਰਪਤੀ ਦੀ ਚੋਣ ਵਿਚ ਡੈਮੋਕਰੈਟਿਕ ਉਮੀਦਵਾਰੀ ਲਈ ਦਾਅਵੇਦਾਰੀ ਪੇਸ਼ ਕਰ ਰਹੇ ਵਰਮੌਂਟ ਦੇ 74 ਸਾਲਾ ਸੈਨੇਟਰ ਬਰਨੀ ਸੈਂਡਰਸ ਆਇਓਵਾ ਵਿਚ ਮਕਬੂਲੀਅਤ ਦੇ ਮਾਮਲੇ ਵਿਚ ਹਿਲੇਰੀ ਕਲਿੰਟਨ ਨੂੰ ਪਛਾੜ ਕੇ ਸਭ ਤੋਂ ਅੱਗੇ ਨਿਕਲ ਗਏ ਹਨ, ਜਦ ਕਿ ਰੀਅਲ ਅਸਟੇਟ ਕਾਰੋਬਾਰੀ ਡੋਨਲਡ ਟਰੰਪ ਨੇ ਆਪਣੇ ਨੇੜਲੇ ਰਿਪਬਲਿਕਨ ਵਿਰੋਧੀਆਂ ਖਿਲਾਫ਼ ਬੜਤ ਲੈ ਕੇ ਆਪਣੀ ਸਥਿਤੀ ਮਜ਼ਬੂਤ ਕਰ ਲਈ ਹੈ। ਅਮਰੀਕਾ ਵਿਚ ਆਪਣੀ ਚੋਣ ਮੁਹਿੰਮ ਨਾਲ ਸਾਰੇ ਸਿਆਸੀ ਪੰਡਤਾਂ ਨੂੰ ਹੈਰਾਨੀ ਵਿਚ ਪਾਉਣ ਵਾਲੇ ਟਰੰਪ ਪਿਛਲੀਆਂ ਗਰਮੀਆਂ ਵਿਚ ਆਪਣੀ ਦਾਅਵੇਦਾਰੀ ਦਾ ਐਲਾਨ ਕਰਨ ਬਾਅਦ ਤੋਂ ਸਾਰੇ ਸਰਵੇਖਣਾਂ ਵਿਚ ਅੱਗੇ ਚੱਲ ਰਹੇ ਹਨ।

ਸੀਐਨਐਨ-ਓਆਰਸੀ ਸਰਵੇਖਣ ਮੁਤਾਬਕ ਉਹ ਆਇਓਵਾ ਵਿਚ 37 ਫੀਸਦੀ ਮਤਾਂ ਨਾਲ ਸਭ ਤੋਂ ਅੱਗੇ ਹਨ। ਉਨ੍ਹਾਂ ਦੇ ਨੇੜਲੇ ਵਿਰੋਧੀ 49 ਸਾਲਾ ਟੈਡ ਕਰੂਜ਼ 26 ਫੀਸਦੀ ਵੋਟਾਂ ਨਾਲ ਦੂਜੇ ਸਥਾਨ



'ਤੇ ਹਨ। ਇਨ੍ਹਾਂ ਤੋਂ ਇਲਾਵਾ ਫਲੋਰੀਡਾ ਦੇ 44 ਸਾਲਾ ਸੈਨੇਟਰ ਮਾਰਕੋ ਰੂਬੀਆ ਇਕੋ ਇਕ ਅਜਿਹੇ ਦਾਅਵੇਦਾਰ ਹਨ ਜਿਨ੍ਹਾਂ ਦੀ ਮਕਬੂਲੀਅਤ ਦੋ ਅੰਕਾਂ ਵਿਚ ਪੁੱਜ ਗਈ ਹੈ। ਉਹ 14 ਫੀਸਦੀ ਵੋਟਾਂ ਨਾਲ ਤੀਜੇ ਸਥਾਨ 'ਤੇ ਹਨ। ਸਾਰਿਆਂ ਦੀਆਂ ਨਜ਼ਰਾਂ ਇਕ ਫਰਵਰੀ ਨੂੰ ਆਇਓਵਾ ਕਾਕਸ ਉਤੇ ਟਿਕੀਆਂ ਹਨ ਜਿਸ ਨਾਲ 2016 ਵਿਚ ਰਾਸ਼ਟਰਪਤੀ ਅਹੁਦੇ ਦੀ ਚੋਣ ਦੀ ਰਸਮੀ ਸ਼ੁਰੂਆਤ ਹੋਵੇਗੀ।

ਹਿਲੇਰੀ ਨੇ ਜਦੋਂ ਆਪਣੀ ਦਾਅਵੇਦਾਰੀ ਪੇਸ਼ ਕੀਤੀ ਸੀ ਤਾਂ ਉਹ ਡੈਮੋਕਰੈਟਿਕ ਉਮੀਦਵਾਰ ਬਣਨ ਦੀ ਸਭ ਤੋਂ ਵੱਡੀ ਦਾਅਵੇਦਾਰ ਸੀ ਅਤੇ ਆਇਓਵਾ ਵਿਚ ਦਸੰਬਰ ਤੱਕ ਉਨ੍ਹਾਂ ਕੋਲ ਸੈਂਡਰਸ ਖਿਲਾਫ਼ ਚੰਗੀ ਲੀਡ ਸੀ। ਉਦੋਂ ਉਹ 18 ਅੰਕ ਅੱਗੇ ਸਨ ਪਰ ਹੁਣ ਸੈਂਡਰਸ ਅੱਠ ਅੰਕ ਅੱਗੇ ਹਨ। ਰਾਸ਼ਟਰਪਤੀ ਬਣਨ ਦੀ ਦੂਜੀ ਕੋਸ਼ਿਸ਼ ਵਿਚ ਆਇਓਵਾ ਵਿਚ ਹਾਰ ਹਿਲੇਰੀ ਦੀ ਮੁਹਿੰਮ ਲਈ ਵੱਡਾ ਝਟਕਾ ਹੋਵੇਗੀ ਪਰ ਉਹ ਹੋਰ ਰਾਜਾਂ ਵਿਚ ਜਿੱਤ ਕੇ ਵਾਪਸੀ ਕਰ ਸਕਦੀ ਹੈ।

## ਟਰੰਪ ਦੀ ਦਾਅਵੇਦਾਰੀ ਹੋਰ ਮਜ਼ਬੂਤ

**ਵਾਸ਼ਿੰਗਟਨ:** ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਲਈ ਡੋਨਲਡ ਟਰੰਪ (69) ਦੀ ਦਾਅਵੇਦਾਰੀ ਹੋਰ ਮਜ਼ਬੂਤ ਹੋ ਗਈ ਹੈ। ਸੀ.ਐਨ.ਐਨ./ਡਬਿਲਊ. ਐਮ.ਯੂ. ਆਰ. ਦੇ ਰੁਝਾਨਾਂ ਵਿਚ ਉਸ ਦੀ ਮਕਬੂਲੀਅਤ ਦਰ 34 ਫੀਸਦੀ ਹੋ ਗਈ ਹੈ। ਡੈਮੋਕਰੇਟਿਕ ਪਾਰਟੀ ਦੀ ਹਿਲੇਰੀ ਕਲਿੰਟਨ ਅਤੇ ਬਰਨੀ ਸੈਂਡਰਸ ਵਿਚਕਾਰ ਫਸਵਾਂ ਮੁਕਾਬਲਾ ਚਲ ਰਿਹਾ ਹੈ।

## ਆਈ.ਐਸ. ਵੱਲੋਂ ਮੋਦੀ ਦੇ ਕਤਲ ਦੀ ਧਮਕੀ

**ਗੋਆ:** ਖਤਰਨਾਕ ਅਤਿਵਾਦੀ ਜਥੇਬੰਦੀ ਆਈ.ਐਸ. ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਰੱਖਿਆ ਮੰਤਰੀ ਮਨੋਹਰ ਪਰੀਕਰ ਨੂੰ ਮਾਰਨ ਦੀ ਧਮਕੀ ਦਿੱਤੀ ਗਈ ਹੈ। ਗੋਆ ਪੁਲਿਸ ਨੂੰ ਮਿਲੀ ਧਮਕੀ ਵਾਲੀ ਚਿੱਠੀ ਤੋਂ ਬਾਅਦ ਅਲਰਟ ਜਾਰੀ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਏ.ਟੀ.ਐਸ. ਹਵਾਲੇ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਧਮਕੀ ਵਾਲੀ ਇਹ ਚਿੱਠੀ ਡਾਕ ਰਾਹੀਂ ਸੂਬਾ ਸਕੱਤਰੇਤ ਨੂੰ ਪਿਛਲੇ ਹਫਤੇ ਮਿਲੀ ਹੈ। ਚਿੱਠੀ ਦੇ ਮਿਲਦਿਆਂ ਹੀ ਗੋਆ ਪੁਲਿਸ ਹਰਕਤ ਵਿਚ ਆਈ ਤੇ ਦੇਸ਼ ਦੇ ਪੀ.ਐਮ. ਤੇ ਰੱਖਿਆ ਮੰਤਰੀ ਨੂੰ ਮਾਰਨ ਦੀ ਧਮਕੀ ਵਾਲੀ ਚਿੱਠੀ ਦੀਆਂ ਕਾਪੀਆਂ ਸਾਰੇ ਪੁਲਿਸ ਥਾਣਿਆਂ ਨੂੰ ਭੇਜੀਆਂ ਗਈਆਂ। ਸੂਬੇ ਦੀਆਂ ਸਾਰੀਆਂ ਹੋਰ ਜਾਂਚ ਏਜੰਸੀਆਂ ਵੀ ਇਸ ਚਿੱਠੀ ਦੀ ਜਾਂਚ ਕਰ ਰਹੀਆਂ ਹਨ। ਪੁਲਿਸ ਮੁਤਾਬਕ ਜਲਦੀ ਹੀ ਜਾਂਚ ਕਰ ਇਹ ਪਤਾ ਲਗਾ ਲਿਆ ਜਾਵੇਗਾ ਕਿ ਇਹ ਚਿੱਠੀ ਕਿਥੋਂ ਤੇ ਕਿਸ ਰਾਹੀਂ ਭੇਜੀ ਗਈ ਹੈ। ਇਸ ਚਿੱਠੀ ਵਿਚ ਧਮਕੀ ਦਾ ਕਾਰਨ ਦੇਸ਼ ਵਿਚ ਬੁੱਚੜਖਾਨਿਆਂ 'ਤੇ ਲਾਈ ਗਈ ਰੋਕ ਨੂੰ ਦੱਸਿਆ ਗਿਆ ਹੈ।

# ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਦਾ ਵਰਤਾਰਾ

ਪੰਜਾਬ ਵਿਚ ਖ਼ੁਦਕੁਸ਼ੀਆਂ ਦਾ ਮਾਮਲਾ ਬਹੁਤ ਗੰਭੀਰ ਰੂਪ ਅਖ਼ਤਿਆਰ ਕਰ ਰਿਹਾ ਹੈ। ਪਿਛਲੇ ਦਿਨਾਂ ਵਿਚ ਖ਼ੁਦਕੁਸ਼ੀਆਂ ਦੀਆਂ ਦਿਲ ਕੰਬਾਊ ਘਟਨਾਵਾਂ ਨੇ ਹਰ ਬੰਦੇ ਨੂੰ ਹਲੂਣਿਆ ਹੈ। ਪਿੰਡ ਗਾਜੀਸਲਾਰ (ਜ਼ਿਲ੍ਹਾ ਸੰਗਰੂਰ) ਦੇ ਕਿਸਾਨ ਜਸਵੰਤ ਸਿੰਘ ਦੀ ਖ਼ੁਦਕੁਸ਼ੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ ਜਿਸ ਵਿਚ ਲੜਕੀ ਦੀ ਡੋਲੀ ਤੋਰਨ ਤੋਂ ਕੁਝ ਘੰਟੇ ਪਹਿਲਾਂ ਬਾਪ ਨੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ। ਖ਼ੁਦਕੁਸ਼ੀ ਦਾ ਕਾਰਨ ਕੁਝ ਹੋਰ ਨਹੀਂ, ਸਗੋਂ ਕਰਜ਼ਾ ਹੈ ਜੋ ਚਾਰ

**ਡਾ. ਸੁਖਪਾਲ ਸਿੰਘ**

ਏਕੜ ਦੀ ਛੋਟੀ ਖੇਤੀ 'ਚੋਂ ਉਪਜਿਆ ਹੋਇਆ ਸੀ। ਇਸੇ ਤਰ੍ਹਾਂ ਦੀਆਂ ਦਿਲ ਨੂੰ ਵਲੂੰਧਰਨ ਵਾਲੀਆਂ ਦਰਜਨਾਂ ਖ਼ਬਰਾਂ ਪਿਛਲੇ ਕੁਝ ਦਿਨਾਂ ਦੌਰਾਨ ਅਖ਼ਬਾਰਾਂ ਦੀਆਂ ਸੁਰਖੀਆਂ ਬਣੀਆਂ। ਇਹ ਦੁਖਦਾਈ ਕਹਾਣੀਆਂ ਕਿਸੇ ਇੱਕ ਜ਼ਿਲ੍ਹੇ ਜਾਂ ਪਿੰਡ ਦੀਆਂ ਨਹੀਂ, ਸਗੋਂ ਸੂਬੇ ਦੀ ਨਰਮਾ ਪੱਟੀ ਦੇ ਲਗਪਗ ਸਾਰੇ ਹੀ ਜ਼ਿਲ੍ਹਿਆਂ/ਪਿੰਡਾਂ ਦੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹਨ ਅਤੇ ਸਮਾਜ ਦੇ ਹਰ ਵਰਗ ਦਾ ਧਿਆਨ ਖਿੱਚ ਰਹੀਆਂ ਹਨ। ਹੁਣ ਤਕ ਇਸ ਤਰ੍ਹਾਂ ਦੇ ਸਵਾਲ ਉਠਾਏ ਜਾਂਦੇ ਰਹੇ ਸਨ ਕਿ ਸਿਰਫ਼ ਕਿਸਾਨ ਹੀ ਆਤਮ-ਹੱਤਿਆ ਕਿਉਂ ਕਰਦਾ ਹੈ ਜਦੋਂਕਿ ਸਮਾਜ ਵਿਚ ਇਸ ਤੋਂ ਹੇਠਾਂ ਹੋਰ ਵੀ ਤਬਕੇ ਜਿਵੇਂ ਝੁੱਗੀ-ਝੌਂਪੜੀ ਵਾਲੇ, ਦਲਿਤ ਜਾਂ ਹੋਰ ਗ਼ਰੀਬ ਬਹੁਤ ਹੀ ਮਾੜੀ ਜ਼ਿੰਦਗੀ ਬਸਰ ਕਰ ਰਹੇ ਹਨ। ਉਹ ਆਤਮ-ਹੱਤਿਆ ਕਿਉਂ ਨਹੀਂ ਕਰਦੇ? ਇਨ੍ਹਾਂ ਗੱਲਾਂ ਰਾਹੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਆਤਮ-ਹੱਤਿਆ ਕਰਨ ਦੇ ਕਾਰਨ ਆਰਥਿਕ ਨਹੀਂ, ਸਗੋਂ ਇਸ ਦੇ ਕੋਈ ਹੋਰ ਸਮਾਜਕ, ਸਭਿਆਚਾਰਕ ਜਾਂ ਮਨੋਵਿਗਿਆਨਕ ਕਾਰਨ ਹਨ; ਪਰ ਜਿਸ ਪੱਧਰ 'ਤੇ ਪੰਜਾਬ ਵਿਚ ਖ਼ੁਦਕੁਸ਼ੀਆਂ ਦਾ ਵਰਤਾਰਾ ਜਾਰੀ ਹੈ, ਉਸ ਤੋਂ ਸਾਰੇ ਸਮਾਜ ਤੇ ਸਿਆਸੀ ਪਾਰਟੀਆਂ ਨੇ ਇਹ ਗੱਲ ਮੰਨੀ ਹੈ ਅਤੇ ਅਰਥ ਵਿਗਿਆਨ ਦੀ ਥਿਊਰੀ ਅਨੁਸਾਰ ਵੀ ਪੂਰੇ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਕਿਸਾਨਾਂ ਦੇ ਆਤਮ-ਹੱਤਿਆਵਾਂ ਦੇ ਰੁਝਾਨ ਮਾੜੇ ਆਰਥਿਕ ਹਾਲਾਤ ਕਰ ਕੇ ਹਨ। ਆਮਦਨ ਅਤੇ ਖ਼ਪਤ ਦੇ ਖ਼ਰਚ ਦੇ ਸਿਧਾਂਤ ਅਨੁਸਾਰ ਘੱਟ ਆਮਦਨ ਅਤੇ ਘੱਟ ਖ਼ਰਚ ਕਰ ਕੇ ਜੀਵਨ ਬਤੀਤ ਕਰਨ ਵਾਲਾ ਬੰਦਾ ਆਤਮ-ਹੱਤਿਆ ਨਹੀਂ ਕਰਦਾ, ਸਗੋਂ ਉਹ ਬੰਦਾ ਆਤਮ-ਹੱਤਿਆ ਕਰਦਾ ਹੈ ਜਿਸ ਦੀ ਆਮਦਨ ਪਹਿਲਾਂ ਨਾਲੋਂ ਘੱਟ ਹੋਣ ਨਾਲ ਉਸ ਨੂੰ ਮਜਬੂਰੀ ਆਪਣੇ ਜਿਉਣ ਦਾ ਪੱਧਰ ਪਹਿਲਾਂ ਨਾਲੋਂ ਨੀਵਾਂ ਕਰਨਾ ਪਵੇ। ਪੰਜਾਬ ਦੇ ਦਲਿਤ ਅਤੇ ਹੋਰ ਗ਼ਰੀਬ ਜਮਾਤ ਦੇ ਲੋਕ ਪਹਿਲਾਂ ਹੀ ਬੜੀ ਥੋੜ੍ਹੀ ਆਮਦਨ ਤੇ ਖ਼ਰਚ ਨਾਲ ਔਸਤ ਜ਼ਿੰਦਗੀ ਜੀਅ ਰਹੇ ਹਨ। ਉਨ੍ਹਾਂ ਦੀ ਆਮਦਨ ਦਾ ਘਾਟਾ ਅਤੇ ਨਤੀਜਨ ਜੀਵਨ ਪੱਧਰ ਵਿਚ ਗਿਰਾਵਟ ਵਿਚ ਬਹੁਤੀ ਤੇਜ਼ੀ ਨਾ ਹੋਣ ਕਰ ਕੇ ਉਨ੍ਹਾਂ ਵਿਚ ਆਤਮ-ਹੱਤਿਆਵਾਂ ਦਾ ਵਰਤਾਰਾ ਮੁਕਾਬਲਤਨ ਘੱਟ ਦਿਖਾਈ ਦਿੰਦਾ ਹੈ।

ਭਾਰਤ ਵਿਚ ਵੱਡੇ ਪੱਧਰ 'ਤੇ ਖ਼ੁਦਕੁਸ਼ੀਆਂ ਦਾ ਰੁਝਾਨ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਤੋਂ ਬਾਅਦ 1990ਵਿਆਂ ਦੇ ਆਖ਼ੀਰ ਵਿਚ ਹੀ ਵੇਖਣ ਨੂੰ ਮਿਲਦਾ ਹੈ। 1997 ਤੋਂ 2006 ਦੌਰਾਨ 10,95,219 ਵਿਅਕਤੀਆਂ ਨੇ ਖ਼ੁਦਕੁਸ਼ੀਆਂ ਕੀਤੀਆਂ ਜਿਨ੍ਹਾਂ ਵਿਚ 1,66,304 ਕਿਸਾਨ ਸਨ। ਇਹ ਅੰਕੜਾ ਹੁਣ ਵਧ ਕੇ ਲਗਪਗ ਤਿੰਨ ਲੱਖ ਹੋ ਗਿਆ ਹੈ। ਖ਼ੁਦਕੁਸ਼ੀਆਂ ਦਾ ਇਹ ਰੁਝਾਨ ਜ਼ਿਆਦਾਤਰ ਨੌਜਵਾਨਾਂ ਵਿਚ ਹੈ। ਕਿਸਾਨਾਂ ਵਿਚ ਖ਼ੁਦਕੁਸ਼ੀਆਂ ਦੀ ਦਰ ਬਾਕੀ ਵਸੋਂ ਨਾਲੋਂ ਕਿਤੇ ਵਧ ਹੈ। ਜਿੱਥੇ ਆਮ ਵਸੋਂ ਇੱਕ ਲੱਖ ਪਿੱਛੇ 10.6 ਵਿਅਕਤੀ ਖ਼ੁਦਕੁਸ਼ੀ ਕਰਦੇ ਹਨ, ਉਥੇ ਕਿਸਾਨਾਂ ਵਿਚ ਇਹ ਵਰਤਾਰਾ ਇੱਕ ਲੱਖ ਪਿੱਛੇ 15.8 ਖ਼ੁਦਕੁਸ਼ੀਆਂ ਦਾ ਹੈ। ਭਾਰਤ ਵਿਚ ਹਰ ਸਾਲ ਲਗਭਗ 17,000 ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਪਿਛਲੇ ਦਸ ਸਾਲਾਂ ਦੌਰਾਨ ਹਰ ਦਿਨ 47 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ, ਇਹ ਅੰਕੜਾ 2006 ਤੋਂ ਬਾਅਦ 52 ਹੋ ਗਿਆ ਹੈ। ਇਹ ਸਾਰਾ ਵਿਸ਼ਲੇਸ਼ਣ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆ 'ਤੇ ਆਧਾਰਿਤ ਹੈ। ਯੂਨੀਵਰਸਿਟੀਆਂ ਅਤੇ ਹੋਰ ਖੋਜ ਸੰਸਥਾਵਾਂ ਦੁਆਰਾ ਤਿਆਰ ਕੀਤੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਵੱਖ-ਵੱਖ ਸੂਬਿਆਂ ਵਿਚ ਖ਼ੁਦਕੁਸ਼ੀਆਂ ਦੀ ਗਿਣਤੀ ਇਸ ਨਾਲੋਂ ਕਿਤੇ ਵੱਧ ਹੈ। ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਇਹ ਕਿਹਾ ਜਾਂਦਾ ਰਿਹਾ ਹੈ ਕਿ ਪਿਛਲੇ 15 ਸਾਲਾਂ ਵਿਚ 2116 ਖ਼ੁਦਕੁਸ਼ੀਆਂ ਹੋਈਆਂ ਹਨ ਜਦੋਂਕਿ ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੁਆਰਾ ਕੀਤੇ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ 2000 ਤੋਂ 2011 ਦੌਰਾਨ ਸੂਬੇ ਵਿਚ ਖੇਤੀ ਨਾਲ ਸਬੰਧਿਤ 6926 ਵਿਅਕਤੀ ਖ਼ੁਦਕੁਸ਼ੀ ਕਰ ਚੁੱਕੇ ਹਨ ਜਿਨ੍ਹਾਂ ਵਿਚ 3954 ਕਿਸਾਨ ਅਤੇ 2972 ਮਜ਼ਦੂਰ ਸਨ। ਇਨ੍ਹਾਂ ਵਿਚੋਂ ਵੱਡੀ ਗਿਣਤੀ ਲੋਕਾਂ ਨੇ ਕਰਜ਼ੇ ਕਰ ਕੇ ਖ਼ੁਦਕੁਸ਼ੀ ਕੀਤੀ ਹੈ।

ਕਿਸਾਨਾਂ ਦੇ ਖ਼ੁਦਕੁਸ਼ੀਆਂ ਦੇ ਰਸਤੇ ਪੈਣ ਦੇ ਫੌਰੀ ਕਾਰਨ ਭਾਵੇਂ ਕਣਕ ਦੀ ਫ਼ਸਲ ਮੌਸਮੀ ਖਲਬਲੀ ਕਰ ਕੇ ਅਤੇ ਨਰਮੇ ਦੀ ਫ਼ਸਲ ਚਿੱਟੀ ਮੱਖੀ ਕਰ ਕੇ ਹੋਈ ਤਬਾਹੀ ਹਨ, ਪਰ ਇਸ ਦਾ ਮੁੱਖ ਕਾਰਨ ਖੇਤੀ ਦੀਆਂ ਲਾਗਤਾਂ ਵਧਣ ਅਤੇ ਇਸ ਦੇ ਮੁਕਾਬਲੇ ਫ਼ਸਲਾਂ ਦੀਆਂ ਕੀਮਤਾਂ ਵਿਚ ਘੱਟ ਵਾਧਾ ਹੋਣ ਕਾਰਨ ਆਮਦਨ ਅਤੇ ਖ਼ਰਚ ਦੇ ਪਾੜੇ ਦਾ ਲਗਾਤਾਰ ਵਧਣਾ ਹੈ। ਦਰਮਿਆਨੇ ਅਤੇ ਛੋਟੇ ਕਿਸਾਨਾਂ ਦੀ ਆਮਦਨ ਉਨ੍ਹਾਂ ਦੇ ਖ਼ਰਚ ਨਾਲੋਂ ਕਾਫ਼ੀ ਘੱਟ ਹੈ। ਇਸ ਕਰ ਕੇ ਇਹ ਗੰਭੀਰ ਕਰਜ਼ੇ ਦੇ ਜਾਲ ਵਿਚ ਫਸੇ ਹੋਏ ਹਨ। ਪੰਜਾਬ ਦੀ ਛੋਟੀ ਕਿਸਾਨੀ ਜਾਂ ਤਾਂ ਖੇਤੀ ਨੂੰ ਛੱਡਣ ਲਈ ਮਜਬੂਰ ਹੋ ਰਹੀ ਹੈ ਜਾਂ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰ ਰਹੀ ਹੈ। ਫ਼ਸਲ ਫੇਲ੍ਹ ਹੋਣ ਦੀ ਸੂਰਤ ਵਿਚ ਠੇਕਾ ਦੇਣ ਲਈ ਪੈਸੇ ਨਾ ਹੋਣ ਕਰ ਕੇ ਛੋਟਾ ਕਿਸਾਨ ਆਪਣੀ ਜ਼ਿੰਦਗੀ ਨੂੰ ਖ਼ਤਮ ਕਰਨ ਦਾ ਕਦਮ ਚੁੱਕ ਬੈਠਦਾ ਹੈ।




ਖੇਤੀ ਸੈਕਟਰ ਵਿਚ ਮਿਲਣ ਵਾਲਾ ਰੁਜ਼ਗਾਰ ਲਗਾਤਾਰ ਘਟ ਰਿਹਾ ਹੈ। ਮੁਲਕ ਵਿਚ ਜਿਥੇ 1972-73 ਵਿਚ ਇਹ ਸੈਕਟਰ 74 ਫ਼ੀਸਦੀ ਲੋਕਾਂ ਨੂੰ ਰੁਜ਼ਗਾਰ ਦਿੰਦਾ ਸੀ, 1993-94 ਵਿਚ 64 ਫ਼ੀਸਦੀ ਲੋਕਾਂ ਨੂੰ ਤੇ ਹੁਣ ਸਿਰਫ਼ 54 ਫ਼ੀਸਦੀ ਲੋਕਾਂ ਨੂੰ ਹੀ ਰੁਜ਼ਗਾਰ ਮੁਹੱਈਆ ਕਰਦਾ ਹੈ। ਇਸੇ ਤਰ੍ਹਾਂ ਖੇਤੀਬਾੜੀ ਦਾ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ 1972-73 ਵਿਚ 41 ਫ਼ੀਸਦੀ, 1993-94 ਵਿਚ 30 ਫ਼ੀਸਦੀ ਅਤੇ ਹੁਣ ਘਟ ਕੇ ਸਿਰਫ਼ 14 ਫ਼ੀਸਦੀ ਰਹਿ ਗਿਆ। ਇਥੇ ਹੀ ਬੱਸ ਨਹੀਂ, ਖੇਤੀ ਕਾਮਿਆਂ ਦੀ ਉਤਪਾਦਕਤਾ ਦੂਜੇ ਸੈਕਟਰਾਂ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਉਤਪਾਦਕਤਾ ਨਾਲੋਂ ਕਾਫ਼ੀ ਘੱਟ ਹੈ। ਸਿਹਤ ਸੇਵਾਵਾਂ ਅਤੇ ਸਿੱਖਿਆ ਦੇ ਨਿੱਜੀਕਰਨ ਤੇ ਹੋਰ ਜੀਵਨ ਹਾਲਾਤ ਦੀ ਮਹਿੰਗਾਈ ਨੇ ਕਿਸਾਨਾਂ ਦੀ ਹਾਲਤ ਤਰਸਯੋਗ ਬਣਾ ਦਿੱਤੀ ਹੈ। ਕਿਸਾਨ ਅਤੇ ਉਸ ਦੇ ਬੱਚਿਆਂ ਨੂੰ ਮਹਿੰਗੀ ਵਿੱਦਿਆ ਦੇਣ ਦੇ ਬਾਵਜੂਦ ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ ਕਿਸਾਨ ਅਤੇ ਹੋਰ ਪੇਂਡੂ ਲੋਕ ਬੇਵਸੀ ਦੀ ਹਾਲਤ ਵਿਚ ਧੱਕੇ ਗਏ। ਆੜ੍ਹਤੀਏ ਅਤੇ ਸੂਦਖੋਰਾਂ ਵੱਲੋਂ ਵਿਆਜ ਦੀਆਂ ਉੱਚੀਆਂ ਦਰਾਂ ਅਤੇ ਸਖ਼ਤ ਸ਼ਰਤਾਂ ਅਧੀਨ ਲਏ ਕਰਜ਼ੇ ਦੀ ਵਾਪਸੀ ਕਰਨੀ ਕਿਸਾਨਾਂ ਲਈ ਬਹੁਤ ਔਖੀ ਹੋ ਗਈ ਹੈ।

ਪੰਜਾਬ ਦੇ ਖੇਤੀ ਦੇ ਪੂੰਜੀਵਾਦੀ ਮਾਡਲ ਅਤੇ ਸਿਫ਼ਤੀ ਤੌਰ 'ਤੇ ਵਿਸ਼ਵੀਕਰਨ ਦੀਆਂ ਨੀਤੀਆਂ ਕਰ ਕੇ ਖੇਤੀ ਖੇਤਰ ਨੂੰ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ ਦਾ ਵੀ ਖ਼ਾਤਮਾ ਹੋ ਗਿਆ ਹੈ ਅਤੇ ਕੌਮਾਂਤਰੀ ਮੰਡੀ ਦੇ ਪ੍ਰਭਾਵ ਕਰ ਕੇ ਫ਼ਸਲਾਂ ਦੇ ਵਾਜਬ ਭਾਅ ਵੀ ਮਿਲਣੇ ਬੰਦ ਹੋ ਗਏ ਜਿਸ ਨਾਲ ਕਿਸਾਨੀ ਦੇ ਸ਼ੁੱਧ ਮੁਨਾਫ਼ੇ ਘਟ ਗਏ ਤੇ ਉਹ ਕਰਜ਼ੇ ਦੇ ਜਾਲ ਵਿਚ ਫਸ ਗਏ। ਕਰਜ਼ਾ ਵਧਣ ਦਾ ਕਾਰਨ ਭਾਵੇਂ ਕਿਸਾਨਾਂ ਦੀ ਅਸਲ ਆਮਦਨ ਦਾ ਘਟਣਾ ਹੀ ਹੈ, ਫਿਰ ਵੀ ਕਰਜ਼ਾ ਵਧਾਉਣ ਵਿਚ ਗ਼ੈਰ-ਸੰਸਥਾਗਤ ਕਰਜ਼ੇ ਨੇ ਕਾਫ਼ੀ ਵੱਡੀ ਭੂਮਿਕਾ ਨਿਭਾਈ ਹੈ। ਅੱਜ ਖੇਤੀ ਸੈਕਟਰ ਉਪਰ 52 ਹਜ਼ਾਰ ਕਰੋੜ ਰੁਪਏ ਦਾ ਸੰਸਥਾਗਤ ਕਰਜ਼ਾ ਹੈ। ਕਿਸਾਨਾਂ ਨੇ ਇਹ ਐਨੀ ਵੱਡੀ ਰਕਮ ਵਰਤੀ ਨਹੀਂ ਹੈ, ਸਗੋਂ ਇਸ ਵਿਚ ਅੜ੍ਹਤੀਆਂ ਵੱਲੋਂ ਉਚੀਆਂ ਵਿਆਜ ਦਰਾਂ ਅਤੇ ਨਕਲੀ ਕੀੜੇਮਾਰ ਦਵਾਈਆਂ/ਖਾਦਾਂ ਵੇਚ ਕੇ ਵਸੂਲੀਆਂ ਰਕਮਾਂ ਵੀ ਸ਼ਾਮਲ ਹਨ। ਜਿਨ੍ਹਾਂ ਹਾਲਾਤ, ਮਜਬੂਰੀਆਂ ਅਤੇ ਸ਼ਰਤਾਂ ਨਾਲ ਕਿਸਾਨ ਕਰਜ਼ਾ ਲੈਂਦੇ ਹਨ, ਉਨ੍ਹਾਂ ਦੀ ਵਾਪਸੀ ਕਿਸੇ ਵੀ ਵਿਅਕਤੀ ਦੇ ਵੱਸ ਦਾ ਰੋਗ ਨਹੀਂ ਹੈ। ਇਸ ਕਰ ਕੇ ਕਰਜ਼ਾ ਅਤੇ ਖ਼ੁਦਕੁਸ਼ੀਆਂ ਵਧ ਰਹੀਆਂ ਹਨ।

ਕਰਜ਼ੇ ਦੇ ਹੱਲ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਕਰਜ਼ੇ ਦੀ ਵਾਪਸੀ ਲਈ ਇਸ ਕਰਜ਼ੇ ਨੂੰ ਲੰਬੇ ਸਮੇਂ ਦੇ ਕਰਜ਼ੇ ਵਿਚ ਤਬਦੀਲ ਕਰ ਦੇਵੇ ਅਤੇ ਇਸ ਕਰਜ਼ੇ ਨੂੰ ਬਿਨਾਂ ਕਿਸੇ ਵਿਆਜ ਤੋਂ 20 ਸਾਲਾਂ ਦੀਆਂ ਆਸਾਨ ਕਿਸ਼ਤਾਂ ਵਿਚ ਵਾਪਸ ਲਿਆ ਜਾਵੇ। ਇਸੇ ਤਰ੍ਹਾਂ ਆੜ੍ਹਤੀਆਂ ਦੇ ਕਰਜ਼ੇ ਦੇ ਹੱਲ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਆਰਡੀਨੈਂਸ ਜਾਰੀ ਕਰੇ ਤੇ ਆੜ੍ਹਤੀਆਂ ਤੋਂ ਕਿਸਾਨਾਂ ਦੇ ਕਰਜ਼ੇ ਦਾ ਹਿਸਾਬ-ਕਿਤਾਬ ਮੰਗੇ। ਸਰਕਾਰ ਕਿਸਾਨਾਂ ਨੂੰ ਲੰਬੇ ਸਮੇਂ ਦਾ ਕਰਜ਼ਾ ਮੁਹੱਈਆ ਕਰੇ ਅਤੇ ਇਸ ਪੈਸੇ ਨਾਲ ਆੜ੍ਹਤੀਆਂ ਦੇ ਕਰਜ਼ੇ ਵਾਪਸ ਕੀਤੇ ਜਾਣ। ਗ਼ੈਰ-ਸੰਸਥਾਗਤ ਕਰਜ਼ੇ ਦੇ ਸੋਮਿਆਂ ਅਤੇ ਆੜ੍ਹਤੀ ਪ੍ਰਬੰਧ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ ਅਤੇ ਫਸਲਾਂ ਦੀ ਅਦਾਇਗੀ ਸਿੱਧੀ ਕਰ ਕੇ ਵਿੱਤੀ ਲੈਣ-ਦੇਣ ਦਾ ਕੰਮ ਵਪਾਰਕ ਬੈਂਕਾਂ ਅਤੇ ਸਹਿਕਾਰੀ ਅਦਾਰਿਆਂ ਰਾਹੀਂ ਕੀਤੇ ਜਾਣ ਦੀ ਜ਼ਰੂਰਤ ਹੈ।

ਪੰਜਾਬ ਦੀ ਛੋਟੀ ਕਿਸਾਨੀ ਗੰਭੀਰ ਸੰਕਟ ਵਿਚੋਂ ਗੁਜ਼ਰ ਰਹੀ ਹੈ। ਇਸ ਦੇ ਹੱਲ ਲਈ ਸਹਿਕਾਰੀ ਸਭਾਵਾਂ ਨੂੰ ਵਿਕਸਿਤ ਅਤੇ ਕੁਸ਼ਲ ਬਣਾ ਕੇ 'ਸਹਿਕਾਰੀ ਖੇਤੀ' ਕੀਤੀ ਜਾਵੇ। ਖੇਤੀ ਜ਼ਮੀਨ ਦੇ ਠੇਕੇ ਨੂੰ ਨਿਰਧਾਰਿਤ ਕਰਨ ਲਈ ਪੰਜਾਬ ਸਕਿਓਰਿਟੀ ਜ਼ਮੀਨ ਅਵਧੀ ਕਾਨੂੰਨ (1953) ਨੂੰ ਲਾਗੂ ਕਰ ਕੇ ਜ਼ਮੀਨ ਦਾ ਠੇਕਾ ਇਸ ਤਰ੍ਹਾਂ ਨਿਰਧਾਰਿਤ ਕੀਤਾ ਜਾਵੇ ਕਿ ਇਹ ਜ਼ਮੀਨ ਦੀ ਪੈਦਾਵਾਰ ਦੇ ਇੱਕ-ਤਿਹਾਈ ਤੋਂ ਵੱਧ ਨਾ ਹੋਵੇ। ਖੇਤੀ ਦੀ ਕੁਦਰਤ 'ਤੇ ਨਿਰਭਰਤਾ ਵੀ ਇਸ ਨੂੰ ਘਾਟੇ ਵੱਲ ਲਿਜਾਣ ਵਿਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਫ਼ਸਲ ਦੇ ਮਰਨ ਨਾਲ ਨਰਮਾ ਪੱਟੀ ਦੀ ਕਿਸਾਨੀ ਕਰਜ਼ੇ ਦੇ ਜਾਲ ਵਿਚ ਫਸੀ ਹੈ। ਇਸ ਲਈ ਫ਼ਸਲੀ ਬੀਮਾ ਲਾਹੇਵੰਦ ਢੰਗ ਨਾਲ ਸ਼ੁਰੂ ਕੀਤਾ ਜਾਵੇ। ਸਹਾਇਕ ਧੰਦੇ, ਜਿਵੇਂ ਡੇਅਰੀ ਖੇਤਰ ਨੂੰ ਵਿਕਸਿਤ ਕਰਨ ਲਈ ਪ੍ਰਾਸੈਸਿੰਗ ਅਤੇ ਮਾਰਕੀਟਿੰਗ ਨੂੰ ਕੁਸ਼ਲ ਅਤੇ ਯਕੀਨੀ ਬਣਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪੇਂਡੂ ਖੇਤਰ ਵਿਚ ਖੇਤੀ ਅਤੇ ਕਿਰਤ ਪ੍ਰਧਾਨ ਉਦਯੋਗਾਂ ਰਾਹੀਂ ਨੌਜਵਾਨਾਂ ਲਈ ਗ਼ੈਰ-ਖੇਤੀ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। ਇਨ੍ਹਾਂ ਕਦਮਾਂ ਨਾਲ ਕਿਸਾਨਾਂ ਦੀ ਆਰਥਿਕਤਾ ਵਿਚ ਕੁਝ ਸੁਧਾਰ ਕਰ ਕੇ ਖ਼ੁਦਕੁਸ਼ੀਆਂ ਦੇ ਵਰਤਾਰੇ ਨੂੰ ਠੱਲ੍ਹਿਆ ਜਾ ਸਕਦਾ ਹੈ।


WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS ➡ USA 951-824-6365
skype - DHOLRADIO.ORG
LISTEN BY CALL ➡ USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 30 ਜਨਵਰੀ 2016*

## ਫਰਾਂਸੀਸੀ ਮਹਿਮਾਨ, ਭਾਰਤ ਤੇ ਪੰਜਾਬ

ਇਸ ਵਾਰ ਸਾਰਾ ਹਫਤਾ ਮੀਡੀਆ ਵਿਚ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦ ਛਾਇਆ ਰਿਹਾ। ਉਹ ਐਤਕੀਂ ਭਾਰਤ ਦੇ ਗਣਤੰਤਰ ਦਿਵਸ ਦੇ ਮੁੱਖ ਮਹਿਮਾਨ ਜੁ ਸਨ। ਇਸ ਦੌਰਾਨ ਉਨ੍ਹਾਂ ਭਾਰਤ-ਫਰਾਂਸ ਦੇ ਦੁਵੱਲੇ ਸਬੰਧਾਂ ਦੇ ਸਿਲਸਿਲੇ ਵਿਚ ਕੁਝ ਸਮਝੌਤਿਆਂ ਬਾਰੇ ਸਹਿਮਤੀ ਬਣਾਈ। ਇਸ ਸਹਿਮਤੀ ਵਿਚੋਂ ਇਕ, ਦਹਿਸ਼ਤਪਸੰਦੀ ਨਾਲ ਰਲ ਕੇ ਨਜਿੱਠਣਾ ਹੈ। ਸੰਸਾਰ ਸਿਆਸਤ ਅੰਦਰ ਭਾਰਤ ਅੱਜ ਇਸ ਤਰ੍ਹਾਂ ਦੀ ਪੁਜ਼ੀਸ਼ਨ ਅਖਤਿਆਰ ਕਰ ਰਿਹਾ ਹੈ ਕਿ ਹਰ ਛੋਟਾ-ਵੱਡਾ ਮੁਲਕ ਇਸ ਨਾਲ ਸਾਂਝਾਂ ਵਧਾਉਣ ਲਈ ਉਤਸਕ ਹੈ। ਜਿਹੜੇ ਇਸ ਤਰ੍ਹਾਂ ਨਹੀਂ ਵੀ ਕਰ ਰਹੇ, ਉਨ੍ਹਾਂ ਲਈ ਭਾਰਤ ਨੂੰ ਘੱਟੋ-ਘੱਟ ਅਣਗੌਲਿਆਂ ਕਰਨ ਮੁਸ਼ਕਿਲ ਹੋ ਰਿਹਾ ਹੈ। ਵਪਾਰ-ਕਾਰੋਬਾਰ ਦੇ ਵਿਸ਼ਾਲ ਖੇਤਰ ਵਿਚ ਤਾਂ ਜਦੋਂ ਤੋਂ ਨਵੀਆਂ ਨੀਤੀਆਂ ਆਈਆਂ ਹਨ, ਭਾਰਤ ਵਿਚ ਹਰ ਸਵੇਰ ਨਵੀਂ ਹੀ ਚੜ੍ਹ ਰਹੀ ਹੈ। ਪਿਛਲੀ ਸਦੀ ਦੇ ਆਖਰੀ ਦਹਾਕੇ ਦੇ ਅਰੰਭ ਵਿਚ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਸ਼ੁਰੂ ਹੋਈਆਂ ਇਨ੍ਹਾਂ ਨੀਤੀਆਂ ਦੇ ਨਤੀਜੇ ਹੁਣ ਜੱਗ-ਜ਼ਾਹਿਰ ਹਨ। ਇਨ੍ਹਾਂ ਢਾਈ ਦਹਾਕਿਆਂ ਦੌਰਾਨ ਭਾਰਤ ਦਾ ਕਾਰਪੋਰੇਟ ਲਾਣਾ ਖੂਬ ਵਧ-ਫੁੱਲ ਗਿਆ ਹੈ ਅਤੇ ਨਾਲ ਹੀ ਬਹੁ-ਗਿਣਤੀ ਆਮ ਆਦਮੀ ਦਾ ਵਿਹੜਾ ਲਗਾਤਾਰ ਸੁੰਗੜਦਾ ਗਿਆ ਹੈ। ਇਸ ਸਿਲਸਿਲੇ ਵਿਚ ਸਾਹਮਣੇ ਆਇਆ ਹਰ ਸਰਵੇਖਣ ਇਹੀ ਬਿਆਨ ਕਰ ਰਿਹਾ ਹੈ ਕਿ ਮੁਲਕ ਵਿਚ ਅਮੀਰਾਂ ਅਤੇ ਗਰੀਬਾਂ ਵਿਚਕਾਰ ਪਾੜਾ ਤੇਜ਼ੀ ਨਾਲ ਵਧਿਆ ਹੈ। ਅਜਿਹਾ ਇਸ ਕਰ ਕੇ ਸੰਭਵ ਹੋਇਆ ਹੈ ਕਿਉਂਕਿ ਭਾਰਤ, ਕਾਰਪੋਰੇਟ ਲਾਣੇ ਦੇ ਨਿਸ਼ਾਨੇ ਉਤੇ ਹੈ।

ਇਸੇ ਤਰ੍ਹਾਂ ਹੀ ਦਹਿਸ਼ਤਪਸੰਦੀ ਦਾ ਮਾਮਲਾ ਹੈ। ਸੰਸਾਰ ਪੱਧਰ ਉਤੇ ਪਹਿਲਾਂ ਅਲ-ਕਾਇਦਾ ਦਾ ਰੁਖ ਭਾਰਤ ਵੱਲ ਘੱਟ-ਵੱਧ ਹੀ ਰਿਹਾ ਹੈ, ਪਰ ਇਰਾਕ ਉਤੇ ਅਮਰੀਕੀ ਚੜ੍ਹਾਈ ਤੋਂ ਬਾਅਦ ਉਸ ਖਿੱਤੇ ਵਿਚ ਜਦੋਂ ਤੋਂ ਸੱਤਾ ਦਾ ਤਵਾਜ਼ਨ ਡੋਲਿਆ ਹੈ, ਇਸਲਾਮਿਕ ਸਟੇਟ ਦੇ ਜਹਾਦੀਆਂ ਨੇ ਬਹੁਤ ਸਾਰੇ ਮੁਲਕਾਂ ਵਿਚ ਖੂਬ ਖੌਰੂ ਪਾਇਆ ਹੋਇਆ ਹੈ। ਹੋਰ ਮੁਲਕਾਂ ਵਾਂਗ ਕਈ ਕਾਰਨਾਂ ਕਰ ਕੇ ਭਾਰਤ ਵੀ ਇਨ੍ਹਾਂ ਜਹਾਦੀਆਂ ਦੇ ਨਿਸ਼ਾਨੇ 'ਤੇ ਹੈ। ਇਹ ਨਿਸ਼ਾਨਾ ਦੋ ਤਰ੍ਹਾਂ ਦਾ ਹੈ। ਇਕ ਤਾਂ ਜਥੇਬੰਦੀ ਵਿਚ ਭਰਤੀ ਦਾ ਹੈ ਅਤੇ ਦੂਜਾ ਦਹਿਸ਼ਤੀ ਹਮਲਿਆਂ ਦਾ। ਪਿਛਲੇ ਇਕ ਸਾਲ ਤੋਂ ਜਦੋਂ ਤੋਂ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਵਿਚ ਸਰਕਾਰ ਬਣੀ ਹੈ, ਇਹ ਸਿਲਸਿਲਾ ਤੇਜ਼ ਹੋਇਆ ਜਾਪਦਾ ਹੈ। ਇਸ ਦਾ ਸਿੱਧਾ ਤੇ ਸਪਸ਼ਟ ਭਾਵ ਇਹ ਨਿਕਲਦਾ ਹੈ ਕਿ ਫਿਰਕੂ ਪਾਲਾਬੰਦੀ ਦੇ ਮਾਮਲੇ 'ਤੇ ਦੋਵੇਂ ਵਿਰੋਧੀ ਜੁੱਟ ਇਕ-ਦੂਜੇ ਦੇ ਹੱਕ ਵਿਚ ਹੀ ਭੁਗਤ ਰਹੇ ਹਨ। ਪਾਕਿਸਤਾਨ ਇਸ ਦੀ ਖਾਸ ਮਿਸਾਲ ਹੈ ਜਿਥੇ ਮੋਦੀ ਦੇ ਵਿਰੋਧ ਵਿਚ ਕੱਟੜ ਜਥੇਬੰਦੀਆਂ ਨੇ ਆਪਣੀ ਪ੍ਰਚਾਰ ਮੁਹਿੰਮ ਪਹਿਲਾਂ ਨਾਲੋਂ ਕਈ ਗੁਣਾ ਵਧਾ ਦਿੱਤੀ ਹੋਈ ਹੈ ਅਤੇ ਕੁਝ ਹਲਕਿਆਂ ਵੱਲੋਂ ਇਸ ਨੂੰ ਪਹਿਲਾਂ ਨਾਲੋਂ ਵੱਧ ਹੁੰਗਾਰਾ ਵੀ ਮਿਲ ਰਿਹਾ ਹੈ। ਇਸ ਪਿਛੋਕੜ ਵਿਚ ਜੇ ਭਾਰਤ ਅਤੇ ਫਰਾਂਸ ਵੱਲੋਂ ਦਹਿਸ਼ਤਪਸੰਦੀ ਖਿਲਾਫ ਕੀਤੇ ਜਾ ਰਹੇ ਅਹਿਦਾਂ ਨੂੰ ਵਿਚਾਰਿਆ ਜਾਵੇ ਤਾਂ ਇਸ ਜੁਗਲਬੰਦੀ ਦੇ ਅਰਥ ਸਮਝਣੇ ਔਖੇ ਨਹੀਂ ਹਨ।

ਫਰਾਂਸ ਦੇ ਰਾਸ਼ਟਰਪਤੀ ਦੀ ਇਸ ਫੇਰੀ ਦਾ ਇਕ ਹੋਰ ਪੱਖ ਚੰਡੀਗੜ੍ਹ ਫੇਰੀ ਨਾਲ ਜੁੜਿਆ ਹੋਇਆ ਹੈ। ਇਸ ਦਾ ਪੰਜਾਬ ਨਾਲ ਕੋਈ ਸਿੱਧਾ ਸਬੰਧ ਨਹੀਂ, ਸਿਵਾ ਇਸ ਤੋਂ ਉਨ੍ਹਾਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਉਚੇਚਾ ਦੌਰਾ ਕੀਤਾ ਅਤੇ ਉਨ੍ਹਾਂ ਨਾਲ ਖਾਸ ਮੁਲਾਕਾਤ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਿੱਲੀ ਤੋਂ ਚੱਲ ਕੇ ਚੰਡੀਗੜ੍ਹ ਪੁੱਜੇ। ਫਰਾਂਸ ਦਾ ਚੰਡੀਗੜ੍ਹ ਨਾਲ ਸਮਝੋ ਜੜ੍ਹਾਂ ਵਾਲਾ ਰਿਸ਼ਤਾ ਹੈ। ਚੰਡੀਗੜ੍ਹ ਦਾ ਆਰਕੀਟੈਕਟ ਲੀ ਕਾਰਬੂਜ਼ੀਏ, ਫਰਾਂਸ ਦਾ ਰਹਿਣ ਵਾਲਾ ਸੀ। ਜਦੋਂ ਉਸ ਵੱਲੋਂ ਤਿਆਰ ਨਕਸ਼ੇ ਮੁਤਾਬਕ ਇਹ ਸ਼ਹਿਰ ਉਸਰਨਾ ਸ਼ੁਰੂ ਹੋਇਆ, ਪੰਜਾਬ ਦੇ ਕਈ ਪਿੰਡਾਂ ਦੇ ਲੋਕਾਂ ਨੂੰ ਜ਼ਮੀਨਾਂ ਛੱਡਣੀਆਂ ਪਈਆਂ। ਇਨ੍ਹਾਂ ਪਿੰਡਾਂ ਦੀ ਰਹਿੰਦ-ਖੂੰਹਦ ਅੱਜ ਵੀ ਮੌਜੂਦ ਹੈ ਅਤੇ ਇਹ ਸਾਰੇ ਪਿੰਡ 'ਸੋਹਣੇ' ਸ਼ਹਿਰ ਦੇ ਮੱਥੇ ਉਤੇ ਕਿਸੇ ਦਾਗ ਵਾਂਗ ਪ੍ਰਤੀਤ ਹੁੰਦੇ ਹਨ। ਇਸ ਲਈ ਜਦੋਂ ਚੰਡੀਗੜ੍ਹ ਦੇ ਪ੍ਰਸ਼ਾਸਨ ਨੂੰ ਖਬਰ ਹੋਈ ਕਿ ਫਰਾਂਸ ਦੇ ਰਾਸ਼ਟਰਪਤੀ ਚੰਡੀਗੜ੍ਹ ਆ ਰਹੇ ਹਨ ਤਾਂ ਸ਼ਹਿਰ ਨੂੰ ਲਿਸ਼ਕਾਉਣ ਲਈ ਸਟੇਟ ਮਸ਼ੀਨਰੀ ਨੇ ਪੂਰਾ ਟਿੱਲ ਲਾ ਦਿੱਤਾ। ਮੁੱਖ ਮਾਰਗ ਉਤੇ ਪੈਂਦੇ ਇਕ ਪਿੰਡ ਦੇ ਬਾਹਰਵਾਰ ਚਿੱਕਾਂ ਲਾ ਕੇ ਇਸ ਨੂੰ ਲਕੋ ਹੀ ਦਿੱਤਾ ਗਿਆ। ਪ੍ਰਸ਼ਾਸਨ ਦਾ ਤਹੱਈਆ ਸੀ ਕਿ ਚੰਡੀਗੜ੍ਹ ਆ ਰਹੇ ਮਹਿਮਾਨ ਨੂੰ ਚੰਡੀਗੜ੍ਹ ਦਾ ਕੋਈ ਕੁਹਜ ਦਿਸਣਾ ਨਹੀਂ ਚਾਹੀਦਾ। ਪਿੰਡ ਅਤੇ ਪਿੰਡ ਦੀ ਗੰਦਗੀ ਨੂੰ ਇਉਂ ਲਕੋਣ ਦਾ ਮਾਮਲਾ ਜਦੋਂ ਮੀਡੀਆ ਵਿਚ ਛਾ ਗਿਆ ਤਾਂ ਪ੍ਰਸ਼ਾਸਨ ਨੂੰ ਆਖਰਕਾਰ ਚਿੱਕਾਂ ਲਾਹ ਕੇ ਪਿੰਡ ਦੀ ਸਫਾਈ ਕਰਵਾਉਣੀ ਪਈ ਅਤੇ ਇਹ ਸਫਾਈ ਕੁਝ ਘੰਟਿਆਂ ਵਿਚ ਹੀ ਕਰਵਾ ਦਿੱਤੀ ਗਈ। ਸਰਕਾਰ ਅਤੇ ਪ੍ਰਸ਼ਾਸਨ ਚਲਾਉਣ ਵਾਲਿਆਂ ਨੂੰ ਪਤਾ ਤਾਂ ਹੈ ਕਿ 'ਸੋਹਣੇ' ਚੰਡੀਗੜ੍ਹ ਵਾਂਗ ਸਮੁੱਚੇ ਭਾਰਤ ਦੀਆਂ ਖਾਮੀਆਂ ਕੀ ਹਨ, ਪਰ ਇਹ ਖਾਮੀਆਂ ਕਦੀ ਨਿਸ਼ਾਨੇ ਉਤੇ ਨਹੀਂ ਰੱਖੀਆਂ ਗਈਆਂ। ਇਹ ਖਾਮੀਆਂ ਨਿਸ਼ਾਨੇ ਉਤੇ ਨਾ ਹੋਣ ਕਾਰਨ ਹੀ ਭਾਰਤ ਦੇ ਬਹੁ-ਗਿਣਤੀ ਲੋਕ, ਆਜ਼ਾਦੀ ਦੇ ਸੱਤ ਦਹਾਕਿਆਂ ਬਾਅਦ ਵੀ ਰੁਲ ਰਹੇ ਹਨ। ਬੇਰੁਜ਼ਗਾਰੀ ਨੇ ਨੌਜਵਾਨਾਂ ਦੇ ਰਾਹ ਹੀ ਬਦਲ ਦਿੱਤੇ ਹਨ। ਇਸਲਾਮਿਕ ਸਟੇਟ ਵਰਗੀਆਂ ਜਥੇਬੰਦੀਆਂ ਵੱਲ ਭਰਤੀ ਦੇ ਰਾਹ ਖੁੱਲ੍ਹ ਰਹੇ ਹਨ। ਪੰਜਾਬ ਵਿਚੋਂ ਪਰਵਾਸ ਦੀ ਚਾਹਤ ਰੱਖਣ ਵਾਲਿਆਂ ਦੀਆਂ ਕਤਾਰਾਂ ਨਿੱਤ ਦਿਨ ਲੰਮੀਆਂ ਹੋ ਰਹੀਆਂ ਹਨ। ਇਸ ਬਿੰਦੂ 'ਤੇ ਆਣ ਕੇ ਇਸਲਾਮਿਕ ਸਟੇਟ ਅਤੇ ਪਰਵਾਸ ਆਪਸ ਵਿਚ ਮਿਲਦੇ ਜਾਪਦੇ ਹਨ। ਅਜੇ ਭਾਵੇਂ ਕਿਸੇ ਨੇ ਪਰਵਾਸ ਦੀ ਇਸ ਤਰ੍ਹਾਂ ਦੀ ਵਿਆਖਿਆ ਨਹੀਂ ਕੀਤੀ ਹੈ, ਪਰ ਪਰਵਾਸ ਦੀ ਚਾਹਤ ਕਰ ਕੇ ਜੋ ਮਾਰ ਅੱਜ ਪੰਜਾਬ ਝੱਲ ਰਿਹਾ ਹੈ, ਉਸ ਦੀਆਂ ਲੜੀਆਂ ਇਸ ਵਿਆਖਿਆ ਨਾਲ ਸਹਿਜੇ ਹੀ ਜੁੜਦੀਆਂ ਜਾਪਦੀਆਂ ਹਨ। ਸਰਕਾਰਾਂ ਚਲਾਉਣ ਵਾਲਿਆਂ ਨੇ ਕਦੀ ਇਸ ਪਾਸੇ ਸੋਚਣਾ ਨਹੀਂ ਹੈ ਅਤੇ ਆਮ ਲੋਕਾਂ ਦਾ ਹੁਣ ਇਸ ਬਾਰੇ ਸੋਚਣ ਤੋਂ ਬਿਨਾਂ ਬੇੜਾ ਪਾਰ ਨਹੀਂ ਲੱਗਣਾ। ਫਿਲਹਾਲ ਇਹ ਅੰਕੜੇ ਕਿਸੇ ਕੋਲ ਨਹੀਂ ਹਨ ਕਿ ਪਰਵਾਸ ਦੀ ਚਾਹਤ ਰੱਖਣ ਵਾਲੇ ਕਿੰਨੇ ਪੰਜਾਬੀਆਂ ਦੀ ਬੇੜੀ ਪੰਜਾਬ ਵਿਚ ਹੀ ਡੁੱਬ ਰਹੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਵਾੜ ਖੇਤ ਨੂੰ ਖਾਵੇ!**

ਹੁੰਦੀ 'ਪੈਜ' ਬਣਾਉਣ ਦੇ ਵਾਸਤੇ ਹੀ, ਭਾਸ਼ਣ ਕਲਾ ਜੋ ਦਿਲਾਂ ਦੇ ਕਾਲਿਆਂ ਦੀ।
ਨਾਂ ਵੱਜਦੇ ਸਦਾ ਹੀ ਲੀਡਰਾਂ ਦੇ, ਕੰਨੀਂ ਚੁੱਕੋ ਜੇ ਘਾਲਿਆਂ-ਮਾਲਿਆਂ ਦੀ।
ਨਸ਼ੇ ਵੇਚ ਕੇ ਚਾਹੁਣ ਅਮੀਰ ਹੋਣਾ, ਜਾਂਦੀ ਜਾਨ ਤਾਂ ਜਾਵੇ ਨਿਹਾਲਿਆਂ ਦੀ।
ਛੱਡ ਦੇਣ ਜੇ ਲੋਭ ਤੇ ਬੇਈਮਾਨੀ, ਇਕੋ ਚਾਬੀ ਹੈ ਸੈਂਕੜੇ ਤਾਲਿਆਂ ਦੀ।
ਕੀ ਬੀਤੇਗੀ ਦਿਲਾਂ 'ਤੇ ਲਾੜਿਆਂ ਦੇ, ਮੈਲੀ ਅੱਖ ਜੇ ਹੋਵੇ ਸਰਵਾਲਿਆਂ ਦੀ।
ਗੰਢ-ਤੁੱਪ ਹੈ ਦੇਸ਼ ਨੂੰ ਲੁੱਟਣੇ ਲਈ, ਭ੍ਰਿਸ਼ਟ ਆਗੂਆਂ ਅਤੇ ਰਖਵਾਲਿਆਂ ਦੀ।

# ਸੰਵਿਧਾਨ ਦੀ ਤਕਨੀਕੀ ਜ਼ਰੂਰਤ: ਖਡੂਰ ਸਾਹਿਬ ਦਾ ਚੋਣ ਮੇਲਾ

*ਖਡੂਰ ਸਾਹਿਬ ਦੀ ਜ਼ਿਮਨੀ ਚੋਣ ਲਈ ਨਾਮਜ਼ਦਗੀਆਂ ਦਾ ਕੰਮ ਮੁੱਕ ਗਿਆ ਹੈ ਅਤੇ ਹੁਣ ਸਰਗਰਮੀ ਅਰੰਭ ਹੋ ਗਈ ਹੈ। ਇਹ ਚੋਣ ਲੜ ਰਹੀਆਂ ਸਭ ਧਿਰਾਂ ਨੇ ਦਾਅਵਿਆਂ ਅਤੇ ਵਾਅਦਿਆਂ ਦੀ ਝੜੀ ਲਾ ਦਿੱਤੀ ਹੈ। ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਇਸ ਚੋਣ ਬਾਰੇ ਕੁਝ ਬੁਨਿਆਦੀ ਸਵਾਲ ਉਭਾਰੇ ਹਨ ਜਿਨ੍ਹਾਂ ਨੂੰ ਵਿਚਾਰਨਾ ਸਮੇਂ ਦੀ ਲੋੜ ਹੀ ਨਹੀਂ, ਸਗੋਂ ਸਾਲ ਕੁ ਭਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਆਪਣੀ ਇਕ ਸਮਝ ਬਣਾਉਣਾ ਵੀ ਹੈ। -ਸੰਪਾਦਕ*

ਖਡੂਰ ਸਾਹਿਬ ਦੀ ਜ਼ਿਮਨੀ ਚੋਣ ਵਿਚ ਪੰਜਾਬ ਦੇ ਹਾਲਾਤ ਅਤੇ ਸਿਆਸਤ ਉਤੇ ਬਹੁਤ ਚਰਚਾ ਹੋ ਰਹੀ ਹੈ। ਇਹ ਚਰਚਾ ਹੋਰ ਹੋਣੀ ਹੈ। ਇਨ੍ਹਾਂ ਚੋਣਾਂ ਦੇ ਹਰ ਨਤੀਜੇ ਬਾਰੇ ਸਭ ਸਿਆਸੀ ਧਿਰਾਂ ਕੋਲ ਬਿਆਨ ਤਿਆਰ ਹਨ ਜੋ ਨਵੀਆਂ ਤਰੀਕਾਂ ਅਤੇ ਸੱਜਰੇ ਦਸਤਖ਼ਤਾਂ ਹੇਠ ਜਾਰੀ ਕੀਤੇ ਜਾਣੇ ਹਨ। ਖਡੂਰ ਸਾਹਿਬ ਤੋਂ ਕਾਂਗਰਸ ਦੇ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ਼ ਰੋਸ ਵਜੋਂ ਅਸਤੀਫ਼ਾ ਦੇ ਦਿੱਤਾ ਸੀ। ਹੁਣ ਮੌਜੂਦਾ ਵਿਧਾਨ ਸਭਾ ਦਾ ਤਕਰੀਬਨ ਸਾਲ ਬਾਕੀ ਹੈ ਅਤੇ ਤਕਰੀਬਨ ਦਸ ਮਹੀਨੇ ਤੱਕ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਣ ਵਾਲਾ ਹੈ। ਇਨ੍ਹਾਂ ਚੋਣਾਂ ਤੱਕ ਵਿਧਾਨ ਸਭਾ ਦੇ ਦੋ ਜਾਂ ਤਿੰਨ ਇਜਲਾਸ ਹੋ ਸਕਦੇ ਹਨ। ਚੋਣਾਂ ਦਾ ਐਲਾਨ ਹੁੰਦੇ ਸਾਰ ਚੋਣ ਜ਼ਾਬਤਾ ਲਾਗੂ ਹੋ ਜਾਣਾ ਹੈ। ਇਨ੍ਹਾਂ ਦਸ ਮਹੀਨਿਆਂ ਦੌਰਾਨ ਇਕ ਵਿਧਾਇਕ ਕੀ ਕਰ ਸਕਦਾ ਹੈ ਭਲਾ? ਜੇ ਨਵਾਂ ਵਿਧਾਇਕ ਹੁਕਮਰਾਨ ਧਿਰ ਦਾ ਨਾ ਹੋਇਆ ਤਾਂ ਫਿਰ ਉਹ ਕੀ ਕਰ ਸਕਦਾ ਹੈ?



**ਦਲਜੀਤ ਅਮੀ**
ਫੋਨ: +91-97811-21873

ਮੌਜੂਦਾ ਹਾਲਾਤ ਵਿਚ ਜ਼ਿਮਨੀ ਚੋਣ ਸਾਰੀਆਂ ਸਿਆਸੀ ਧਿਰਾਂ ਲਈ ਅਹਿਮ ਹੈ। ਇਹ ਵੀ ਸਭ ਜਾਣਦੇ ਹਨ ਕਿ ਇਸ ਚੋਣ ਨਾਲ ਵਿਧਾਨ ਸਭਾ ਵਿਚ ਕੁਝ ਨਹੀਂ ਹੋਣਾ, ਪਰ ਸਿਆਸਤਦਾਨਾਂ ਨੂੰ ਦਾਅਵੇ ਕਰਨ ਦਾ ਮੌਕਾ ਜ਼ਰੂਰ ਮਿਲਣਾ ਹੈ। ਸਿਆਸੀ ਮੁਹਾਵਰੇ ਵਿਚ ਕਿਹਾ ਜਾ ਸਕਦਾ ਹੈ ਕਿ ਹੁਕਮਰਾਨ ਧਿਰ ਕੋਲ ਇਹ ਚੋਣ ਹਾਰਨ ਦੀ ਗੁੰਜਾਇਸ਼ ਨਹੀਂ ਹੈ। ਕਾਂਗਰਸ ਦੀ ਇਹ ਦੋਚਿੱਤੀ ਜਾਇਜ਼ ਹੈ ਕਿ ਇਹ ਚੋਣ ਲੜੀ ਜਾਵੇ ਜਾਂ ਨਾ? ਕਾਂਗਰਸ ਇਹ ਚੋਣ ਜਿੱਤ ਕੇ ਕੁਝ ਨਹੀਂ ਕਰ ਸਕਦੀ, ਪਰ ਹਾਰ ਦੀ ਕਾਲਖ਼ ਤੋਂ ਬਚਿਆ ਜਾ ਸਕਦਾ ਹੈ। ਖ਼ੈਰ! ਹੁਣ ਉਨ੍ਹਾਂ ਨੇ ਚੋਣ ਲੜਨ ਦਾ ਫ਼ੈਸਲਾ ਕਰ ਲਿਆ ਹੈ ਅਤੇ ਉਮੀਦਵਾਰ ਰਮਨਜੀਤ ਸਿੰਘ ਸਿੱਕੀ ਨੂੰ ਬਣਾ ਲਿਆ ਹੈ। ਆਮ ਆਦਮੀ ਪਾਰਟੀ ਲਈ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਅਤੇ ਇਸ ਜ਼ਿਮਨੀ ਚੋਣ ਵਿਚ ਨਿਖੇੜਾ ਕਰਨਾ ਅਹਿਮ ਹੈ, ਕਿਉਂਕਿ ਮੌਜੂਦਾ ਜ਼ਿਮਨੀ ਚੋਣ ਦੀ ਵੋਟ ਗਿਣਤੀ ਉਨ੍ਹਾਂ ਦੀ ਪੜਚੋਲ ਦਾ ਹਵਾਲਾ ਨਹੀਂ ਹੋਣਾ ਚਾਹੀਦੀ। ਆਮ ਆਦਮੀ ਪਾਰਟੀ ਲਈ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਿੱਲੀ ਦੀ ਜਿੱਤ, ਪੰਜਾਬ ਵਿਚ ਲੋਕ ਸਭਾ ਚੋਣਾਂ ਦੀ ਕਾਰਗੁਜ਼ਾਰੀ ਅਤੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦੇ ਹਵਾਲੇ ਨਾਲ ਲੜਨਾ ਜ਼ਰੂਰੀ ਹੈ। ਇਨ੍ਹਾਂ ਹਾਲਾਤ ਵਿਚ ਆਮ ਆਦਮੀ ਪਾਰਟੀ ਨਾਲੋਂ ਵੱਖ ਹੋਈਆਂ ਫਾਂਟਾਂ ਲਈ ਜ਼ਿਮਨੀ ਚੋਣ ਦਾਅਵੇਦਾਰੀ ਦਾ ਸਬੱਬ ਬਣ ਗਈ ਹੈ। ਇਨ੍ਹਾਂ ਫਾਂਟਾਂ ਲਈ ਚੋਣ ਲੜਨ ਦਾ ਮਤਲਬ ਆਮ ਆਦਮੀ ਪਾਰਟੀ ਦੀ ਘੇਰਾਬੰਦੀ ਕਰਨ ਦੀ ਮਸ਼ਕ ਹੈ। ਇਸ ਜ਼ਿਮਨੀ ਚੋਣ ਨਾਲ ਇਹ ਦਾਅਵੇਦਾਰੀ ਤਾਂ ਕੀਤੀ ਜਾ ਸਕਦੀ ਹੈ ਕਿ ਆਮ ਆਦਮੀ ਪਾਰਟੀ ਤਾਂ ਮੌਕਾਪ੍ਰਸਤ ਹੈ, ਤੇ ਇਹ ਮੁੱਦਿਆਂ ਜਾਂ ਆਵਾਮ ਦੀ ਸਿਆਸਤ ਕਰਦੇ ਹਨ। ਇਹ ਦਲੀਲਾਂ ਭਾਈ ਬਲਦੀਪ ਸਿੰਘ ਅਤੇ ਸੁਮੇਲ ਸਿੰਘ ਸਿੱਧੂ ਦੀਆਂ ਤਕਰੀਰਾਂ ਵਿਚੋਂ ਸੁਣੀਆਂ ਜਾ ਸਕਦੀਆਂ ਹਨ।

ਜ਼ਿਮਨੀ ਚੋਣਾਂ ਆਮ ਤੌਰ ਉਤੇ ਹੁਕਮਰਾਨ ਧਿਰ ਜਿੱਤਦੀ ਹੈ। ਸਮੁੱਚੀ ਹੁਕਮਰਾਨ ਧਿਰ ਦੇ ਮੰਤਰੀ-ਸੰਤਰੀ ਅਤੇ ਅਫ਼ਸਰਸ਼ਾਹੀ ਚੋਣ ਪ੍ਰਚਾਰ ਅਤੇ ਵੋਟਾਂ ਭੁਗਤਾਉਣ ਦੀ ਮਸ਼ਕ ਵਿਚ ਸ਼ਾਮਿਲ ਹੁੰਦੇ ਹਨ। ਇਸ ਤੋਂ ਬਾਅਦ ਹੁਕਮਰਾਨ ਧਿਰ ਚੋਣ ਨਤੀਜੇ ਨੂੰ ਆਪਣੀ ਕਾਰਗੁਜ਼ਾਰੀ ਦੀ ਤਸਦੀਕ ਕਰਾਰ ਦਿੰਦੀ ਹੈ। ਜੇ ਹੁਕਮਰਾਨ ਧਿਰ ਚੋਣ ਹਾਰ ਜਾਵੇ ਤਾਂ ਉਹ ਇਸ ਦੇ ਕਾਰਨ ਮੁਕਾਮੀ ਸਿਆਸਤ ਵਿਚੋਂ ਪੇਸ਼ ਕਰਦੀ ਹੈ ਅਤੇ ਸਰਕਾਰ ਦੀ ਕਾਰਗੁਜ਼ਾਰੀ ਨੂੰ ਵੱਖਰਾ ਮਸਲਾ ਮੰਨਦੀ ਹੈ। ਇਹ ਰੁਝਾਨ ਖਡੂਰ ਸਾਹਿਬ ਵਿਚ ਕਾਇਮ ਰਹਿਣ ਦੀ ਸੰਭਾਵਨਾ ਹੈ।

ਖਡੂਰ ਸਾਹਿਬ ਦੇ ਵਿਧਾਇਕ ਦੀ ਵਿਧਾਨ ਸਭਾ ਵਿਚ ਕਾਰਗੁਜ਼ਾਰੀ ਅਸਤੀਫ਼ਾ ਦੇਣ ਤੱਕ ਮਹਿਦੂਦ ਰਹੀ ਹੈ। ਇਹ ਸੁਆਲ ਉਨ੍ਹਾਂ ਨੂੰ ਕਿਸੇ ਨੇ ਨਹੀਂ ਪੁੱਛਿਆ ਕਿ ਹੁਣ ਉਹ ਵਿਧਾਨ ਸਭਾ ਵਿਚ ਕੀ ਕਰਨਗੇ ਜੋ ਪਹਿਲਾਂ ਉਹ ਕਿਸੇ ਕਾਰਨ ਕਰਨ ਤੋਂ ਖੁੰਝ ਗਏ? ਜਦੋਂ ਸਮੁੱਚੀ ਕਾਂਗਰਸ ਦੀ ਵਿਧਾਨ ਸਭਾ ਵਿਚ ਕਾਰਗੁਜ਼ਾਰੀ ਨਾਕਸ ਰਹੀ ਹੈ ਤਾਂ ਹੁਣ ਇਸ ਚੋਣ ਨਾਲ ਇਸ ਵਿਚ ਕੀ ਸੁਧਾਰ ਹੋਣ ਵਾਲਾ ਹੈ। ਦੂਜੇ ਪਾਸੇ ਹੁਕਮਰਾਨ ਧਿਰ ਦੇ ਮੰਤਰੀਆਂ-ਸੰਤਰੀਆਂ ਵਿਚ ਖਡੂਰ ਸਾਹਿਬ ਦੇ ਵਿਧਾਇਕ ਦੀ ਕੀ ਅਹਿਮੀਅਤ ਹੋ ਸਕਦੀ ਹੈ? ਇਹ ਤਾਂ ਤੈਅ ਹੈ ਕਿ ਮੌਜੂਦਾ ਹਾਲਾਤ ਵਿਚ ਖਡੂਰ ਸਾਹਿਬ ਦੀ ਜ਼ਿਮਨੀ ਚੋਣ ਭਾਵੇਂ ਕੋਈ ਵੀ ਜਿੱਤੇ, ਪਰ ਇਸ ਨਾਲ ਵਿਧਾਨ ਸਭਾ ਦੀ ਕਾਰਗੁਜ਼ਾਰੀ ਵਿਚ ਕੋਈ ਤਬਦੀਲੀ ਨਹੀਂ ਹੋਣੀ।

ਅਹਿਮ ਸੁਆਲ ਇਹ ਬਣਦੇ ਹਨ ਕਿ ਖਡੂਰ ਸਾਹਿਬ ਦੀ ਜ਼ਿਮਨੀ ਚੋਣ ਵਿਚ ਕੀ ਵਾਅਦੇ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਦਾ ਹਸ਼ਰ ਕੀ ਹੁੰਦਾ ਹੈ? ਪੰਜਾਬ ਦੀਆਂ ਜ਼ਿਮਨੀ ਚੋਣ ਲੜਨ ਵਾਲੀਆਂ ਸਮੁੱਚੀਆਂ ਸਿਆਸੀ ਧਿਰਾਂ ਮੌਜੂਦਾ ਹਾਲਾਤ ਦੀ ਪੜਚੋਲ ਚੋਣ ਪ੍ਰਚਾਰ ਦੌਰਾਨ ਕਰਨ ਵਾਲੀਆਂ ਹਨ। ਹੁਕਮਰਾਨ ਆਪਣੀਆਂ ਪ੍ਰਾਪਤੀਆਂ ਦੀ ਨੁਮਾਇਸ਼ ਨਾਲ ਇਨ੍ਹਾਂ ਨੂੰ ਜਾਰੀ ਰੱਖਣ ਅਤੇ ਖਡੂਰ ਸਾਹਿਬ ਦੇ ਵਿਕਾਸ ਦਾ ਵਾਅਦਾ ਕਰੇਗੀ। ਦੂਜੀਆਂ ਧਿਰਾਂ ਸਰਕਾਰ ਦੀਆਂ ਨਾਕਾਮੀਆਂ, ਅਵਾਮ ਦੀਆਂ ਲੋੜਾਂ ਅਤੇ ਇਲਾਕੇ ਦੀਆਂ ਮੁਸ਼ਕਿਲਾਂ ਨੂੰ ਮੁਖ਼ਾਤਬ ਹੋਣਗੀਆਂ। ਉਹ ਜਿੱਤਣ ਦੀ ਹਾਲਤ ਵਿਚ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦਾ ਵਾਅਦਾ ਕਰਨਗੀਆਂ। ਮੌਜੂਦਾ ਹਾਲਾਤ ਵਿਚ ਜੇ ਵਿਰੋਧੀ ਧਿਰਾਂ ਵਿਚੋਂ ਕੋਈ ਉਮੀਦਵਾਰ ਜਿੱਤ ਜਾਂਦਾ ਹੈ ਤਾਂ ਉਹ ਆਪਣੇ ਵਾਅਦੇ ਕਿਵੇਂ ਵਫ਼ਾ ਕਰੇਗਾ? ਇਹ ਸੱਚ ਤਾਂ ਜੱਗ-ਜ਼ਾਹਿਰ ਹੈ ਕਿ ਹੁਕਮਰਾਨ ਧਿਰ ਦੇ ਹਲਕਾ ਇੰਚਾਰਜ ਅਤੇ ਵਿਰੋਧੀ ਧਿਰ ਦੇ ਵਿਧਾਇਕ ਦਾ ਸਰਕਾਰੇ-ਦਰਬਾਰੇ-ਥਾਣੇ-ਕਚਹਿਰੀ ਵਿਚ ਕੀ ਰੁਤਬਾ ਹੈ! ਫ਼ਰਕ ਤਾਂ ਸਿਰਫ਼ ਇੰਨਾ ਹੀ ਪਵੇਗਾ ਕਿ ਵਿਧਾਇਕ ਅਤੇ ਹਲਕਾ ਇੰਚਾਰਜ ਇਕ ਜਣਾ ਹੁੰਦਾ ਹੈ ਜਾਂ ਦੋ ਵੱਖ-ਵੱਖ। ਹਰ ਹਾਲਤ ਵਿਚ ਫ਼ੈਸਲੇ ਤਾਂ ਹਲਕਾ ਇੰਚਾਰਜ ਨੇ ਕਰਨੇ ਹਨ। ਉਸ ਦਾ ਵਿਧਾਇਕ ਹੋਣਾ ਜਾਂ ਨਾ ਹੋਣਾ ਮਾਅਨੇ ਨਹੀਂ ਰੱਖਦਾ।

ਇਨ੍ਹਾਂ ਹਾਲਾਤ ਵਿਚ ਜ਼ਿਮਨੀ ਚੋਣ ਦੇ ਉਮੀਦਵਾਰਾਂ ਦਾ ਵਾਅਦਾ ਕਰਨਾ ਕੀ ਮਾਅਨੇ ਰੱਖਦਾ ਹੈ? ਜਦੋਂ ਇਹ ਵਾਅਦੇ ਵਫ਼ਾ ਹੋਣ ਦੀ ਸੰਭਾਵਨਾ ਤੱਕ ਨਹੀਂ ਹੈ ਤਾਂ ਇਸ ਚੋਣ ਦੇ ਜਮਹੂਰੀਅਤ ਲਈ ਕੀ ਮਾਅਨੇ ਹਨ? ਇਹ ਚੋਣ ਸੰਵਿਧਾਨਕ ਲੋੜ ਤਹਿਤ ਹੋ ਰਹੀ ਹੈ। ਜੇ ਕਿਸੇ ਹਲਕੇ ਵਿਚ ਕਿਸੇ ਕਾਰਨ ਵਿਧਾਨ ਸਭਾ ਜਾਂ ਲੋਕ ਸਭਾ ਦਾ ਨੁਮਾਇੰਦਾ ਨਹੀਂ ਹੁੰਦਾ ਤਾਂ ਛੇ ਮਹੀਨੇ ਦੇ ਅੰਦਰ ਜ਼ਿਮਨੀ ਚੋਣ ਲਾਜ਼ਮੀ ਹੈ। ਪੰਜਾਬ ਵਿਚ ਮੌਜੂਦਾ ਸਰਕਾਰ ਦੌਰਾਨ ਇਹ ਤੀਜੀ ਜ਼ਿਮਨੀ ਚੋਣ ਹੈ ਜੋ ਵਿਧਾਇਕ ਦੇ ਅਸਤੀਫ਼ਾ ਦੇਣ ਕਾਰਨ ਕਰਵਾਈ ਗਈ ਹੈ। ਅਸਤੀਫ਼ਾ ਦੇਣ ਵਾਲੇ ਤਿੰਨਾਂ ਨੇ ਦੁਬਾਰਾ ਚੋਣ ਲੜੀ ਹੈ। ਮੋਗਾ, ਤਲਵੰਡੀ ਸਾਬੋ ਅਤੇ ਖਡੂਰ ਸਾਹਿਬ ਦੀਆਂ ਜ਼ਿਮਨੀ ਚੋਣਾਂ ਵਿਧਾਇਕਾਂ ਦੇ ਨਿੱਜੀ ਹਿੱਤਾਂ ਜਾਂ ਸਮਝ ਕਾਰਨ ਪੰਜਾਬ ਉਤੇ ਥੋਪੀਆਂ ਗਈਆਂ ਹਨ। ਰਮਨਜੀਤ ਸਿੰਘ ਸਿੱਕੀ ਨੂੰ ਇਹ ਸੁਆਲ ਪੁੱਛਣਾ ਕੁਫ਼ਰ ਜਾਪਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਅਸਤੀਫ਼ਾ ਦੇਣਾ ਕਿੰਨਾ ਕੁ ਜਾਇਜ਼ ਸੀ? ਜੇ ਉਹ ਸਰਕਾਰ ਨੂੰ ਕਸੂਰਵਾਰ ਮੰਨਦੇ ਸਨ ਤਾਂ ਵਿਧਾਨ ਸਭਾ ਰਾਹੀਂ ਜਵਾਬਤਲਬੀ ਕਰਦੇ। ਜੇ ਉਹ ਵਿਧਾਨ ਸਭਾ ਨੂੰ ਕਸੂਰਵਾਰ ਮੰਨਦੇ ਸਨ, ਤਾਂ ਹੁਣ ਚੋਣ ਕਿਉਂ ਲੜ ਰਹੇ ਹਨ? ਧਾਰਮਿਕ ਭਾਵਨਾਵਾਂ ਦੇ ਵਹਿਣ ਵਿਚ ਕੀਤਾ ਗਿਆ ਹਰ ਫ਼ੈਸਲਾ ਤਾਂ ਜਾਇਜ਼ ਨਹੀਂ ਹੁੰਦਾ। ਬਹੁਪਸਾਰੀ ਸੰਕਟ ਵਿਚ ਫਸੇ ਪੰਜਾਬ ਉਤੇ ਜ਼ਿਮਨੀ ਚੋਣ ਦਾ ਬੋਝ ਪਾਉਣ ਲਈ ਤਾਂ ਕਸੂਰਵਾਰ ਰਮਨਜੀਤ ਸਿੰਘ ਸਿੱਕੀ ਹਨ। ਕੀ ਅਵਾਮ ਦੀਆਂ ਭਾਵਨਾਵਾਂ ਨੂੰ ਅਗਵਾ ਕਰਨ ਦੀ ਮਸ਼ਕ ਅਤੇ ਸਰਕਾਰੀ ਪੈਸੇ ਦੀ ਬਰਬਾਦੀ ਉਨ੍ਹਾਂ ਦੀ 'ਜਾਗਦੀ' ਜ਼ਮੀਰ ਉਤੇ ਕੋਈ ਬੋਝ ਨਹੀਂ ਪਾਉਂਦੀ?

ਖਡੂਰ ਸਾਹਿਬ ਦੀ ਜ਼ਿਮਨੀ ਚੋਣ ਦਾ ਮਾਮਲਾ ਪੰਜਾਬ ਵਿਧਾਨ ਸਭਾ ਦੀ ਅੰਕੜਾ-ਖੇਡ, ਸਿਆਸਤਦਾਨਾਂ ਦੀਆਂ ਦਾਅਵੇਦਾਰੀਆਂ ਜਾਂ ਇਸ ਮਸ਼ਕ ਦੇ ਬੇਮਾਅਨਾ ਹੋਣ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਅਹਿਮ ਸੁਆਲ ਇਹ ਬਣਦਾ ਹੈ ਕਿ ਕੀ ਖਡੂਰ ਸਾਹਿਬ ਦੀ ਜ਼ਿਮਨੀ ਚੋਣ ਸਮੁੱਚੇ ਚੋਣ ਪ੍ਰਬੰਧ ਉਤੇ ਟਿੱਪਣੀ ਕਰਨ ਲਈ ਢੁਕਵਾਂ ਨਮੂਨਾ ਹੋ ਸਕਦੀ ਹੈ? ਜੇ ਅਵਾਮ ਨਾਲ ਚੋਣਾਂ ਦੌਰਾਨ ਕੀਤੇ ਵਾਅਦਿਆਂ ਅਤੇ ਸਰਕਾਰਾਂ ਦੀ ਕਾਰਗੁਜ਼ਾਰੀ ਨੂੰ ਵੇਖਿਆ ਜਾਵੇ ਤਾਂ ਖਡੂਰ ਸਾਹਿਬ ਵਿਚ ਸਮੁੱਚੇ ਚੋਣ ਪ੍ਰਬੰਧ ਦੀ ਤਸਦੀਕ ਹੋ ਰਹੀ ਹੈ। ਆਮ ਚੋਣਾਂ ਵਿਚ ਕੀਤੇ ਵਾਅਦਿਆਂ ਦੀ ਬੇਵਫ਼ਾਈ ਨੂੰ ਸਰਕਾਰਾਂ ਦੀ ਬੇਈਮਾਨੀ, ਭ੍ਰਿਸ਼ਟਾਚਾਰ ਅਤੇ ਨੀਤੀਆਂ ਨਾਲ ਜੋੜਿਆ ਜਾਂਦਾ ਹੈ। ਖਡੂਰ ਸਾਹਿਬ ਵਿਚ ਸਾਫ਼ ਹੈ ਕਿ ਵਾਅਦਾ ਕਰ ਕੇ ਨਿਭਾਉਣ ਦੀ ਗੁੰਜਾਇਸ਼ ਨਹੀਂ ਹੈ। ਜਦੋਂ ਸਰਕਾਰ ਬਣਾਉਣ ਤੋਂ ਬਾਅਦ ਮੰਤਰੀ-ਸੰਤਰੀ ਬਿਆਨ ਦਿੰਦੇ ਹਨ ਕਿ ਸਰਕਾਰ ਚਲਾਉਣ ਅਤੇ ਵਿਰੋਧੀ ਧਿਰ ਹੋਣ ਵਿਚ ਕੀ ਫ਼ਰਕ ਹੈ, ਤਾਂ ਉਸ ਦੇ ਕੀ ਮਾਅਨੇ ਹੁੰਦੇ ਹਨ? ਇਹੋ ਮਾਅਨੇ ਹੁੰਦੇ ਹਨ ਕਿ ਵਿਰੋਧੀ ਧਿਰ ਵਜੋਂ ਕੀਤੀ ਸਰਕਾਰ ਦੀ ਪੜਚੋਲ ਨੂੰ ਸਰਕਾਰ ਚਲਾਉਣ ਵੇਲੇ ਯਾਦ ਕਰਨਾ ਬੇਮਾਅਨਾ ਹੈ। ਇਹੋ ਦਲੀਲ ਚੋਣ ਮਨੋਰਥ ਪੱਤਰਾਂ ਅਤੇ ਸਰਕਾਰੀ ਕਾਰਗੁਜ਼ਾਰੀ ਦੇ ਪਾੜੇ ਨੂੰ ਸਮਝਾਉਣ ਲਈ ਦਿੱਤੀ ਜਾਂਦੀ ਹੈ। ਇਨ੍ਹਾਂ ਦਲੀਲਾਂ ਵਿਚ ਇਹ ਇਸ਼ਾਰਾ ਮਿਲਦਾ ਹੈ ਕਿ ਅਵਾਮ ਦੀਆਂ ਮੁਸ਼ਕਿਲਾਂ ਅਤੇ ਚੋਣਾਂ ਦਾ ਆਪਸ ਵਿਚ ਕੋਈ ਸਿੱਧਾ ਰਿਸ਼ਤਾ ਨਹੀਂ ਹੈ। ਇਸ ਵਕਤੀ ਹੁਲਾਰ ਵਿਚ ਅਵਾਮ ਨੂੰ 'ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਵਣਗੇ' ਦਾ ਜਾਪ ਕਰਵਾਉਣ ਤੋਂ ਜ਼ਿਆਦਾ ਕੁਝ ਨਹੀਂ ਹੈ।

ਚੋਣ ਕਮਿਸ਼ਨ ਖਡੂਰ ਸਾਹਿਬ ਦੀ ਜ਼ਿਮਨੀ ਚੋਣ ਸੰਵਿਧਾਨ ਦੀ ਤਕਨੀਕੀ ਜ਼ਰੂਰਤ ਨੂੰ ਪੂਰਾ ਕਰਨ ਲਈ ਕਰਵਾ ਰਿਹਾ ਹੈ। ਇਹ ਸਭ ਨੂੰ ਪਤਾ ਹੈ ਕਿ ਇਸ ਜ਼ਿਮਨੀ ਚੋਣ ਦਾ ਕੋਈ ਫ਼ੌਰੀ ਜਾਂ ਚਿਰਕਾਲੀ ਅਸਰ ਵਿਧਾਨ ਸਭਾ, ਪੰਜਾਬ ਜਾਂ ਹਲਕੇ ਉਤੇ ਨਹੀਂ ਪੈਣ ਵਾਲਾ। ਜੇ ਇਸ ਤੋਂ ਬਾਅਦ ਜ਼ਿਮਨੀ ਚੋਣ ਹੋ ਰਹੀ ਹੈ ਤਾਂ ਇਹ ਹਰ ਹਾਲਤ ਵਿਚ ਸੰਵਿਧਾਨ ਦੀ ਭਾਵਨਾ ਦੇ ਉਲਟ ਹੈ। ਇਸ ਦਾ ਮਤਲਬ ਸਾਫ਼ ਹੈ ਕਿ ਸੰਵਿਧਾਨ ਦੇ ਤਕਨੀਕੀ ਪੱਖ ਨੂੰ ਸੰਵਿਧਾਨ ਦੀ ਭਾਵਨਾ ਦੇ ਮੁਕਾਬਲੇ ਤਰਜੀਹ ਮਿਲੀ ਹੈ। ਭਾਵਨਾ ਦੇ ਮੁਕਾਬਲੇ ਤਕਨੀਕੀ ਪੱਖ ਦੀ ਚੋਣ ਕਰਨ ਵਾਲਿਆਂ ਵਿਚ ਨਿਜ਼ਾਮ, ਸਰਕਾਰਾਂ ਅਤੇ ਸਿਆਸੀ ਧਿਰਾਂ ਸ਼ਾਮਿਲ ਹਨ। ਇਸੇ ਲਈ ਤਾਂ ਸਰਕਾਰਾਂ ਸੰਵਿਧਾਨਕ ਖ਼ਾਤਿਆਂ ਦੀ ਥਾਂ ਅਖ਼ਤਿਆਰੀ ਖ਼ਾਤਿਆਂ ਨੂੰ ਤਰਜੀਹ ਦਿੰਦੀਆਂ ਹਨ। ਨਤੀਜੇ ਵਜੋਂ 'ਸੰਗਤ ਦਰਸ਼ਨ' ਚੱਲਦੇ ਰਹਿੰਦੇ ਹਨ, ਪਰ ਸਰਕਾਰੀ ਖ਼ਜ਼ਾਨੇ ਦੀਆਂ ਮਜਬੂਰੀਆਂ ਮੁਲਾਜ਼ਮਾਂ ਦਾ ਸੰਸਾ ਬਣੀਆਂ ਰਹਿੰਦੀਆਂ ਹਨ। ਸੰਵਿਧਾਨ ਦੀ ਤਕਨੀਕੀ ਜ਼ਰੂਰਤ ਪੂਰੀ ਕਰਨ ਲਈ ਬਣੇ ਵਿਧਾਇਕਾਂ ਉਤੇ ਸੰਵਿਧਾਨ ਦਾ ਤਕਨੀਕੀ ਰੂਪ ਵਿਚ ਉਲੰਘਣ ਨਾ ਕਰਨ ਵਾਲੇ ਹਲਕਾ ਇੰਚਾਰਜਾਂ ਦਾ ਹੁਕਮ ਚੱਲਦਾ ਹੈ। ਖਡੂਰ ਸਾਹਿਬ ਦੀ ਜ਼ਿਮਨੀ ਚੋਣ ਦੇ ਹਵਾਲੇ ਨਾਲ ਸੁਆਲ ਇਹ ਪੁੱਛਿਆ ਜਾਣਾ ਬਣਦਾ ਹੈ ਕਿ ਸੰਵਿਧਾਨ ਦੀਆਂ ਤਕਨੀਕੀ ਜ਼ਰੂਰਤਾਂ ਪੂਰੀਆਂ ਕਰਨ ਲਈ ਆਵਾਮ ਦੀਆਂ ਭਾਵਨਾਵਾਂ ਨੂੰ ਅਗਵਾ ਕਰਨਾ ਕਿੰਨਾ ਕੁ ਜਾਇਜ਼ ਹੈ? ਇਹ ਸੁਆਲ ਤਾਂ ਪੁਰਾਣੇ ਜ਼ਮਾਨੇ ਜਾਂ ਦੂਜੇ ਗ੍ਰਹਿ ਦਾ ਹੋ ਗਿਆ ਹੈ ਕਿ ਕੀ ਭਾਵਨਾ ਪੱਖੋਂ ਹਾਰਿਆ ਸੰਵਿਧਾਨ ਤਕਨੀਕੀ ਪੱਖੋਂ ਜਿਉਂਦਾ ਰਹਿ ਸਕਦਾ ਹੈ?

## ਰੋਹਿਤ ਖੁਦਕੁਸ਼ੀ ਮਾਮਲਾ

# ਸਾਡੇ ਕੋਲ ਹੁਣ ਸਿਰਫ ਉਸ ਦੇ ਸ਼ਬਦ ਹਨ

***ਹੈਦਰਾਬਾਦ ਖ਼ੁਦਕੁਸ਼ੀ ਕਾਂਡ ਦੇ ਪ੍ਰਤੀਕਰਮ ਵਜੋਂ ਸੰਵੇਦਨਸ਼ੀਲ ਲੇਖਕਾ, ਕਵਿੱਤਰੀ, ਜੁਝਾਰੂ ਕਾਰਕੁਨ ਮੀਨਾ ਕੰਦਾਸਾਮੀ ਦਾ ਇਹ ਲੇਖ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜੋ ਦੁਨੀਆਂ ਦੀ 'ਸਭ ਤੋਂ ਵੱਡੀ ਜਮਹੂਰੀਅਤ' ਦੀਆਂ ਸਿਖਿਆ ਸੰਸਥਾਵਾਂ ਵਿਚ ਦੱਬੇ-ਕੁਚਲੇ ਸਮਾਜ ਵਿਚੋਂ ਆਉਣ ਵਾਲੇ ਵਿਦਿਆਰਥੀਆਂ ਦੀ ਦਰਦਨਾਕ ਹਾਲਤ ਦਾ ਸਜਿੰਦ ਵੇਰਵਾ ਪੇਸ਼ ਕਰਦਾ ਹੈ। ਇਸ ਕਾਂਡ ਤੋਂ ਪਿਛੋਂ ਤਾਮਿਲਨਾਡੂ ਵਿਚ ਤਿੰਨ ਮੈਡੀਕਲ ਵਿਦਿਆਰਥਣਾਂ ਨੇ ਖ਼ੁਦਕੁਸ਼ੀ ਕੀਤੀ ਹੈ, ਧਾਰਾਵੀ (ਮੁੰਬਈ) ਵਿਚ ਰੋਸ-ਪ੍ਰਗਟਾ ਰਹੇ ਦਲਿਤਾਂ ਉਪਰ ਆਰ.ਐੱਸ.ਐੱਸ. ਦੇ ਲੱਠਮਾਰਾਂ ਨੇ ਹਮਲਾ ਕਰ ਕੇ ਇਕ ਦਰਜਨ ਵਿਖਾਵਾਕਾਰੀਆਂ ਨੂੰ ਜ਼ਖ਼ਮੀ ਕਰ ਦਿੱਤਾ ਹੈ ਅਤੇ ਲਖਨਊ ਯੂਨੀਵਰਸਿਟੀ ਵਿਚ ਰੋਹਿਤ ਦੀ ਖ਼ੁਦਕੁਸ਼ੀ ਨੂੰ ਲੈ ਕੇ ਮੋਦੀ ਦੇ ਖ਼ਿਲਾਫ਼ ਰੋਹ ਪ੍ਰਗਟਾਉਣ ਵਾਲੇ ਤਿੰਨ ਦਲਿਤ ਵਿਦਿਆਰਥੀਆਂ ਜਿਨ੍ਹਾਂ ਵਿਚੋਂ ਇਕ ਗੋਲਡ ਮੈਡਲਿਸਟ ਹੈ, ਨੂੰ ਯੂਨੀਵਰਸਿਟੀ ਵਿਚੋਂ ਕੱਢ ਦਿੱਤਾ ਗਿਆ ਹੈ। ਹਿੰਦੂਤਵੀ ਬ੍ਰਿਗੇਡ ਦੇ ਸੱਤਾਧਾਰੀ ਹੋਣ ਨਾਲ ਬਹੁਤ ਸੰਗੀਨ ਬਣ ਚੁੱਕੇ ਹਾਲਾਤ ਅਤੇ ਇਸ ਵਰਤਾਰੇ ਦੀਆਂ ਜੜ੍ਹਾਂ ਨੂੰ ਇਹ ਲੇਖ ਬਾਖ਼ੂਬੀ ਫਰੋਲਦਾ ਹੈ।***

ਇਕ ਦਲਿਤ ਵਿਦਿਆਰਥੀ ਦੀ ਖ਼ੁਦਕੁਸ਼ੀ ਹਾਲਾਤ ਵਿਚੋਂ ਨਿਕਲਣ ਦਾ ਕਿਸੇ ਇਕੱਲੇ ਇਨਸਾਨ ਦਾ ਹੀਲਾ ਨਹੀਂ ਹੁੰਦੀ, ਇਹ ਉਸ ਸਮਾਜ ਨੂੰ ਸ਼ਰਮਿੰਦਾ ਕਰਨ ਦੀ ਕਾਰਵਾਈ ਹੁੰਦੀ ਹੈ, ਜਿਸ ਨੇ ਉਸ ਦਾ ਸਾਥ ਨਹੀਂ ਦਿੱਤਾ। ਰੋਹਿਤ ਵੇਮੁਲਾ ਦੀ ਮੌਤ ਉਨ੍ਹਾਂ ਵਲੋਂ ਜਾਤੀਵਾਦੀ, ਫਿਰਕਾਪ੍ਰਸਤ ਤਾਕਤਾਂ ਦੇ ਖ਼ਿਲਾਫ਼ ਚਲਾਏ ਜਾ ਰਹੇ ਸੰਘਰਸ਼ ਦੇ ਅਜਿਹੇ ਉਦਾਸੀ ਵਾਲੇ ਅੰਜਾਮ ਦੇ ਰੂਪ 'ਚ ਸਾਹਮਣੇ ਆਈ ਹੈ, ਜਿਸ ਦਾ ਪਹਿਲਾਂ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਸੀ। ਉਨ੍ਹਾਂ ਪੰਜ ਦਲਿਤ ਸਕਾਲਰਾਂ ਵਿਚੋਂ ਇਕ ਰੋਹਿਤ ਆਪਣੇ ਆਖ਼ਰੀ ਪਲ ਤਕ ਮਜ਼ਬੂਤੀ ਨਾਲ ਡੱਟਿਆ ਰਿਹਾ, ਜਿਨ੍ਹਾਂ ਨੂੰ ਪਿਛਾਖੜੀ ਵਿਦਿਆਰਥੀ



**ਮੀਨਾ ਕੰਦਾਸਾਮੀ**
**ਅਨੁਵਾਦ ਤੇ ਪੇਸ਼ਕਸ਼: ਬੂਟਾ ਸਿੰਘ**

ਜਥੇਬੰਦੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵਲੋਂ ਲਾਏ ਗਏ ਇਲਜ਼ਾਮਾਂ ਦੇ ਆਧਾਰ 'ਤੇ ਹੈਦਰਾਬਾਦ ਯੂਨੀਵਰਸਿਟੀ ਵਿਚੋਂ ਕੱਢ ਦਿੱਤਾ ਗਿਆ ਸੀ। ਇਥੋਂ ਤਕ ਕਿ ਮੌਤ ਦੇ ਰਾਹ ਉਪਰ ਧੱਕੇ ਜਾਣ ਦੇ ਆਪਣੇ ਆਖ਼ਰੀ ਵਕਤ ਵੀ ਰੋਹਿਤ ਨੇ ਹਾਲਾਤ ਨਾਲ ਮੱਥਾ ਲਾਉਣ ਦੀ ਆਪਣੀ ਲਚਕ ਬਰਕਰਾਰ ਰੱਖੀ। ਉਹ ਵਿਦਿਆਰਥੀਆਂ ਦੇ ਅਸੁਰੱਖਿਅਤ ਹਾਲਾਤ ਬਾਰੇ ਸਾਡੀਆਂ ਅੱਖਾਂ ਖੋਲ੍ਹ ਗਿਆ ਅਤੇ ਸਾਡੇ ਸਿਖਿਆ ਪ੍ਰਬੰਧ ਦੀ ਅਸਲ ਹਾਲਤ ਨੂੰ ਵੀ ਜੱਗ-ਜ਼ਾਹਿਰ ਕਰ ਗਿਆ: ਦਲਿਤ ਵਿਦਿਆਰਥੀਆਂ ਨੂੰ ਕੱਢਣ ਦੇ ਦਹਾਕੇ ਪੁਰਾਣੇ ਇਤਿਹਾਸ ਵਾਲਾ ਇਕ ਵਾਈਸ ਚਾਂਸਲਰ, ਸੱਜੇ ਪੱਖੀ ਹਿੰਦੂਤਵੀ ਤਾਕਤਾਂ ਦੀ ਬਦਲਾ ਲਊ ਮੁਹਿੰਮ ਵਿਚ ਕੇਂਦਰੀ ਮੰਤਰੀਆਂ ਦੀ ਸ਼ਮੂਲੀਅਤ, ਸਮੁੱਚੀ ਪ੍ਰਸ਼ਾਸਨਿਕ ਮਸ਼ੀਨਰੀ ਦਾ ਹੁਕਮਰਾਨ ਸਿਆਸੀ ਪਾਰਟੀਆਂ ਦੀ ਕਠਪੁਤਲੀ ਬਣ ਜਾਣਾ ਅਤੇ ਸਮਾਜੀ ਬੇਪ੍ਰਵਾਹੀ ਦੇ ਤ੍ਰਾਸਦਿਕ ਸਿੱਟੇ।

ਇਨ੍ਹਾਂ ਪੰਜ ਦਲਿਤ ਵਿਦਿਆਰਥੀਆਂ ਨੂੰ ਕੱਢੇ ਜਾਣ ਤੋਂ ਵਧ ਕੇ ਇਸ ਦੀ ਕੋਈ ਜ਼ਬਰਦਸਤ ਮਿਸਾਲ ਨਹੀਂ ਮਿਲ ਸਕਦੀ ਕਿ ਜਾਤਪਾਤੀ ਪ੍ਰਬੰਧ ਕੰਮ ਕਿਵੇਂ ਕਰਦਾ ਹੈ! ਹਾਲਾਂਕਿ ਉਨ੍ਹਾਂ ਨੂੰ ਕੱਢੇ ਜਾਣ ਦੀ ਵਜ੍ਹਾ ਨਾਲ ਦਲਿਤ ਬਹੁਜਨ ਵਿਦਿਆਰਥੀ ਭਾਈਚਾਰੇ ਦਰਮਿਆਨ ਇਕਜੁੱਟਤਾ ਦੀ ਭਾਵਨਾ ਮਜ਼ਬੂਤ ਹੋਈ ਸੀ, ਲੇਕਿਨ ਉਨ੍ਹਾਂ ਨੂੰ ਕੱਢੇ ਜਾਣ ਦੀ ਕਾਰਵਾਈ ਨੇ ਖ਼ੌਫ਼ਨਾਕ ਹਕੀਕਤਾਂ ਚੇਤੇ ਕਰਾ ਦਿੱਤੀਆਂ ਹਨ। ਬਿਲਕੁਲ ਮਨੂ ਸਮ੍ਰਿਤੀ ਵਲੋਂ ਆਵਰਣਾਂ (ਭਾਵ ਦਲਿਤਾਂ) ਨੂੰ ਜਾਤਪਾਤੀ ਖ਼ਾਨਿਆਂ ਤੋਂ ਬਾਹਰ ਰਹਿਣ ਦੇ ਫ਼ਰਮਾਨ ਵਾਂਗ ਹੀ, ਇਸ ਸਜ਼ਾ ਵਿਚ ਵੀ ਉਹ ਸਾਰੇ ਪ੍ਰਤੀਕ ਸ਼ਾਮਲ ਸਨ ਜਿਨ੍ਹਾਂ ਵਿਚ ਜਾਤਪਾਤੀ ਸਫ਼ਾਈ ਦੀ ਧਾਰਨਾ ਛੁਪੀ ਹੋਈ ਸੀ।

ਸਿਖਿਆ ਹੁਣ ਜ਼ਾਬਤਾਬੱਧ ਕਰਨ ਜਾਣ ਵਾਲਾ ਉੱਦਮ ਬਣ ਗਈ ਹੈ, ਜੋ ਦਲਿਤ ਵਿਦਿਆਰਥੀਆਂ ਦੇ ਖ਼ਿਲਾਫ਼ ਕੰਮ ਕਰ ਰਹੀ ਹੈ: ਉਹ ਲਗਾਤਾਰ ਰਸਟੀਕੇਟ ਕਰ ਦਿੱਤੇ ਜਾਣ, ਹਮੇਸ਼ਾ ਲਈ ਕੱਢ ਦਿੱਤੇ ਜਾਣ, ਬਦਨਾਮ ਕੀਤੇ ਜਾਣ ਜਾਂ ਪੜ੍ਹਾਈ ਛੁੱਟ ਜਾਣ ਦੇ ਖ਼ੌਫ਼ ਹੇਠ ਜਿਉਂਦੇ ਹਨ। ਇਕ ਐਸੇ ਸਮਾਜ ਵਿਚ ਜਿੱਥੇ ਵਿਦਿਆਰਥੀਆਂ ਨੇ ਰਾਖਵੇਂਕਰਨ ਦੀਆਂ ਨੀਤੀਆਂ ਜ਼ਰੀਏ ਉਚ ਸਿੱਖਿਆ ਸੰਸਥਾਵਾਂ ਵਿਚ ਪਹੁੰਚਣ ਦੇ ਸਮਰੱਥ ਬਣਾਉਣ ਵਾਲੀ, ਸੁਰੱਖਿਆ ਦੇਣ ਵਾਲੀ ਧਾਰਨਾ ਦੇ ਤਹਿਤ ਇਹ ਯਕੀਨੀ ਬਣਾਏ ਜਾਣ ਲਈ ਵਿਆਪਕ ਸੰਘਰਸ਼ ਕੀਤਾ ਹੈ। ਕਿਸੇ ਨੇ ਵੀ ਇਸ ਗੱਲ ਉੱਪਰ ਚਾਨਣਾ ਪਾਉਣ ਦੀ ਹਿੰਮਤ ਨਹੀਂ ਕੀਤੀ ਕਿ ਇਨ੍ਹਾਂ ਵਿਚੋਂ ਕਿੰਨੇ ਵਿਦਿਆਰਥੀਆਂ ਨੂੰ ਇਸ ਦੀ ਇਜਾਜ਼ਤ ਮਿਲਦੀ ਹੈ ਕਿ ਉਹ ਡਿਗਰੀ ਹਾਸਲ ਕਰ ਕੇ ਇਨ੍ਹਾਂ ਸੰਸਥਾਵਾਂ ਤੋਂ ਕਾਮਯਾਬ ਹੋ ਕੇ ਵਾਪਸ ਮੁੜ ਸਕਣ, ਤੇ ਕਿੰਨਿਆਂ ਨੂੰ ਪੜ੍ਹਾਈ ਅੱਧ-ਵਿਚਾਲੇ ਹੀ ਛੱਡਣੀ ਪੈ ਜਾਂਦੀ ਹੈ ਅਤੇ ਇਸ ਤਰ੍ਹਾਂ ਉਹ ਨਾ-ਉਮੀਦੀ ਦੀ ਨਿਰਾਸ਼ਤਾ ਦੇ ਪੱਕੇ ਸ਼ਿਕਾਰ ਹੋ ਜਾਂਦੇ ਹਨ ਅਤੇ ਕਿੰਨੇ ਆਖ਼ਿਰਕਾਰ ਮੌਤ ਦੇ ਅੰਜਾਮ ਤਕ ਜਾ ਪਹੁੰਚਦੇ ਹਨ।

ਰੋਹਿਤ ਵੇਮੁਲਾ ਵਰਗੇ ਜੋ ਦਲਿਤ ਵਿਦਿਆਰਥੀ ਡਾਕਟਰਲ ਡਿਗਰੀ ਲਈ ਯੂਨੀਵਰਸਿਟੀਆਂ ਵਿਚ ਦਾਖ਼ਲ ਹੋਣ ਵਿਚ ਕਾਮਯਾਬ ਹੋ ਜਾਂਦੇ ਹਨ, ਇਹੀ ਉਨ੍ਹਾਂ ਦੀ ਸਮਝਦਾਰੀ, ਜ਼ਿਦ ਅਤੇ ਜਾਤਪਾਤੀ ਭੇਦਭਾਵ ਦੇ ਖ਼ਿਲਾਫ਼ ਉਨ੍ਹਾਂ ਦੇ ਅਣਥੱਕ ਸੰਘਰਸ਼ ਦੀ ਨਿਸ਼ਾਨੀ ਹੁੰਦੀ ਹੈ, ਉਹ ਭੇਦਭਾਵ ਜੋ ਪਹਿਲੇ ਦਿਨ ਤੋਂ ਹੀ ਉਨ੍ਹਾਂ ਨੂੰ ਤਬਾਹ ਕਰ ਦੇਣ ਦੀ ਕੋਸ਼ਿਸ਼ ਕਰਦਾ ਹੈ।

ਜਾਤਪਾਤੀ ਧੌਂਸ ਨਾਲ ਗੜੁੱਚ ਪਾਠ-ਪੁਸਤਕਾਂ, ਅਲਹਿਦਗੀ ਨੂੰ ਹੋਰ ਵੀ ਪੱਕਾ ਕਰ ਦੇਣ ਵਾਲੇ ਕਾਲਜ ਕੈਂਪਸਾਂ ਦਾ ਮਾਹੌਲ, ਆਪਣੇ ਹੈਂਕੜਬਾਜ਼ ਜਾਤਪਾਤੀ ਰੁਤਬੇ ਉਪਰ ਹੰਕਾਰ ਕਰਨ ਵਾਲੇ ਹਮਜਮਾਤੀ, ਉਨ੍ਹਾਂ ਨੂੰ ਬਦਤਰ ਭਵਿੱਖ ਵੱਲ ਧੱਕਣ ਵਾਲੇ ਅਧਿਆਪਕ ਜੋ ਇਸ ਤਰ੍ਹਾਂ ਉਨ੍ਹਾਂ ਦੇ ਨਾਕਾਮ ਰਹਿਣ ਦੀ ਪੇਸ਼ੀਨਗੋਈ ਨੂੰ ਸੱਚ ਸਾਬਤ ਕਰਦੇ ਹਨ- ਇਹ ਸਾਰੇ ਦਲਿਤ ਵਿਦਿਆਰਥੀਆਂ ਲਈ ਅਪਾਰ ਅਸੰਭਵ ਚੁਣੌਤੀਆਂ ਹਨ। ਬੌਧਿਕ ਸ੍ਰੇਸ਼ਟਤਾ ਦੇ ਵਿਚਾਰ ਵਿਚ ਰੰਗੀ ਹੋਈ ਜਾਤ ਉਪਰ ਜਦੋਂ ਅਕਾਦਮਿਕ ਜਗਤ ਦੇ ਦਾਇਰਿਆਂ ਵਿਚ ਅਮਲ ਕੀਤਾ ਜਾਂਦਾ ਹੈ, ਤਾਂ ਉਹ ਜ਼ਿੰਦਗੀਆਂ ਨੂੰ ਨਿਗਲ ਜਾਣ ਅਤੇ ਜਾਨਾਂ ਲੈਣ ਵਾਲਾ ਇਕ ਘੋਰ ਜ਼ਹਿਰ ਬਣ ਜਾਂਦੀ ਹੈ। ਜਮਾਤਾਂ ਦੇ ਕਮਰੇ ਜਾਤਪਾਤ ਦੇ ਵਿਰੁੱਧ ਟਾਕਰੇ ਅਤੇ ਉਸ ਦੇ ਖ਼ਾਤਮੇ ਦੀਆਂ ਥਾਂਵਾਂ ਬਣਨ ਦੀ ਬਜਾਏ ਉਨ੍ਹਾਂ ਲੋਕਾਂ ਦੀ ਬੇਕਾਬੂ ਜਾਤਪਾਤੀ ਤਾਕਤ ਦੀ ਦਾਅਵੇਦਾਰੀ ਬਣ ਜਾਂਦੇ ਹਨ ਜੋ ਦਵਿੱਜ ਹੋਣ ਅਤੇ ਗਿਆਨ ਦੇ ਸੰਚਾਰ ਦੇ ਪਾਵਨ ਧਾਗਿਆਂ ਵਿਚ ਯਕੀਨ ਰੱਖਦੇ ਹਨ ਅਤੇ ਜੋ ਜਮਾਂਦਰੂ ਤੌਰ 'ਤੇ ਹੀ ਯਥਾ-ਸਥਿਤੀ ਨੂੰ ਬਰਕਰਾਰ ਰੱਖਣ ਨਾਲ ਬੱਝੇ ਹੋਏ ਹਨ।

ਬਾਈਕਾਟ ਦੇ ਖ਼ੌਫ਼ ਤੋਂ ਆਪਣੀ ਸ਼ਨਾਖ਼ਤ ਲੁਕੋਈ ਰੱਖਣ ਵਾਲੇ ਦਲਿਤ ਪਿਛੋਕੜ ਵਾਲੇ ਉਨ੍ਹਾਂ ਚੰਦ ਵਿਦਿਆਰਥੀਆਂ ਦੇ ਪਿਛੋਕੜ ਦੀ ਅਸਲੀਅਤ ਜਦੋਂ ਪਤਾ ਲੱਗ ਜਾਂਦੀ ਹੈ ਤਾਂ ਉਨ੍ਹਾਂ ਨੂੰ ਘੋਰ ਸਜ਼ਾ ਭੁਗਤਣੀ ਪੈਂਦੀ ਹੈ- ਮਿਥਹਾਸ ਵਾਲੇ ਪਾਤਰ ਕਰਨ ਵਾਂਗ ਉਨ੍ਹਾਂ ਨੂੰ ਜਾਨਲੇਵਾ ਨਾਕਾਮੀ ਦਾ ਸਰਾਪ ਦਿੱਤਾ ਜਾਂਦਾ ਹੈ। ਆਪਣੇ ਜ਼ੋਰ ਨਾਲ ਉਭਰਨ ਵਾਲੇ ਦਲਿਤ ਵਿਦਿਆਰਥੀਆਂ, ਜਿਨ੍ਹਾਂ ਦੀ ਸ਼ਨਾਖ਼ਤ ਸਾਰਿਆਂ ਦੇ ਸਾਹਮਣੇ ਪਹਿਲਾਂ ਹੀ ਜ਼ਾਹਿਰ ਹੁੰਦੀ ਹੈ ਤੇ ਜੋ ਕਹਾਵਤਾਂ ਵਿਚਲੇ ਏਕਲਵਿਯ ਬਣ ਜਾਂਦੇ ਹਨ, ਉਨ੍ਹਾਂ ਨੂੰ ਜ਼ਿੰਦਾ ਤਾਂ ਛੱਡ ਦਿੱਤਾ ਜਾਂਦਾ ਹੈ, ਲੇਕਿਨ ਉਨ੍ਹਾਂ ਨੂੰ ਆਪਣੀ ਕਲਾ ਦੇ ਜੌਹਰ ਵਿਖਾਉਣ ਤੋਂ ਨਾਕਾਮ ਬਣਾ ਦਿੱਤਾ ਜਾਂਦਾ ਹੈ। ਐਸਾ ਸਿਰਫ਼ ਵਿਦਿਆਰਥੀਆਂ ਨਾਲ ਹੀ ਨਹੀਂ ਹੁੰਦਾ, ਕਿਉਂਕਿ ਜਾਤਪਾਤੀ ਸੱਤਾ ਦੇ ਇਨ੍ਹਾਂ ਗਲਿਆਰਿਆਂ ਵਿਚ ਦਲਿਤ-ਬਹੁਜਨ ਫੈਕਲਟੀ ਨੂੰ ਭੀ ਸਮਾਜ ਵਿਚੋਂ ਛੇਕੇ ਦਿੱਤੇ ਜਾਣ ਦਾ ਸਾਹਮਣਾ ਕਰਨਾ ਪੈਂਦਾ ਹੈ। ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ.ਆਈ.ਟੀ.) ਮਦਰਾਸ ਵਿਚ ਆਪਣੀ ਮਾਂ ਦੇ ਸੰਘਰਸ਼ ਨੂੰ ਮੈਂ ਜਿੰਨਾ ਹੈਰਾਨੀ ਨਾਲ ਤੱਕਿਆ ਹੈ, ਉਨੀ ਹੀ ਬੇਵਸੀ ਨਾਲ ਮੈਂ ਇਸ ਔਰਤ ਨੂੰ ਟੁੱਟਦੇ ਅਤੇ ਬਿਖਰਦੇ ਹੋਏ ਵੀ ਦੇਖਿਆ ਹੈ ਜੋ ਮੈਨੂੰ ਬਹੁਤ ਪਿਆਰੀ ਹੈ। ਸੂਚੀ ਦਰਜ ਜਾਤਾਂ, ਸੂਚੀ ਦਰਜ ਕਬੀਲਿਆਂ/ਹੋਰ ਪਿਛੜੇ ਵਰਗਾਂ ਦੇ ਫੈਕਲਟੀ ਮੈਂਬਰਾਂ ਦੀ ਸਾਡੇ ਆਈ.ਆਈ.ਟੀ./ਇੰਡੀਅਨ ਇੰਸਟੀਚਿਊਟਸ ਆਫ ਮੈਨੇਜਮੈਂਟ ਅਤੇ ਯੂਨੀਵਰਸਿਟੀਆਂ ਵਿਚ ਨਾਂਮਾਤਰ ਨੁਮਾਇੰਦਗੀ ਇਸ ਜਾਤਪਾਤੀ ਵਿਤਕਰੇ ਨੂੰ ਹੋਰ ਜ਼ਰਬਾਂ ਦੇ ਦਿੰਦੀ ਹੈ, ਕਿਉਂਕਿ ਇਸ ਤਰ੍ਹਾਂ ਦੇ ਪਿਛੋਕੜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਅਜਿਹੀ ਸਹਾਇਤਾ ਦੇਣ ਵਾਲਾ ਭਾਈਚਾਰਾ ਵੀ ਨਸੀਬ ਨਹੀਂ ਹੁੰਦਾ, ਜੋ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਸੁਣ ਸਕੇ ਜਾਂ ਉਨ੍ਹਾਂ ਨੂੰ ਸਲਾਹ ਦੇ ਸਕੇ।

ਬ੍ਰਾਹਮਣਵਾਦੀ ਪ੍ਰੋਫੈਸਰਾਂ ਦੇ ਇੰਟਰਵਿਊ ਪੈਨਲ ਅੱਗੇ ਜਿਨ੍ਹਾਂ ਦਾ ਦੋਖੀਪਣ ਕਿਸੇ ਫਾਇਰਿੰਗ ਸੁਕਐਡ ਦੀ ਯਾਦ ਦਿਵਾ ਦਿੰਦਾ ਹੈ, ਕੋਈ ਵਿਦਿਆਰਥੀ/ਵਿਦਿਆਰਥਣ ਆਪਣੇ ਬਲਬੂਤੇ ਕਿਵੇਂ ਟਿਕ ਸਕਦਾ/ਸਕਦੀ ਹੈ? ਇਹ ਪ੍ਰੋਫੈਸਰ ਜਿਨ੍ਹਾਂ ਨੇ ਇਕ ਪਾਸੇ ਹੋ ਸਕਦਾ ਹੈ ਕਿ ਨਿਊਕਲੀਅਰ ਭੌਤਿਕ ਵਿਗਿਆਨ ਵਿਚ ਮੁਹਾਰਤ ਹਾਸਲ ਕਰ ਲਈ ਹੋਵੇ, ਲੇਕਿਨ ਦੂਜੇ ਪਾਸੇ ਆਪਣੇ ਲਾਡਲੇ ਜਾਤਪਾਤੀ ਤੁਅੱਸਬਾਂ ਨੂੰ ਹਿੱਕ ਨਾਲ ਲਾਈ ਰੱਖਦੇ ਹਨ; ਤੇ ਉਹ ਅਕਾਦਮਿਕ ਜਗਤ ਵਿਚ ਜਾਤਪਾਤੀ ਦਹਿਸ਼ਤਵਾਦ ਦੇ ਮਸਲੇ ਦੇ ਮਹਿਜ਼ ਇਕ ਪਾਸਾਰ ਦੀ ਹੀ ਨੁਮਾਇੰਦਗੀ ਕਰਦੇ ਹਨ। ਜਦੋਂ ਉਨ੍ਹਾਂ ਦਾ ਮੇਲ ਏ.ਬੀ.ਵੀ.ਪੀ. ਵਰਗੇ ਪਿਛਾਖੜੀ ਸਿਆਸੀ ਵਿਦਿਆਰਥੀ ਗਰੋਹਾਂ ਨਾਲ ਹੋ ਜਾਂਦਾ ਹੈ ਤਾਂ ਇਹ ਖ਼ਤਰਨਾਕ ਪੱਧਰ 'ਤੇ ਜਾ ਪਹੁੰਚਦਾ ਹੈ।

ਸਾਡੀਆਂ ਯੂਨੀਵਰਸਿਟੀਆਂ ਆਧੁਨਿਕ ਕਤਲਗਾਹਾਂ ਬਣ ਚੁੱਕੀਆਂ ਹਨ। ਸਾਰੇ ਹੀ ਹੋਰ ਮੈਦਾਨ-ਏ-ਜੰਗ ਵਾਂਗ, ਉੱਚ ਸਿੱਖਿਆ ਸੰਸਥਾਵਾਂ ਵੀ ਜਾਤਪਾਤੀ ਵਿਤਕਰੇ ਦੇ ਨਾਲ-ਨਾਲ ਹੋਰ ਚੀਜ਼ਾਂ ਵਿਚ ਮੁਹਾਰਤ ਹਾਸਲ ਕਰ ਚੁੱਕੀਆਂ ਹਨ। ਉਹ ਵਿਦਿਆਰਥਣਾਂ ਅਤੇ ਔਰਤ ਫੈਕਲਟੀ ਦੇ ਲਿੰਗਕ ਸ਼ੋਸ਼ਣ ਲਈ ਬਦਨਾਮ ਹਨ; ਕਹਾਣੀਆਂ ਜੋ ਦਬਾ ਦਿੱਤੀਆਂ ਜਾਂਦੀਆਂ ਹਨ, ਕਹਾਣੀਆਂ ਜਿਨ੍ਹਾਂ ਨੂੰ ਵਿਰੋਧ ਕਰਨ ਵਾਲੀਆਂ ਸ਼ਿਕਾਇਤ ਕਰਤਾਵਾਂ ਦੀ ਕਿਰਦਾਰਕੁਸ਼ੀ ਕਰਨ ਲਈ ਤੋੜ-ਮਰੋੜ ਕੇ ਪੇਸ਼ ਕੀਤਾ ਦਿੱਤਾ ਜਾਂਦਾ ਹੈ, ਜੋ ਆਵਾਜ਼ ਉਠਾਉਂਦੀਆਂ ਹਨ, ਤੇ ਜੋ ਆਪਣੇ ਨਾਲ ਧਮਕੀ ਹੇਠ, ਮਜਬੂਰੀ ਵੱਸ ਜਾਂ ਜ਼ਬਰਦਸਤੀ ਸੈਕਸ ਸਬੰਧ ਬਣਾਉਣ ਦੇ ਕਿਸੇ ਵੀ ਯਤਨ ਨੂੰ ਕਾਮਯਾਬ ਨਹੀਂ ਹੋਣ ਦਿੰਦੀਆਂ। ਜਿਵੇਂ ਰੋਹਿਤ ਦੀ ਖ਼ੁਦਕੁਸ਼ੀ ਨੇ ਖ਼ਾਮੋਸ਼ੀਆਂ ਨੂੰ ਤੋੜਦੇ ਹੋਏ ਜਾਤਪਾਤ ਦੀ ਕਾਤਲ ਸ਼ਨਾਖ਼ਤ ਜੱਗ-ਜ਼ਾਹਿਰ ਕਰ ਦਿੱਤੀ ਹੈ, ਐਨ ਉਸੇ ਤਰ੍ਹਾਂ ਇਕ ਦਿਨ ਅਸੀਂ ਉਨ੍ਹਾਂ ਔਰਤਾਂ ਦੀਆਂ ਕਹਾਣੀਆਂ ਵੀ ਸੁਣਾਂਗੇ ਜਿਨ੍ਹਾਂ ਨੂੰ ਇਨ੍ਹਾਂ ਏਕਾਂਤ ਟਾਪੂਆਂ ਤੋਂ ਮੌਤ ਦੇ ਸਮੁੰਦਰ ਦੇ ਹਵਾਲੇ ਕਰ ਦਿੱਤਾ ਗਿਆ।

ਅਸੀਂ ਹੈਦਰਾਬਾਦ ਯੂਨੀਵਰਸਿਟੀ ਮਾਮਲੇ ਵਿਚ ਜੋ ਦੇਖਿਆ ਹੈ, ਉਹ ਜਾਤਪਾਤੀ ਸ੍ਰੇਸ਼ਟਤਾ ਅਤੇ ਸਿਆਸੀ ਮਿਲੀਭੁਗਤ ਦਾ ਖ਼ਤਰਨਾਕ ਗੰਢ-ਚਿਤਰਾਵਾ ਹੈ। ਵਿਦਿਆਰਥੀਆਂ ਨੂੰ ਧਮਕਾਉਣ ਅਤੇ ਦਬਾਉਣ ਵਿਚ ਰਾਜ-ਮਸ਼ੀਨਰੀ, ਖ਼ਾਸ ਕਰ ਕੇ ਪੁਲਿਸ ਬਲਾਂ ਦੀ ਭੂਮਿਕਾ ਕੈਂਪਸਾਂ ਵਿਚ ਜਬਰ ਦੇ ਪੁਰਾਣੇ ਅਤੇ ਅਜ਼ਮਾਏ ਹੋਏ ਤਰੀਕਿਆਂ ਵਜੋਂ ਪੈਰ ਜਮਾ ਚੁੱਕੀ ਹੈ। ਆਈ.ਆਈ.ਟੀ. ਮਦਰਾਸ ਵਿਚ ਅੰਬੇਡਕਰ ਪੇਰੀਆਰ ਸਟੱਡੀ ਸਰਕਲ ਦੀ ਮਾਨਤਾ ਖ਼ਤਮ ਕਰਨ ਤੋਂ ਬਾਅਦ ਦੇ ਦਿਨਾਂ ਵਿਚ ਵਰਦੀਧਾਰੀ ਮਰਦ-ਔਰਤਾਂ ਕੈਂਪਸ ਵਿਚ ਹਰ ਜਗ੍ਹਾ ਦਿਨ-ਰਾਤ ਤਾਇਨਾਤ ਰਹਿੰਦੇ ਸਨ ਅਤੇ ਇਸ ਦੇ ਗੇਟਾਂ ਦੀ ਪਹਿਰੇਦਾਰੀ ਕਰਦੇ ਸਨ (ਇਹ ਫ਼ੈਸਲਾ ਕਾਫ਼ੀ ਵਿਰੋਧ ਤੋਂ ਬਾਅਦ ਵਾਪਸ ਲਿਆ ਗਿਆ ਸੀ)। ਹੁਣ ਇਸੇ ਤਰ੍ਹਾਂ ਹੈਦਰਾਬਾਦ ਕੈਂਪਸ ਵਿਚ ਹਥਿਆਰਬੰਦ ਪੁਲਿਸ ਦੀ ਭਾਰੀ ਤਾਇਨਾਤੀ ਹੈ ਅਤੇ ਦਫ਼ਾ 144 ਦੇ ਤਹਿਤ ਕਰਫ਼ਿਊ ਲਗਾ ਦਿੱਤਾ ਗਿਆ।

ਰੋਹਿਤ ਤੁਸੀਂ ਕਾਰਲ ਸੇਗਾਨ ਵਾਂਗ ਵਿਗਿਆਨ ਲੇਖਕ ਬਣਨ ਦਾ ਆਪਣਾ ਖ਼ਵਾਬ ਪਿੱਛੇ ਛੱਡ ਗਏ ਹੋ ਅਤੇ ਸਾਡੇ ਕੋਲ ਸਿਰਫ਼ ਤੁਹਾਡੇ ਸ਼ਬਦ ਰਹਿ ਗਏ ਹਨ। ਹੁਣ ਸਾਡੇ ਹਰ ਸ਼ਬਦ ਵਿਚ ਤੁਹਾਡੀ ਮੌਤ ਦਾ ਵਜ਼ਨ ਹੈ, ਹਰ ਅੱਥਰੂ ਵਿਚ ਤੁਹਾਡਾ ਅਧੂਰਾ ਖ਼ਵਾਬ ਹੈ। ਅਸੀਂ ਵਿਸਫੋਟ ਹੋਣ ਲਈ ਤਿਆਰ-ਬਰ-ਤਿਆਰ ਉਹ ਤਾਰਾ-ਮੰਡਲ ਬਣਾਂਗੇ ਜਿਸ ਦੀ ਗੱਲ ਤੁਸੀਂ ਕੀਤੀ ਹੈ, ਉਹ ਮੰਡਲ ਜਿਸ ਦੀ ਜ਼ੁਬਾਨ ਉਪਰ ਜਾਤਪਾਤ ਦੇ ਇਸ ਜਾਬਰ ਪ੍ਰਬੰਧ ਨੂੰ ਸਾੜ ਕੇ ਸੁਆਹ ਕਰ ਦੇਣ ਦੀ ਦਾਸਤਾਨ ਹੋਵੇਗੀ। ਇਸ ਮੁਲਕ ਦੀ ਹਰ ਯੂਨੀਵਰਸਿਟੀ ਵਿਚ, ਹਰ ਕਾਲਜ ਵਿਚ, ਹਰ ਸਕੂਲ ਵਿਚ, ਸਾਡੇ ਹਰ ਨਾਅਰੇ ਵਿਚ ਤੁਹਾਡੇ ਸੰਘਰਸ਼ ਦਾ ਜਜ਼ਬਾ ਹੋਵੇਗਾ। ਡਾ. ਅੰਬੇਡਕਰ ਨੇ ਜਾਤਪਾਤ ਨੂੰ ਐਸਾ ਸ਼ੈਤਾਨ ਕਰਾਰ ਦਿੱਤਾ ਸੀ ਜੋ ਤੁਸੀਂ ਜਿੱਧਰ ਵੀ ਮੂੰਹ ਕਰੋ, ਤੁਹਾਡਾ ਰਸਤਾ ਕੱਟਦਾ ਨਜ਼ਰ ਆਉਂਦਾ ਹੈ ਅਤੇ ਹਿੰਦੁਸਤਾਨੀ ਸਿੱਖਿਆ ਸੰਸਥਾਵਾਂ ਜੋ ਅਗਰਾਹਰਮ (ਦੱਖਣ ਵਿਚ ਸਿਰਫ਼ ਤੇ ਸਿਰਫ਼ ਬ੍ਰਾਹਮਣਾਂ ਦੇ ਖ਼ਾਸ ਹਾਰਨੁਮਾ ਬਣਤਰ ਵਾਲੇ ਪਿੰਡ ਜਿਨ੍ਹਾਂ ਦੇ ਇਕ ਸਿਰੇ 'ਤੇ ਸ਼ਿਵ ਦਾ ਅਤੇ ਦੂਜੇ ਉਪਰ ਵਿਸ਼ਨੂੰ ਦਾ ਮੰਦਰ ਹੁੰਦਾ ਹੈ) ਬਣ ਚੁੱਕੀਆਂ ਹਨ, ਉਨ੍ਹਾਂ ਦੇ ਅੰਦਰ ਸਾਡੀ ਜਿਸਮਾਨੀ ਮੌਜੂਦਗੀ ਵਿਚ ਹੀ ਜਾਤਪਾਤ ਦੇ ਬੀਜ-ਨਾਸ਼ ਦਾ ਪੈਗ਼ਾਮ ਸਮੋਇਆ ਹੋਣਾ ਚਾਹੀਦਾ ਹੈ।

ਅਕਾਦਮਿਕ ਜਗਤ ਉਪਰ ਆਪਣੀ ਹੱਕ-ਜਤਾਈ ਕਰਨ ਵਾਲੇ ਇਕ ਦਲਿਤ, ਇਕ ਸ਼ੂਦਰ, ਇਕ ਆਦਿਵਾਸੀ, ਇਕ ਬਹੁਜਨ, ਇਕ ਔਰਤ ਨਾਲ ਸਾਹਮਣਾ ਹੋਣ 'ਤੇ ਹਰ ਘਿਨਾਉਣੀ ਜਾਤਪਾਤੀ ਤਾਕਤ ਨੂੰ ਥਰ-ਥਰ ਕੰਬਣ ਦਿਓ, ਉਨ੍ਹਾਂ ਨੂੰ ਇਹ ਅਹਿਸਾਸ ਹੋਣ ਦਿਓ ਕਿ ਅਸੀਂ ਇਥੇ ਐਸੇ ਪ੍ਰਬੰਧ ਦਾ ਖ਼ਾਤਮਾ ਕਰਨ ਲਈ ਆਏ ਹਾਂ ਜੋ ਸਾਨੂੰ ਖ਼ਤਮ ਕਰਨ ਦੀ ਪੂਰੀ ਵਾਹ ਲਾਉਂਦਾ ਰਿਹਾ ਹੈ, ਕਿ ਅਸੀਂ ਇਥੇ ਉਨ੍ਹਾਂ ਲੋਕਾਂ ਲਈ ਹਊਆ ਬਣਨ ਆਏ ਹਾਂ ਜਿਨ੍ਹਾਂ ਨੇ ਸਾਥੋਂ ਸਾਡੇ ਖ਼ਵਾਬ ਖੋਹਣ ਦੀ ਹਿੰਮਤ ਕੀਤੀ ਹੈ। ਉਨ੍ਹਾਂ ਨੂੰ ਇਸ ਦਾ ਅਹਿਸਾਸ ਹੋਣ ਦਿਓ ਕਿ ਵੈਦਿਕ ਯੁਗ, ਪਵਿੱਤਰ ਗ੍ਰੰਥਾਂ ਦੀ ਗੱਲ ਕੰਨੀਂ ਪਾ ਲੈਣ ਵਾਲੇ ਸ਼ੂਦਰ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਉਣ ਦਾ ਯੁਗ, ਵਾਂਝੇ ਕੀਤੇ ਗਏ ਗਿਆਨ ਨੂੰ ਆਪਣੀ ਜ਼ੁਬਾਨ ਉਪਰ ਲਿਆਉਣ ਦੀ ਜ਼ੁਅਰਤ ਕਰਨ ਵਾਲਿਆਂ ਦੀ ਜ਼ੁਬਾਨ ਵੱਢ ਦੇਣ ਦਾ ਯੁਗ ਕਦੋਂ ਦਾ ਬੀਤ ਚੁੱਕਾ ਹੈ।

ਹੁਣ ਉਹ ਇਹ ਸਮਝ ਲੈਣ ਕਿ ਅਸੀਂ ਤਾਲੀਮ ਲੈਣ, ਸੰਘਰਸ਼ ਕਰਨ ਅਤੇ ਜਥੇਬੰਦ ਹੋਣ ਲਈ ਇਨ੍ਹਾਂ ਗੜ੍ਹਾਂ-ਮੱਠਾਂ ਉਪਰ ਹੱਲਾ ਬੋਲ ਦਿੱਤਾ ਹੈ; ਅਸੀਂ ਇਥੇ ਮਰਨ ਲਈ ਨਹੀਂ ਆਏ, ਅਸੀਂ ਸਿੱਖਣ ਲਈ ਆਏ ਹਾਂ, ਲੇਕਿਨ ਜਾਤਪਾਤ ਦੇ ਸ਼ੈਤਾਨਾਂ ਅਤੇ ਉਨ੍ਹਾਂ ਦੇ ਕਰਿੰਦੇ ਇਹ ਗੱਲ ਸਮਝ ਲੈਣ ਕਿ ਅਸੀਂ ਇਥੇ ਉਨ੍ਹਾਂ ਨੂੰ ਇਕ ਐਸਾ ਸਬਕ ਸਿਖਾਉਣ ਵੀ ਆਏ ਹਾਂ, ਜਿਸ ਨੂੰ ਉਹ ਕਦੀ ਭੁੱਲ ਨਹੀਂ ਸਕਣਗੇ।



***ਦਲਿਤ ਵਿਦਿਆਰਥੀਆਂ ਨੂੰ ਕੱਢੇ ਜਾਣ ਤੋਂ ਵਧ ਕੇ ਇਸ ਦੀ ਕੋਈ ਜ਼ਬਰਦਸਤ ਮਿਸਾਲ ਨਹੀਂ ਮਿਲ ਸਕਦੀ ਕਿ ਜਾਤਪਾਤੀ ਪ੍ਰਬੰਧ ਕੰਮ ਕਿਵੇਂ ਕਰਦਾ ਹੈ! ਹਾਲਾਂਕਿ ਉਨ੍ਹਾਂ ਨੂੰ ਕੱਢੇ ਜਾਣ ਦੀ ਵਜ੍ਹਾ ਨਾਲ ਦਲਿਤ ਬਹੁਜਨ ਵਿਦਿਆਰਥੀ ਭਾਈਚਾਰੇ ਦਰਮਿਆਨ ਇਕਜੁੱਟਤਾ ਦੀ ਭਾਵਨਾ ਮਜ਼ਬੂਤ ਹੋਈ ਸੀ, ਲੇਕਿਨ ਉਨ੍ਹਾਂ ਨੂੰ ਕੱਢੇ ਜਾਣ ਦੀ ਕਾਰਵਾਈ ਨੇ ਖ਼ੌਫ਼ਨਾਕ ਹਕੀਕਤਾਂ ਚੇਤੇ ਕਰਾ ਦਿੱਤੀਆਂ ਹਨ। ਬਿਲਕੁਲ ਮਨੂ ਸਮ੍ਰਿਤੀ ਵਲੋਂ ਦਲਿਤਾਂ ਨੂੰ ਜਾਤਪਾਤੀ ਖ਼ਾਨਿਆਂ ਤੋਂ ਬਾਹਰ ਰਹਿਣ ਦੇ ਫ਼ਰਮਾਨ ਵਾਂਗ ਹੀ, ਇਸ ਸਜ਼ਾ ਵਿਚ ਵੀ ਉਹ ਸਾਰੇ ਪ੍ਰਤੀਕ ਸ਼ਾਮਲ ਸਨ ਜਿਨ੍ਹਾਂ ਵਿਚ ਜਾਤਪਾਤੀ ਸਫ਼ਾਈ ਦੀ ਧਾਰਨਾ ਛੁਪੀ ਹੋਈ ਸੀ।***



ਰੋਹਿਤ ਵੇਮੁਲਾ

***ਰੋਹਿਤ... ... ਤੁਸੀਂ ਕਾਰਲ ਸੇਗਾਨ ਵਾਂਗ ਵਿਗਿਆਨ ਲੇਖਕ ਬਣਨ ਦਾ ਆਪਣਾ ਖ਼ਵਾਬ ਪਿੱਛੇ ਛੱਡ ਗਏ ਹੋ ਅਤੇ ਸਾਡੇ ਕੋਲ ਸਿਰਫ਼ ਤੁਹਾਡੇ ਸ਼ਬਦ ਰਹਿ ਗਏ ਹਨ।***

ਲਿਖਤੁਮ

# ਕਰਮ ਧਰਮ ਪਾਖੰਡ ਜੋ ਦੀਸਹਿ...



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਮੇਰੇ ਸਾਹਮਣੇ ਇੰਗਲੈਂਡ ਤੋਂ ਛਪਦੀ ਇਕ ਪੰਜਾਬੀ ਅਖਬਾਰ ਪਈ ਹੈ। ਇਸ ਦੇ ਪਹਿਲੇ ਸਫੇ ਉਤੇ ਇਕ ਮੁਟਿਆਰ ਦੀ ਫੋਟੋ ਹੈ ਜੋ ਕਿਸੇ ਨੂੰ ਆਪਣੇ ਮੋਬਾਈਲ ਫੋਨ ਤੋਂ ਫੋਟੋਆਂ ਦਿਖਾ ਰਹੀ ਜਾਪਦੀ ਹੈ। ਉਸ ਦੇ ਨਾਲ ਇਕ ਸਰਦਾਰ ਜੀ ਦੀ ਫੋਟੋ ਹੈ ਜਿਸ ਦੇ ਸਿਰ 'ਤੇ ਬੱਝੀ ਹੋਈ ਠੋਕਵੀਂ ਪਟਿਆਲਾਸ਼ਾਹੀ ਪੱਗ ਦਾ 'ਕੱਲਾ-ਕੱਲਾ ਪੇਚ ਸਾਫ ਗਿਣਿਆ ਜਾ ਸਕਦਾ ਹੈ। ਉਸ ਦੀ ਛਾਂਗਵੀਂ ਦਾੜ੍ਹੀ, ਪਰ ਮੁੱਛਾਂ ਪੂਰਾ ਤਾਅ ਦੇ ਕੇ 'ਤਾਂਹ ਨੂੰ ਖੜ੍ਹੀਆਂ ਕੀਤੀਆਂ ਹੋਈਆਂ ਹਨ। ਅਫੀਮਚੀਆਂ ਵਰਗੀਆਂ ਉਸ ਦੀਆਂ ਅੱਖਾਂ ਫੋਟੋ ਵਿਚ ਵੀ ਪੂਰੀਆਂ ਚੜ੍ਹੀਆਂ ਹੋਈਆਂ ਦਿਖਾਈ ਦਿੰਦੀਆਂ ਹਨ। ਇਨ੍ਹਾਂ ਦੋਹਾਂ ਦਾ ਰਿਸ਼ਤਾ ਪਿਉ-ਧੀ ਵਾਲਾ ਦੱਸਿਆ ਗਿਆ ਹੈ। ਧੀ ਦਾ ਨਾਂ ਬੀਬਾ ਰਵਨੀਤ ਕੌਰ ਅਤੇ ਬਾਪ ਦਾ ਨਾਂ ਸ. ਸਲਵਿੰਦਰ ਸਿੰਘ ਲਿਖਿਆ ਹੋਇਆ ਹੈ।

ਜੀ ਹਾਂ, ਉਹੀ ਐਸ.ਪੀ. ਸਲਵਿੰਦਰ ਸਿੰਘ ਜਿਸ ਬਾਰੇ ਅੱਜ ਕੱਲ੍ਹ ਸ਼ੱਕ ਦਾ ਬਾਜ਼ਾਰ ਗਰਮ ਹੈ ਕਿ ਮੁਲਕ ਦੀ ਫੌਜ ਦੇ ਪਠਾਨਕੋਟ ਵਾਲੇ ਏਅਰਬੇਸ 'ਤੇ ਹੋਏ ਦਹਿਸ਼ਤੀ ਹਮਲੇ ਵਿਚ ਉਸ ਦਾ ਵੀ ਕੋਈ ਨਾ ਕੋਈ ਲਾਗਾ-ਦੇਗਾ ਹੋ ਸਕਦਾ ਹੈ। ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਨੇ, ਉਦੋਂ ਵੀ ਇਸ ਅਫਸਰ ਬਾਰੇ ਲਗਾਤਾਰ ਖਬਰਾਂ ਆ ਰਹੀਆਂ ਨੇ।

ਕਿਤੇ ਦੱਸਿਆ ਜਾ ਰਿਹਾ ਹੈ ਕਿ ਪੰਜਾਬ ਪੁਲਿਸ ਦੇ ਵੱਡੇ ਅਫਸਰ ਇਸ ਤੋਂ ਪੁੱਛ-ਪੜਤਾਲ ਕਰ ਰਹੇ ਹਨ। ਕਦੇ ਦੱਸਿਆ ਜਾਂਦਾ ਹੈ ਕਿ ਪੁੱਛ-ਗਿਛ ਲਈ ਉਸ ਨੂੰ ਦਿੱਲੀ ਲਿਜਾਇਆ ਗਿਆ ਹੈ। ਦਿੱਲੀਓਂ ਆ ਰਹੀ ਜਾਣਕਾਰੀ ਅਨੁਸਾਰ ਉਸ ਦੀ ਜਾਂਚ-ਪੜਤਾਲ 'ਲਾਈ ਡਿਟੈਕਟਰ' ਭਾਵ ਝੂਠ ਫੜਨ ਵਾਲੀ ਮਸ਼ੀਨ ਨਾਲ ਕੀਤੀ ਗਈ ਹੈ। ਉਸ ਨੇ ਇਹ ਵੀ ਇਕਬਾਲ ਕਰ ਲਿਆ ਹੈ ਕਿ ਉਸ ਨੇ ਸਰਹੱਦ ਪਾਰੋਂ ਆਏ ਦਹਿਸ਼ਤਗਰਦਾਂ ਦੀ ਟੋਲੀ ਨੂੰ ਨਸ਼ਿਆਂ ਦੇ ਸਮਗਲਰ ਸਮਝ ਲਿਆ ਸੀ, ਇਸ ਲਈ ਉਨ੍ਹਾਂ ਦੀ ਕੋਈ ਰੋਕ-ਟੋਕ ਨਹੀਂ ਕੀਤੀ, ਕਿਉਂਕਿ ਇਸ ਕਾਰੋਬਾਰ ਵਿਚ ਲੱਗੇ ਸੌਦਾਗਰਾਂ ਪਾਸੋਂ ਉਸ ਨੂੰ ਹੀਰੇ ਮਿਲਦੇ ਸਨ। ਉਚ ਪੱਧਰੀ ਜਾਂਚ ਏਜੰਸੀਆਂ ਵੱਲੋਂ ਸਲਵਿੰਦਰ ਸਿੰਘ ਦੀ ਕੀਤੀ ਜਾ ਰਹੀ ਪੁੱਛ-ਗਿੱਛ ਵਿਚੋਂ ਕੀ ਨਿਕਲਦਾ ਹੈ, ਇਹ ਤਾਂ ਏਜੰਸੀਆਂ ਜਾਣਨ ਜਾਂ ਸਰਕਾਰ; ਸਾਰਾ ਕੁਝ ਮੀਡੀਆ ਵਿਚ ਆ ਹੀ ਜਾਣਾ ਹੈ।

ਹਥਲਾ ਲੇਖ ਨਾ ਤਾਂ ਸਲਵਿੰਦਰ ਸਿੰਘ ਦੀ ਪਠਾਨਕੋਟ ਕਾਂਡ ਵਿਚ ਕਿਸੇ ਤਰ੍ਹਾਂ ਦੀ ਸ਼ਮੂਲੀਅਤ ਹੋਣ ਦੀ ਚਿੰਤਾ ਵਿਚ ਲਿਖਿਆ ਜਾ ਰਿਹਾ ਹੈ ਅਤੇ ਨਾ ਹੀ ਉਹਦੇ ਬਾਰੇ ਛਪੀਆਂ ਕੁਝ ਹੋਰ ਐਸੀਆਂ ਜਾਣਕਾਰੀਆਂ 'ਤੇ ਟਿੱਪਣੀ ਹੀ ਕਰਨੀ ਹੈ ਕਿ ਜਦ ਉਸ ਦਾ ਟਾਕਰਾ ਦਹਿਸ਼ਤਗਰਦਾਂ ਨਾਲ ਹੋਇਆ, ਉਦੋਂ ਉਸ ਨਾਲ ਹੀਰਿਆਂ ਦਾ ਕੋਈ ਪ੍ਰਸਿੱਧ ਵਪਾਰੀ ਵੀ ਸੀ। ਠਾਠ-ਬਾਠ ਨਾਲ ਜ਼ਿੰਦਗੀ ਬਿਤਾ ਰਹੇ ਇਸ ਅਫਸਰ 'ਤੇ ਇਸ ਗੱਲੋਂ ਵੀ ਕੋਈ ਹੈਰਾਨੀ ਨਹੀਂ ਪ੍ਰਗਟਾਉਣੀ ਕਿ ਸ਼ਾਦੀ-ਸ਼ੁਦਾ ਹੋਣ ਦੇ ਬਾਵਜੂਦ ਇਸ ਨੂੰ ਰਸੋਈਆ ਮਿਲਿਆ ਹੋਇਆ ਸੀ ਜੋ ਹਰ ਸਮੇਂ ਆਪਣੇ ਇਸ 'ਸ਼ਾਹੀ ਅਫਸਰ' ਦੀ ਤਾਬਿਆਦਾਰੀ ਵਿਚ ਰਹਿੰਦਾ ਸੀ। ਇਸ ਐਸ.ਪੀ. ਸਾਹਿਬ ਦੀ ਕਿਸੇ ਸਥਾਨਕ ਸਿਆਸੀ ਆਗੂ ਨਾਲ ਯਾਰੀ ਦੇ ਪਿਛੋਕੜ ਦਾ ਚੀਰ-ਫਾੜ ਕਰਨਾ ਵੀ ਮੇਰਾ ਵਿਸ਼ਾ ਨਹੀਂ ਹੈ।

ਕਹਿਣ ਦਾ ਭਾਵ ਕਿ ਖਤਰਨਾਕ ਤੇ ਗੰਭੀਰ ਸ਼ੱਕ ਨਾਲ ਭਰਪੂਰ ਇਸ ਕਾਂਡ ਵਿਚ ਹੈ ਤਾਂ ਬਹੁਤ ਕੁਝ ਹੈਰਤ-ਅੰਗੇਜ਼, ਪਰ ਆਪਣੀ ਸੋਚ ਮੁਤਾਬਕ, ਮੇਰੇ ਲਈ ਸਿਤਮਜ਼ਰੀਫੀ ਇਹ ਹੈ ਕਿ ਆਪਣੇ ਆਪ ਨੂੰ ਸਿੱਖ ਕਹਾਉਣ ਵਾਲਾ ਸਲਵਿੰਦਰ ਸਿੰਘ ਬਾਰਡਰ ਏਰੀਏ ਵਿਚ ਸਥਿਤ ਕਿਸੇ ਕਬਰ ਦਾ ਪੁਜਾਰੀ ਹੈ। ਇੰਗਲੈਂਡ ਵਾਲੀ ਅਖਬਾਰ ਵਿਚ ਛਪੀ ਖਬਰ ਅਨੁਸਾਰ ਇਸ ਅਫਸਰ ਦੀ ਬੇਟੀ ਬੜੇ ਦਾਅਵੇ ਨਾਲ ਕਹਿ ਰਹੀ ਹੈ, "ਮੇਰੇ ਪਾਪਾ ਹਰ ਸਾਲ ਅਜਮੇਰ ਸ਼ਰੀਫ ਮੱਥਾ ਟੇਕਣ ਜਾਂਦੇ ਹਨ...ਅਸੀਂ ਘਰ ਵਿਚ ਵੀ ਪੀਰ ਬਾਬਾ ਦੀ ਜਗ੍ਹਾ ਬਣਾਈ ਹੋਈ ਹੈ। ਮੇਰੇ ਪਾਪਾ ਉਸ ਰਾਤ ਵੀ ਦਰਗਾਹ 'ਤੇ ਮੱਥਾ ਟੇਕਣ ਗਏ ਸਨ।" ਲੜਕੀ ਇਹ ਵੀ ਦੱਸਦੀ ਹੈ ਕਿ ਪਾਪਾ ਧਰਮ ਅਤੇ ਇਨਸਾਨੀਅਤ ਵਿਚ ਵਿਸ਼ਵਾਸ ਰੱਖਣ ਵਾਲੇ ਹਨ।

ਲਓ ਜੀ, ਕਰ ਲਓ ਗੱਲ! ਖੜ੍ਹੀਆਂ ਮੁੱਛਾਂ ਤੇ ਪਟਿਆਲਾ ਸ਼ਾਹੀ ਦਸਤਾਰ ਵਾਲੇ ਸਰਦਾਰ ਸਲਵਿੰਦਰ ਸਿੰਘ ਜੀ (ਪੱਕੀ ਉਮੀਦ ਹੈ ਕਿ ਉਨ੍ਹਾਂ ਨੇ ਸਰਕਾਰੀ ਰਿਕਾਰਡ ਵਿਚ ਖੁਦ ਨੂੰ ਮੁਸਲਮਾਨ ਨਹੀਂ, ਸਿੱਖ ਹੀ ਲਿਖਵਾਇਆ ਹੋਵੇਗਾ) ਇਸਲਾਮਿਕ ਸਥਾਨ ਅਜਮੇਰ ਸ਼ਰੀਫ਼ ਵੀ ਹਰ ਸਾਲ ਜਾਂਦੇ ਨੇ...ਸਰਹੱਦੀ ਖੇਤਰ ਦੇ ਪਿੰਡ ਤਲੂਰ ਦੀ ਦਰਗਾਹ ਦੇ ਪੁਜਾਰੀ ਵੀ ਨੇ...ਘਰੇ ਪੀਰ ਬਾਬੇ ਦੀ 'ਜਗ੍ਹਾ' ਵੀ ਬਣਾਈ ਹੋਈ ਹੈ...। ਪੜ੍ਹੀ ਲਿਖੀ ਬੇਟੀ ਮੁਜਬ, ਐਸ.ਪੀ. ਸਾਹਿਬ ਦਾ ਧਰਮ ਤੇ ਇਨਸਾਨੀਅਤ ਵਿਚ ਅਟੁੱਟ ਵਿਸ਼ਵਾਸ ਹੈ। ਵਾਹ!

ਚੰਦਾ ਦੇਤੇ ਹੈਂ ਮਸਜਿਦ ਮੇਂ,
ਪੀਤੇ ਹੈਂ ਮੈਅਖਾਨੇ ਮੇਂ,
ਸ਼ੈਤਾਨ ਭੀ ਰਾਜ਼ੀ ਰਹੇ,
ਔਰ ਖ਼ੁਦਾ ਵੀ ਨਾਰਾਜ਼ ਨਾ ਹੋ।

ਪੁਲਿਸ, ਥਾਣੇ, ਧਰਮ ਅਤੇ ਕਬਰ ਆਦਿ ਸ਼ਬਦਾਂ ਦਾ ਜ਼ਿਕਰ ਹੋਣ 'ਤੇ ਮੈਨੂੰ ਆਪਣੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਬੰਗਾ ਥਾਣੇ ਦਾ ਚੇਤਾ ਆ ਗਿਆ। ਇਸ ਥਾਣੇ ਵਿਚ ਵੀ ਧਾਰਮਿਕ ਸਥਾਨ ਸਥਾਪਤ ਹੈ ਜਿਥੇ ਹਰ ਸਾਲ ਪਾਠ-ਪੂਜਾ ਦਾ ਕੋਈ ਮੇਲਾ ਵੀ ਲੱਗਦਾ ਹੈ। ਸੁਣਿਆ ਹੈ, ਇਹ ਜਗ੍ਹਾ ਇੰਨੀ 'ਕਰੜੀ' ਹੈ ਕਿ ਉਥੇ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਅਫਸਰ ਆ ਲੱਗੇ, ਉਹ ਸਾਰੇ ਮੁਲਾਜ਼ਮਾਂ ਅਤੇ ਸ਼ਹਿਰ ਦੇ ਸਹਿਯੋਗ ਨਾਲ ਮਿਥੇ ਹੋਏ ਸਾਲਾਨਾ ਦਿਨ 'ਤੇ ਥਾਣੇ ਵਿਚਲੇ ਸਥਾਨ 'ਤੇ ਪੂਜਾ-ਅਰਚਨਾ ਜ਼ਰੂਰ ਕਰਦਾ ਹੈ। ਧਾਰਮਿਕ ਨਜ਼ਰੀਏ ਤੋਂ ਇਸ ਥਾਣੇ ਵਿਚ ਇਹ ਬਾਬਾ ਜੀ, ਚੌਵੀ ਘੰਟੇ ਹਾਜ਼ਰ-ਨਾਜ਼ਰ ਰਹਿੰਦੇ ਹੋਣਗੇ। ਭਲਾ ਫਿਰ ਇਸ ਥਾਣੇ ਦੀ ਚਾਰਦੀਵਾਰੀ ਵਿਚ ਸਾਰਾ ਕੰਮ-ਕਾਜ ਜਾਂ ਵਰਤੋਂ-ਵਿਹਾਰ ਸਥਾਪਤ ਬਾਬਾ ਜੀ ਦੇ ਧਰਮੀ ਨਿਯਮਾਂ ਅਨੁਸਾਰ ਹੀ ਹੁੰਦਾ ਹੋਵੇਗਾ? ਕੀ ਇਸ ਚੌਗਿਰਦੇ ਵਿਚ ਸਚਮੁੱਚ 'ਸਤਿਯੁਗ' ਵਰਤਦਾ ਰਹਿੰਦਾ ਹੋਵੇਗਾ?



ਬੰਗਾ ਥਾਣੇ ਵਿਚਲੇ ਅਜੋਕੇ ਮਾਹੌਲ ਦਾ ਤਾਂ ਮੈਨੂੰ ਪਤਾ ਨਹੀਂ, ਪਰ ਇਕ ਸਮੇਂ ਬੰਗਾ ਇਲਾਕੇ ਦੇ ਹੀ ਜੁਝਾਰੂ ਸ਼ਾਇਰ ਦਰਸ਼ਨ ਖਟਕੜ ਨੇ ਆਪਣੇ ਸਾਥੀ ਦਰਸ਼ਨ ਦੁਸਾਂਝ ਦੀ ਇਸੇ ਥਾਣੇ ਵਿਚ ਹੋਈ ਦੁਰਗਤੀ ਬਾਰੇ ਕੁਝ ਅਜਿਹੀਆਂ ਸਤਰਾਂ ਲਿਖੀਆਂ ਸਨ:

ਸਰਹੰਦ ਦੀ ਦੀਵਾਰ ਹੋਵੇ
ਜਾਂ ਥਾਣਾ ਬੰਗਿਆਂ ਦਾ,
ਲੱਤਾਂ ਚੂਰ ਕਰਵਾਈਏ,
ਜਾਂ ਚਿਣੇ ਨੀਂਹਾਂ ਵਿਚ ਜਾਈਏ...।

ਸੋਚਣ ਵਾਲੀ ਗੱਲ ਹੈ ਕਿ ਜਦੋਂ ਇਨ੍ਹਾਂ ਸਤਰਾਂ ਮੁਤਾਬਕ ਬੰਗਾ ਥਾਣੇ ਵਿਚ ਆਪਣੇ ਹੱਕ ਮੰਗਦੇ ਕਿਸੇ ਗੱਭਰੂ ਦੀਆਂ ਲੱਤਾਂ ਚੂਰ-ਚੂਰ ਕੀਤੀਆਂ ਗਈਆਂ ਹੋਣਗੀਆਂ, ਤਾਂ ਉਸ ਦੀਆਂ ਦਰਦ ਭਰੀਆਂ ਲੇਰਾਂ ਥਾਣੇ ਵਿਚ ਸੁਭਾਇਮਾਨ ਬਾਬਾ ਜੀ ਦੇ ਕੰਨੀਂ ਵੀ ਪਈਆਂ ਹੋਣਗੀਆਂ ਅਤੇ ਲੱਤਾਂ ਚਕਨਾਚੂਰ ਕਰਨ ਦੀ 'ਸੇਵਾ' ਨਿਭਾਉਣ ਵਾਲੇ ਪੁਲਸੀਏ ਜਵਾਨਾਂ ਨੇ ਪੂਰੀ 'ਸ਼ਰਧਾ ਭਾਵਨਾ' ਨਾਲ ਸਾਲਾਨਾ ਮੇਲੇ ਵਿਚ ਬਾਬਾ ਜੀ ਨੂੰ ਵੀ ਅਰਾਧਿਆ ਹੋਵੇਗਾ!

ਸਵਾਲ ਉਠਦਾ ਹੈ ਕਿ ਕੋਈ ਪੀਰ-ਫਕੀਰ, ਸਾਈਂ-ਧਰਮੀ ਬਾਬਾ ਅਜਿਹਾ ਵੀ ਹੋਵੇਗਾ ਜੋ ਆਪਣੇ ਪੈਰੋਕਾਰਾਂ ਨੂੰ ਇਹ ਇਜਾਜ਼ਤ ਦਿੰਦਾ ਹੋਵੇ ਕਿ ਨਸ਼ਿਆਂ ਦੇ ਸਮਗਲਰਾਂ ਪਾਸੋਂ ਹੀਰੇ-ਜਵਾਹਰਾਤ ਜਾਂ ਮੋਟੀਆਂ ਰਕਮਾਂ ਲੈ ਕੇ, ਉਨ੍ਹਾਂ ਨੂੰ ਮੌਤ ਦਾ ਵਪਾਰ ਕਰ ਲੈਣ ਦਿਆ ਕਰੋ! ਮੁਲਕ, ਕੌਮ ਜਾਂ ਮਨੁੱਖਤਾ ਨਾਲ ਧ੍ਰੋਹ ਕਮਾਉਣ ਦੀ ਖੁੱਲ੍ਹ ਦੇਣ ਵਾਲੇ ਕਿਸੇ ਕਥਿਤ ਬਾਬੇ ਨੂੰ ਧਰਮੀ ਕਿਹਾ ਜਾ ਸਕਦਾ ਹੈ? ਨਾਲੇ ਕਿਹੜਾ ਰਹਿਬਰ ਹੋਵੇਗਾ ਜੋ ਆਪਣੇ ਸ਼ਰਧਾਲੂਆਂ ਨੂੰ ਆਵਾਰਾ ਕੁੱਤਿਆਂ ਵਾਂਗ ਦਰ-ਦਰ ਭਟਕਦੇ ਫਿਰਦੇ ਦੇਖ ਕੇ ਖੁਸ਼ ਹੁੰਦਾ ਹੋਵੇਗਾ? ਇਤਿਹਾਸਕ ਹਵਾਲਾ ਹੈ ਕਿ ਆਪਣੇ ਘਰ ਵਿਚ ਬਣਾਈ ਬਾਬੇ ਦੀ ਮੜ੍ਹੀ ਦਾ ਪੁਜਾਰੀ ਭਾਈ ਮੰਞ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਪਾਸੋਂ ਸਿੱਖੀ ਦੀ ਦਾਤ ਲੈਣ ਗਿਆ ਤਾਂ ਗੁਰੂ ਜੀ ਨੇ ਸਪਸ਼ਟ ਕਹਿ ਦਿੱਤਾ ਸੀ ਕਿ ਇਕ ਮਿਆਨ ਵਿਚ ਦੋ ਤਲਵਾਰਾਂ ਨਾ ਪਾਓ ਭਾਈ ਮੰਞ ਜੀ! ਜੇ ਗੁਰੂ ਨਾਨਕ ਦਾ ਸਿੱਖ ਬਣਨਾ ਚਾਹੁੰਨੈ, ਤਾਂ ਮੜ੍ਹੀਆਂ ਮਲੀਆਮੇਟ ਕਰਨੀਆਂ ਪੈਣਗੀਆਂ।

ਸਰਹੱਦੀ ਖੇਤਰ ਦੇ ਹੀ ਇਕ ਹੋਰ ਧਾਰਮਿਕ ਸਥਾਨ ਦੀ ਵਾਰਤਾ ਨਾਲ ਲੇਖ ਦੀ ਸਮਾਪਤੀ ਕਰਦੇ ਹਾਂ। ਸ੍ਰੀ ਅਕਾਲ ਤਖਤ ਸਾਹਿਬ ਦੇ ਇਕ ਸਾਬਕਾ ਜਥੇਦਾਰ ਅਕਸਰ ਇਹ ਗੱਲ ਸਟੇਜਾਂ 'ਤੇ ਸੁਣਾਉਂਦੇ ਹੁੰਦੇ ਹਨ। ਬਤੌਰ ਜਥੇਦਾਰ ਅਕਾਲ ਤਖਤ, ਉਹ ਸਰਹੱਦ ਲਾਗਲੇ ਇਕ ਡੇਰੇ ਵਿਚ ਗਏ। ਸਾਲ ਕੁ ਪਹਿਲਾਂ ਵੀ ਉਨ੍ਹਾਂ ਇਸ 'ਧਾਰਮਿਕ ਡੇਰੇ' ਦੀ ਯਾਤਰਾ ਕੀਤੀ ਹੋਈ ਸੀ। ਉਦੋਂ ਇਹ ਡੇਰਾ ਇੰਨਾ 'ਵਿਕਸਤ' ਨਹੀਂ ਸੀ ਹੋਇਆ, ਪਰ ਸਾਲ ਕੁ ਦੇ ਸਮੇਂ ਵਿਚ ਉਥੇ ਆਲੀਸ਼ਾਨ ਇਮਾਰਤ ਅਤੇ ਲਹਿਰਾਂ-ਬਹਿਰਾਂ ਲੱਗੀਆਂ ਦੇਖ ਕੇ ਜਥੇਦਾਰ ਜੀ ਨੇ ਹੈਰਾਨ ਹੋ ਕੇ ਡੇਰੇਦਾਰ ਨੂੰ ਪੁੱਛਿਆ ਕਿ ਇਸ 'ਤਰੱਕੀ' ਦਾ ਕੀ ਕਾਰਨ?

"ਓ ਜੀ ਬਾਰਡਰ ਟੱਪਣ ਵਾਲੇ ਜਾਂਦੇ ਹੋਏ ਇਥੇ ਸੁੱਖਣਾ ਸੁੱਖ ਜਾਂਦੇ ਨੇ, ਕਿ ਹੇ ਬਾਬਾ ਜੀ! ਆਹ ਗੇੜਾ 'ਕਾਮਯਾਬ' ਹੋ ਜੇ, ਐਨੇ ਹਜ਼ਾਰ ਦਾ ਮੱਥਾ ਟੇਕਾਂਗੇ!...ਬੱਸ ਜੀ, ਇਉਂ ਫਿਰ ਉਹ ਮੁੜਦੀ ਵਾਰੀ ਗੋਲਕਾਂ ਨੂੰ ਗੱਫਿਆਂ ਨਾਲ ਭਰਪੂਰ ਕਰ ਛੱਡਦੇ ਨੇ।" ਬਾਰਡਰ ਵਾਲੇ ਧਰਮ ਸਥਾਨ ਦੇ ਬਾਬੇ ਦਾ ਜਵਾਬ ਸੀ।

ਇਹੋ ਜਿਹੇ 'ਧਰਮੀ ਵਰਤਾਰਿਆਂ' ਬਾਬਤ ਪੰਜਵੇਂ ਗੁਰੂ ਨੇ ਡੰਕੇ ਦੀ ਚੋਟ ਨਾਲ ਕਿਹਾ ਹੋਇਆ-ਕਰਮ ਧਰਮ ਪਾਖੰਡ ਜੋ ਦੀਸਹਿ।

# ਪਿੰਗਲਵਾੜਾ ਵਾਲੀ ਡਾ. ਇੰਦਰਜੀਤ ਕੌਰ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਗਤ ਪੂਰਨ ਸਿੰਘ ਵੱਲੋਂ ਸਥਾਪਿਤ ਕੀਤਾ ਪਿੰਗਲਵਾੜਾ ਸਮਾਜ ਸੇਵਕਾਂ ਦੀ ਦੁਨੀਆਂ ਵਿਚ ਇਨਾ ਪ੍ਰਸਿੱਧ ਹੋ ਚੁੱਕਿਆ ਹੈ ਕਿ ਇਸ ਬਾਰੇ ਜਾਣਕਾਰੀ ਦੇਣ ਦੀ ਕੋਈ ਗੁੰਜਾਇਸ਼ ਨਹੀਂ। ਇਥੇ ਬੇਸਹਾਰਾ ਤੇ ਅਪਾਹਜ ਲੋਕਾਂ ਦੀਆਂ ਔਕੜਾਂ ਨੂੰ ਮਨ ਚਿੱਤ ਲਾ ਕੇ ਦੂਰ ਕਰਨ ਦੇ ਯਤਨ ਕੀਤੇ ਜਾਂਦੇ ਹਨ। ਭਗਤ ਜੀ ਦੀ ਸੋਚ ਤੇ ਦ੍ਰਿਸ਼ਟੀ ਏਨੀ ਮਾਨਵਵਾਦੀ ਸੀ ਕਿ ਉਨ੍ਹਾਂ ਦਾ ਹੱਥ ਵਟਾਉਣ ਲਈ ਦੂਰ ਨੇੜੇ ਦੇ ਪੜ੍ਹੇ-ਲਿਖੇ ਡਾਕਟਰ ਵੀ ਉਥੇ ਢੁੱਕਣ ਲੱਗੇ। ਉਨ੍ਹਾਂ ਵਿੱਚੋਂ ਇਕ ਬੀਬੀ ਇੰਦਰਜੀਤ ਕੌਰ ਹੈ ਜਿਸ ਨੇ ਡਾਕਟਰੀ ਵਾਲੀ ਸਰਕਾਰੀ ਨੌਕਰੀ ਛੱਡ ਕੇ ਅੰਤਕਾਰ ਏਸ ਸੰਸਥਾ ਨਾਲ ਜੁੜਨ ਨੂੰ ਤਰਜੀਹ ਦਿੱਤੀ। ਡਾ. ਇੰਦਰਜੀਤ ਦੇ ਪਿਤਾ ਹਰਬੰਸ ਸਿੰਘ ਆਯੁਰਵੈਦਿਕ ਡਾਕਟਰ ਸਨ ਤੇ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਅਜਿਹੀ ਵਿੱਦਿਆ ਦਿਤੀ ਜੋ ਹਰ ਪੱਖ ਤੋਂ ਮਾਨਵਤਾ ਦੇ ਭਲੇ ਹਿੱਤ ਹੈ।

ਭਗਤ ਪੂਰਨ ਸਿੰਘ ਦੇ ਅਕਾਲ ਚਲਾਣੇ ਤੋਂ ਪਿੱਛੋਂ ਲੋਕਾਂ ਨੂੰ ਪਿੰਗਲਵਾੜਾ ਦੇ ਭਵਿੱਖ ਬਾਰੇ ਬੜੀ ਚਿੰਤਾ ਸੀ ਪਰ ਜਿਸ ਗਰਮਜੋਸ਼ੀ ਤੇ ਉਤਸ਼ਾਹ ਨਾਲ ਡਾ. ਇੰਦਰਜੀਤ ਕੌਰ ਨੇ ਇਸ ਦੀ ਵਾਗਡੋਰ ਸੰਭਾਲੀ। ਉਹ ਬੱਚੇ ਬੱਚੇ ਦੀ ਜ਼ਬਾਨ 'ਤੇ ਹੈ। ਬੀਬੀ ਜੀ ਨੇ ਅਪਾਹਜਾਂ ਤੇ ਨਥਾਵਿਆਂ ਦੀ ਬਾਂਹ ਏਨੀ ਦ੍ਰਿੜ੍ਹਤਾ ਨਾਲ ਫੜੀ ਕਿ ਅੱਜ ਦੇ ਦਿਨ ਇਹ ਸੰਸਥਾ ਪਾਕਿਸਤਾਨ ਦੀ ਈਦੀ ਫਾਊਂਡੇਸ਼ਨ ਵਾਂਗ ਜਾਣੀ ਜਾਂਦੀ ਹੈ ਤੇ ਲੋੜਵੰਦਾਂ ਨੂੰ ਡਾ. ਇੰਦਰਜੀਤ ਦੇ ਚਿਹਰੇ ਵਿਚੋਂ ਮਦਰ ਟੈਰੇਸਾ ਦਾ ਚਿਹਰਾ ਦਿਖਾਈ ਦੇਣ ਲੱਗ ਪਿਆ ਹੈ। ਉਸ ਦੀ ਕਾਰਗੁਜ਼ਾਰੀ ਇਹ ਵੀ ਸਿੱਧ ਕਰਦੀ ਹੈ ਕਿ ਸਮਾਜ ਸੇਵਾ ਦੀ ਲਗਨ ਕਿਸੇ ਇਕ ਫਿਰਕੇ ਤੱਕ ਹੀ ਸੀਮਤ ਨਹੀਂ ਹੁੰਦੀ, ਇਥੇ ਹਿੰਦੂ, ਮੁਸਲਿਮ, ਸਿੱਖ, ਇਸਾਈ ਸਾਰੇ ਬਰਾਬਰ ਹਨ।

ਉਘੇ ਅਰਥ ਸ਼ਾਸਤਰੀ ਅਤੇ ਕਾਲਮ ਨਵੀਨ ਡਾ. ਐਸ. ਐਸ. ਛੀਨਾ ਨੇ ਡਾ. ਇੰਦਰਜੀਤ ਕੌਰ ਦੀ ਜੀਵਨੀ ਅੰਗਰੇਜ਼ੀ ਭਾਸ਼ਾ ਵਿਚ ਲਿਖ ਕੇ ਪਿੰਗਲਵਾੜੇ ਅਤੇ ਡਾ. ਇੰਦਰਜੀਤ ਦੀਆਂ ਗਤੀਵਿਧੀਆਂ ਤੋਂ ਦੇਸ਼ ਪ੍ਰਦੇਸ਼ ਵਸਦੇ ਸਮਾਜ ਸੇਵਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ। ਡਾ. ਛੀਨਾ ਅਨੁਸਾਰ ਡਾਕਟਰ ਇੰਦਰਜੀਤ ਦਾ ਕਮਾਲ ਕੇਵਲ ਏਸ ਵਿਚ ਹੀ ਨਹੀਂ ਕਿ ਉਸ ਨੇ ਸਰਕਾਰੀ ਨੌਕਰੀ ਛੱਡ ਕੇ ਸਮਾਜ ਸੇਵਾ ਕਰਨ ਨੂੰ ਪਹਿਲ ਦਿੱਤੀ, ਸਗੋਂ ਇਸ ਵਿਚ ਵੀ ਹੈ ਕਿ ਉਸ ਨੇ ਏਸ ਲਗਨ ਨੂੰ ਪਾਲਣ ਵਾਸਤੇ ਵਿਆਹ ਨਹੀਂ ਕਰਵਾਇਆ ਅਤੇ ਲੋੜ ਪੈਣ 'ਤੇ ਮਾਲਵੇ ਦੇ ਸੁਖਦਾਇਕ ਜੀਵਨ ਨੂੰ ਅਲਵਿਦਾ ਕਹਿ ਕੇ ਗੁਰੂ ਕੀ ਨਗਰੀ ਅੰਮ੍ਰਿਤਸਰ ਵਿੱਚ ਵਾਸ ਕੀਤਾ ਹੈ। ਪੁਸਤਕ ਵਿਚ ਬੀਬੀ ਜੀ ਨੂੰ ਉਨ੍ਹਾਂ ਦੀ ਮਾਤਾ ਵੱਲੋਂ ਮਿਲੇ ਉਤਸ਼ਾਹ ਨੂੰ ਵੀ ਖੂਬ ਉਭਾਰਿਆ ਹੈ। ਅੰਗਰੇਜ਼ੀ ਭਾਸ਼ਾ ਵਿਚ ਲਿਖੀ ਗਈ ਇਹ ਪੁਸਤਕ ਸਿਟੀਜ਼ਨਜ਼ ਵੈਲਫੇਅਰ ਟਰੱਸਟ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ਹੈ। ਚੰਗਾ ਹੋਵੇ ਜੇ ਇਸ ਦਾ ਅਨਵਾਦ ਦੂਜੀਆਂ ਭਾਸ਼ਾਵਾਂ ਵਿਚ ਵੀ ਛਪੇ। ਇਸ ਵਿਚ ਇਕੱਲੇ ਪੰਜਾਬ ਦਾ ਮਾਣ ਨਹੀਂ ਵਧਦਾ ਸਾਰੇ ਭਾਰਤ ਦਾ ਗੌਰਵ ਹੈ।



ਡਾ. ਇੰਦਰਜੀਤ ਕੌਰ

**ਉਰਦੂ ਅਫ਼ਸਾਨੇ ਦਾ ਸੁਨਹਿਰੀ ਕਾਲ:** ਪਿਛਲੇ ਐਤਵਾਰ ਚੰਡੀਗੜ੍ਹ ਸਾਹਿਤ ਅਕਾਡਮੀ ਨੇ ਉਰਦੂ ਕਹਾਣੀਕਾਰਾਂ ਦੇ ਸੁਨਹਿਰੀ ਕਾਲ ਨੂੰ ਚੇਤੇ ਕਰਦਿਆਂ ਚੰਡੀਗੜ੍ਹ ਪ੍ਰਸ਼ਾਸਨ ਦੇ ਗੈਸਟ ਹਾਊਸ ਵਿਚ ਇਕ ਅਰਥ ਭਰਪੂਰ ਬੈਠਕ ਕਰਵਾਈ, ਜਿਸ ਵਿਚ ਸਆਦਤ ਹਸਨ ਮੰਟੋ ਬਾਰੇ ਸਰਦ ਦੱਤ ਦਾ ਪਰਚਾ ਸੀ ਅਤੇ ਕ੍ਰਿਸ਼ਨ ਚੰਦਰ ਬਾਰੇ ਜ਼ਮੁਰਦ ਖਾਨ ਤੇ ਰਾਜਿੰਦਰ ਸਿੰਘ ਬੇਦੀ ਬਾਰੇ ਫਰਹਤ ਉਲਾ ਖਾਨ ਦਾ, ਤਿੰਨੋਂ ਵਿਦਵਾਨ ਦਿੱਲੀ ਦੇ ਸਨ। ਇਸਮਤ ਚੁਗਤਾਈ ਦੀ ਨਬਜ਼ ਪਹਿਚਾਨਣ ਵਾਲੀ ਮੈਡਮ ਰੇਣੂ ਬਹਿਲ ਸੀ। ਸਾਰੇ ਵਿਦਵਾਨਾਂ ਨੇ ਬੜੇ ਗੰਭੀਰ ਤੇ ਅਰਥ ਭਰਪੂਰ ਨੁਕਤੇ ਉਠਾਏ। ਬੈਠਕ ਦਾ ਰੰਗ ਬੰਨ੍ਹਣ ਵਿਚ ਪੰਜਾਬੀ ਯੂਨੀਵਰਸਿਟੀ ਦੇ ਪ੍ਰੋ. ਨਾਸਿਰ ਨਕਵੀ ਨੇ ਆਪਣੇ ਉਦਘਾਟਨੀ ਭਾਸ਼ਨ ਵਿੱਚ ਪਹਿਲਾਂ ਹੀ ਬਾਨ੍ਹਣੂ ਬੰਨ੍ਹ ਦਿੱਤਾ ਸੀ।

ਕ੍ਰਿਸ਼ਨ ਚੰਦਰ ਦੀ ਕਹਾਣੀ ਕਲਾ ਦੀ ਉਸਤਤ ਕਰਦਿਆਂ ਜਮੁਰਦ ਖਾਨ ਨੇ ਠੋਕ ਕੇ ਕਿਹਾ ਕਿ ਚੰਗੀ ਭਾਸ਼ਾ ਕਿਸੇ ਇੱਕ ਫਿਰਕੇ ਜਾਂ ਧਰਮ ਦੀ ਨਹੀਂ ਹੁੰਦੀ। ਇਹ ਸਭ ਦੀ ਸਾਂਝੀ ਹੁੰਦੀ ਹੈ।

ਉਰਦੂ ਕਹਾਣੀਕਾਰੀ ਦੇ ਇਹ ਮਹਾਰਥੀ 1912 ਤੇ 1915 ਵਿਚ ਪੈਦਾ ਹੋਏ ਤੇ ਇੱਕ ਦੂਜੇ ਨਾਲ ਮਤਭੇਦ ਰੱਖਣ ਦੇ ਬਾਵਜੂਦ ਸਮਾਜ, ਭਾਈਚਾਰੇ ਤੇ ਵਾਸਨਾ ਸਬੰਧੀ ਨਿਸ਼ਚਿਤ ਦ੍ਰਿਸ਼ਟੀਕੋਣ ਰੱਖਦੇ ਸਨ। ਜਿਥੋਂ ਤੱਕ ਜ਼ਮੁਰਦ ਖਾਨ ਦੀ ਟਿੱਪਣੀ ਦਾ ਸਬੰਧ ਹੈ ਉਸਦੀ ਪੁਸ਼ਟੀ ਪਰਚਾ ਲਿਖਣ ਲਈ ਸੁਭਾਵਿਕ ਹੀ ਚੁਣੇ ਗਏ ਵਿਦਵਾਨਾਂ ਤੋਂ ਹੋ ਗਈ। ਕ੍ਰਿਸ਼ਨ ਚੰਦਰ ਅਤੇ ਬੇਦੀ ਬਾਰੇ ਲਿਖਣ ਵਾਲੇ ਦੋਨੋਂ ਮੁਸਲਮਾਨ ਸਨ ਤੇ ਇਸਮਤ ਚੁਗਤਾਈ ਤੇ ਮੰਟੋ ਬਾਰੇ ਲਿਖਣ ਵਾਲੇ ਦੋਵੇਂ ਹਿੰਦੂ। ਸ਼ਾਇਦ ਇਹੀਓ ਕਾਰਨ ਹੈ ਕਿ ਇਸ ਬੈਠਕ ਨੂੰ ਸਰੋਤਿਆਂ ਨੇ ਰੱਜ ਕੇ ਮਾਣਿਆ। ਇਸ ਤਰ੍ਹਾਂ ਦੀਆਂ ਬੈਠਕਾਂ ਭਾਈਚਾਰਕ ਸਾਂਝ ਵਧਾਉਂਦੀਆਂ ਹਨ।

ਬੈਠਕ ਦਾ ਵਿਦਾਇਗੀ ਭਾਸ਼ਨ ਵੀ. ਕੇ. ਸਿੱਬਲ ਵੱਲੋਂ ਸੀ ਜਿਹੜਾ ਆਪਣੇ ਪਿਤਾ ਹੀਰਾ ਲਾਲ ਸਿੱਬਲ ਦੇ ਮੰਟੋ ਤੇ ਇਸਮਤ ਦਾ ਮੁਕੱਦਮਾ ਲੜਦੇ ਸਮੇਂ ਸਾਰੇ ਅਫਸਾਨਾ ਨਿਗਾਰਾ ਨੂੰ ਵੇਖਦਾ ਤੇ ਮਿਲਦਾ ਰਿਹਾ ਸੀ।

ਦਿੱਲੀ ਵਾਲੇ ਫਰਹਤ ਉਲਾ ਖਾਨ ਉਥੋਂ ਦੀ ਰੇਖਤਾ (ਉਰਦੂ) ਵਿਕਾਸ ਸੰਸਥਾ ਦੇ ਕਰਤਾ ਧਰਤਾ ਹਨ ਤੇ ਜ਼ਮੁਰਦ ਖਾਨ ਨੇ ਕ੍ਰਿਸ਼ਨ ਚੰਦਰ ਦੀ ਜੀਵਨੀ ਤੇ ਰਚਨਾ ਬਾਰੇ ਡਾਕੂਮੈਂਟਰੀ ਫਿਲਮ ਵੀ ਬਣਾ ਰੱਖੀ ਹੈ। ਬੈਠਕ ਦੇ ਅੰਤ ਵਿਚ ਮੈਨੂੰ ਟੀ ਐਨ. ਰਾਜ਼ ਦੀ ਧਾਰਨਾ ਵੀ ਚੇਤੇ ਆਈ, ਜਿਹੜੀ ਸੰਤਾਲੀ ਦੀ ਵੰਡ ਪਿਛੋਂ ਉਰਦੂ ਦੇ ਭਵਿੱਖ ਬਾਰੇ ਹੈ।

ਉਰਦੂ ਦਾ ਮੁਹਾਫਿਜ਼ ਹੈ ਹਿੰਦੂ ਨਾ ਮੁਸਲਮਾਂ ਹੀ,
ਬੇਗੋਦ ਸੇ ਬੱਚੇ ਕੋ ਅਬ ਕਿਸਨੇ ਉਠਾਨਾ ਹੈ।

ਰਾਜ਼ ਦੀ ਸੋਚ ਸਿਰ ਮੱਥੇ ਪਰ ਭਾਰਤ ਵਿਚ ਉਰਦੂ ਨਵੇਂ ਸਿਰਿਉਂ ਵੱਧ ਫੁੱਲ ਰਹੀ ਹੈ।

ਅੰਤਿਕਾ: (ਤਖਤ ਸਿੰਘ)

ਇਉਂ ਕੋਸ ਹਨੇਰੇ ਨੂੰ ਐਵੇਂ ਨਾ ਮਿਸ਼ਾਲਚੀਆ,
ਏਸੇ 'ਚੋਂ ਚੜ੍ਹਨ ਤਾਰੇ ਏਸੇ 'ਚੋਂ ਸ਼ਮਾ ਨਿਕਲੇ।

# ਗਲੋਬਲ ਵਾਰਮਿੰਗ ਤੋਂ ਵੱਧ ਮਾਰੂ ਹੈ ਦਹਿਸ਼ਤਗਰਦੀ ਦੀ ਤਪਸ਼

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਵਾਤਾਵਰਣ ਦੀ ਵਿਸ਼ੇਸ਼ ਜਾਣਕਾਰੀ 'ਤੇ ਚਿੰਤਾ ਰੱਖਣ ਵਾਲੇ ਮਾਹਰਾਂ ਦੀ ਮਿਹਰਬਾਨੀ ਕਿ ਉਨ੍ਹਾਂ ਨੇ ਹਰ ਦੇਸ਼ ਦੇ ਲੋਕਾਂ ਨੂੰ ਸੰਸਾਰ ਪੱਧਰ ਉਤੇ ਵਧਦੇ ਜਾਂਦੇ ਉਸ ਸੇਕ ਬਾਰੇ ਸੁਚੇਤ ਕਰ ਦਿੱਤਾ ਹੈ, ਜਿਸ ਨੂੰ ਅੰਗਰੇਜ਼ੀ ਵਿਚ 'ਗਲੋਬਲ ਵਾਰਮਿੰਗ' ਕਿਹਾ ਜਾਂਦਾ ਹੈ। ਇਹ ਇੱਕ ਸੱਚਾਈ ਹੈ। ਜਿਨ੍ਹਾਂ ਅੰਟਾਰਕਟਿਕਾ ਵਰਗੇ ਟਿਕਾਣਿਆਂ ਉਤੇ ਮਿੱਟੀ ਦੀ ਤਹਿ ਲੱਭਣੀ ਮੁਸ਼ਕਲ ਸੀ ਤੇ ਸਿਰਫ ਬਰਫ ਦੇ ਪਹਾੜ ਹੁੰਦੇ ਸਨ, ਹੁਣ ਉਥੇ ਬਰਫ ਦੀਆਂ ਤਹਿਆਂ ਨੀਵੀਆਂ ਹੋਣ ਲੱਗੀਆਂ ਹਨ ਤੇ ਉਨ੍ਹਾਂ ਹੇਠ ਕਦੇ ਨਾ ਕਦੇ ਕਿਸੇ ਥਾਂ ਧਰਤੀ ਦਿੱਸਣ ਲੱਗ ਪਈ ਹੈ। ਇਸ ਨਾਲ ਸਾਰੇ ਸੰਸਾਰ ਦਾ ਪੌਣ-ਪਾਣੀ ਵਿਗੜਦਾ ਜਾਂਦਾ ਹੈ ਤੇ ਅਗਲੀਆਂ ਪੀੜ੍ਹੀਆਂ ਦੀ ਚਿੰਤਾ ਕਰਨ ਵਾਲੇ ਮਾਹਰ ਇਸ ਹਾਲਤ ਨੂੰ ਹੋਰ ਵਿਗਾੜ ਵੱਲ ਜਾਣੋਂ ਰੋਕਣ ਦੇ ਯਤਨਾਂ ਵਿਚ ਹਨ। ਸਾਡੀਆਂ ਉਨ੍ਹਾਂ ਨੂੰ ਸ਼ੁਭ ਕਾਮਨਾਵਾਂ। ਉਂਜ ਸੰਸਾਰ ਦੇ ਲੋਕਾਂ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਇਹ ਯਤਨ ਬੜੇ ਜ਼ਰੂਰੀ ਹੁੰਦਿਆਂ ਵੀ ਇਰਾਕ ਵਿਚਲੇ ਲੋਕਾਂ ਨੂੰ ਬਾਹਲੀ ਖਿੱਚ ਨਹੀਂ ਪਾਉਂਦੇ, ਜਿਨ੍ਹਾਂ ਨੂੰ ਅਗਲੇ ਦਿਨ ਦਾ ਸੂਰਜ ਚੜ੍ਹਨ ਤੱਕ ਜ਼ਿੰਦਾ ਰਹਿਣ ਦਾ ਭਰੋਸਾ ਨਹੀਂ। ਜਿਸ ਦੇ ਸਿਰ ਉਤੇ ਤਲਵਾਰ ਲਟਕ ਰਹੀ ਹੋਵੇ, ਉਸ ਬੰਦੇ ਦਾ ਸਿਰ ਅੰਟਾਰਕਟਿਕਾ ਵਾਲੇ ਬਰਫਾਨੀ ਤੋਦਿਆਂ ਬਾਰੇ ਨਹੀਂ ਸੋਚਦਾ। ਉਸ ਬੰਦੇ ਵਾਸਤੇ ਇੱਕੋ ਗੱਲ 'ਆਪ ਮਰੇ, ਜੱਗ ਪਰਲੋ' ਦੇ ਮੁਹਾਵਰੇ ਵਾਲੀ ਬਾਕੀ ਸਭਨਾਂ ਤੋਂ ਵੱਡੀ ਹੁੰਦੀ ਹੈ। ਇਹ ਸਥਿਤੀ ਅੱਜ ਦੇ ਸੰਸਾਰ ਵਿਚ ਕਈ ਦੇਸ਼ਾਂ ਵਿਚ ਬਣੀ ਪਈ ਹੈ ਤੇ ਬਾਕੀ ਦੇਸ਼ਾਂ ਵਿਚ ਦਿਨੋ-ਦਿਨ ਬਣਦੀ ਜਾ ਰਹੀ ਹੈ।

ਅਸੀਂ ਪਹਿਲਾਂ ਇਤਿਹਾਸ ਵਿਚ ਇਹ ਪੜ੍ਹਿਆ ਸੀ ਕਿ ਫੌਜਾਂ ਦੂਸਰੇ ਦੇਸ਼ਾਂ ਉਤੇ ਹਮਲੇ ਕਰਦੀਆਂ ਸਨ ਤੇ ਉਹ ਦੇਸ਼ ਆਪਣੇ ਬਚਾਅ ਦੀ ਲੜਾਈ ਲੜਦੇ ਸਨ। ਪਿਛਲੇ ਸਾਲ ਇਹ ਵੇਖ ਲਿਆ ਕਿ ਜਿਨ੍ਹਾਂ ਦੇਸ਼ਾਂ ਵਿਚਲੀ ਹਾਲਤ ਬਹੁਤੀ ਖਰਾਬ ਸੀ, ਉਨ੍ਹਾਂ ਵਿਚੋਂ ਹਜ਼ਾਰਾਂ ਲੋਕਾਂ ਦੇ ਕਾਫਲੇ ਦੂਸਰੇ ਵਿਕਸਤ ਦੇਸ਼ਾਂ ਨੂੰ ਤੁਰ ਪਏ ਤੇ ਸਿੱਧੀ ਚੁਣੌਤੀ ਦੇਣ ਲੱਗੇ ਕਿ ਮਾਰਨਾ ਹੈ ਤਾਂ ਮਾਰ ਦਿਓ, ਹੁਣ ਪਿੱਛੇ ਅਸੀਂ ਨਹੀਂ ਜਾਣਾ। ਕਾਰਨ ਉਹ ਇੱਕੋ ਦੱਸਦੇ ਸਨ ਕਿ ਉਥੇ ਵੀ ਅਸੀਂ ਜਿਉਂਦਿਆਂ ਵਿਚ ਨਹੀਂ, ਇਸ ਲਈ ਮਰਨਾ ਹੈ ਤਾਂ ਇਥੇ ਹੀ ਮਾਰ ਦਿਓ। ਹਾਲਾਤ ਇਥੋਂ ਤੱਕ ਵਿਗੜਦੇ ਜਾਣ ਦੀ ਜ਼ਿੰਮੇਵਾਰੀ ਆਪਣੇ ਸਿਰ ਕੋਈ ਨਹੀਂ ਲੈ ਰਿਹਾ। ਜਿਹੜੇ ਦੇਸ਼ਾਂ ਦੇ ਹਾਕਮਾਂ ਦੀ ਗਲਤੀ ਨਾਲ ਹਾਲਾਤ ਇਨੇ ਵਿਗੜ ਗਏ ਹਨ, ਉਹ ਇਸ ਸਥਿਤੀ ਦਾ ਸੇਕ ਆਪਣੇ ਤੱਕ ਪਹੁੰਚਣ ਬਾਰੇ ਵੀ ਨਹੀਂ ਸੋਚਦੇ। ਸੰਸਾਰ ਕੂਟਨੀਤੀ ਵਿਚ ਇੱਕ-ਦੂਸਰੇ ਨੂੰ ਠਿੱਬੀ ਲਾਉਣ ਦੀ ਖੇਡ ਨੇ ਹਾਲਾਤ ਇਥੋਂ ਤੱਕ ਪੁਚਾਏ ਹਨ ਕਿ ਕੁਦਰਤ ਦੇ ਨਾਲ ਖਿਲਵਾੜ ਤੋਂ ਪੈਦਾ ਹੋਈ ਗਲੋਬਲ ਵਾਰਮਿੰਗ ਨਾਲੋਂ ਸਿਵਿਆਂ ਦੇ ਸੇਕ ਦੀ ਤਪਸ਼ ਨੂੰ ਵੱਧ ਫਿਕਰ ਵਾਲੀ ਕਰ ਛੱਡਿਆ ਹੈ। ਜਿਨ੍ਹਾਂ ਦੇਸ਼ਾਂ ਵਿਚ ਇਹ ਤਪਸ਼ ਹੱਦੋਂ ਬਾਹਰੀ ਹੈ, ਉਹ ਗਲੋਬਲ ਵਾਰਮਿੰਗ ਬਾਰੇ ਬਹੁਤਾ ਨਹੀਂ ਸੋਚ ਸਕਦੇ।

ਅਸੀਂ ਇਸੇ ਹਫਤੇ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿਚ ਸਰਹੱਦੀ ਗਾਂਧੀ ਖਾਨ ਅਬਦੁਲ ਗਫਾਰ ਖਾਂ ਦੇ ਨਾਂ ਵਾਲੀ ਯੂਨੀਵਰਸਿਟੀ ਉਤੇ ਦਹਿਸ਼ਤਗਰਦ ਹਮਲੇ ਦੀ ਘਟਨਾ ਦਾ ਸੇਕ ਵੇਖਿਆ ਹੈ। ਸਰਹੱਦੀ ਗਾਂਧੀ ਸਾਂਝੇ ਭਾਰਤ ਦੀ ਆਜ਼ਾਦੀ ਲਹਿਰ ਵਿਚ ਵੀ ਵੱਡੀ ਹਸਤੀ ਸਨ ਤੇ ਵੰਡ ਹੋਣ ਨਾਲ ਇੱਕ ਵੱਖਰਾ ਦੇਸ਼ ਪਾਕਿਸਤਾਨ



ਬਣਨ ਮਗਰੋਂ ਵੀ ਦੋਵਾਂ ਦੇਸ਼ਾਂ ਦੇ ਲੋਕਾਂ ਦੀ ਭਾਈਚਾਰਕ ਸਾਂਝ ਵਾਸਤੇ ਉਨ੍ਹਾਂ ਦੀ ਇੱਕ ਖਾਸ ਭੂਮਿਕਾ ਰਹੀ। ਉਸ ਮਹਾਨ ਮਨੁੱਖ ਦੀ ਯਾਦ ਵਿਚ ਹੋ ਰਹੇ ਸਮਾਗਮ ਮੌਕੇ ਗੋਲੀ ਚਲਾਈ ਗਈ। ਜਿੰਨੇ ਲੋਕ ਇਸ ਇੱਕੋ ਕਾਂਡ ਦੌਰਾਨ ਮਾਰੇ ਗਏ, ਇਸ ਕਾਂਡ ਤੋਂ ਪਹਿਲੇ ਤਿੰਨ ਦਿਨਾਂ ਵਿਚ ਹੋਏ ਤਿੰਨ ਕਾਂਡਾਂ ਵਿਚ ਵੀ ਏਨੇ ਕੁ ਮਾਰੇ ਜਾ ਚੁੱਕੇ ਸਨ। ਨਾਲ ਲੱਗਦੇ ਅਫਗਾਨਿਸਤਾਨ ਵਿਚ ਵੀ ਉਨ੍ਹਾਂ ਤਿੰਨ ਦਿਨਾਂ ਵਿਚ ਲਗਾਤਾਰ ਗੋਲੀ ਕਾਂਡ ਹੋਏ ਅਤੇ ਰੋਜ਼ ਕਦੇ ਦਰਜਨ ਤੇ ਕਦੇ ਡੇਢ ਦਰਜਨ ਲੋਕ ਮਰਦੇ ਰਹੇ। ਉਸ ਦਿਨ ਵੀ ਅਫਗਾਨਿਸਤਾਨ ਵਿਚ ਗੋਲੀ ਚੱਲੀ ਅਤੇ ਉਸੇ ਦਿਨ ਸੋਮਾਲੀਆ ਵਿਚ ਇੱਕ ਵੱਡਾ ਕਾਂਡ ਹੋ ਗਿਆ। ਅਗਲੇ ਦਿਨ ਮਿਸਰ ਵਿਚ ਇਹੋ ਜਿਹਾ ਇੱਕ ਕਾਂਡ ਵਾਪਰ ਜਾਣ ਕਾਰਨ ਏਨੇ ਹੀ ਲੋਕ ਮਾਰੇ ਗਏ ਸਨ। ਇਨ੍ਹਾਂ ਸਾਰੇ ਦੇਸ਼ਾਂ ਵਿਚ ਮਾਰੇ ਜਾਣ ਵਾਲੇ ਇਹ ਲੋਕ ਆਖਰ ਨੂੰ ਮਨੁੱਖ ਹੀ ਸਨ।

ਮਨੁੱਖ ਨੂੰ ਬਾਕੀ ਸਾਰੇ ਜੀਵਾਂ ਨਾਲੋਂ ਵੱਧ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ, ਪਰ ਮਨੁੱਖਾਂ ਬਾਰੇ ਹੀ ਇਹ ਗੱਲ ਕਹੀ ਜਾਂਦੀ ਹੈ ਕਿ ਜਿਸ ਨੂੰ ਆਪਣੀ ਪੀੜ ਨਹੀਂ, ਉਹ ਦੂਜੇ ਦੀ ਪੀੜ ਨੂੰ ਪੀੜ ਨਹੀਂ ਸਮਝਦਾ। ਆਪਣੇ ਪੈਰ ਨੂੰ ਵੱਜੀ ਸੂਲ ਵੀ ਤੜਫਾਉਂਦੀ ਹੈ ਤੇ ਦੂਸਰੇ ਦੇ ਹੱਥ-ਪੈਰ ਵੱਢੇ ਜਾਣ ਨੂੰ ਵੀ ਮਾਮੂਲੀ ਖਬਰ ਸਮਝਦਾ ਹੈ। ਬਹੁਤ ਵਾਰੀ ਅਸੀਂ ਵੇਖਦੇ ਹਾਂ ਕਿ ਸਾਡੇ ਗਲੀ-ਗਵਾਂਢ ਵਿਚ ਦੋ ਮੋਟਰ ਸਾਈਕਲ ਵੀ ਮੋੜ ਉਤੇ ਭਿੜ ਜਾਣ ਤਾਂ ਅਗਲੇ ਦੋ ਹਫਤੇ ਅਸੀਂ ਆਨੇ-ਬਹਾਨੇ ਉਸ ਦਾ ਜ਼ਿਕਰ ਕਰ ਲੈਂਦੇ ਹਾਂ, ਪਰ ਦੂਸਰੇ ਸ਼ਹਿਰ ਵਿਚ ਦੋ ਬੱਸਾਂ ਭਿੜ ਕੇ ਦਸ ਬੰਦੇ ਮਰਨ ਦੀ ਖਬਰ ਵੀ ਸਾਡੇ ਲਈ ਸਿਰਫ ਉਸੇ ਦਿਨ ਦੀ ਚਰਚਾ ਜੋਗੀ ਰਹਿੰਦੀ ਹੈ, ਅਗਲੇ ਦਿਨ ਯਾਦ ਨਹੀਂ ਹੁੰਦੀ।

ਇਹੋ ਕਾਰਨ ਹੈ ਕਿ ਸਾਰੇ ਜੀਵਾਂ ਤੋਂ ਵੱਧ ਸੰਵੇਦਨਸ਼ੀਲ ਮੰਨੇ ਜਾਂਦੇ ਮਨੁੱਖਾਂ ਨੇ ਸੰਸਾਰ ਵਿਚ ਦਹਿਸ਼ਤਗਰਦੀ ਦੀ ਸਾੜ੍ਹਸਤੀ ਨੂੰ ਇੱਕੋ ਜਿਹਾ ਮੰਨਣਾ ਛੱਡ ਦਿੱਤਾ ਹੈ। ਅਮਰੀਕਾ ਦੇ ਕਿਸੇ ਸਕੂਲ ਜਾਂ ਸ਼ਾਪਿੰਗ ਮਾਲ ਵਿਚ ਕਿਤੇ ਗੋਲੀ ਚੱਲਦੀ ਹੈ ਤਾਂ ਰਾਸ਼ਟਰਪਤੀ ਬਰਾਕ ਓਬਾਮਾ ਉਸ ਉਤੇ ਆਪਣੀ ਚਿੰਤਾ ਪ੍ਰਗਟ ਕਰਦਾ ਹੈ ਤੇ ਮੁੜ-ਮੁੜ ਇਹ ਚਿੰਤਾ ਜ਼ਾਹਰ ਕਰਦਾ ਹੈ। ਫਰਾਂਸ ਵਿਚ ਲੋਕਾਂ ਦੇ ਮਾਰੇ ਜਾਣ ਮਗਰੋਂ ਉਹ ਅਫਸੋਸੋ ਮਨ ਨਾਲ ਪੇਸ਼ ਹੁੰਦਾ ਹੈ, ਪਰ ਕੀਨੀਆ ਵਿਚ ਇਸ ਤੋਂ ਵੱਧ ਲੋਕ ਮਾਰੇ ਜਾਣ ਪਿੱਛੋਂ ਸਿਰਫ ਇੱਕ ਦਿਨ ਛੋਟਾ ਜਿਹਾ ਬਿਆਨ ਦੇਣਾ ਕਾਫੀ ਮੰਨਦਾ ਹੈ। ਦੁਨੀਆਂ ਦੇ ਲੋਕਾਂ ਨੂੰ ਬਰਾਕ ਓਬਾਮਾ ਤੇ ਕੀਨੀਆ ਦੇ ਰਿਸ਼ਤੇ ਦਾ ਪਤਾ ਹੀ ਨਹੀਂ। ਬਰਾਕ ਦੀ ਮਾਂ ਸਟੈਨਲੀ ਇੱਕ ਅਮਰੀਕਨ ਔਰਤ ਸੀ, ਪਰ ਬਰਾਕ ਓਬਾਮਾ ਦਾ ਬਾਪ ਕੀਨੀਆ ਦਾ ਰਹਿਣ ਵਾਲਾ ਸੀ, ਜਿੱਥੋਂ ਦੀ ਇੱਕ ਯੂਨੀਵਰਸਿਟੀ ਵਿਚ ਦੋ ਅਪਰੈਲ 2015 ਦੇ ਦਿਨ ਦਹਿਸ਼ਤਗਰਦਾਂ ਨੇ ਗੋਲੀ ਚਲਾ ਕੇ 148 ਮਨੁੱਖਾਂ ਦੀ ਜਾਨ ਲੈ ਲਈ। ਫਰਾਂਸ ਵਿਚ ਇਸੇ ਸਾਲ ਹੋਏ ਦੋਵੇਂ ਹਮਲੇ ਵੀ ਇਸਲਾਮੀ ਦਹਿਸ਼ਤਗਰਦਾਂ ਨੇ ਕੀਤੇ ਸਨ ਅਤੇ ਕੀਨੀਆ ਦੀ ਗਰੀਸਾ ਯੂਨੀਵਰਸਿਟੀ ਵਿਚ ਏਡੀ ਵੱਡੀ ਖੂਨੀ ਵਾਰਦਾਤ ਵੀ ਉਨ੍ਹਾਂ ਇਸਲਾਮੀ ਦਹਿਸ਼ਤਗਰਦਾਂ ਨੇ ਹੀ ਕੀਤੀ ਸੀ।

ਅਸੀਂ ਇਸ ਘਟਨਾ ਦਾ ਜ਼ਿਕਰ ਕਿਸੇ ਤਰ੍ਹਾਂ ਬਰਾਕ ਓਬਾਮਾ ਦੀ ਸੋਚ ਨੂੰ ਸੰਤੁਲਨ ਤੋਂ ਸੱਖਣੀ ਦੱਸਣ ਦੇ ਲਈ ਨਹੀਂ ਕਰ ਰਹੇ, ਸਗੋਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜਦੋਂ ਮਹਾਂ-ਸ਼ਕਤੀ ਦਾ ਮਾਣ ਕਰਨ ਵਾਲੇ ਅਮਰੀਕਾ ਦਾ ਮੁਖੀਆ ਵੀ ਇਹ ਵਿਹਾਰ ਕਰਦਾ ਹੈ ਤਾਂ ਦੂਸਰੇ ਇਸ ਨਾਲੋਂ ਵੱਖਰੇ ਨਹੀਂ ਹੋ ਸਕਦੇ। ਜਿਹੜੇ ਵੀ ਦੇਸ਼ 'ਚ ਇਸ ਵੇਲੇ ਦਹਿਸ਼ਤਗਰਦੀ ਹੈ, ਉਸ ਸਬੰਧ ਵਿਚ ਸੰਸਾਰ ਦੇ ਹੋਰ ਆਗੂਆਂ ਦਾ ਵਿਹਾਰ ਇਸੇ ਤਰ੍ਹਾਂ ਦਾ ਹੈ।

ਚੀਨ ਦੇ ਪੱਛਮੀ ਸੂਬੇ ਸਿੰਜਿਆਂਗ ਵਿਚ ਉਈਘਰ ਮੁਸਲਿਮ ਆਬਾਦੀ ਦੀ ਬਹੁ-ਗਿਣਤੀ ਹੈ ਤੇ ਉਨ੍ਹਾਂ ਦਾ ਇੱਕ ਵੱਡਾ ਹਿੱਸਾ ਇਹ ਮੰਨ ਕੇ ਚੱਲਦਾ ਹੈ ਕਿ ਇਥੇ ਇਸਲਾਮਿਕ ਰਾਜ ਹੋਣਾ ਚਾਹੀਦਾ ਹੈ। ਇਸ ਬਾਰੇ ਹੁਣ ਚੀਨ ਦੇ ਹਾਕਮ ਬਹੁਤ ਸਖਤੀ ਵਰਤ ਰਹੇ ਹਨ, ਪਰ ਜਦੋਂ ਇਹ ਜੜ੍ਹ ਲੱਗੀ ਸੀ, ਉਦੋਂ ਚਿੰਤਾ ਨਹੀਂ ਸਨ ਕਰਦੇ। ਇੱਕ ਵੇਲੇ ਭਾਰਤ ਦੇ ਖਿਲਾਫ ਲੜਾਈ ਵਿਚ ਜਹਾਦੀ ਕਹਾਉਂਦੇ ਦਹਿਸ਼ਤਗਰਦ ਜਦੋਂ ਕਸ਼ਮੀਰ ਘਾਟੀ ਵਿਚ ਔਖ ਮਹਿਸੂਸ ਕਰਦੇ ਸਨ ਤਾਂ ਇਸੇ ਚੀਨੀ ਇਲਾਕੇ ਵਿਚ ਚਲੇ ਜਾਂਦੇ ਸਨ ਤੇ ਚੀਨੀ ਸੁਰੱਖਿਆ ਏਜੰਸੀਆਂ ਇਸ ਲਈ ਪਨਾਹ ਦੇਂਦੀਆਂ ਸਨ ਕਿ ਇਹ ਭਾਰਤ ਨੂੰ ਭੁਆਂਟਣੀ ਦੇਣ ਦਾ ਕੰਮ ਕਰਦੇ ਹਨ। ਪਾਕਿਸਤਾਨ ਸਰਕਾਰ ਵੀ ਚੀਨੀ ਹਾਕਮਾਂ ਤਕ ਇਸ ਗੱਲ ਲਈ ਪਹੁੰਚ ਕਰਦੀ ਸੀ ਕਿ ਇਨ੍ਹਾਂ ਨੂੰ ਵੇਲੇ-ਕੁਵੇਲੇ ਚਾਰ ਦਿਨ ਕੱਟ ਲੈਣ ਦਿਆ ਕਰੋ। ਉਹ ਜਿਹੜੇ ਇਲਾਕਿਆਂ ਵਿਚ ਕੁਝ ਦਿਨ ਟਿਕ ਗਏ, ਉਥੇ ਮੁਸਲਿਮ ਭਾਈਚਾਰੇ ਨੂੰ ਆਪਣੇ ਕੱਟੜਪੰਥੀਪੁਣੇ ਦੀ ਪਿਓਂਦ ਕਰ ਆਏ, ਜਿਸ ਨੂੰ ਹੁਣ ਚੀਨ ਦੀ ਸਰਕਾਰ ਭੁਗਤ ਰਹੀ ਹੈ, ਪਰ ਹੁਣ ਬਹੁਤ ਦੇਰ ਹੋ ਚੁੱਕੀ ਹੈ। ਅਫਗਾਨਿਸਤਾਨ ਤੇ ਭਾਰਤ ਵਿਚ ਜਿਨ੍ਹਾਂ ਦਹਿਸ਼ਤਗਰਦਾਂ ਨੂੰ ਪੁਆੜੇ ਪਾਉਂਦੇ ਵੇਖ ਕੇ ਪਾਕਿਸਤਾਨ ਖੁਸ਼ ਹੁੰਦਾ ਸੀ, ਉਨ੍ਹਾਂ ਤੋਂ ਹੁਣ ਖੁਦ ਵੀ ਤੰਗ ਹੈ।

ਸੋਵੀਅਤ ਰੂਸ ਟੁੱਟਣ ਪਿੱਛੋਂ ਉਸ ਤੋਂ ਵੱਖਰੇ ਹੋਏ ਕਈ ਛੋਟੇ ਦੇਸ਼ਾਂ ਨੂੰ ਅਮਰੀਕੀ ਧਿਰ ਨੇ ਆਪਣੇ ਪਿਛਲੱਗ ਬਣਾ ਲਿਆ ਤਾਂ ਉਨ੍ਹਾਂ ਵਿਚੋਂ ਉਠੀ ਇਸਲਾਮੀ ਕੱਟੜਪੁਣੇ ਦੀ ਕਾਂਗ ਨੂੰ ਰੂਸ ਦੇ ਖਿਲਾਫ ਵਰਤਣ ਦੇ ਯਤਨ ਆਰੰਭ ਦਿੱਤੇ ਸਨ। ਉਦੋਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਈ ਵਾਰ ਸੰਸਾਰ ਦੀ ਸੱਥ ਵਿਚ ਇਹ ਕਿਹਾ ਸੀ ਕਿ ਏਦਾਂ ਦੀਆਂ ਚਾਲਾਂ ਕਿਸੇ ਦਿਨ ਤੁਹਾਨੂੰ ਮਹਿੰਗੀਆਂ ਪੈਣਗੀਆਂ। ਉਸ ਦਾ ਅੱਗੋਂ ਮਜ਼ਾਕ ਉਡਾਇਆ ਜਾਂਦਾ ਸੀ। ਇੱਕ ਮੌਕੇ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਬੁੱਸ਼ ਜੂਨੀਅਰ ਨੇ ਵਲਾਦੀਮੀਰ ਪੂਤਿਨ ਨੂੰ ਇਹ ਸਲਾਹ ਦੇ ਦਿੱਤੀ ਕਿ ਉਸ ਨੂੰ ਇਸਲਾਮੀ ਕੱਟੜਪੰਥੀਆਂ ਨਾਲ ਲੜਨ ਦੀ ਥਾਂ ਗੱਲਬਾਤ ਦਾ ਰਾਹ ਫੜਨਾ ਚਾਹੀਦਾ ਹੈ। ਵਲਾਦੀਮੀਰ ਪੂਤਿਨ ਅੱਗੋਂ ਸਾਡੇ ਭਾਰਤ ਦੇ ਵਾਜਪਾਈ, ਮਨਮੋਹਨ ਸਿੰਘ ਜਾਂ ਨਰਿੰਦਰ ਮੋਦੀ ਦੀ ਬੋਲੀ ਬੋਲਣ ਦੀ ਥਾਂ ਸਿੱਧਾ ਕਹਿਣ ਲੱਗਾ ਕਿ ਸਾਨੂੰ ਇਹ ਸਲਾਹ ਦੇਣ ਵਾਲੇ ਜਾਰਜ ਬੁੱਸ਼ ਨੂੰ ਚਾਹੀਦਾ ਹੈ ਕਿ ਉਹ ਲੜਨਾ ਛੱਡੇ ਅਤੇ ਇੱਕ ਦਿਨ ਓਸਾਮਾ ਬਿਨ ਲਾਦਿਨ ਨੂੰ ਆਪਣੇ ਕੋਲ ਡਿਨਰ ਲਈ ਸੱਦ ਕੇ ਸਾਰੇ ਸਿਆਪੇ ਮੁਕਾ ਲਵੇ। ਉਸ ਪਿੱਛੋਂ ਜਾਰਜ ਬੁੱਸ਼ ਇਹ ਸਲਾਹ ਦੇਣ ਦੀ ਕਦੇ ਜੁਰਅਤ ਨਹੀਂ ਸੀ ਕਰ ਸਕਿਆ। ਪੂਤਿਨ ਅੱਜ ਵੀ ਆਪਣੇ ਪੈਂਤੜੇ ਉਤੇ ਕਾਇਮ ਹੈ।

ਅੱਜ ਦੀ ਤਰੀਕ ਵਿਚ ਕਿਸੇ ਵੀ ਵੱਡੇ ਦੇਸ਼ ਦੀ ਹਕੂਮਤ ਇਹ ਕਹਿਣ ਦੀ ਸਥਿਤੀ ਵਿਚ ਨਹੀਂ ਕਿ ਸੰਸਾਰ ਦੇ ਸਿਰ ਪਈ ਸਾੜ੍ਹਸਤੀ ਵਿਚ ਉਸ ਦਾ ਕੋਈ ਕਸੂਰ ਨਹੀਂ। ਕੂਟਨੀਤਕ ਖੇਡਾਂ ਕਾਰਨ ਜਿੰਦਾਂ ਦੀ ਗੈਰ-ਕੁਦਰਤੀ ਤਪਸ਼ ਸਾਰੇ ਸੰਸਾਰ ਦੇ ਸਿਰ ਪਈ ਹੈ, ਇਹ ਅੰਟਾਰਕਟਿਕਾ ਦੇ ਬਰਫ ਦੇ ਪਹਾੜ ਖੋਰਨ ਦੀ ਪ੍ਰਕਿਰਿਆ ਵਿਚ ਵੀ ਸ਼ਾਮਲ ਹੈ ਤੇ ਅਗਲੀ ਗੱਲ ਇਹ ਕਿ ਜੇ ਇਸ ਗੈਰ-ਕੁਦਰਤੀ ਤਪਸ਼ ਨੂੰ ਰੋਕਿਆ ਨਾ ਗਿਆ ਤਾਂ ਕੁਦਰਤੀ ਤਪਸ਼ ਤੋਂ ਪਹਿਲਾਂ ਇਸੇ ਤਪਸ਼ ਨੇ ਮਨੁੱਖਤਾ ਦਾ ਘਾਣ ਕਰ ਛੱਡਣਾ ਹੈ। ਇਸ ਨੂੰ ਰੋਕਣਾ ਹੋਵੇਗਾ। ਹਾਲ ਦੀ ਘੜੀ ਹਰ ਕਿਸੇ ਵੱਡੇ ਦੇਸ਼ ਦੇ ਆਗੂ ਇਸ ਤਪਸ਼ ਨੂੰ 'ਦੂਸਰੇ ਘਰ ਦੀ ਬਸੰਤਰ' ਮੰਨ ਕੇ ਚੱਲੀ ਜਾ ਰਹੇ ਹਨ ਤੇ ਆਪਣੇ ਘਰ ਤੱਕ ਪਹੁੰਚੇ ਸੇਕ ਬਾਰੇ ਓਨੇ ਚਿੰਤਾ ਵਿਚ ਨਹੀਂ, ਜਿੰਨੇ ਇਸ ਪੜਾਅ ਤੱਕ ਹੋ ਜਾਣੇ ਚਾਹੀਦੇ ਸਨ। ਪਠਾਨਕੋਟ, ਪਿਸ਼ਾਵਰ ਤੇ ਪੈਰਿਸ ਦੀ ਸਾਰੀ ਬਿਮਾਰੀ ਦਾ ਕੀਟਾਣੂ ਜਦੋਂ ਇੱਕੋ ਹੈ ਤਾਂ ਇਲਾਜ ਵੀ ਮਿਲ ਕੇ ਹੀ ਕਰਨਾ ਪੈਣਾ ਹੈ।

---

## ਦਲੀਪ ਸਿੰਘ ਚੀਮਾ ਗੁਰਦੁਆਰਾ ਸਿੱਖ ਸਟਡੀ ਸਰਕਲ ਅਟਲਾਂਟਾ ਦੇ ਪ੍ਰਧਾਨ ਬਣੇ



**ਅਟਲਾਂਟਾ, ਜਾਰਜੀਆ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਸਟਡੀ ਸਰਕਲ ਦੀ ਪ੍ਰਬੰਧਕ ਕਮੇਟੀ ਦੀ ਸਰਬਸੰਮਤੀ ਨਾਲ ਹੋਈ ਚੋਣ ਵਿਚ ਸ. ਦਲੀਪ ਸਿੰਘ ਚੀਮਾ ਨੂੰ ਪ੍ਰਧਾਨ ਬਣਾਇਆ ਗਿਆ ਹੈ। ਸ. ਬਲਬੀਰ ਸਿੰਘ ਪਾਲਾ ਉਪ ਪ੍ਰਧਾਨ, ਸ. ਗੁਰਿੰਦਰ ਸਿੰਘ ਚੀਮਾ ਖਜ਼ਾਨਚੀ, ਸ. ਇੰਦਰਜੀਤ ਸਿੰਘ ਮੋਖਾ ਸਕੱਤਰ ਅਤੇ ਬੀਬੀ ਰਾਜਿੰਦਰ ਕੌਰ ਵਿਰਦੀ ਸੋਸ਼ਲ ਕੋਆਰਡੀਨੇਟਰ ਬਣਾਏ ਗਏ ਹਨ। ਇਸ ਤੋਂ ਇਲਾਵਾ ਬੋਰਡ ਮੈਂਬਰਾਂ ਵਿਚ ਸ. ਸੁਰਿੰਦਰ ਸਿੰਘ ਬੈਂਸ, ਸ. ਦਾਰਾ ਸਿੰਘ ਮਾਨ, ਸ. ਕੁਲਵੰਤ ਸਿੰਘ ਨਨੂੰਆ ਅਤੇ ਸ. ਬਲਜੀਤ ਸਿੰਘ ਸ਼ਾਮਲ ਕੀਤੇ ਗਏ ਹਨ।

ਚੇਤੇ ਰਹੇ, ਇਸ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੀ ਚੋਣ ਪਿਛਲੇ ਕਈ ਸਾਲਾਂ ਤੋਂ ਸਰਬਸੰਮਤੀ ਨਾਲ ਹੁੰਦੀ ਆਈ ਹੈ ਅਤੇ ਇਸ ਵਾਰ ਵੀ ਸੰਗਤ ਨੇ ਕਮੇਟੀ ਅਤੇ ਬੋਰਡ ਮੈਂਬਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਹੈ। ਜਾਰੀ ਬਿਆਨ ਅਨੁਸਾਰ ਸਾਲ 2015 ਵਿਚ ਸੰਗਤ ਦੇ ਸਹਿਯੋਗ ਨਾਲ ਗੁਰੂ ਘਰ ਦੀ ਇਮਾਰਤ ਉਤੇ ਵੱਡ ਅਕਾਰੀ ਗੁੰਬਦ ਲਾਏ ਗਏ ਹਨ।

## ਇੰਦਰਜੀਤ ਜ਼ੀਰਾ ਦੀ ਅਰਜ਼ੀ 'ਤੇ ਪੰਜਾਬ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਕਿਸਾਨ ਖੇਤ ਮਜ਼ਦੂਰ ਸੈੱਲ ਦੇ ਚੇਅਰਮੈਨ ਇੰਦਰਜੀਤ ਸਿੰਘ ਜ਼ੀਰਾ ਵੱਲੋਂ ਚੰਡੀਗੜ੍ਹ ਪੁਲਿਸ ਵੱਲੋਂ ਉਨ੍ਹਾਂ ਖਿਲਾਫ ਖੁਦਕੁਸ਼ੀ ਦੀ ਕੋਸ਼ਿਸ਼ ਤੇ ਹੋਰ ਦੋਸ਼ਾਂ ਤਹਿਤ ਦਰਜ ਕੀਤੇ ਕੇਸ ਨੂੰ ਰੱਦ ਕਰਨ ਲਈ ਪਾਈ ਪਟੀਸ਼ਨ ਉਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।ਪਿਛਲੇ ਸਾਲ 20 ਮਾਰਚ ਨੂੰ ਸੈਕਟਰ-3 ਦੀ ਪੁਲਿਸ ਨੇ ਸ੍ਰੀ ਜ਼ੀਰਾ ਖਿਲਾਫ ਕੇਸ ਦਰਜ ਕੀਤਾ ਸੀ। ਸਾਬਕਾ ਮੰਤਰੀ ਖਿਲਾਫ ਮੁੱਖ ਮੰਤਰੀ ਦੇ ਕਾਫਲੇ ਨੂੰ ਰੋਕਣ ਲਈ ਰੱਖਿਆ ਘੇਰਾ ਤੋੜਨ ਦਾ ਦੋਸ਼ ਲੱਗਾ ਸੀ।

## ਖ਼ਾਲਿਦਾ ਜ਼ਿਆ ਖ਼ਿਲਾਫ਼ ਦੇਸ਼ ਧ੍ਰੋਹ ਦਾ ਕੇਸ ਦਰਜ

**ਢਾਕਾ:** ਪਾਕਿਸਤਾਨ ਖਿਲਾਫ 1971 ਦੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਖਿਲਾਫ 'ਹੱਤਕ ਵਾਲੀਆਂ ਟਿੱਪਣੀਆਂ' ਕਰਨ ਦੇ ਦੋਸ਼ ਹੇਠ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਤੇ ਵਿਰੋਧੀ ਧਿਰ ਦੀ ਨੇਤਾ ਖਾਲਿਦਾ ਜ਼ਿਆ ਖਿਲਾਫ ਦੇਸ਼-ਧ੍ਰੋਹ ਦਾ ਕੇਸ ਦਰਜ ਕੀਤਾ ਗਿਆ ਹੈ ਜਦੋਂ ਕਿ ਇਕ ਅਦਾਲਤ ਨੇ ਉਨ੍ਹਾਂ ਨੂੰ ਤਲਬ ਕਰ ਲਿਆ ਹੈ।

ਇਕ ਅਧਿਕਾਰੀ ਨੇ ਦੱਸਿਆ ਕਿ ਖ਼ਾਲਿਦਾ ਦੀ ਗ੍ਰਿਫਤਾਰੀ ਲਈ ਅਪੀਲਾਂ ਕੀਤੀਆਂ ਗਈਆਂ ਸਨ ਤੇ ਮੁੱਖ ਮੈਟਰੋਪਾਲਿਟਨ ਮੈਜਿਸਟਰੇਟ (ਢਾਕਾ) ਦੀ ਅਦਾਲਤ ਵਿਚ ਉਨ੍ਹਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਅਦਾਲਤ ਨੇ ਇਸ ਮਾਮਲੇ ਉਤੇ ਸੰਖੇਪ ਸੁਣਵਾਈ ਬਾਅਦ ਖ਼ਾਲਿਦਾ ਨੂੰ ਤਲਬ ਕਰ ਲਿਆ ਹੈ।

## ਤਾਲਿਬਾਨ ਨੇ ਸ਼ਾਂਤੀ ਵਾਰਤਾ ਲਈ ਰੱਖੀਆਂ ਸ਼ਰਤਾਂ

**ਕਾਬੁਲ:** ਅਫ਼ਗਾਨ ਤਾਲਿਬਾਨ ਨੇ ਅਫ਼ਗਾਨਿਸਤਾਨ ਨਾਲ ਸ਼ਾਂਤੀ ਵਾਰਤਾ ਮੁੜ ਸ਼ੁਰੂ ਕਰਨ ਲਈ ਸ਼ਰਤਾਂ ਰੱਖੀਆਂ ਹਨ।

ਦੋਹਾ ਵਿਚ ਅਫ਼ਗਾਨ ਵਫ਼ਦ ਅਤੇ ਤਾਲਿਬਾਨ ਦੇ ਮੈਂਬਰਾਂ ਨਾਲ ਸ਼ੁਰੂ ਹੋਈ ਬੈਠਕ ਦੌਰਾਨ ਇਹ ਵੀ ਮੰਗ ਰੱਖੀ ਗਈ ਕਿ ਉਨ੍ਹਾਂ ਨੂੰ ਕੌਮਾਂਤਰੀ ਪੱਧਰ 'ਤੇ ਦਹਿਸ਼ਤਗਰਦਾਂ ਦੀ ਕਾਲੀ ਸੂਚੀ ਵਿਚੋਂ ਹਟਾਇਆ ਜਾਵੇ।

## ਲਸ਼ਕਰ ਤੇ ਅਫ਼ਗਾਨ ਤਾਲਿਬਾਨ ਦੇ ਆਈ.ਐਸ.ਆਈ. ਨਾਲ ਗੂੜ੍ਹੇ ਸਬੰਧ

**ਵਾਸ਼ਿੰਗਟਨ:** ਆਈ.ਐਸ.ਆਈ.ਐਸ. ਦੇ ਇਕ ਵੱਡੇ ਕਮਾਂਡਰ ਨੇ ਕਿਹਾ ਹੈ ਕਿ ਲਸ਼ਕਰ-ਏ-ਤੋਇਬਾ ਤੇ ਅਫ਼ਗਾਨ ਤਾਲਿਬਾਨ, ਪਾਕਿਸਤਾਨ ਦੀ ਬਦਨਾਮ ਖੁਫੀਆ ਏਜੰਸੀ ਆਈ.ਐਸ.ਆਈ. ਦਾ ਕਹਿਣਾ ਮੰਨਦੇ ਹਨ ਅਤੇ ਇਹ ਏਜੰਸੀ ਆਪਣੇ ਮਾੜੇ ਨਿੱਜੀ ਸੁਆਰਥਾਂ ਲਈ ਕਸ਼ਮੀਰ ਦੇ ਮੁੱਦੇ 'ਤੇ ਵੱਖ-ਵੱਖ ਇਸਲਾਮੀ ਸੰਗਠਨਾਂ ਦੀ ਵਰਤੋਂ ਕਰਦੀ ਹੈ।

ਅਫ਼ਗਾਨਿਸਤਾਨ ਤੇ ਪਾਕਿਸਤਾਨ ਵਿਚ ਖ਼ੂੰਖਾਰ ਪੱਛਮੀ ਏਸ਼ਿਆਈ ਸਮੂਹ ਦੀ ਬਰਾਂਚ ਆਈ.ਐਸ.ਆਈ.ਐਸ.-ਖੁਰਾਸਾਨ ਦੇ ਮੁਖੀ ਹਾਫਿਜ਼ ਸਈਦ ਖਾਨ ਨੇ ਇਸਲਾਮਿਕ ਸਟੇਟ ਵੱਲੋਂ ਪ੍ਰਕਾਸ਼ਿਤ ਕੀਤੀ ਜਾਂਦੀ ਅੰਗਰੇਜ਼ੀ ਦੇ ਰਸਾਲੇ ਦਬਿਕ ਵਿਚ ਦਿੱਤੀ ਤਾਜ਼ਾ ਇੰਟਰਵਿਊ ਵਿਚ ਇਹ ਗੱਲ ਕਹੀ। ਖ਼ਾਨ ਨੇ ਕਿਹਾ, 'ਅਸਲ ਵਿਚ ਅਸੀਂ ਇਹ ਦੇਖ ਚੁੱਕੇ ਹਾਂ ਕਿ ਕਿਸ ਤਰ੍ਹਾਂ ਪਾਕਿਸਤਾਨ ਦੀਆਂ ਬੁਰੀਆਂ ਤਾਕਤਾਂ ਖਾਸ ਤੌਰ 'ਤੇ ਫੌਜ ਤੇ ਖੁਫੀਆ ਏਜੰਸੀ ਆਈ.ਐਸ.ਆਈ. ਨੇ ਆਪਣੇ ਨਾਪਾਕ ਨਿੱਜੀ ਸੁਆਰਥਾਂ ਲਈ ਕਸ਼ਮੀਰ ਦੇ ਮੁੱਦੇ 'ਤੇ ਵੱਖ-ਵੱਖ ਇਸਲਾਮੀ ਕੱਟੜ ਜਥੇਬੰਦੀਆਂ, ਜੋ ਪਾਕਿਸਤਾਨ ਦੀਆਂ ਸਮਰਥਕ ਹਨ, ਦੀ ਵਰਤੋਂ ਕੀਤੀ ਹੈ।

## ਮਧੇਸੀਆਂ ਵੱਲੋਂ ਸੰਵਿਧਾਨਕ ਸੋਧਾਂ ਰੱਦ

**ਕਾਠਮੰਡੂ:** ਨੇਪਾਲ ਦੇ ਪ੍ਰਦਰਸ਼ਨਕਾਰੀ ਮਧੇਸੀਆਂ ਨੇ ਸੰਸਦ ਵੱਲੋਂ ਪਾਸ ਸੰਵਿਧਾਨਕ ਸੋਧਾਂ ਨੂੰ ਅਧੂਰੀਆਂ ਦੱਸਦਿਆਂ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸੋਧਾਂ ਸਰਹੱਦਾਂ ਮੁੜ ਤੈਅ ਕਰਨ ਦੀਆਂ ਉਨ੍ਹਾਂ ਦੀਆਂ ਚਿੰਤਾਵਾਂ ਦੇ ਹੱਲ ਵਿਚ ਨਾਕਾਮ ਹਨ ਤੇ ਇਹ ਭਾਰਤ ਨਾਲ ਵਪਾਰਕ ਨੁਕਤਿਆਂ ਵਿਚ ਆਈ ਖੜੋਤ ਤੇ ਸਿਆਸੀ ਸੰਕਟ ਦੇ ਜਲਦੀ ਖ਼ਾਤਮੇ ਦੀਆਂ ਉਮੀਦਾਂ ਨੂੰ ਵੀ ਮੱਧਮ ਕਰਦੀਆਂ ਹਨ।

ਮਧੇਸੀ ਪੀਪਲਜ਼ ਰਾਈਟਸ ਫੋਰਮ ਡੈਮੋਕਰੇਟਿਕ ਦੇ ਸੀਨੀਅਰ ਮੀਤ ਪ੍ਰਧਾਨ ਰਾਮੇਸ਼ਵਰ ਰਾਇਆ ਯਾਦਵ ਨੇ ਕਿਹਾ ਕਿ ਸੰਸਦ ਵੱਲੋਂ ਪਾਸ ਸੰਵਿਧਾਨਕ ਸੋਧ ਬਿੱਲ ਭਾਵੇਂ ਕੁਝ ਹੱਦ ਤੱਕ ਉਸਾਰੂ ਹੈ ਪਰ ਇਹ ਪ੍ਰਦਰਸ਼ਨਕਾਰੀ ਮਧੇਸ ਪਾਰਟੀਆਂ ਦੀਆਂ ਮੰਗਾਂ ਦਾ ਸਮੁੱਚਤਾ ਵਿਚ ਹੱਲ ਨਹੀਂ ਕਰਦਾ।

ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵੇਂ ਸੋਧ ਬਿੱਲਾਂ ਨੂੰ ਪਾਸ ਕਰਨ ਤੋਂ ਪਹਿਲਾਂ ਪ੍ਰਦਰਸ਼ਨਕਾਰੀ ਪਾਰਟੀਆਂ ਨੂੰ ਭਰੋਸੇ ਵਿਚ ਲਿਆ ਜਾਣਾ ਚਾਹੀਦਾ ਸੀ। ਹਾਲਾਂਕਿ ਆਬਾਦੀ ਦੇ ਹਿਸਾਬ ਨਾਲ ਮਧੇਸੀਆਂ ਲਈ ਸੰਸਦੀ ਸੀਟਾਂ ਨਿਰਧਾਰਤ ਕਰਨੀਆਂ ਤੇ ਢੁਕਵੀਂ ਨੁਮਾਇੰਦਗੀ ਦੇਣ ਦੇ ਫੈਸਲੇ ਉਸਾਰੂ ਹਨ। ਇਨ੍ਹਾਂ ਸੋਧਾਂ ਨੂੰ ਦੋ ਤਿਹਾਈ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ ਸੀ।

# ਪੰਜਾਬ ਦੇ ਭ੍ਰਿਸ਼ਟ ਸਿਆਸੀ ਆਗੂਆਂ ਨੂੰ ਬੇਨਕਾਬ ਕਰਨ ਲਈ ਮੁਹਿੰਮ

**ਚੰਡੀਗੜ੍ਹ:** ਪੰਜਾਬ ਦੇ ਕੁਝ ਹਮਖਿਆਲੀ ਲੋਕਾਂ ਨੇ ਲੋਕ ਚੇਤਨਾ ਲਹਿਰ ਸੰਸਥਾ ਬਣਾ ਕੇ 31 ਜਨਵਰੀ ਨੂੰ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਪੰਜਾਬ ਨੂੰ ਬਰਬਾਦ ਕਰਨ ਵਾਲੇ ਸਿਆਸੀ ਆਗੂਆਂ ਵਿਰੁੱਧ ਦਸਤਖ਼ਤੀ ਮੁਹਿੰਮ ਛੇੜਨ ਦਾ ਐਲਾਨ ਕੀਤਾ ਹੈ। ਇਸ ਲਹਿਰ ਦੌਰਾਨ ਪੰਜਾਬ ਵਿਚ ਡਰੱਗਜ਼, ਜ਼ਮੀਨ, ਟਰਾਂਸਪੋਰਟ, ਰੇਤਾ, ਕੇਬਲ ਆਦਿ ਮਾਫੀਆ ਵੱਲੋਂ ਰਾਜ ਦੀ ਕੀਤੀ ਲੁੱਟ-ਖਸੁੱਟ ਦਾ ਲੇਖਾ-ਜੋਖਾ ਸਿਆਸੀ ਨੇਤਾਵਾਂ ਅਤੇ ਅਫਸਰਸ਼ਾਹੀ ਦੇ ਨਾਵਾਂ ਸਮੇਤ ਪੰਜਾਬ ਦੇ ਰਾਜਪਾਲ ਨੂੰ ਸੌਂਪਣ ਦਾ ਪ੍ਰੋਗਰਾਮ ਵੀ ਮਿਥਿਆ ਗਿਆ ਹੈ।

ਲੋਕ ਚੇਤਨਾ ਲਹਿਰ ਪੰਜਾਬ ਨਾਲ ਜੁੜੇ ਵੱਖ-ਵੱਖ ਵਰਗਾਂ ਤੇ ਵਿਚਾਰਾਂ ਦੇ ਆਮ ਆਦਮੀਆਂ ਨੇ ਇਸ ਲਹਿਰ ਦੌਰਾਨ ਸੱਤਾਧਾਰੀਆਂ ਸਮੇਤ ਹਰੇਕ ਸਿਆਸੀ ਪਾਰਟੀ ਦੇ ਮਾਫੀਆ ਨਾਲ ਜੁੜੇ ਨੇਤਾਵਾਂ ਨੂੰ ਸਮੁੱਚੇ ਰੂਪ ਵਿਚ ਬੇਨਕਾਬ ਕਰਨ ਦਾ ਅਹਿਦ ਲਿਆ ਹੈ।

ਇਸ ਨਵੀਂ ਸੰਸਥਾ ਦੇ ਪ੍ਰਧਾਨ ਸੰਦੀਪ ਸਿੰਘ ਰੁਪਾਲੋਂ ਨੇ ਕਿਹਾ ਕਿ ਉਨ੍ਹਾਂ ਦੀ ਮੁਹਿੰਮ ਦਾ ਮੁੱਖ ਮੁੱਦਾ ਪੰਜਾਬ ਵਿਚੋਂ ਪਰਿਵਾਰਵਾਦ ਅਤੇ ਡੰਡੇ ਦੇ ਰਾਜ ਨੂੰ ਖਤਮ ਕਰਕੇ ਕਾਨੂੰਨ ਦਾ ਰਾਜ ਬਰਕਰਾਰ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਹੁਣ ਸਿਰੇ ਦੀਆਂ ਬੇਇਨਸਾਫੀਆਂ ਝੱਲ ਚੁੱਕਿਆ ਹੈ, ਜਿਸ ਕਾਰਨ ਹੁਣ ਆਮ ਆਦਮੀ ਨੂੰ ਹੀ ਆਪਣੇ-ਆਪ ਨੂੰ ਬਚਾਉਣ ਲਈ ਯੁੱਧ ਦੇ ਮੈਦਾਨ ਵਿਚ ਆਉਣਾ ਪਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਸੰਸਥਾ ਗੈਰ-ਸਿਆਸੀ ਹੋਣ ਦੇ ਬਾਵਜੂਦ ਸਿਆਸੀ ਮੁੱਦਿਆਂ ਲਈ ਲੜੇਗੀ। ਸ੍ਰੀ ਰੁਪਾਲੋਂ ਨੇ ਸੰਕੇਤ ਦਿੱਤਾ ਕਿ ਉਨ੍ਹਾਂ ਕੋਲ ਅਕਾਲੀਆਂ ਸਮੇਤ ਹੋਰ ਸਿਆਸੀ ਪਾਰਟੀਆਂ ਦੇ ਮਾਫੀਏ ਨਾਲ ਜੁੜੇ ਅਤੇ ਭ੍ਰਿਸ਼ਟਾਚਾਰ ਵਿਚ ਗੜੁੱਚ ਨੇਤਾਵਾਂ ਦੀਆਂ ਸੂਚੀਆਂ ਮੌਜੂਦ ਹਨ। ਅਜਿਹੇ ਭ੍ਰਿਸ਼ਟ ਆਗੂਆਂ ਵੱਲੋਂ ਬਣਾਈਆਂ ਨਾਮੀ-ਬੇਨਾਮੀ ਜਾਇਦਾਦਾਂ ਦੇ ਪੁਲੰਦੇ ਵੀ ਉਹ ਇਕੱਠੇ ਕਰ ਰਹੇ ਹਨ ਜੋ ਜਲਦੀ ਹੀ ਪੰਜਾਬ ਦੇ ਰਾਜਪਾਲ ਮੂਹਰੇ ਪੇਸ਼ ਕਰਕੇ ਭ੍ਰਿਸ਼ਟ ਨੇਤਾਵਾਂ ਦਾ ਚਿਹਰਾ ਬੇਨਕਾਬ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਹਰੇਕ ਜ਼ਿਲ੍ਹੇ ਵਿਚ ਸੈਮੀਨਾਰ ਕਰਵਾ ਕੇ ਲੋਕ ਚੇਤਨਾ ਲਹਿਰ ਪੈਦਾ ਕਰਨ ਦਾ ਟੀਚਾ ਮਿਥਿਆ ਹੈ ਅਤੇ 'ਇਕ ਡਿਗਰੀ-ਇਕ ਨੌਕਰੀ' ਦਾ ਨਾਅਰਾ ਵੀ ਦਿੱਤਾ ਜਾਵੇਗਾ।

## ਖਹਿਰਾ ਵੱਲੋਂ ਪੰਜਾਬ ਸਰਕਾਰ ਦੀ ਫਜ਼ੂਲ ਖਰਚੀ 'ਤੇ ਸਵਾਲ



**ਮੁਹਾਲੀ:** ਆਮ ਆਦਮੀ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੀਆਂ ਨੀਤੀਆਂ ਅਤੇ ਫਜ਼ੂਲ ਖਰਚੀ ਕਾਰਨ ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੁੰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਸਿਰ ਪਹਿਲਾਂ ਹੀ ਸਵਾ ਸੌ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਹੁਣ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ ਪੰਜ ਹਜ਼ਾਰ ਕਰੋੜ ਰੁਪਏ ਹੋਰ ਕਰਜ਼ਾ ਲੈਣ ਦੀ ਗੱਲ ਕਹੀ ਜਾ ਰਹੀ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਇਹ ਸਾਰਾ ਕਰਜ਼ਾ ਲਾਹੁਣ ਲਈ ਟੈਕਸ ਦੇ ਰੂਪ ਵਿਚ ਲੋਕਾਂ ਦੀਆਂ ਜੇਬਾਂ ਕੱਟੀਆਂ ਜਾਣਗੀਆਂ।

## ਬਾਦਲ ਸਰਕਾਰ ਨੇ ਸੂਬੇ ਨੂੰ ਤਬਾਹ ਕੀਤਾ: ਕੈਪਟਨ



**ਗੁਰਦਾਸਪੁਰ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਸੂਬੇ ਨੂੰ ਤਬਾਹ ਕਰ ਦਿੱਤਾ ਹੈ। ਬਾਦਲ ਸਰਕਾਰ ਦੀ ਲਾਪਰਵਾਹੀ ਕਾਰਨ ਪਿਛਲੇ ਨੌਂ ਸਾਲਾਂ ਤੋਂ ਸਰਕਾਰ ਵੱਲੋਂ ਖਾਲੀ ਪਈਆਂ ਅਸਾਮੀਆਂ ਨੂੰ ਭਰਿਆ ਨਹੀਂ ਗਿਆ ਹੈ। ਦੂਜੇ ਪਾਸੇ ਪੰਜਾਬ ਦੇ 90 ਲੱਖ ਨੌਜਵਾਨ ਬੇਰਜ਼ੁਗਾਰ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ 2007 ਵਿਚ 2.40 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਪਰ ਅਕਾਲੀ-ਭਾਜਪਾ ਸਰਕਾਰ ਨੇ ਆਉਂਦਿਆਂ ਹੀ ਰੱਦ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਗੈਰ-ਕਾਨੂੰਨੀ ਕਾਰੋਬਾਰ ਵਿਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

# ਮਨੀਲਾ ਨੇ ਨਿਗਲਿਆ ਇਕ ਹੋਰ ਪੰਜਾਬੀ ਨੌਜਵਾਨ

**ਜਲੰਧਰ:** ਫਿਲੀਪਾਈਨ ਵਿਚ ਇਕ ਵਾਰ ਫਿਰ ਪੰਜਾਬੀ ਨੌਜਵਾਨ ਦਾ ਕਤਲ ਕੀਤਾ ਗਿਆ ਹੈ। ਆਦਮਪੁਰ ਦੇ ਰਹਿਣ ਵਾਲੇ ਵਿਪਨ ਭੱਟੀ ਦਾ ਮਨੀਲਾ ਵਿਚ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਕਤਲ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਕੀਤਾ ਗਿਆ ਦੱਸਿਆ ਜਾ ਰਿਹਾ ਹੈ। ਵਿਪਨ ਪਿਛਲੇ ਤਕਰੀਬਨ 10 ਸਾਲ ਤੋਂ ਮਨੀਲਾ 'ਚ ਰਹਿ ਰਿਹਾ ਸੀ। ਜਾਣਕਾਰੀ ਮੁਤਾਬਕ ਆਦਮਪੁਰ ਦੇ ਰਹਿਣ ਵਾਲੇ ਜੋਗਿੰਦਰ ਪਾਲ ਭੱਟੀ ਦਾ ਲੜਕਾ ਵਿਪਨ ਭੱਟੀ 10 ਸਾਲਾਂ ਤੋਂ ਫਿਲੀਪਾਈਨ ਦੇ ਸ਼ਹਿਰ ਮਨੀਲਾ 'ਚ ਫਾਈਨਾਂਸ ਦਾ ਕੰਮ ਕਰ ਰਿਹਾ ਸੀ। ਘਟਨਾ ਵੇਲੇ ਵੀ ਉਹ ਆਪਣੇ ਕੰਮ ਦੇ ਸਿਲਸਿਲੇ 'ਚ ਜਾ ਰਿਹਾ ਸੀ।




ਇਸੇ ਦੌਰਾਨ ਅਣਪਛਾਤੇ ਹਮਲਾਵਰਾਂ ਨੇ ਉਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਹਮਲੇ 'ਚ ਬੁਰੀ ਤਰ੍ਹਾਂ ਜ਼ਖਮੀ ਹੋਏ ਵਿਪਨ ਨੇ ਉਥੇ ਹੀ ਦਮ ਤੋੜ ਦਿੱਤਾ। ਵਿਪਨ ਆਪਣੀ ਪਤਨੀ ਤੇ ਛੇ ਸਾਲਾ ਬੱਚੇ ਨਾਲ ਵਿਦੇਸ਼ ਰਹਿ ਰਿਹਾ ਸੀ। ਜਵਾਨ ਪੁੱਤ ਦੀ ਮੌਤ ਦੀ ਖਬਰ ਨੇ ਆਦਮਪੁਰ 'ਚ ਵਿਪਨ ਦੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਢਾਹ ਦਿੱਤਾ ਹੈ। ਇਹ ਕੋਈ ਪਹਿਲਾ ਮਾਮਲਾ ਨਹੀਂ ਹੈ ਜਦ ਕਿਸੇ ਪੰਜਾਬੀ ਨੌਜਵਾਨ ਨੂੰ ਮਨੀਲਾ 'ਚ ਆਪਣੀ ਜਾਨ ਗਵਾਉਣੀ ਪਈ ਹੋਵੇ। ਵਿਪਨ ਵਰਗੇ ਸੈਂਕੜੇ ਪੰਜਾਬੀ ਨੌਜਵਾਨ ਮਨੀਲਾ 'ਚ ਲੁਟੇਰਿਆਂ ਦੇ ਸ਼ਿਕਾਰ ਬਣ ਚੁੱਕੇ ਹਨ ਪਰ ਇਹ ਸਿਲਸਿਲਾ ਰੁਕਣ ਦਾ ਨਾ ਨਹੀਂ ਲੈ ਰਿਹਾ।

ਬੇਰੁਜ਼ਗਾਰੀ ਤੋਂ ਪਰੇਸ਼ਾਨ ਹੋ ਕੇ ਪੈਸਾ ਕਮਾਉਣ ਤੇ ਆਪਣੇ ਘਰ ਦੇ ਹਾਲਾਤ ਬਦਲਣ ਲਈ ਮਨੀਲਾ ਜਾਣ ਵਾਲੇ ਜ਼ਿਆਦਾਤਰ ਪੰਜਾਬੀ ਨੌਜਵਾਨ ਫਾਈਨਾਂਸ ਦਾ ਕਾਰੋਬਾਰ ਕਰਦੇ ਹਨ। ਇਹੀ ਪੈਸਾ ਉਨ੍ਹਾਂ ਦੀ ਜਾਨ ਦਾ ਦੁਸ਼ਮਣ ਬਣਿਆ ਹੋਇਆ ਹੈ। ਸਥਾਨਕ ਲੁਟੇਰੇ ਇਨ੍ਹਾਂ ਪੰਜਾਬੀਆਂ ਨੂੰ ਲੁੱਟ ਦਾ ਸ਼ਿਕਾਰ ਬਣਾਉਣ ਲਈ ਕਤਲ ਕਰ ਰਹੇ ਹਨ। ਹਾਲਾਂਕਿ ਲਗਾਤਾਰ ਅਜਿਹੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਕਈ ਵਾਰ ਸਰਕਾਰ ਨੂੰ ਅਪੀਲ ਕੀਤੀ ਜਾ ਚੁੱਕੀ ਹੈ ਕਿ ਵਿਦੇਸ਼ ਮੰਤਰਾਲੇ ਪੰਜਾਬੀਆਂ ਦੀ ਸੁਰੱਖਿਆ ਬਾਰੇ ਫਿਲੀਪਾਈਨ ਸਰਕਾਰ ਨਾਲ ਗੱਲਬਾਤ ਕਰੇ। ਸਰਕਾਰ ਵੱਲੋਂ ਕਈ ਵਾਰ ਭਰੋਸਾ ਜ਼ਰੂਰ ਦਿੱਤਾ ਗਿਆ ਹੈ ਪਰ ਅਜੇ ਤੱਕ ਇਸ ਬਾਰੇ ਕੋਈ ਠੋਸ ਕਦਮ ਨਹੀਂ ਚੁੱਕੇ ਗਏ ਹਨ।

# ਸੀ.ਬੀ.ਆਈ. ਕਰੇਗੀ ਸਿੱਪੀ ਸਿੱਧੂ ਕਤਲ ਕੇਸ ਦੀ ਜਾਂਚ

**ਮੁਹਾਲੀ:** ਚੰਡੀਗੜ੍ਹ ਵਿਚ ਕਤਲ ਕੀਤੇ ਗਏ ਅੰਤਰਰਾਸ਼ਟਰੀ ਸ਼ੂਟਰ ਤੇ ਪੰਜਾਬ ਐਂਡ ਹਰਿਆਣਾ ਹਾਈਕੋਰਟ ਦੇ ਵਕੀਲ ਸੁਖਮਨਪ੍ਰੀਤ ਸਿੰਘ ਸਿੱਪੀ ਸਿੱਧੂ ਦੇ ਕਤਲ ਮਾਮਲੇ ਦੀ ਜਾਂਚ ਹੁਣ ਸੀ.ਬੀ.ਆਈ. ਕਰੇਗੀ।

ਚੰਡੀਗੜ੍ਹ ਦੇ ਰਾਜਪਾਲ ਵੱਲੋਂ ਸਿਫਾਰਸ਼ ਕੀਤੇ ਜਾਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਮਾਮਲੇ ਦੀ ਜਾਂਚ ਅਧਿਕਾਰੀ ਨੇ ਚੰਡੀਗੜ੍ਹ ਦੇ ਏ.ਸੀ.ਜੇ.ਐਮ. ਦੀ ਅਦਾਲਤ ਵਿਚ ਇਹ ਜਾਣਕਾਰੀ ਦਿੱਤੀ ਹੈ। ਸਿੱਪੀ ਦੇ ਕਾਤਲਾਂ ਦੀ ਗ੍ਰਿਫਤਾਰੀ ਦੀ ਮੰਗ ਕਰਦਿਆਂ ਤਕਰੀਬਨ ਇਕ ਮਹੀਨਾ ਪਹਿਲਾਂ ਉਸ ਦਾ ਪਰਿਵਾਰ ਰਾਜਪਾਲ ਕਪਤਾਨ ਸਿੰਘ ਸੋਲੰਕੀ ਨੂੰ ਮਿਲਿਆ ਸੀ। ਉਸ ਵੇਲੇ ਰਾਜਪਾਲ ਵੱਲੋਂ ਪਰਿਵਾਰ ਨੂੰ ਇਨਸਾਫ ਦਾ ਭਰੋਸਾ ਦਿੱਤਾ ਗਿਆ ਸੀ।



ਸਿੱਪੀ ਦੇ ਕਤਲ ਨੂੰ ਚਾਰ ਮਹੀਨੇ ਬੀਤਣ ਤੋਂ ਬਾਅਦ ਵੀ ਚੰਡੀਗੜ੍ਹ ਪੁਲਿਸ ਦੇ ਹੱਥ ਖਾਲੀ ਸਨ। ਸੁਖਮਨਪ੍ਰੀਤ ਦੇ ਕਾਤਲਾਂ ਦੀ ਗ੍ਰਿਫਤਾਰੀ ਲਈ ਉਸ ਦਾ ਪਰਿਵਾਰ ਲਗਾਤਾਰ ਸੰਘਰਸ਼ ਕਰਦਾ ਆ ਰਿਹਾ ਹੈ। ਪਰਿਵਾਰ ਦਾ ਇਲਜ਼ਾਮ ਹੈ ਕਿ ਮਾਮਲੇ 'ਚ ਹਾਈ ਪ੍ਰੋਫਾਈਲ ਨਾਮ ਆਉਣ ਦੇ ਚੱਲਦੇ ਚੰਡੀਗੜ੍ਹ ਪੁਲਿਸ ਕਾਰਵਾਈ ਕਰਨ ਤੋਂ ਬਚਦੀ ਆ ਰਹੀ ਹੈ।

ਇਸ ਤੋਂ ਪਹਿਲਾਂ ਪਰਿਵਾਰ ਚੰਡੀਗੜ੍ਹ ਦੇ ਐਸ.ਐਸ.ਪੀ., ਆਈ.ਜੀ., ਅਡਵਾਈਜ਼ਰ ਕੋਲ ਇਨਸਾਫ ਦੀ ਗੁਹਾਰ ਲਗਾਉਣ ਤੋਂ ਇਲਾਵਾ ਦੇਸ਼ ਦੇ ਗ੍ਰਹਿ ਮੰਤਰੀ ਰਾਜਨਾਥ ਨੂੰ ਵੀ ਮਿਲ ਕੇ ਕਾਰਵਾਈ ਦੀ ਮੰਗ ਕਰ ਚੁੱਕਾ ਹੈ। ਸਿੱਪੀ ਦੇ ਕਤਲ ਤੋਂ ਬਾਅਦ 20 ਸਤੰਬਰ ਨੂੰ ਉਸ ਦੀ ਲਾਸ਼ ਚੰਡੀਗੜ੍ਹ ਦੇ ਸੈਕਟਰ 27 ਦੇ ਇਕ ਪਾਰਕ 'ਚੋਂ ਮਿਲੀ ਸੀ। ਸਿੱਪੀ ਦੇ ਤਿੰਨ ਗੋਲੀਆਂ ਮਾਰੀਆਂ ਗਈਆਂ ਸਨ।

# ਭੰਨ-ਤੋੜ ਵਾਲੇ ਕੇਸ ਵਿਚ ਕੁਲਦੀਪ ਬਿਸ਼ਨੋਈ ਸਮੇਤ 24 ਬਰੀ

**ਚੰਡੀਗੜ੍ਹ:** ਹਰਿਆਣਾ ਜਨਹਿੱਤ ਕਾਂਗਰਸ (ਹਜਕਾਂ) ਦੀ ਰੈਲੀ ਵਿਚ ਪੁਲਿਸ ਮੁਲਾਜ਼ਮਾਂ ਨੂੰ ਸੱਟ ਮਾਰਨ ਤੇ ਸਰਕਾਰੀ ਜਾਇਦਾਦ ਦੀ ਭੰਨ-ਤੋੜ ਕਰਨ ਦੇ ਮਾਮਲੇ ਵਿਚ ਜ਼ਿਲ੍ਹਾ ਅਦਾਲਤ ਨੇ ਪਾਰਟੀ ਮੁਖੀ ਅਤੇ ਸਾਬਕਾ ਸੰਸਦ ਮੈਂਬਰ ਕੁਲਦੀਪ ਬਿਸ਼ਨੋਈ ਸਮੇਤ 24 ਹੋਰ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ।

ਯਾਦ ਰਹੇ ਕਿ ਹਜਕਾਂ ਵੱਲੋਂ ਸੈਕਟਰ 25 ਵਿਚ ਪੰਜ ਸਾਲ ਪਹਿਲਾਂ ਇਕ ਰੈਲੀ ਕੀਤੀ ਗਈ ਸੀ ਜਿਸ ਦੌਰਾਨ ਪੁਲਿਸ ਤੇ ਵਿਖਾਵਾਕਾਰੀਆਂ ਦਰਮਿਆਨ ਝੜਪਾਂ ਹੋਈਆਂ ਸਨ। ਪੁਲਿਸ ਵੱਲੋਂ ਕੁਲਦੀਪ ਬਿਸ਼ਨੋਈ ਅਤੇ 27 ਹੋਰਾਂ ਖਿਲਾਫ਼ ਪੁਲਿਸ ਦੀ ਕੁੱਟਮਾਰ ਕਰਨ ਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ ਤੇ ਇਰਾਦਾ ਕਤਲ ਦੀ ਧਾਰਾ ਲਾਈ ਗਈ ਸੀ। 27 ਹੋਰਨਾਂ ਮੁਲਜ਼ਮਾਂ ਵਿਚ ਪਾਰਟੀ ਵਰਕਰ ਸ਼ਾਮਲ ਸਨ। ਹਜਕਾਂ ਨੇ 2010 ਵਿਚ ਚੰਡੀਗੜ੍ਹ ਦੇ ਸੈਕਟਰ 25 ਵਿਚ ਰੈਲੀ ਕੀਤੀ ਸੀ ਅਤੇ ਜਦੋਂ ਵਿਖਾਵਾਕਾਰੀ ਵਿਧਾਨ ਸਭਾ ਵੱਲ ਅੱਗੇ ਵਧਣ ਲੱਗੇ ਤਾਂ ਪੁਲਿਸ ਨੂੰ ਰੋਕਣ ਲਈ ਸਖਤੀ ਕਰਨੀ ਪਈ ਜਿਸ ਦੌਰਾਨ ਕਈ ਪੁਲਿਸ ਮੁਲਾਜ਼ਮਾਂ ਨੂੰ ਸੱਟਾਂ ਲੱਗੀਆਂ ਸਨ। ਉਂਜ ਪੁਲਿਸ ਨਾਲ ਹੱਥੋਪਾਈ ਵੇਲੇ ਹਜਕਾਂ ਮੁਖੀ ਕੁਲਦੀਪ ਬਿਸ਼ਨੋਈ ਦਾ ਹੱਥ ਵੀ ਟੁੱਟ ਗਿਆ ਸੀ।

# ਭ੍ਰਿਸ਼ਟਾਚਾਰ ਦਾ ਟਾਕਰਾ ਕਰੇਗੀ ਚੀਨ ਦੀ ਡਿਜੀਟਲ ਕਰੰਸੀ

**ਬੀਜਿੰਗ:** ਚੀਨ ਦੇ ਸੈਂਟਰਲ ਬੈਂਕ ਨੇ ਐਲਾਨ ਕੀਤਾ ਹੈ ਕਿ ਉਹ ਦੇਸ਼ ਵਿਚ ਛੇਤੀ ਹੀ ਡਿਜੀਟਲ ਕਰੰਸੀ ਜਾਰੀ ਕਰੇਗਾ। ਡਿਜੀਟਲ ਕਰੰਸੀ ਉਤੇ ਕਰਵਾਏ ਗਏ ਸੰਮੇਲਨ ਵਿਚ ਪੀਪਲਜ਼ ਬੈਂਕ ਆਫ ਚਾਈਨਾ ਨੇ ਆਖਿਆ ਕਿ ਇਸ ਬਾਰੇ ਸੈਂਟਰਲ ਬੈਂਕ ਦੀ ਟੀਮ ਕੰਮ ਕਰ ਰਹੀ ਹੈ। ਬੈਂਕ ਅਨੁਸਾਰ ਕਾਗਜ਼ ਦੇ ਨੋਟਾਂ ਦੇ ਮੁਕਾਬਲੇ ਡਿਜੀਟਲ ਕਰੰਸੀ ਉਤੇ ਲਾਗਤ ਘੱਟ ਆਵੇਗੀ ਅਤੇ ਇਸ ਨਾਲ ਵਪਾਰੀਆਂ ਨੂੰ ਕਾਫੀ ਫਾਇਦਾ ਹੋਵੇਗਾ।

ਬੈਂਕ ਨੂੰ ਇਸ ਰਾਹੀਂ ਆਪਣੀ ਆਰਥਿਕ ਸਥਿਤੀ ਮਜ਼ਬੂਤ ਹੋਣ ਦੀ ਵੀ ਉਮੀਦ ਹੈ। ਅਸਲ ਵਿਚ ਚੀਨ ਡਿਜੀਟਲ ਕਰੰਸੀ ਨਾਲ ਦੇਸ਼ ਵਿਚ ਮਨੀ ਲਾਂਡਰਿਗ ਤੇ ਟੈਕਸ ਚੋਰੀ ਨੂੰ ਰੋਕਣ ਚਾਹੁੰਦਾ ਹੈ। ਪੀਪਲਜ਼ ਬੈਂਕ ਆਫ ਚਾਈਨਾ ਅਨੁਸਾਰ ਡਿਜ਼ੀਟਲ ਕਰੰਸੀ ਉਤੇ ਉਹ 2014 ਤੋਂ ਕੰਮ ਕਰ ਰਹੇ ਹਨ ਅਤੇ ਇਸ ਦੇ ਨਤੀਜੇ ਕਾਫੀ ਸਾਰਥਕ ਰਹੇ ਹਨ। ਚੀਨ ਸਰਕਾਰ ਦੇਸ਼ ਵਿਚ ਫੈਲੇ ਭ੍ਰਿਸ਼ਟਾਚਾਰ ਤੋਂ ਕਾਫੀ ਪਰੇਸ਼ਾਨ ਹੈ। ਕਈ ਸਿਆਸੀ ਆਗ ਤੇ ਸਰਕਾਰੀ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਜੇਲ੍ਹ ਹੋ ਚੁੱਕੀ ਹੈ। ਇਸ ਕਰਕੇ ਸਰਕਾਰ ਹੁਣ ਕਾਲੇ ਧੰਨ ਅਤੇ ਟੈਕਸ ਚੋਰੀ ਨੂੰ ਰੋਕਣ ਲਈ ਡਿਜੀਟਲ ਕਰੰਸੀ ਦਾ ਸਹਾਰਾ ਲਵੇਗੀ।

# ਭਾਰਤੀ ਮਹਿਲਾ ਨੂੰ ਘਪਲੇ ਦੇ ਦੋਸ਼ ਵਿਚ ਕੈਦ

**ਸਿੰਗਾਪੁਰ:** ਇਥੇ ਇਕ ਕੰਪਨੀ ਵਿਚ ਵਿੱਤੀ ਮੈਨੇਜਰ ਵਜੋਂ ਕੰਮ ਕਰਦੀ ਭਾਰਤੀ ਮੂਲ ਦੀ 36 ਸਾਲਾ ਔਰਤ ਨੂੰ ਛੇ ਸਾਲਾਂ ਦੌਰਾਨ ਚਾਰ ਲੱਖ, ਸੱਤਰ ਹਜ਼ਾਰ ਡਾਲਰ ਦਾ ਘਪਲਾ ਕਰਨ ਦੇ ਦੋਸ਼ ਵਿਚ 3 ਸਾਲ, 10 ਮਹੀਨੇ ਦੀ ਕੈਦ ਹੋਈ ਹੈ।

ਮੀਡੀਆ ਰਿਪੋਰਟ ਮੁਤਾਬਕ ਸਮਿਤਾ ਸਲਿਲ ਮਹਾਤਰੇ ਖਿਲਾਫ਼ ਸਾਲ 2008 ਤੋਂ 2013 ਦੌਰਾਨ ਫੰਡਾਂ ਵਿਚ ਘਪਲੇ ਦੇ ਛੇ ਦੋਸ਼ ਲੱਗੇ ਸਨ। ਇਸ ਮਹਿਲਾ ਨੇ ਰਿਸਰਚ ਪੈਸੀਫਿਕ ਗਰੁੱਪ ਦੇ ਫੰਡ ਵਿਚ ਘਪਲਾ ਕਰਕੇ ਅਪਰਾਧਕ ਵਿਸ਼ਵਾਸਘਾਤ ਨਾਲ ਸਬੰਧਤ 3 ਦੋਸ਼ ਕਬੂਲੇ ਹਨ। ਸਰਕਾਰੀ ਵਕੀਲ ਵਿਨਸੈਂਟ ਨੇ ਦੱਸਿਆ ਕਿ ਸਮਿਤਾ ਨੇ 2006 ਵਿਚ ਕੰਪਨੀ ਵਿਚ ਅਕਾਊਂਟੈਂਟ ਤੇ ਐਡਮਨਿਸਟ੍ਰੇਟਿਵ ਐਗਜ਼ੀਕਿਊਟਿਵ ਵਜੋਂ ਨੌਕਰੀ ਸ਼ੁਰੂ ਕੀਤੀ ਸੀ ਅਤੇ ਤਰੱਕੀ ਕਰਕੇ ਵਿੱਤੀ ਮੈਨੇਜਰ ਦੇ ਅਹੁਦੇ ਉਤੇ ਪਹੁੰਚੀ ਸੀ।

# ਗੁਰਦੁਆਰਿਆਂ 'ਚ ਗੋਲੀ ਲੱਗਣ ਦਾ ਭੇਤ ਬਰਕਰਾਰ

**ਚੰਡੀਗੜ੍ਹ:** ਦਰਬਾਰ ਸਾਹਿਬ ਅੰਮ੍ਰਿਤਸਰ ਤੇ ਸ੍ਰੀ ਮੁਕਤਸਰ ਸਾਹਿਬ ਦੇ ਗੁਰਦੁਆਰੇ ਵਿਖੇ ਕ੍ਰਮਵਾਰ ਸੇਵਾਦਾਰ ਅਤੇ ਮਹਿਲਾ ਨੂੰ ਇਕੋ ਢੰਗ ਨਾਲ ਗੋਲੀਆਂ ਲੱਗਣ ਦੀਆਂ ਘਟਨਾਵਾਂ ਨੇ ਪੁਲਿਸ ਦੀ ਨੀਂਦ ਉਡਾਈ ਪਈ ਹੈ। ਅੰਮ੍ਰਿਤਸਰ ਤੇ ਸ੍ਰੀ ਮੁਕਤਸਰ ਸਾਹਿਬ ਦੇ ਪੁਲਿਸ ਅਧਿਕਾਰੀ ਫਿਲਹਾਲ ਇਨ੍ਹਾਂ ਦੋਵਾਂ ਘਟਨਾਵਾਂ ਦੇ ਭੇਤ ਖੋਲ੍ਹਣ ਤੋਂ ਅਸਮਰੱਥ ਹਨ। ਭਾਵੇਂ ਪੁਲਿਸ ਅਧਿਕਾਰੀ ਉਪਰੋਂ-ਉਪਰੋਂ ਇਨ੍ਹਾਂ ਨੂੰ ਆਮ ਘਟਨਾਵਾਂ ਦੱਸ ਰਹੇ ਹਨ ਪਰ ਸੂਤਰਾਂ ਅਨੁਸਾਰ ਪੁਲਿਸ ਦੋਵਾਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈ ਰਹੀ ਹੈ।



ਦਰਅਸਲ, ਇਨ੍ਹਾਂ ਦੋਵਾਂ ਮਾਮਲਿਆਂ ਵਿਚ ਗੋਲੀਆਂ ਇਕੋ ਤਰ੍ਹਾਂ ਚੱਲੀਆਂ ਹਨ। ਇਨ੍ਹਾਂ ਘਟਨਾਵਾਂ ਤੋਂ ਇਲਾਵਾ ਲੁਧਿਆਣਾ ਵਿਖੇ ਆਰ.ਐਸ.ਐਸ. ਸ਼ਾਖਾ 'ਤੇ ਮੋਟਰਸਾਈਕਲ ਸਵਾਰਾਂ ਵੱਲੋਂ ਗੋਲੀ ਚਲਾਉਣ ਦੀ ਘਟਨਾ ਤੇ ਇਸ ਤੋਂ ਪਹਿਲਾਂ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਦਬਦੀ ਦੀਆਂ ਘਟਨਾਵਾਂ ਪੁਲਿਸ ਲਈ ਪਰੇਸ਼ਾਨੀ ਦਾ ਕਾਰਨ ਬਣਦੀਆਂ ਜਾ ਰਹੀਆਂ ਹਨ। 15 ਜਨਵਰੀ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਪਰਿਕਰਮਾ 'ਚ ਡਿਊਟੀ ਦੇ ਰਹੇ ਸੇਵਾਦਾਰ ਗੁਰਪ੍ਰੀਤ ਸਿੰਘ ਨੂੰ .315 ਬੋਰ ਦੀ ਰਾਈਫਲ ਦੀ ਗੋਲੀ ਲੱਗਣ ਕਾਰਨ ਉਹ ਜ਼ਖ਼ਮੀ ਹੋਇਆ ਗਿਆ। ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਨੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੇ ਆਧਾਰ 'ਤੇ ਜਾਣਕਾਰੀ ਦਿੱਤੀ ਕਿ ਗੋਲੀ ਕਾਫੀ ਦੂਰੋਂ ਚੱਲੀ ਜਾਪਦੀ ਹੈ। ਉਨ੍ਹਾਂ ਅਨੁਸਾਰ ਗੋਲੀ ਦੀ ਰਫਤਾਰ ਜਦੋਂ ਖਤਮ ਹੋਈ ਤਾਂ ਉਹ ਹੇਠਾਂ ਡਿੱਗਦਿਆਂ ਸੇਵਾਦਾਰ ਦੀ ਦਸਤਾਰ ਨੂੰ ਛੂਹ ਕੇ ਉਸ ਦੀ ਛਾਤੀ ਨੇੜੇ ਵੱਜੀ, ਜਿਸ ਕਾਰਨ ਉਹ ਮਾਮੂਲੀ ਜ਼ਖ਼ਮੀ ਹੋਇਆ ਸੀ। ਪੁਲਿਸ ਦਰਬਾਰ ਸਾਹਿਬ ਨੇੜੇ ਰਹਿੰਦੇ ਵਸਨੀਕਾਂ ਦੇ ਲਾਇਸੈਂਸੀ ਹਥਿਆਰਾਂ ਦੀ ਜਾਂਚ ਕਰ ਰਹੀ ਹੈ ਪਰ ਫਿਲਹਾਲ ਪੁਲਿਸ ਦੇ ਪੱਲੇ ਕੁਝ ਨਹੀਂ ਪਿਆ।

ਇਸ ਘਟਨਾ ਤੋਂ ਪੰਜ ਦਿਨਾਂ ਬਾਅਦ 20 ਜਨਵਰੀ ਨੂੰ ਇਸੇ ਤਰ੍ਹਾਂ ਦੀ ਘਟਨਾ ਸ੍ਰੀ ਮੁਕਤਸਰ ਸਾਹਿਬ ਦੇ ਗੁਰਦੁਆਰੇ ਵਿਚ ਵਾਪਰਨ ਕਾਰਨ ਪੁਲਿਸ ਦੀ ਚਿੰਤਾ ਹੋਰ ਵਧ ਗਈ ਹੈ। ਸ੍ਰੀ ਮੁਕਤਸਰ ਸਾਹਿਬ ਵਿਖੇ ਵੀ ਗੁਰਦੁਆਰੇ ਦੀ ਪਰਿਕਰਮਾ ਵਿਚ ਬੈਠੀ ਪਰਮਜੀਤ ਕੌਰ ਦੀ ਖੱਬੀ ਲੱਤ ਵਿਚ ਗੋਲੀ ਦਾ ਸਿੱਕਾ ਵੱਜਿਆ ਸੀ। ਇਹ ਘਟਨਾ ਅੰਮ੍ਰਿਤਸਰ ਨਾਲ ਮਿਲਦੀ ਹੋਣ ਨਾਲ ਮਾਮਲਾ ਗੁੰਝਲਦਾਰ ਬਣ ਗਿਆ ਹੈ। ਮੁੱਢਲੀ ਪੜਤਾਲ ਤੋਂ ਪਤਾ ਲੱਗਿਆ ਹੈ ਕਿ ਇਹ ਹਵਾਈ ਫਾਇਰ 500-600 ਮੀਟਰ ਤੋਂ ਹੋਇਆ ਜਾਪਦਾ ਹੈ। ਇਹ ਘਟਨਾ ਦੁਪਹਿਰ ਢਾਈ ਵਜੇ ਵਾਪਰੀ ਅਤੇ ਜ਼ਖ਼ਮੀ ਮਹਿਲਾ ਨੇ ਪੁਲਿਸ ਨੂੰ ਜਾਣਕਾਰੀ ਤਿੰਨ ਘੰਟਿਆਂ ਬਾਅਦ ਦਿੱਤੀ ਸੀ। ਮਹਿਲਾ ਦੇ .32 ਬੋਰ ਦੇ ਹਥਿਆਰ ਦੀ ਗੋਲੀ ਦਾ ਸਿੱਕਾ ਵੱਜਿਆ ਸੀ। ਇਹ ਸਿੱਕਾ ਔਰਤ ਦੇ ਕੱਪੜਿਆਂ ਨੂੰ ਪਾਰ ਨਹੀਂ ਕਰ ਸਕਿਆ, ਜਿਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਗੋਲੀ ਕਾਫੀ ਦੂਰੋਂ ਚੱਲੀ ਹੈ ਅਤੇ ਗੁਰਦੁਆਰੇ ਵਿਚੋਂ ਗੋਲੀ ਚੱਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਫੋਰੈਂਸਿਕ ਮਾਹਿਰਾਂ ਨੂੰ ਸੱਦ ਕੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਇਨ੍ਹਾਂ ਘਟਨਾਵਾਂ ਦੀ ਜਿਥੇ ਅੰਮ੍ਰਿਤਸਰ ਤੇ ਸ੍ਰੀ ਮੁਕਤਸਰ ਸਾਹਿਬ ਦੀ ਪੁਲਿਸ ਜਾਂਚ ਕਰ ਰਹੀ ਹੈ ਉਥੇ ਪੁਲਿਸ ਦੇ ਕੁਝ ਅਹਿਮ ਵਿੰਗ ਵੱਖਰੇ ਤੌਰ 'ਤੇ ਵੀ ਜਾਂਚ ਕਰ ਰਹੇ ਹਨ।

# Amolak Singh Gakhal Presents
# A Smeep Kang Film

# vaisakhi list



# ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਖੁਦਕੁਸ਼ੀ ਮਾਮਲੇ ‘ਤੇ ਰੋਹ ਜਾਰੀ

**ਹੈਦਰਾਬਾਦ/ਨਵੀਂ ਦਿੱਲੀ:** ਕੁਝ ਦਿਨ ਪਹਿਲਾਂ ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਵਿਚ ਇਕ ਦਲਿਤ ਵਿਦਿਆਰਥੀ ਰੋਹਿਤ ਵੈਮੂਲਾ ਵੱਲੋਂ ਆਤਮ-ਹੱਤਿਆ ਕਰਨ ਤੋਂ ਬਾਅਦ ਜਿਸ ਤਰ੍ਹਾਂ ਦਾ ਮਾਹੌਲ ਬਣਿਆ ਹੈ, ਉਸ ਨੇ ਇਕ ਵਾਰ ਫਿਰ ਕੇਂਦਰੀ ਸਰਕਾਰ ਨੂੰ ਕਟਹਿਰੇ ਵਿਚ ਲਿਆ ਖੜ੍ਹਾ ਕੀਤਾ ਹੈ। ਕੁਝ ਮਸਲਿਆਂ ਨੂੰ ਲੈ ਕੇ ਯੂਨੀਵਰਸਿਟੀ ਵਿਚ ਦੋ ਵਿਦਿਆਰਥੀ ਗਰੁੱਪਾਂ ਵਿਚਕਾਰ ਲੜਾਈ ਹੋਈ ਸੀ। ਉਸ ਤੋਂ ਬਾਅਦ ਕੁਝ ਵਿਦਿਆਰਥੀਆਂ ‘ਤੇ ਕਾਰਵਾਈ ਕੀਤੀ ਗਈ, ਜਿਸ ਵਿਚ ਰੋਹਿਤ ਵੀ ਸ਼ਾਮਲ ਸੀ। ਮਸਲਾ ਕੁਝ ਸਿਧਾਂਤਕ ਰੂਪ ਲੈ ਗਿਆ ਸੀ। ਵਿਦਿਆਰਥੀਆਂ ਦੀ ਅੰਬੇਡਕਰ ਸੁਸਾਇਟੀ ਵੱਲੋਂ ਇਕ ਫਿਲਮ ਨੂੰ ਦਿਖਾਉਣ ਨੂੰ ਲੈ ਕੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨੇ ਇਤਰਾਜ਼ ਕੀਤਾ ਸੀ। ਇਸ ਵਿਚ ਕੇਂਦਰੀ ਮਨੁੱਖੀ ਵਸੀਲਿਆਂ ਸਬੰਧੀ ਮੰਤਰੀ ਸਮ੍ਰਿਤੀ ਇਰਾਨੀ ਅਤੇ ਕੇਂਦਰੀ ਰਾਜ ਕਿਰਤ ਮੰਤਰੀ ਬੰਡਾਰੂ ਦੱਤਾਤ੍ਰੇਅ ‘ਤੇ ਵੀ ਦੋਸ਼ ਲਗਾਏ ਗਏ ਹਨ ਕਿ ਉਨ੍ਹਾਂ ਨੇ ਯੂਨੀਵਰਸਿਟੀ ਦੇ ਪ੍ਰਸ਼ਾਸਨ ‘ਤੇ ਦਬਾਅ ਪਾਇਆ ਅਤੇ ਯੂਨੀਵਰਸਿਟੀ ਦੇ ਕੰਮਕਾਜ ਵਿਚ ਦਖਲ ਦਿੱਤਾ, ਜਿਸ ਨਾਲ ਰੋਹਿਤ ਦੇ ਖੁਦਕੁਸ਼ੀ ਕਰਨ ਵਾਲੀ ਸਥਿਤੀ ਪੈਦਾ ਹੋਈ।

ਇਸ ਮਾਮਲੇ ‘ਤੇ ਸਿਆਸਤ ਵੀ ਮਘ ਗਈ ਹੈ। ਭਾਜਪਾ ਦੇ ਵਿਰੋਧੀ ਦਲ ਇਸ ਮਾਮਲੇ ਵਿਚ ਅੱਗੇ ਆ ਗਏ ਹਨ ਤੇ ਕੇਂਦਰੀ ਮਨੁੱਖੀ ਵਸੀਲਿਆਂ ਬਾਰੇ ਮੰਤਰੀ ਸਮ੍ਰਿਤੀ ਇਰਾਨੀ ਤੇ ਕੇਂਦਰੀ ਕਿਰਤ ਰਾਜ ਮੰਤਰੀ ਬੰਡਾਰੂ ਦੱਤਾਤ੍ਰੇਅ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਨੇ ਜ਼ੋਰ ਫੜ ਲਿਆ ਹੈ। ਵਿਰੋਧੀ ਧਿਰਾਂ ਦੋਵਾਂ ਮੰਤਰੀਆਂ ਨੂੰ ਇਸ ਮੌਤ ਲਈ ਜ਼ਿੰਮੇਵਾਰ ਕਰਾਰ ਦੇ ਰਹੀਆਂ ਹਨ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਤੇ ਕਈ ਹੋਰ ਪਾਰਟੀਆਂ ਨੇ ਦੋਵਾਂ ਕੇਂਦਰੀ ਮੰਤਰੀਆਂ ਤੇ ਹੈਦਰਾਬਾਦ ਯੂਨੀਵਰਸਿਟੀ ਦੇ ਉਪ ਕੁਲਪਤੀ ਅੱਪਾ ਰਾਓ ‘ਤੇ ਵੀ ਹੱਲਾ ਬੋਲਿਆ। ਸਰਕਾਰ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਸਰਕਾਰੀ ਕਦਮ, ਦੋ ਕੇਂਦਰੀ ਮੰਤਰੀਆਂ ਬੰਦਾਰੂ ਦੱਤਾਤ੍ਰੇਅ ਤੇ ਸਮ੍ਰਿਤੀ ਇਰਾਨੀ ਨੂੰ ਬਚਾਉਣ ਤੇ ਮਾਮਲੇ ਉਤੇ ਲੀਪਾ-ਪੋਚੀ ਕਰਨ ਦਾ ਹੀਲਾ ਹਨ। ਦੋਵਾਂ ਮੰਤਰੀਆਂ ਉੱਤੇ ਦੋਸ਼ ਹੈ ਕਿ ਉਨ੍ਹਾਂ ਨੇ ਯੂਨੀਵਰਸਿਟੀ ਦੇ ਉਪ ਕੁਲਪਤੀ ਉੱਪਰ ਰੋਹਿਤ ਤੇ ਸਾਥੀਆਂ ਖਿਲਾਫ਼ ਕਾਰਵਾਈ ਲਈ ਦਬਾਅ ਬਣਾਇਆ ਸੀ।

ਰੋਹਿਤ ਦੇ ਦੁਖਾਂਤ ਨੂੰ ਲੈ ਕੇ ਸਿਆਸਤ ਵੀ ਖੂਬ ਹੋਈ ਹੈ। ਪਹਿਲਾਂ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਹੈਦਰਾਬਾਦ ਜਾ ਕੇ ਕੇਂਦਰ ਸਰਕਾਰ ਤੇ ਭਾਜਪਾ ਨੂੰ ਭੰਡਿਆ। ਫਿਰ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਅਜਿਹਾ ਕੀਤਾ। ਬਹੁਜਨ ਸਮਾਜ ਪਾਰਟੀ ਦੀ ਨੇਤਾ ਮਾਇਆਵਤੀ ਨੇ ਦਲਿਤ ਵਿਦਿਆਰਥੀਆਂ ਦੀ ਖੁਦਕੁਸ਼ੀ ਨੂੰ ਭਾਜਪਾ ਦੀਆਂ ‘ਜਾਤੀਵਾਦੀ ਜ਼ਿਆਦਤੀਆਂ’ ਦਾ ਨਤੀਜਾ ਦੱਸਿਆ।

ਭਾਜਪਾ ਦੇ ਆਪਣੇ ਦਲਿਤ ਸੰਸਦ ਮੈਂਬਰਾਂ ਨੇ ਵੀ ਪਾਰਟੀ ਤੇ ਕੇਂਦਰ ਸਰਕਾਰ ਦੇ ਰੁਖ਼ ’ਤੇ ਨਾਖੁਸ਼ੀ ਪ੍ਰਗਟਾਈ। ਰੋਹਿਤ ਮਾਮਲੇ ਵਿਚ ਇਸ ਰਾਜਨੀਤੀ ਨੇ ਕੇਂਦਰ ਸਰਕਾਰ ਤੇ ਭਾਰਤੀ ਜਨਤਾ ਪਾਰਟੀ ਨੂੰ ਆਪਣੀ ਰਣਨੀਤੀ ਦੀ ਸਮੀਖਿਆ ਕਰਨ ਅਤੇ ਵੱਧ ਸੰਵੇਦਨੀ ਰੁਖ਼ ਅਪਨਾਉਣ ਲਈ ਮਜਬੂਰ ਕੀਤਾ। ਭਾਜਪਾ ਪਿਛਲੇ ਸਾਲ ਤੋਂ ਦਲਿਤਾਂ ਦੀ ਖ਼ੈਰਖਾਹ ਹੋਣ ਦਾ ਅਕਸ ਉਭਾਰਨ ਦੇ ਯਤਨ ਕਰਦੀ ਆ ਰਹੀ ਹੈ। ਡਾ. ਬੀ.ਆਰ. ਅੰਬੇਦਕਰ ਦੀ 125ਵੀਂ ਜੈਅੰਤੀ ਸ਼ਾਹੀ ਪੱਧਰ ’ਤੇ ਮਨਾਉਣ ਦੇ ਐਲਾਨ ਤੇ ਪ੍ਰੋਗਰਾਮ ਦਲਿਤਾਂ ਨੂੰ ਪਾਰਟੀ ਨਾਲ ਜੋੜਨ ਦੇ ਹੀਲਿਆਂ ਦਾ ਅਹਿਮ ਹਿੱਸਾ ਹਨ। ਇਸ ਨੇ ਆਪਣੀ ਹਕੂਮਤ ਵਾਲੇ ਰਾਜਾਂ ਵਿਚ ਦਲਿਤਾਂ ਦੇ ਕਲਿਆਣ ਲਈ ਵਿਸ਼ੇਸ਼ ਯੋਜਨਾਵਾਂ ਵੀ ਆਰੰਭੀਆਂ ਹੋਈਆਂ ਹਨ। ਸ਼ਾਇਦ ਇਹੀ ਕਾਰਨ ਹੈ ਕਿ ਇਸ ਨੇ ਹੈਦਰਾਬਾਦ ਵਾਲੇ ਮਾਮਲੇ ਦੀ ਤਪਸ਼ ਮਹਿਸੂਸ ਹੁੰਦਿਆਂ ਹੀ ਰੁਖ ਪਲਟਣ ਵਿਚ ਦੇਰ ਨਹੀਂ ਲਾਈ। ਅਜਿਹੀ ਸੰਵੇਦਨਾ ਜੇ ਪਹਿਲਾਂ ਦਿਖਾਈ ਗਈ ਹੁੰਦੀ ਤਾਂ ਸ਼ਾਇਦ ਰੋਹਿਤ ਦੀ ਜਾਨ ਬਚ ਜਾਂਦੀ।

ਵਿਰੋਧੀ ਧਿਰ ਨੇ ਤਿੰਨ ਸਤੰਬਰ ਤੋਂ 19 ਨਵੰਬਰ ਤੱਕ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰਾਲੇ ਵੱਲੋਂ ਜਾਰੀ ਉਨ੍ਹਾਂ ਪੰਜ ਚਿੱਠੀਆਂ ਨੂੰ ਵੀ ਰੋਹਿਤ ਦੀ ਖੁਦਕੁਸ਼ੀ ਲਈ ਜ਼ਿੰਮੇਵਾਰ ਕਰਾਰ ਦਿੱਤਾ ਹੈ, ਜਿਨ੍ਹਾਂ ਰਾਹੀਂ ਬਾਅਦ ਵਿਚ ਕਾਰਵਾਈ ਕਰਨ ਬਾਰੇ ਪੁੱਛਿਆ ਗਿਆ ਸੀ। ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ ਕਿ ਉਸ ਨੇ ਰੋਹਿਤ ਨੂੰ ਮੁਅੱਤਲ ਕਰਨ ਜਾਂ ਹੋਸਟਲ ਵਿਚੋਂ ਕੱਢਣ ਲਈ ਯੂਨੀਵਰਸਿਟੀ ‘ਤੇ ਕੋਈ ਦਬਾਅ ਪਾਇਆ ਸੀ।

### ਮੋਦੀ ਸਰਕਾਰ ਕਟਹਿਰੇ ਵਿਚ



### ਹੈਦਰਾਬਾਦ ਯੂਨੀਵਰਸਿਟੀ ਦਾ ਵੀ.ਸੀ. ਛੁੱਟੀ ‘ਤੇ

**ਹੈਦਰਾਬਾਦ:** ਰੋਹਿਤ ਵੈਮੁਲਾ ਖੁਦਕੁਸ਼ੀ ਮਾਮਲੇ ਕਾਰਨ ਆਲੋਚਨਾ ਦੇ ਘੇਰੇ ਵਿਚ ਆਏ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅੱਪਾ ਰਾਓ ਪੋਡਾਲ ਛੁੱਟੀ ਉਤੇ ਚਲੇ ਗਏ, ਪਰ ਇਸ ਨਾਲ ਪ੍ਰਦਰਸ਼ਨ ਫਿਰ ਭੜਕ ਗਏ। ਕਈ ਦਲਿਤ ਫੈਕਲਟੀ ਮੈਂਬਰਾਂ ਨੇ ਦੋਸ਼ ਲਾਇਆ ਕਿ ਜਿਸ ਪ੍ਰੋਫੈਸਰ ਨੂੰ ਵੀ.ਸੀ. ਦੇ ਅਹੁਦੇ ਦਾ ਅੰਤਰਿਮ ਚਾਰਜ ਦਿੱਤਾ ਗਿਆ ਹੈ, ਉਸ ਦੀ ਇਸ ਕੇਸ ਅਤੇ ਦਲਿਤ ਭਾਈਚਾਰੇ ਦੇ ਇਕ ਹੋਰ ਵਿਦਿਆਰਥੀ ਦੀ ਹੱਤਿਆ ਦੇ ਕੇਸ ਵਿਚ ਸ਼ਮੂਲੀਅਤ ਹੈ।

### ਅਸਹਿਣਸ਼ੀਲਤਾ ਤੋਂ ਦੇਸ਼ ਖੁਦ ਨੂੰ ਬਚਾਏ: ਮੁਖਰਜੀ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਦੇਸ਼ ਨੂੰ ਹਿੰਸਾ, ਅਸਹਿਣਸ਼ੀਲਤਾ ਤੇ ਤਰਕਹੀਣਤਾ ਤੋਂ ਖ਼ੁਦ ਨੂੰ ਬਚਾਉਣਾ ਚਾਹੀਦਾ ਹੈ। ਦੇਸ਼ ਵਿਚ ਅਸਿਹਣਸ਼ੀਲਤਾ ਬਾਰੇ ਚੱਲ ਰਹੀ ਬਹਿਸ ਦੇ ਪਿਛੋਕੜ ਵਿਚ ਉਨ੍ਹਾਂ ਕਿਹਾ ਕਿ ਬੀਤੇ ਲਈ ਸਤਿਕਾਰ, ਰਾਸ਼ਟਰਵਾਦ ਦਾ ਅਹਿਮ ਸੂਤਰ ਹੈ। ਜਮਹੂਰੀ ਸੰਸਥਾਵਾਂ, ਸਾਰੇ ਨਾਗਰਿਕਾਂ ਲਈ ਨਿਆਂ, ਬਰਾਬਰੀ ਤੇ ਲਿੰਗਕ ਤੇ ਆਰਥਿਕ ਸਮਾਨਤਾ ਵਾਲੀ ਸਾਡੀ ਨਫ਼ੀਸ ਵਿਰਾਸਤ ਰਹੀ ਹੈ।

### ਕੇਂਦਰ ਸਰਕਾਰ ਮਾਮਲੇ ਨੂੰ ਠੰਢਾ ਕਰਨ ਵਿਚ ਜੁਟੀ

**ਨਵੀਂ ਦਿੱਲੀ/ਹੈਦਰਾਬਾਦ:** ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਦਲਿਤ ਖੋਜਾਰਥੀ ਰੋਹਿਤ ਵੇਮੁਲਾ ਵੱਲੋਂ ਖੁਦਕੁਸ਼ੀ ਤੋਂ ਬਾਅਦ ਪੈਦਾ ਹੋਏ ਹਾਲਾਤ ‘ਤੇ ਮਿੱਟੀ ਪਾਉਣ ਲਈ ਕੇਂਦਰ ਨੇ ਜੁਡੀਸ਼ਲ ਕਮਿਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ। ਯੂਨੀਵਰਸਿਟੀ ਨੇ ਵੀ ਮਾਹੌਲ ਠੰਢਾ ਕਰਨ ਲਈ ਰੋਹਿਤ ਦੇ ਪਰਿਵਾਰ ਨੂੰ ਅੱਠ ਲੱਖ ਰੁਪਏ ਦੀ ਮਾਲੀ ਸਹਾਇਤਾ ਦੇਣ ਦਾ ਐਲਾਨ ਕੀਤਾ ਪਰ ਵਿਰੋਧ ਪ੍ਰਦਰਸ਼ਨਾਂ ਵਿਚਕਾਰ ਕੇਂਦਰੀ ਮੰਤਰੀਆਂ ਸਮ੍ਰਿਤੀ ਇਰਾਨੀ ਤੇ ਬੰਦਾਰੂ ਦੱਤਾਤ੍ਰੇਅ ਅਤੇ ਵਾਈਸ ਚਾਂਸਲਰ ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਸੱਤ ਵਿਦਿਆਰਥੀਆਂ ਦੀ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਜਾਰੀ ਹੈ।

### ਉਦੈ ਪ੍ਰਕਾਸ਼ ਵਲੋਂ ਪੁਰਸਕਾਰ ਵਾਪਸ ਲੈਣ ਤੋਂ ਨਾਂਹ

**ਜੈਪੁਰ:** ਹਿੰਦੀ ਕਵੀ ਉਦੈ ਪ੍ਰਕਾਸ਼ ਨੇ ਸਾਹਿਤ ਅਕਾਦਮੀ ਪੁਰਸਕਾਰ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਐਨ.ਡੀ.ਏ. ਸਰਕਾਰ ‘ਪੁਰਸਕਾਰ ਵਾਪਸੀ’ ਮੁਹਿੰਮ ਚਲਾ ਕੇ ਲੇਖਕਾਂ ਨੂੰ ਐਵਾਰਡ ਮੁੜ ਸਵੀਕਾਰ ਕਰਨ ਲਈ ਜ਼ੋਰ ਪਾ ਰਹੀ ਹੈ। ਜੈਪੁਰ ਸਾਹਿਤ ਮੇਲੇ ਵਿਚ ਆਏ ਸ੍ਰੀ ਪ੍ਰਕਾਸ਼ ਨੇ ਕਿਹਾ ਕਿ ਉਨ੍ਹਾਂ ਐਵਾਰਡ ਵਾਪਸ ਨਾ ਲੈਣ ਦਾ ਫੈਸਲਾ ਕੀਤਾ ਹੈ।

ਉੱਘੀ ਲੇਖਿਕਾ ਨਯਨਤਾਰਾ ਸਹਿਗਲ ਨੇ ਸਾਹਿਤ ਅਕਾਦਮੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਨ੍ਹਾਂ ਦਾ ਅਸਹਿਣਸ਼ੀਲਤਾ ਖਿਲਾਫ਼ ਵਿਰੋਧ ਜਾਰੀ ਹੈ। ਉਨ੍ਹਾਂ ਪੱਤਰ ’ਚ ਸਪਸ਼ਟ ਕੀਤਾ ਹੈ ਕਿ ਪੁਰਸਕਾਰ ਵਾਪਸ ਲੈਣ ਦੇ ਫੈਸਲੇ ਬਾਰੇ ਮੁੜ ਵਿਚਾਰ ਕਰਨ ਦਾ ਸਵਾਲ ਪੈਦਾ ਨਹੀਂ ਹੁੰਦਾ।

# ਪਾਕਿਸਤਾਨ ਨੂੰ ਅਤਿਵਾਦ ਦੀ ਵੱਡੀ ਮਾਰ

**ਚਾਰਸੱਦਾ (ਪਾਕਿਸਤਾਨ):** ਪਾਕਿਸਤਾਨ ਵਿਚ ਇਕ ਵਾਰ ਫਿਰ ਖੂਨ ਦੀ ਹੋਲੀ ਖੇਡੀ ਗਈ ਹੈ, ਜਿਸ ਵਿਚ ਅਤਿਵਾਦੀਆਂ ਨੇ ਮੁੱਖ ਤੌਰ ‘ਤੇ ਵਿਦਿਆਰਥੀਆਂ ਨੂੰ ਆਪਣਾ ਨਿਸ਼ਾਨਾ ਬਣਾਇਆ ਹੈ। ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖ਼ਵਾ ਦੇ ਚਾਰਸੱਦਾ ਸ਼ਹਿਰ ਦੀ ਬਾਚਾ ਖਾਨ ਯੂਨੀਵਰਸਿਟੀ ਵਿਚ ਚਾਰ ਅਤਿਵਾਦੀ ਉਸ ਸਮੇਂ ਦਾਖਲ ਹੋ ਗਏ ਜਦੋਂ ਕਿ ਵਿਦਿਆਰਥੀ ਬਾਚਾ ਖਾਨ (ਅਬਦੁਲ ਗ਼ਫ਼ਾਰ ਖਾਨ), ਜਿਨ੍ਹਾਂ ਦੇ ਨਾਂ ‘ਤੇ ਯੂਨੀਵਰਸਿਟੀ ਬਣੀ ਹੋਈ ਹੈ, ਦੀ ਬਰਸੀ ਮਨਾਉਣ ਦੀ ਤਿਆਰੀ ਕਰ ਰਹੇ ਸਨ।

ਅਤਿਵਾਦੀਆਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ‘ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ, ਜਿਨ੍ਹਾਂ ਨਾਲ 25 ਵਿਅਕਤੀਆਂ ਦੀਆਂ ਜਾਨਾਂ ਚਲੇ ਗਈਆਂ ਅਤੇ 70 ਲੋਕ ਜ਼ਖ਼ਮੀ ਹੋ ਗਏ। ਵਾਰਦਾਤ ਦੀ ਜ਼ਿੰਮੇਵਾਰੀ ਤਾਲਿਬਾਨ ਦੇ ਗੀਦਾਰ ਗਰੁੱਪ ਵੱਲੋਂ ਲਈ ਗਈ ਹੈ। ਦਸੰਬਰ, 2014 ਨੂੰ ਵੀ ਪਾਕਿਸਤਾਨ ਦੇ ਇਸੇ ਸੂਬੇ ਦੀ ਰਾਜਧਾਨੀ ਪਿਸ਼ਾਵਰ ਵਿਚ ਇਕ ਫ਼ੌਜੀ ਸਕੂਲ ‘ਤੇ ਅਤਿਵਾਦੀਆਂ ਨੇ ਹਮਲਾ ਕੀਤਾ ਸੀ, ਜਿਸ ਵਿਚ 140 ਦੇ ਕਰੀਬ ਵਿਅਕਤੀ ਮਾਰੇ ਗਏ ਸਨ, ਜਿਨ੍ਹਾਂ ਵਿਚੋਂ ਬਹੁਤੇ ਇਸ ਸਕੂਲ ਦੇ ਵਿਦਿਆਰਥੀ ਸਨ।

ਪਾਕਿਸਤਾਨ ਵਿਚ ਪਿਛਲੇ ਲੰਬੇ ਸਮੇਂ ਤੋਂ ਅਜਿਹੀਆਂ ਦਰਦਨਾਕ ਘਟਨਾਵਾਂ ਵਾਪਰਦੀਆਂ ਆ ਰਹੀਆਂ ਹਨ। ਪਿਛਲੇ ਵਰ੍ਹੇ ਵੀ ਥਾਂ-ਪੁਰ-ਥਾਂ ਅਜਿਹਾ ਕੁਝ ਵਾਪਰਿਆ ਸੀ। ਜਨਵਰੀ ਵਿਚ ਦੱਖਣੀ ਪਾਕਿਸਤਾਨ ਵਿਚ ਹੋਈ ਇਕ ਘਟਨਾ ਵਿਚ ਸ਼ੀਆ ਬਰਾਦਰੀ ਦੀ ਮਸਜਿਦ ‘ਤੇ ਬੰਬ ਨਾਲ ਹਮਲਾ ਕੀਤਾ ਗਿਆ ਸੀ, ਜਿਸ ਵਿਚ ਪੰਜ ਦਰਜਨ ਦੇ ਲਗਪਗ ਵਿਅਕਤੀ ਮਾਰੇ ਗਏ ਸਨ। ਫਰਵਰੀ ਵਿਚ ਵੀ ਪਿਸ਼ਾਵਰ ‘ਚ ਤਾਲਿਬਾਨ ਅਤਿਵਾਦੀਆਂ ਵੱਲੋਂ ਸ਼ੀਆ ਮੁਸਲਮਾਨਾਂ ਨਾਲ ਸਬੰਧਤ ਇਕ ਮਸਜਿਦ ‘ਤੇ ਹਮਲਾ ਕਰਕੇ 19 ਵਿਅਕਤੀਆਂ ਨੂੰ ਮਾਰ ਦਿੱਤਾ ਗਿਆ ਸੀ। ਇਸੇ ਮਹੀਨੇ ਲਾਹੌਰ ਵਿਚ ਬੰਬ ਧਮਾਕੇ ਨਾਲ ਅੱਠ ਵਿਅਕਤੀ ਮਾਰੇ ਗਏ ਸਨ।

ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਂ ਦੀ ਜਥੇਬੰਦੀ ਨੇ ਲਾਹੌਰ ਵਿਚ ਹੀ ਈਸਾਈਆਂ ਨਾਲ ਸਬੰਧਤ ਇਕ ਗਿਰਜਾ ਘਰ ‘ਤੇ ਬੰਬਾਂ ਨਾਲ ਹਮਲਾ ਕਰਕੇ ਦਰਜਨਾਂ ਹੀ ਵਿਅਕਤੀਆਂ ਨੂੰ ਮਾਰ ਦਿੱਤਾ ਸੀ ਅਤੇ ਕਈ ਜ਼ਖ਼ਮੀ ਹੋ ਗਏ ਸਨ। ਬਲੋਚਿਸਤਾਨ ਵਿਚ ਅਤਿਵਾਦੀਆਂ ਨੇ 20 ਮਜ਼ਦੂਰਾਂ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਇਆ ਸੀ। ਇਸੇ ਤਰ੍ਹਾਂ ਹੀ ਦਹਿਸ਼ਤਗਰਦਾਂ ਨੇ ਇਸਰਾਈਲੀ ਭਾਈਚਾਰੇ ਨਾਲ ਸਬੰਧਤ ਚਾਰ ਦਰਜਨ ਦੇ ਲਗਪਗ ਬੱਸ ਵਿਚ ਸਫਰ ਕਰ ਰਹੇ ਵਿਅਕਤੀਆਂ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਇਆ ਸੀ। ਇਹ ਭਾਣਾ ਸਿੰਧ ਦੀ ਰਾਜਧਾਨੀ ਕਰਾਚੀ ਵਿਚ ਵਾਪਰਿਆ ਸੀ। ਮਈ ਵਿਚ ਹੀ ਬਲੋਚਿਸਤਾਨ ਵਿਚ 35 ਵਿਅਕਤੀ ਮਾਰ ਦਿੱਤੇ ਗਏ ਸਨ। ਪਾਕਿਸਤਾਨ ਵਿਚ ਨਿੱਤ ਦਿਨ ਕਿਤੇ ਨਾ ਕਿਤੇ ਅਜਿਹਾ ਦਰਦਨਾਕ ਵਰਤਾਰਾ ਵਾਪਰਦਾ ਰਹਿੰਦਾ ਹੈ।

### ਬਾਚਾ ਖਾਨ ਯੂਨੀਵਰਸਿਟੀ ਉਤੇ ਹਮਲਾ



### ਓਬਾਮਾ ਨੇ ਦਹਿਸ਼ਤਵਾਦ ਦੇ ਮੁੱਦੇ ‘ਤੇ ਪਾਕਿ ਨੂੰ ਤਾੜਿਆ



**ਵਾਸ਼ਿੰਗਟਨ:** ਅਮਰੀਕੀ ਸਦਰ ਬਰਾਕ ਓਬਾਮਾ ਨੇ ਪਠਾਨਕੋਟ ਦਹਿਸ਼ਤੀ ਹਮਲੇ ਨੂੰ ‘ਭਾਰਤ ਨੂੰ ਲੰਬੇ ਸਮੇਂ ਤੋਂ ਦਰਪੇਸ਼ ਨਾਮੁਆਫ਼ੀਯੋਗ ਦਹਿਸ਼ਤਗਰਦੀ ਦੀ ਇਕ ਹੋਰ ਮਿਸਾਲ’ ਕਰਾਰ ਦਿੱਤਾ ਹੈ। ਉਨ੍ਹਾਂ ਪਾਕਿਸਤਾਨ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਆਪਣੀ ਸਰਜ਼ਮੀਨ ਉਤੇ ਕੰਮ ਕਰਦੇ ਸਾਰੇ ਦਹਿਸ਼ਤੀ ਨੈੱਟਵਰਕਾਂ ਨੂੰ ਗ਼ੈਰਕਾਨੂੰਨੀ ਕਰਾਰ ਦੇਵੇ, ਇਨ੍ਹਾਂ ਨੂੰ ਰੋਕੇ ਤੇ ਖ਼ਤਮ ਕਰੇ।

ਸ੍ਰੀ ਓਬਾਮਾ ਨੇ ਆਪਣੇ ਸਖਤ ਸੁਨੇਹੇ ਵਿਚ ਕਿਹਾ ਹੈ ਕਿ ਪਾਕਿਸਤਾਨ ਨਾ ਸਿਰਫ ਆਪਣੀ ਧਰਤੀ ਉਤੇ ਚੱਲਦੇ ਅਤਿਵਾਦੀ ਗਰੁੱਪਾਂ ਖਿਲਾਫ ਅਸਰਦਾਰ ਕਦਮ ਚੁੱਕ ਸਕਦਾ ਹੈ, ਸਗੋਂ ਉਸ ਨੂੰ ਲਾਜ਼ਮੀ ਅਜਿਹਾ ਕਰਨਾ ਵੀ ਚਾਹੀਦਾ ਹੈ। ਦਹਿਸ਼ਤਗਰਦੀ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ।

### ਪਾਕਿ ‘ਚ 40 ਹਜ਼ਾਰ ਤੋਂ ਵੱਧ ਲੋਕ ਹੋਏ ਅਤਿਵਾਦ ਦਾ ਸ਼ਿਕਾਰ

**ਲਾਹੌਰ:** ਪਾਕਿਸਤਾਨ ਸਰਕਾਰ ਦੀਆਂ ਆਪਣੀਆਂ ਰਿਪੋਰਟਾਂ ਅਨੁਸਾਰ ਹੁਣ ਤੱਕ ਉਥੇ ਅਤਿਵਾਦੀਆਂ ਨਾਲ ਲੜਾਈ ਵਿਚ 40 ਹਜ਼ਾਰ ਤੋਂ ਵੀ ਵਧੇਰੇ ਲੋਕ ਅਤੇ 10 ਹਜ਼ਾਰ ਸੁਰੱਖਿਆ ਦਲਾਂ ਦੇ ਜਵਾਨ ਮਾਰੇ ਜਾ ਚੁੱਕੇ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਪਾਕਿਸਤਾਨ ਹੁਣ ਤੱਕ ਵੀ ਆਪਣੇ ਦੇਸ਼ ਵਿਚ ਫੈਲ ਚੁੱਕੇ ਇਨ੍ਹਾਂ ਅਤਿਵਾਦੀ ਸੰਗਠਨਾਂ ਨਾਲ ਨਿਪਟਣ ਲਈ ਕੋਈ ਸਪਸ਼ਟ ਨੀਤੀ ਅਖ਼ਤਿਆਰ ਨਹੀਂ ਕਰ ਸਕਿਆ।

# ਡਾ. ਮਨਮੋਹਨ ਸਿੰਘ ਨੂੰ ਜਵਾਹਰ ਲਾਲ ਨਹਿਰੂ ਚੇਅਰ ਦੇਣ ਦੀ ਪੇਸ਼ਕਸ਼

ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸਿੰਡੀਕੇਟ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਜਵਾਹਰ ਲਾਲ ਨਹਿਰੂ ਚੇਅਰ ਪ੍ਰੋਫੈਸਰਸ਼ਿਪ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ।

ਦੱਸਣਯੋਗ ਹੈ ਕਿ ਡਾ. ਮਨਮੋਹਨ ਸਿੰਘ ਪੀ.ਯੂ. ਦੇ ਵਿਦਿਆਰਥੀ ਵੀ ਰਹਿ ਚੁੱਕੇ ਹਨ। ਉਨ੍ਹਾਂ ‘ਵਰਸਿਟੀ ਵਿਚ ਬਤੌਰ ਪ੍ਰੋਫੈਸਰ ਵਜੋਂ ਅਧਿਆਪਨ ਵੀ ਕੀਤਾ ਹੈ। ਸਿੰਡੀਕੇਟ ਵੱਲੋਂ ਨੋਬਲ ਪੁਰਸਕਾਰ ਜੇਤੂ ਕੈਲਾਸ਼ ਸੱਤਿਆਰਥੀ, ਉਘੇ ਅਰਥ ਸ਼ਾਸਤਰੀ ਪ੍ਰੋ. ਯੋਗਿੰਦਰ ਅਲੱਗ, ਪਦਮ ਭੂਸ਼ਨ ਐਵਾਰਡੀ ਏਲਾ ਭੱਟ ਨੂੰ ਵੀ ਜਵਾਹਰ ਲਾਲ ਨਹਿਰੂ ਚੇਅਰ, ਡਾ. ਮਨਮੋਹਨ ਸਿੰਘ ਚੇਅਰ ਤੇ ਮਹਾਤਮਾਂ ਗਾਂਧੀ ਚੇਅਰ ਦੇਣ ਦੀ ਤਜਵੀਜ਼ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

# ਅਮਿਤ ਮੁੜ ਬਣੇ ਭਾਜਪਾ ਦੇ ਸ਼ਾਹ

**ਨਵੀਂ ਦਿੱਲੀ:** ਅਮਿਤ ਸ਼ਾਹ ਨੂੰ ਅਗਲੇ ਤਿੰਨ ਸਾਲਾਂ ਲਈ ਸਰਬਸੰਮਤੀ ਨਾਲ ਭਾਜਪਾ ਦਾ ਪ੍ਰਧਾਨ ਚੁਣ ਲਿਆ ਗਿਆ। ਅਮਿਤ ਸ਼ਾਹ ਦੇ ਨਾਮਜ਼ਦਗੀ ਪੱਤਰ ਦਾਖਲ ਕਰਨ ਮਗਰੋਂ ਹੀ ਜਸ਼ਨ ਸ਼ੁਰੂ ਹੋ ਗਏ ਸਨ ਕਿਉਂਕਿ ਉਹ ਇਕੱਲੇ ਹੀ ਅਜਿਹੇ ਸ਼ਖ਼ਸ ਸਨ, ਜਿਨ੍ਹਾਂ ਨਾਮਜ਼ਦਗੀ ਪੱਤਰ ਦਾਖਲ ਕੀਤੇ।

ਸ੍ਰੀ ਸ਼ਾਹ ਦੇ 11 ਅਸ਼ੋਕਾ ਰੋਡ ਪਾਰਟੀ ਦਫਤਰ ਵਿਚ ਆਉਣ ਤੋਂ ਪਹਿਲਾਂ ਹੀ ਦਫਤਰ ਤੋਂ ਗੋਲ ਚੱਕਰ ਤੱਕ ਵਧਾਈ ਦੇ ਹੋਰਡਿੰਗ ਲੱਗੇ ਹੋਏ ਸਨ, ਪਰ ਇਨ੍ਹਾਂ ਜਸ਼ਨਾਂ ਦੌਰਾਨ ਪਾਰਟੀ ਦੇ ਮਾਰਗਦਰਸ਼ਕ ਮੰਡਲ ਦੇ ਮੈਂਬਰਾਂ ਐਲ.ਕੇ. ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਦੀ ਘਾਟ ਰੜਕੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਰਾਜਨਾਥ ਸਿੰਘ ਤੇ ਕਈ ਭਾਜਪਾ ਮੁੱਖ ਮੰਤਰੀਆਂ ਨੇ ਇਸ ਅਹੁਦੇ ਲਈ ਸ੍ਰੀ ਸ਼ਾਹ ਦੇ ਨਾਂ ਦੀ ਤਜਵੀਜ਼ ਕੀਤੀ ਸੀ। ਪਾਰਟੀ ਦੇ ਮੀਤ ਪ੍ਰਧਾਨ ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਉਨ੍ਹਾਂ ਦੇ ਨਾਂ ਦੀ ਤਜਵੀਜ਼ ਨਾਲ 17 ਤਾਈਦ ਪੱਤਰ ਵੀ ਦਾਖਲ ਕੀਤੇ ਗਏ।

ਇਸ ਚੋਣ ਤੋਂ ਬਾਅਦ ਪ੍ਰਧਾਨ ਮੰਤਰੀ ਨ ਨੇ ਟਵੀਟ ਕਰ ਕੇ ਅਮਿਤ ਸ਼ਾਹ ਨੂੰ ਵਧਾਈ ਦਿੱਤੀ।



ਗ੍ਰਿਹ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਕੋਈ ਹੋਰ ਨਾਮਜ਼ਦਗੀ ਦਾਖਲ ਨਹੀਂ ਹੋਈ ਕਿਉਂਕਿ ਇਸ ਮੁੱਦੇ ‘ਤੇ ਪਾਰਟੀ ਵਿਚ ਆਮ ਸਹਿਮਤੀ ਸੀ ਪਰ ਉਨ੍ਹਾਂ ਜਾਂ ਕਿਸੇ ਹੋਰ ਆਗੂ ਨੇ ਸ੍ਰੀ ਅਡਵਾਨੀ ਤੇ ਸ੍ਰੀ ਜੋਸ਼ੀ ਦੀ ਗ਼ੈਰਹਾਜ਼ਰੀ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਜ਼ਿਕਰਯੋਗ ਹੈ ਕਿ ਸ੍ਰੀ ਅਡਵਾਨੀ ਤੇ ਸ੍ਰੀ ਜੋਸ਼ੀ ਦਿੱਲੀ ਤੇ ਬਿਹਾਰ ਵਿਚ ਅਮਿਤ ਸ਼ਾਹ ਦੀ ਅਗਵਾਈ ਵਿਚ ਪਾਰਟੀ ਦੀ ਹੋਈ ਹਾਰ ‘ਤੇ ਸਵਾਲ ਉਠਾਉਂਦੇ ਰਹੇ ਹਨ।

ਨਿਰਵਿਘਨ ਪ੍ਰਕਾਸ਼ਨ ਦੇ 17ਵੇਂ ਸਾਲ 'ਚ (ਪਹਿਲੀ ਜਨਵਰੀ 2000-2016)

# ਪੰਜਾਬ ਟਾਈਮਜ਼

## 16ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## ਸਨਿਚਰਵਾਰ, 26 ਮਾਰਚ 2016 ਸਮਾਂ: ਸ਼ਾਮੀ 6:30 ਵਜੇ

**The Cotillion** 360 South Creek Side, Palatine, IL 60074 (Route 14 & 1/2 Block West of 53)

Minimum Contribution $50 Limited Seats, Reserve Your Seat.

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿੱਲੋਂ | ਪ੍ਰੋ. ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ



ਜਗਦੀਸ਼ਰ ਸਿੰਘ ਕਲੇਰ | ਸਰਬਜੀਤ ਸਿੰਘ ਬਿਆੜਾ | ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ



ਡਾ. ਹਰਜਿੰਦਰ ਸਿੰਘ ਖਹਿਰਾ | ਜੈਰਾਮ ਸਿੰਘ (ਨੀਟੂ) ਕਾਹਲੋਂ | ਗੁਰਮੁਖ ਸਿੰਘ ਭੁੱਲਰ | ਸੁਰਿੰਦਰ ਸਿੰਘ ਭਾਟੀਆ | ਇੰਦਰਮੋਹਨ ਸਿੰਘ ਛਾਬੜਾ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



ਗੁਰਬਚਨ ਭੁੱਲਰ | ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਕਾਨਾ ਸਿੰਘ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਦਲਜੀਤ ਅਮੀ | ਮੇਜਰ ਕੁਲਾਰ | ਇਕਬਾਲ ਜੱਬੋਵਾਲ

## ਪੰਜਾਬ ਟਾਈਮਜ਼

Ph: 847-359-0746

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

*e-mail: punjabtimes1@sbcglobal.net, website: www.punjabtimesusa.com*

## ਮ੍ਰਿਣਾਲਿਨੀ ਸਾਰਾਭਾਈ

# ਨੱਚੇ ਕਾਇਨਾਤ



ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ (ਇੰਡੀਅਨ ਨੈਸ਼ਨਲ ਆਰਮੀ- ਆਈ.ਐਨ.ਏ.) ਵਿਚ ਰਾਣੀ ਝਾਂਸੀ ਬ੍ਰਿਗੇਡ ਦੀ ਕਮਾਂਡਰ ਲਕਸ਼ਮੀ ਸਹਿਗਲ ਨੂੰ ਸਾਡੇ ਵਿਚੋਂ ਬਹੁਤ ਸਾਰੇ ਜਾਣਦੇ ਹੋਣਗੇ, ਪਰ ਲਕਸ਼ਮੀ ਸਹਿਗਲ ਦੀ ਛੋਟੀ ਭੈਣ ਮ੍ਰਿਣਾਲਿਨੀ ਸਾਰਾਭਾਈ ਨੂੰ ਕਲਾ ਨਾਲ ਵਾਹ-ਵਾਸਤਾ ਰੱਖਣ ਵਾਲੇ ਹੀ ਜਾਣਦੇ ਹਨ। ਇਸੇ 21 ਜਨਵਰੀ ਨੂੰ 97 ਸਾਲ ਦੀ ਉਮਰ ਵਿਚ ਉਹ ਇਸ ਸੰਸਾਰ ਨੂੰ ਅਲਵਿਦਾ ਆਖ ਗਈ। ਮ੍ਰਿਣਾਲਿਨੀ ਲਾਮਿਸਾਲ ਕਲਾਸੀਕਲ ਡਾਂਸਰ ਸੀ। ਪਹਿਲਾਂ-ਪਹਿਲ ਉਸ ਦੀ ਪਹਿਲ, ਸਿਰਫ ਨੱਚਣਾ ਹੀ ਹੁੰਦਾ ਸੀ। ਉਹ ਆਖਦੀ ਹੁੰਦੀ ਸੀ ਕਿ ਉਹ ਕਿਸੇ ਨੂੰ ਡਾਂਸ ਸਿਖਾ ਨਹੀਂ ਸਕਦੀ, ਪਰ ਜਦੋਂ ਉਸ ਨੇ ਨਾਚ ਸਿਖਾਉਣ ਲਈ ਆਪਣੀ ਅਕਾਦਮੀ- ਦਰਪਣ ਕਲਾ ਅਕਾਦਮੀ, ਸ਼ੁਰੂ ਕੀਤੀ ਤਾਂ ਨੱਚਣਾ ਸਿੱਖਣ ਵਾਲਿਆਂ ਦੀ ਕਤਾਰ ਹੀ ਨਾ ਟੁੱਟੇ! ਉਸ ਤੋਂ 18000 ਤੋਂ ਵੱਧ ਵਿਦਿਆਰਥੀ ਭਾਰਤਨਾਟਯਮ ਅਤੇ ਕੱਥਾਕਲੀ ਨਾਚਾਂ ਦੀ ਬਾਕਾਇਦਾ ਸਿਖਲਾਈ ਲੈ ਚੁੱਕੇ ਹਨ। ਇਹ ਅਸਲ ਵਿਚ ਉਸ ਦੀ ਸ਼ਖਸੀਅਤ ਦਾ ਜਾਦੂ ਸੀ। ਇਹ ਜਾਦੂ ਹਰ ਉਸ ਥਾਂ ਚੱਲ ਜਾਂਦਾ ਸੀ ਜਿਥੇ ਉਹ ਆਪਣੀ ਹਾਜ਼ਰੀ ਲੁਆਂਦੀ ਸੀ। ਮ੍ਰਿਣਾਲਿਨੀ ਦਾ ਜਨਮ 11 ਮਈ 1918 ਨੂੰ ਹੋਇਆ ਸੀ। ਉਹਦੇ ਪਿਤਾ ਡਾਕਟਰ ਸਵਾਮੀਨਾਥਨ (ਕੇਰਲ) ਬੈਰਿਸਟਰ ਸਨ ਅਤੇ ਉਹ ਮਦਰਾਸ ਲਾਅ ਕਾਲਜ ਦੇ ਪ੍ਰਿੰਸੀਪਲ ਵੀ ਰਹੇ; ਮਾਂ ਅਮੂ ਸਵਾਮੀਨਾਥਨ ਕਹਿੰਦੀ-ਕਹਾਉਂਦੀ ਸਮਾਜ ਸੇਵਕਾ ਸੀ ਜੋ ਮਗਰੋਂ ਸੰਸਦ ਮੈਂਬਰ ਵੀ ਬਣੀ। ਮ੍ਰਿਣਾਲਿਨੀ ਦਾ ਬਚਪਨ ਸਵਿੱਟਜ਼ਰਲੈਂਡ ਵਿਚ ਬੀਤਿਆ। ਉਥੇ ਹੀ ਉਸ ਨੇ ਨਾਚ ਦੀ ਸਿਖਲਾਈ ਲਈ। ਹੈਰਾਨੀ ਵਾਲੀ ਗੱਲ ਇਹ ਵੀ ਕਿ ਸ਼ੁਰੂਆਤ ਉਸ ਨੇ ਪੱਛਮੀ ਨਾਚ ਤੋਂ ਕੀਤੀ ਸੀ। ਫਿਰ ਉਸ ਨੂੰ ਗੁਰੂਦੇਵ ਰਾਬਿੰਦਰ ਨਾਥ ਟੈਗੋਰ ਦੀ ਅਗਵਾਈ ਹੇਠ ਚੱਲ ਰਹੇ ਸ਼ਾਂਤੀਨਿਕੇਤਨ ਵਿਚ ਪੜ੍ਹਨ ਦਾ ਮੌਕਾ ਮਿਲਿਆ। ਉਥੋਂ ਹੀ ਉਹ ਭਾਰਤੀ ਕਲਾਸੀਕਲ ਨਾਚ ਵੱਲ ਮੁੜੀ।

ਦੱਸਣਾ ਜ਼ਰੂਰੀ ਹੈ ਕਿ ਹਿੰਦੀ ਫਿਲਮਾਂ ਦਾ ਪ੍ਰਸਿੱਧ ਅਦਾਕਾਰ ਬਲਰਾਜ ਸਾਹਨੀ ਵੀ ਪੰਜਾਬੀ ਲੇਖਣੀ ਵਾਲੇ ਪਾਸੇ ਟੈਗੋਰ ਦਾ ਪ੍ਰੇਰਿਆ ਹੀ ਆਇਆ ਸੀ। ਉਹ ਸ਼ਾਂਤੀਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ, ਪਰ ਜਦੋਂ ਟੈਗੋਰ ਨੇ ਉਸ ਨੂੰ ਮਾਂ-ਬੋਲੀ ਦਾ ਮਹੱਤਵ ਸਮਝਾਇਆ ਤਾਂ ਬਲਰਾਜ ਸਾਹਨੀ ਨੇ ਪਿਛੋਂ ਜਾ ਕੇ ਪੰਜਾਬੀ ਵਿਚ ਅਜਿਹੀ ਵਾਰਤਕ ਰਚਨਾ ਕੀਤੀ ਜੋ ਚਿਰਾਂ ਤੱਕ ਯਾਦ ਰੱਖੀ ਜਾਵੇਗੀ। ਅਸਲ ਵਿਚ ਟੈਗੋਰ ਸ਼ਾਂਤੀਨਿਕੇਤਨ ਵਿਚ ਪੁੱਜਦੇ ਹਰ ਸ਼ਖਸ ਨੂੰ ਅਗਲੇ ਦੀਆਂ ਜੜ੍ਹਾਂ ਨਾਲ ਜੁੜਨ ਦਾ ਅਹਿਸਾਸ ਕਰਵਾਉਂਦੇ ਸਨ। ਇਸੇ ਅਸਰ ਹੇਠ ਹੀ ਮ੍ਰਿਣਾਲਿਨੀ ਕਲਾਸੀਕਲ ਡਾਂਸ ਵੱਲ ਮੁੜੀ ਸੀ।



ਮ੍ਰਿਣਾਲਿਨੀ ਸਾਰਾਭਾਈ

1942 ਵਿਚ ਮ੍ਰਿਣਾਲਿਨੀ ਦਾ ਵਿਆਹ ਸਾਇੰਸਦਾਨ ਵਿਕਰਮ ਸਾਰਾਭਾਈ ਨਾਲ ਹੋ ਗਿਆ ਜਿਸ ਨੂੰ ਭਾਰਤੀ ਪੁਲਾੜ ਪ੍ਰੋਜੈਕਟ ਦਾ ਪਿਤਾਮਾ ਕਹਿ ਕੇ ਮਾਣ ਦਿੱਤਾ ਜਾਂਦਾ ਹੈ। ਵਿਕਰਮ ਅਤੇ ਮ੍ਰਿਣਾਲਿਨੀ ਦਾ ਵਿਆਹ ਭਾਵੇਂ ਬਹੁਤਾ ਸੁਖਦਾਈ ਨਹੀਂ ਰਿਹਾ, ਪਰ ਵਿਕਰਮ ਨੇ ਕਲਾ ਦੇ ਪ੍ਰਸੰਗ ਵਿਚ ਮ੍ਰਿਣਾਲਿਨੀ ਉਤੇ ਬਹੁਤੀਆਂ ਬੰਦਿਸ਼ਾਂ ਨਹੀਂ ਲਾਈਆਂ। ਇਸ ਜੋੜੇ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ। ਕਾਰਤਿਕ ਵੱਡਾ ਹੋ ਕੇ ਆਪਣੇ ਬਾਪ ਵਾਂਗ ਸਾਇੰਸਦਾਨ ਬਣਿਆ ਅਤੇ ਧੀ ਮਲਿਕਾ ਆਪਣੀ ਮਾਂ ਵਾਂਗ ਡਾਂਸਰ ਬਣੀ। ਮਲਿਕਾ ਸਾਰਾਭਾਈ ਨੂੰ ਅੱਜ ਭਲਾ ਕੌਣ ਨਹੀਂ ਜਾਣਦਾ?

ਮ੍ਰਿਣਾਲਿਨੀ ਸਾਰਾਭਾਈ ਵੱਲੋਂ 1948 ਵਿਚ ਸ਼ੁਰੂ ਕੀਤੀ ਦਰਪਣ ਕਲਾ ਅਕਾਦਮੀ ਅੱਜ ਵੀ ਕੰਮ ਕਰ ਰਹੀ ਹੈ।

**-ਰੋਸ਼ਨੀ ਖੇਤਲ**

**ਕਲਾ ਪਰਿਕਰਮਾ**



### ਧੀ ਦੀ ਨਿਵੇਕਲੀ ਸ਼ਰਧਾਂਜਲੀ...

*ਮ੍ਰਿਣਾਲਿਨੀ ਸਾਰਾਭਾਈ ਦੀ ਧੀ ਮਲਿਕਾ ਸਾਰਾਭਾਈ ਜੋ ਖੁਦ ਕਲਾਸੀਕਲ ਡਾਂਸਰ ਹੈ, ਨੇ ਆਪਣੀ ਮਾਂ ਨੂੰ ਬਹੁਤ ਨਿਵੇਕਲੇ ਢੰਗ ਨਾਲ ਸ਼ਰਧਾਂਜਲੀ ਭੇਟ ਕੀਤੀ। ਜਦੋਂ ਮ੍ਰਿਣਾਲਿਨੀ ਸਾਰਾਭਾਈ ਨੂੰ ਜਦੋਂ ਅੰਤਿਮ ਸੰਸਕਾਰ ਲਈ ਲਿਜਾਇਆ ਜਾਣ ਲੱਗਾ ਤਾਂ ਮਲਿਕਾ ਸਾਰਾਭਾਈ ਦੇ ਪੈਰ ਅਚਾਨਕ ਥਿਰਕ ਪਏ ਜਿਨ੍ਹਾਂ ਨੇ ਕਦੀ ਆਪਣੀ ਮਾਂ ਦੇ ਪੈਰਾਂ ਦੀ ਥਿਰਕਣ ਸੁਣੀ ਸੀ। ਉਹਨੇ ਆਪਣੀ ਮਾਂ ਨੂੰ ਸਦਾ-ਸਦਾ ਲਈ ਤੋਰਨ ਤੋਂ ਪਹਿਲਾਂ ਨਾਚ ਕੀਤਾ। ਮਲਿਕਾ ਦੀ ਇਕੱਲੀ-ਇਕੱਲੀ 'ਮੂਵ' ਵਿਚ ਦਰਦ ਪਰੋਇਆ ਹੋਇਆ ਸੀ।*

## ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਫਰਵਰੀ 2016 ਹੈ। -ਸੰਪਾਦਕ***

### ਕੈਪਸ਼ਨ ਮੁਕਾਬਲਾ-206



*ਸਿਰ 'ਤੇ ਰੱਖ ਕੇ ਟੋਕਰਾ ਦੇਖੋ, ਕਿਵੇਂ ਸਕੀਮ ਬਣਾਈ।*
*ਵਲੈਤੀ ਗਾਂ ਦੇ ਅੱਖੀਂ ਘੱਟਾ, ਬੇਬੇ ਜਾਂਦੀ ਪਾਈ।*
*ਨੂੰਹ ਦੀ ਹੱਥਲ ਹੋਈ ਗਾਂ, ਦੁੱਧ ਚੋਇਆ ਨਿਆਣਾ ਪਾ ਕੇ।*
*ਭਰ ਲਈ ਬਾਲਟੀ ਨਾਲ ਚਲਾਕੀ, ਪੀੜੀ ਹੇਠਾਂ ਡਾਹ ਕੇ।*

### ਕੈਪਸ਼ਨ ਮੁਕਾਬਲਾ-204



ਖੁਸ਼ੀਆਂ ਖੇੜੇ ਨੱਚਣ ਵਿਚ ਤੀਆਂ
ਹਰ ਵਿਹੜੇ ਦੀਆਂ ਰੌਣਕ ਧੀਆਂ।
ਅੱਜਕਲ੍ਹ ਮੁੰਡੇ ਜਾਣ ਖੇਤ ਨਾ ਬੰਨੇ
ਕੁੜੀਆਂ ਚੱਕ ਲਏ ਹਲ ਤੇ ਮੁੰਨੇ।
ਬਾਪੂ ਦਾ ਦੁੱਖ-ਸੁੱਖ ਵੰਡਾਵਣ ਧੀਆਂ
ਮੁੰਡੇ ਪੈ ਗਏ ਨਸ਼ੇ ਦੀਆਂ ਲੀਹਾਂ।
ਵਿੱਦਿਆ ਨਾਲ ਇਹ ਚਿਰਾਗ ਰੁਸ਼ਨਾਓ
ਬਣਦਾ ਧੀਆਂ ਨੂੰ ਸਤਿਕਾਰ ਦਿਵਾਓ।

**-ਸਤਵਿੰਦਰ ਥਾਂਦੀ ਦੌਲਤਪੁਰੀ**

---

ਧੀਆਂ ਦਾ ਸਤਿਕਾਰ ਕਰੋ।
ਪੁਤਰਾਂ ਵਾਂਗੂੰ ਪਿਆਰ ਕਰੋ।
ਬੇਸ਼ਕ ਮਜਦੂਰੀ ਮਿਹਣਾ ਨਹੀਂ ਹੈ
ਗੱਲ ਫੜ ਕੇ ਕੋਈ ਬਹਿ ਨਾ ਜਾਵੇ
ਜਿਸ ਕਾ ਕਾਮ ਉਸੀ ਕੋ ਸਾਜੇ
ਕਹਾਵਤ ਝੂਠੀ ਪੈ ਨਾ ਜਾਵੇ।

**-ਗੁਰਦਿਆਲ ਸਿੰਘ ਨੂਰਪੁਰੀ**
**ਫੋਨ: 408-204-7985**

---

ਕੁੜੀਆਂ ਨਹੀਂ ਹੁਣ ਰਹੀਆਂ ਚਿੜੀਆਂ
ਅੰਬਰਾਂ ਵਿਚ ਉਡਾਰੀ ਲਾਵਣ।
ਮਾਂ ਧਰਤੀ ਦੀ ਗੋਦੀ ਵਿਚੋਂ
ਆਪਣੇ ਹੱਥੀਂ ਅੰਨ ਉਗਾਵਣ।
ਹਿੰਮਤ ਅਤੇ ਦਲੇਰੀ ਸਦਕਾ
ਸਭ ਦੇ ਦਿਲ ਵਿਚ ਥਾਂ ਬਣਾਵਣ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

ਕੁੜੀਆਂ ਨੂੰ ਸਮਝੋ ਨਾ ਪਰਾਇਆ ਧਨ,
ਮੁੰਡਿਆਂ ਨਾਲੋਂ ਵੱਧ ਕਰਨ ਇਹ ਕੰਮ।
ਕੁੜੀ ਜੰਮੀ 'ਤੇ ਨਾ ਕਰੋ ਕੋਈ ਗ਼ਮ,
ਇਹ ਨਾ ਖਾਂਦੀਆਂ ਤੁਹਾਡਾ ਅੰਨ।
ਕਰੋ ਇਨ੍ਹਾਂ ਦਾ ਵੀ ਰੱਜ-ਰੱਜ ਸਤਿਕਾਰ,
ਦੇਖੋ ਵਾਪਸ ਕਿੰਨਾ ਮਿਲਦਾ ਪਿਆਰ।

**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

---

ਨਾ ਮਾਰੋ ਕੁੱਖ 'ਚ
ਕਹਿ ਕੇ ਪਰਾਇਆ ਧਨ।
ਨਹੀਂ ਫਰਕ ਕੁੜੀ ਜੰਮੇ ਜਾਂ ਮੁੰਡਾ
ਹਲ ਵਾਹੁੰਦੀਆਂ, ਰੋੜੀ ਕੁੱਟਦੀਆਂ,
ਕਲਪਨਾ ਚਾਵਲਾ ਜਿਹੀਆਂ
ਗਈਆਂ 'ਨਾਸਾ' ਉਤੇ।
ਵਾਰ ਦਿੱਤੀਆਂ ਜਿੰਦੜੀਆਂ
ਘੋਲਾਂ 'ਚ ਲੜੀਆਂ ਜੋ ਅੱਗੇ।
ਸਿਰੜ ਸਿਦਕ ਕੁੜੀ 'ਚ ਘਾਟ ਨਹੀਂ
ਜਨਾਨੀ ਨਾ ਹੁੰਦੀ, ਜਹਾਨ ਨਾ ਹੁੰਦਾ
ਸਮਾਂ ਬਦਲ ਗਿਆ ਹੈ
ਨਾ ਕੱਢੋ ਗਾਲ੍ਹੀ-ਗਲੋਚ।
ਨਾ ਆਖੋ, 'ਮਰ ਜਾਣੀਏ',
'ਡੁੱਬ ਜਾਣੀਏ', 'ਖਸਮਾਂ ਖਾਣੀਏ।'
ਦਿਓ ਸਤਿਕਾਰ ਕੁੜੀ ਨੂੰ
ਜੋ ਹੈ ਉਸ ਦਾ ਬਣਦਾ।

**-ਦਰਸ਼ਨ ਪਾਲ ਦੋਸਾਂਝ**

### ਕੈਪਸ਼ਨ ਮੁਕਾਬਲਾ-203

ਹੌਸਲਾ ਹੈ ਇਕ ਵਲਵਲਾ
ਜੋ ਦੇਵੇ ਤਾਕਤ ਦਿਲ ਛੱਡਿਆਂ ਨੂੰ।
ਭਾਵੇਂ ਲੱਤਾਂ ਤੋਂ ਹੈ ਆਰੀ
ਮਨ ਬਣਾ ਲਿਆ ਜਦ
ਲੈ ਜਾਊ ਧੂਹ ਕੇ।
ਚੜ੍ਹ ਜਾਊ ਪਹਾੜ 'ਤੇ।
ਬੱਚਾ ਦੱਸਦਾ ਗਡੀਰਨਾ
ਕਿੰਜ ਭੱਜਦਾ
ਹੌਸਲੇ ਬੁਲੰਦ ਰਹਿਣਾ
ਤਦੇ ਪਹੁੰਚੋਗੇ ਮੰਜ਼ਿਲੇ ਮਕਸੂਦ।

**-ਦਰਸ਼ਨ ਪਾਲ ਦੋਸਾਂਝ**

# ਮੋਦੀ ਸਰਕਾਰ ਦੀ ਫਸਲੀ ਬੀਮਾ ਯੋਜਨਾ ਵਿਰੁਧ ਡਟਿਆ ਪੰਜਾਬ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਫਸਲਾਂ ਦੇ ਬੀਮੇ ਲਈ ਬਣਾਈ 'ਪ੍ਰਧਾਨ ਮੰਤਰੀ ਫਸਲੀ ਬੀਮਾ ਯੋਜਨਾ' ਪੰਜਾਬ ਦੀ ਕਿਸਾਨੀ ਦੀ ਕਸੌਟੀ ਉਤੇ ਖਰੀ ਨਹੀਂ ਉਤਰ ਸਕੀ। ਇਸੇ ਕਾਰਨ ਪੰਜਾਬ ਸਰਕਾਰ ਨੇ ਸੂਬੇ ਵਿਚ ਇਹ ਬੀਮਾ ਯੋਜਨਾ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਇਸ ਯੋਜਨਾ ਦੀ ਰੂਪ ਰੇਖਾ ਸੂਬੇ ਦੇ ਕਿਸਾਨਾਂ ਲਈ ਮਾਰੂ ਸਾਬਤ ਹੋਵੇਗੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੀਨੀਅਰ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਕੇਂਦਰ ਨੂੰ ਪੱਤਰ ਲਿਖ ਕੇ ਇਸ ਯੋਜਨਾ ਵਿਚਲੀਆਂ ਖਾਮੀਆਂ ਦਾ ਜ਼ਿਕਰ ਕਰਦਿਆਂ ਦੱਸ ਦਿੱਤਾ ਜਾਵੇ ਕਿ ਇਹ ਯੋਜਨਾ ਪੰਜਾਬ ਦੇ ਅਨੁਕੂਲ ਨਾ ਹੋਣ ਕਾਰਨ ਇਥੇ ਲਾਗੂ ਨਹੀਂ ਹੋ ਸਕਦੀ।

ਸਰਕਾਰ ਦਾ ਦਾਅਵਾ ਹੈ ਕਿ ਯੋਜਨਾ ਵਿਚ ਵੱਡੀਆਂ ਖਾਮੀਆਂ ਹਨ। ਇਕ ਸਮੱਸਿਆ ਇਹ ਵੀ ਹੈ ਕਿ ਇਸ ਯੋਜਨਾ ਤਹਿਤ ਸਾਰੇ ਪਿੰਡ ਦੇ ਕਿਸਾਨਾਂ ਨੂੰ ਹੀ ਬੀਮਾ ਕਰਵਾਉਣਾ ਪੈਣਾ ਹੈ, ਜੇ ਪਿੰਡ ਦਾ ਇਕ ਕਿਸਾਨ ਬੀਮਾ ਕਰਾਉਣ ਤੋਂ ਇਨਕਾਰ ਕਰਦਾ ਹੈ ਤਾਂ ਸਮਾਂ ਆਉਣ 'ਤੇ ਉਸ ਪਿੰਡ ਦੇ ਕਿਸੇ ਵੀ ਕਿਸਾਨ ਨੂੰ ਬੀਮਾ ਯੋਜਨਾ ਦਾ ਲਾਭ ਨਹੀਂ ਮਿਲੇਗਾ। ਯੋਜਨਾ ਅਨੁਸਾਰ ਕਿਸਾਨਾਂ ਨੂੰ ਫਸਲੀ ਬੀਮੇ ਲਈ ਝੋਨੇ 'ਤੇ ਦੋ ਫੀਸਦੀ, ਕਣਕ 'ਤੇ 1.5 ਫੀਸਦੀ, ਨਰਮਾ, ਗੰਨਾ, ਫਲਾਂ ਆਦਿ 'ਤੇ ਪੰਜ ਫੀਸਦੀ ਪ੍ਰੀਮੀਅਮ ਦੇਣਾ ਪਵੇਗਾ। ਇੰਜ ਇਹ ਕਣਕ ਤੇ ਝੋਨੇ 'ਤੇ 1250 ਤੋਂ 1300 ਰੁਪਏ ਪ੍ਰਤੀ ਏਕੜ, ਗੰਨੇ 'ਤੇ ਘੱਟੋ-ਘੱਟ 5250 ਰੁਪਏ, ਨਰਮੇ ਉਤੇ ਘੱਟੋ ਘੱਟ 2000 ਰੁਪਏ ਪ੍ਰਤੀ ਏਕੜ ਪ੍ਰੀਮੀਅਮ ਦੇਣਾ ਪਵੇਗਾ, ਜੋ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੈ। ਇਹੋ ਨਹੀਂ, ਇਸ ਬੀਮਾ ਯੋਜਨਾ ਵਿਚ ਇਕ ਪਿੰਡ ਨੂੰ ਯੂਨਿਟ ਮੰਨਿਆ ਗਿਆ ਹੈ। ਇੰਜ ਇਕ ਪਿੰਡ ਦੇ ਹਰ ਕਿਸਾਨ ਨੂੰ ਆਪਣੀਆਂ ਫਸਲਾਂ ਦਾ ਬੀਮਾ ਕਰਾਉਣਾ ਲਾਜ਼ਮੀ ਹੈ ਤੇ ਜੇਕਰ ਪਿੰਡ ਵਿਚੋਂ ਸਿਰਫ ਇਕ ਕਿਸਾਨ ਹੀ ਬੀਮਾ ਕਰਾਉਣ ਲਈ ਸਹਿਮਤੀ ਨਾ ਦੇਵੇ ਤਾਂ ਨੁਕਸਾਨ ਹੋਣ ਦੀ ਸੂਰਤ ਵਿਚ ਕਿਸੇ ਵੀ ਕਿਸਾਨ ਨੂੰ ਮੁਆਵਜ਼ਾ ਨਹੀਂ ਮਿਲੇਗਾ। ਮੁਆਵਜ਼ਾ ਲੈਣ ਵੇਲੇ ਦਾ ਤਰੀਕਾ ਵੀ ਕਿਸਾਨ ਵਿਰੋਧੀ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਐਲਾਨੀ ਗਈ ਨਵੀਂ ਪ੍ਰਧਾਨ ਮੰਤਰੀ ਬੀਮਾ ਯੋਜਨਾ ਕੇਂਦਰ ਸਰਕਾਰ ਦੀਆਂ ਪਹਿਲੀਆਂ ਦੋ ਸਕੀਮਾਂ-2008 ਦੀ ਬੀਮਾ ਸਕੀਮ ਅਤੇ ਕੁਦਰਤੀ ਆਫਤਾਂ ਤੋਂ ਰਾਹਤ ਸਕੀਮ ਦਾ ਹੀ ਬਦਲਵਾਂ ਰੂਪ ਹੈ। ਇਹ ਦੋਵੇਂ ਸਕੀਮਾਂ ਹੀ ਫਸਲਾਂ ਦੀ ਅਚਾਨਕ ਜਾਂ ਮੌਸਮੀ ਤਬਦੀਲੀ ਕਾਰਨ ਹੋਈ ਬਰਬਾਦੀ ਲਈ ਪੰਜਾਬ ਦੇ ਕਿਸਾਨਾਂ ਨੂੰ ਕੋਈ ਖਾਸ ਰਾਹਤ ਪਹੁੰਚਾਉਣ ਵਿਚ ਅਸਮਰਥ ਸਾਬਤ ਹੋਈਆਂ ਹਨ ਕਿਉਂਕਿ ਇਨ੍ਹਾਂ ਦੇ ਮਾਪਦੰਡ ਵੀ ਪੰਜਾਬ ਦੀ ਖੇਤੀ ਅਤੇ ਕਿਸਾਨੀ ਦੇ ਅਨੁਕੂਲ ਨਹੀਂ ਸਨ। ਨਵੀਂ ਬੀਮਾ ਸਕੀਮ ਵਿਚ ਭਾਵੇਂ ਇਨ੍ਹਾਂ ਸਕੀਮਾਂ ਦੀਆਂ ਕੁਝ ਖਾਮੀਆਂ ਨੂੰ ਦੂਰ ਕਰਕੇ ਇਸ ਨੂੰ ਹੋਰ ਵਿਆਪਕ ਤੇ ਵਿਹਾਰਕ ਬਣਾਉਣ ਦੇ ਨਾਲ-ਨਾਲ ਰਾਹਤ ਦੀ ਥਾਂ ਮੁਆਵਜ਼ੇ ਦਾ ਉਪਬੰਧ ਕੀਤਾ ਗਿਆ ਹੈ ਪਰ ਇਸ ਦੇ ਮਾਪਦੰਡ ਪੰਜਾਬ ਦੇ ਕਿਸਾਨਾਂ ਦੇ ਅਨੁਕੂਲ ਨਹੀਂ ਹਨ।

ਸਕੀਮ ਤਹਿਤ ਮੁਆਵਜ਼ੇ ਲਈ ਖੇਤ/ਪਲਾਟ ਦੀ ਥਾਂ ਪੂਰੇ ਪਿੰਡ ਨੂੰ ਯੂਨਿਟ ਮੰਨਣ, ਪਿੰਡ ਦੇ ਹਰ ਕਿਸਾਨ ਨੂੰ ਫਸਲ ਦਾ ਬੀਮਾ ਲਾਜ਼ਮੀ ਕਰਵਾਉਣ ਤੋਂ ਇਲਾਵਾ ਮਨੁੱਖੀ ਗਲਤੀ, ਬਿਜਲੀ ਦੀਆਂ ਤਾਰਾਂ ਤੇ ਆਵਾਰਾ ਪਸ਼ੂਆਂ ਕਾਰਨ ਹੋਏ ਨੁਕਸਾਨ ਨੂੰ ਸਕੀਮ ਵਿਚ ਸ਼ਾਮਲ ਨਾ ਕਰਨਾ ਪੰਜਾਬ ਦੇ ਕਿਸਾਨਾਂ ਦੇ ਹਿੱਤ ਵਿਚ ਨਹੀਂ। ਇਸ ਤੋਂ ਇਲਾਵਾ ਬੀਮਾ ਸਕੀਮ ਦੇ ਪ੍ਰੀਮੀਅਮ ਦੀਆਂ ਦਰਾਂ ਵੀ ਦਰਮਿਆਨੀ ਤੇ ਛੋਟੀ ਕਿਸਾਨੀ ਦੀ ਪਹੁੰਚ ਤੋਂ ਵੱਧ ਹਨ। ਪੰਜਾਬ ਦੀ ਖੇਤੀ 100 ਫੀਸਦੀ ਨਹਿਰੀ ਤੇ ਟਿਊਬਵੈਲਾਂ ਦੀ ਸਿੰਚਾਈ ਉਤੇ ਆਧਾਰਤ ਹੋਣ ਕਾਰਨ ਇਥੇ ਸੋਕੇ ਕਾਰਨ ਫਸਲਾਂ ਦੀ ਬਰਬਾਦੀ ਹੋਣ ਦੀ ਬਹੁਤ ਘੱਟ ਸੰਭਾਵਨਾ ਹੈ ਪਰ ਬਰਸਾਤ ਨਾ ਹੋਣ ਕਾਰਨ ਕਿਸਾਨਾਂ ਦਾ ਟਿਊਬਵੈਲਾਂ ਨਾਲ ਫਸਲਾਂ ਦੀ ਸਿੰਜਾਈ ਉਤੇ ਹੋਣ ਵਾਲਾ ਖਰਚ ਕਈ ਗੁਣਾ ਵਧ ਜਾਂਦਾ ਹੈ। ਇਸ ਦੀ ਪ੍ਰਤੀਪੂਰਤੀ ਨਵੀਂ ਬੀਮਾ ਸਕੀਮ ਤਹਿਤ ਨਹੀਂ ਆਉਂਦੀ। ਲਿਹਾਜ਼ਾ, ਬੀਮਾ ਸਕੀਮ ਦੀ ਸੋਕੇ ਦੀ ਮੱਦ ਤਹਿਤ ਪੰਜਾਬ ਦੇ ਕਿਸਾਨਾਂ ਨੂੰ ਰਾਹਤ ਤਾਂ ਕੀ ਮਿਲਣੀ ਸੀ, ਸਗੋਂ ਉਨ੍ਹਾਂ ਉਤੇ ਪ੍ਰੀਮੀਅਮ ਦੇ ਟੈਕਸ ਦਾ ਵਾਧੂ ਭਾਰ ਪੈ ਜਾਵੇਗਾ। ਇਸ ਲਈ ਪੰਜਾਬ ਸਰਕਾਰ ਵੱਲੋਂ ਨਵੀਂ ਬੀਮਾ ਸਕੀਮ ਸਬੰਧੀ ਉਠਾਏ ਗਏ ਇਤਰਾਜ਼ ਗੌਲਣਯੋਗ ਹਨ।



## ਯੋਜਨਾ ਵਿਚਲੀਆਂ ਖਾਮੀਆਂ ਦੂਰ ਕਰਨ ਦੀ ਲੋੜ: ਬਾਦਲ

**ਨਵਾਂ ਸ਼ਹਿਰ**: ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਬੀਮਾ ਯੋਜਨਾ ਵਿਚਲੀਆਂ ਖਾਮੀਆਂ ਦੂਰ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਯੋਜਨਾ ਨੂੰ ਹੋਰ ਜ਼ਿਆਦਾ ਕਿਸਾਨਾਂ ਪੱਖੀ ਬਣਾਇਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਹਰ ਕਿਸਾਨ ਦੀ ਜ਼ਮੀਨ ਨੂੰ ਇਕ ਯੂਨਿਟ ਮੰਨਦੇ ਹੋਏ ਮੁਆਵਜ਼ਾ ਮਿਲਣਾ ਚਾਹੀਦਾ ਹੈ। ਇਹ ਵੀ ਗ਼ੈਰਵਾਜਬ ਹੈ ਕਿ ਜੇ ਸਾਰਾ ਪਿੰਡ ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ ਤਾਂ ਹੀ ਫਸਲਾਂ ਦਾ ਬੀਮਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਗੱਲਾਂ ਕੇਂਦਰ ਸਰਕਾਰ ਦੇ ਧਿਆਨ ਵਿਚ ਲਿਆਂਦੀਆਂ ਜਾ ਰਹੀਆਂ ਹਨ।

## ਕਾਰਪੋਰੇਟ ਘਰਾਣਿਆਂ ਨੂੰ ਗੱਫਿਆਂ 'ਤੇ ਸਵਾਲ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਮੁਲਕ ਦਾ ਅਨਾਜ ਨਾਲ ਢਿੱਡ ਭਰਨ ਵਾਲੇ ਕਿਸਾਨਾਂ ਲਈ ਤਾਂ ਫਸਲੀ ਬੀਮਾ ਯੋਜਨਾ ਤਹਿਤ ਤਰਕਹੀਣ ਉੱਚੀਆਂ ਪ੍ਰੀਮੀਅਮ ਦਰਾਂ ਨਿਸਚਿਤ ਕਰ ਦਿੱਤੀਆਂ ਹਨ ਪਰ ਦੂਜੇ ਪਾਸੇ 'ਸਟਾਰਟ ਅੱਪ' ਸਕੀਮ ਤਹਿਤ ਉਦਮੀਆਂ ਨੂੰ 10 ਹਜ਼ਾਰ ਕਰੋੜ ਦੇ ਫੰਡ ਤੇ ਟੈਕਸ ਛੋਟਾਂ ਦੇ ਭਾਰੀ ਗੱਫੇ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਕੇਂਦਰ ਸਰਕਾਰ ਸਨਅਤਕਾਰਾਂ ਦੇ ਕਰੋੜਾਂ ਰੁਪਏ ਕਰਜ਼ੇ ਦੇ ਮੁਆਫ ਕਰਕੇ ਉਨ੍ਹਾਂ ਨੂੰ ਭਾਰੀ ਰਾਹਤ ਦੇ ਚੁੱਕੀ ਹੈ ਪਰ ਕਿਸਾਨਾਂ ਦੇ ਬੀਮੇ ਦਾ ਪ੍ਰੀਮੀਅਮ ਭਰਨ ਤੋਂ ਇਨਕਾਰੀ ਹੋ ਬੈਠੀ ਹੈ।

## ਪੰਜਾਬ ਦੀ ਕਿਸਾਨੀ ਦੇ ਹੱਕ ਵਿਚ ਨਹੀਂ ਯੋਜਨਾ

**ਚੰਡੀਗੜ੍ਹ:** ਪੰਜਾਬ ਨੇ ਦਾਅਵਾ ਕੀਤਾ ਹੈ ਕਿ ਫਸਲੀ ਬੀਮ ਯੋਜਨਾ ਸੂਬੇ ਦੇ ਹਾਲਾਤ ਦੇ ਅਨੁਕੂਲ ਨਹੀਂ ਤੇ ਨਾ ਹੀ ਕਿਸਾਨਾਂ ਦੇ ਹਿੱਤ ਵਿਚ ਹੈ। ਇਸ ਲਈ ਇਸ ਨੂੰ ਪੰਜਾਬ ਵਿਚ ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਯੋਜਨਾ ਵਿਚ ਕਿਸਾਨਾਂ ਦਾ ਘੱਟ ਤੇ ਬੀਮਾ ਕੰਪਨੀਆਂ ਦੇ ਮੁਨਾਫੇ ਦਾ ਵੱਧ ਖਿਆਲ ਰੱਖਿਆ ਗਿਆ ਹੈ। ਯੋਜਨਾ ਵਿਚ ਅੱਗ ਲੱਗਣ, ਅਸਮਾਨੀ ਬਿਜਲੀ ਨਾਲ ਹੋਣ ਵਾਲੇ ਨੁਕਸਾਨ, ਝੱਖੜ, ਗੜ੍ਹੇਮਾਰੀ, ਸਾਈਕਲੋਨ, ਟਾਰਨਾਡੋ, ਹਰ ਤਰ੍ਹਾਂ ਦੇ ਤੂਫਾਨ, ਕੁਦਰਤੀ ਆਫਤਾਂ, ਹੜ੍ਹ, ਸੋਕਾ, ਕੀੜਿਆਂ ਦੇ ਹਮਲੇ ਅਤੇ ਫਸਲੀ ਬਿਮਾਰੀਆਂ ਨਾਲ ਹੋਏ ਨੁਕਸਾਨ ਨੂੰ ਕਵਰ ਕੀਤਾ ਗਿਆ ਹੈ, ਜੋ ਸ਼ਲਾਘਾਯੋਗ ਵੀ ਹੈ, ਪਰ ਕੁਲ ਮਿਲਾ ਕੇ ਇਸ ਤੋਂ ਪੰਜਾਬ ਦੇ ਕਿਸਾਨਾਂ ਨੂੰ ਕੋਈ ਲਾਭ ਨਹੀਂ ਹੋਵੇਗਾ, ਸਗੋਂ ਇਹ ਇਕ ਤਰ੍ਹਾਂ ਨਾਲ ਕਿਸਾਨਾਂ 'ਤੇ ਟੈਕਸ ਸਾਬਤ ਹੋਵੇਗਾ।

# ਬਾਦਲ ਨੂੰ ਕੇਜਰੀਵਾਲ ਸਰਕਾਰ ਤੋਂ ਸਬਕ ਲੈਣ ਦੀ ਸਲਾਹ

**ਅੰਮ੍ਰਿਤਸਰ:** ਪੰਜਾਬ ਭਾਜਪਾ ਦੀ ਮਹਿਲਾ ਆਗੂ ਤੇ ਸਾਬਕਾ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਬਾਦਲ ਸਰਕਾਰ ਨੂੰ ਕੇਜਰੀਵਾਲ ਸਰਕਾਰ ਤੋਂ ਸਬਕ ਲੈਣ ਦੀ ਨਸੀਹਤ ਦਿੱਤੀ ਹੈ। ਬੀਬੀ ਚਾਵਲਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਅੰਮ੍ਰਿਤਸਰ ਵਿਚ ਬੀ.ਆਰ.ਟੀ.ਐਸ ਪ੍ਰੋਜੈਕਟ ਨੂੰ ਪੂਰਾ ਕਰਨ ਤੋਂ ਪਹਿਲਾਂ ਦਿੱਲੀ ਸਰਕਾਰ ਤੋਂ ਸਬਕ ਜ਼ਰੂਰ ਲਵੇ।



ਉਨ੍ਹਾਂ ਦਿੱਲੀ ਵਿਚ 2008 ਵਿਚ ਸ਼ੁਰੂ ਕੀਤੇ ਗਏ ਬੀ.ਆਰ.ਟੀ.ਐਸ. ਦਾ ਹਵਾਲਾ ਦਿੰਦਿਆਂ ਕਿਹਾ ਕਿ ਦਿੱਲੀ ਸਰਕਾਰ ਨੇ 200 ਕਰੋੜ ਰੁਪਏ ਖਰਚ ਕਰਕੇ ਸਾਢੇ ਪੰਜ ਕਿਲੋਮੀਟਰ ਤੱਕ ਦੇ ਰਸਤੇ 'ਤੇ ਇਹ ਖਾਸ ਯੋਜਨਾ ਚਲਾਈ ਸੀ ਜਿਸ ਨੂੰ ਬਾਅਦ ਵਿਚ ਤੋੜਨ ਲਈ 12 ਕਰੋੜ ਰੁਪਏ ਖਰਚੇ ਗਏ ਸਨ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ ਜਿਸ ਬੀ.ਆਰ.ਟੀ.ਐਸ. ਲਈ ਜਨਤਾ ਦੇ ਖੂਨ ਪਸੀਨੇ ਦੀ ਕਮਾਈ ਦੇ 500 ਕਰੋੜ ਰੁਪਏ ਮਿੱਟੀ ਵਿਚ ਮਿਲਾਏ ਜਾ ਰਹੇ ਹਨ ਤੇ ਸ਼ਹਿਰ ਦੇ ਹਜ਼ਾਰਾਂ ਰੁੱਖਾਂ ਨੂੰ ਕੱਟ ਦਿੱਤਾ ਗਿਆ ਹੈ, ਇਹ ਵੀ ਸਰਕਾਰ ਨੂੰ ਇਕ ਦਿਨ ਤੋੜਨਾ ਪਵੇਗਾ ਤੇ ਇਸ ਪ੍ਰੋਜੈਕਟ ਨੂੰ ਖਤਮ ਕਰਨਾ ਪਵੇਗਾ।

ਉਨ੍ਹਾਂ ਭਾਜਪਾ ਦੇ ਮੰਤਰੀ ਅਨਿਲ ਜੋਸ਼ੀ ਦਾ ਨਾਮ ਨਾ ਲੈਂਦਿਆਂ ਕਿਹਾ ਕਿ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅੰਮ੍ਰਿਤਸਰ ਦੀ ਹੀ ਜਨਤਾ ਵੱਲੋਂ ਚੁਣੇ ਗਏ ਕੁਝ ਨੇਤਾ ਇਸ ਤਬਾਹੀ ਨੂੰ ਦੇਖਣ ਤੋਂ ਬਾਅਦ ਵੀ ਖਾਮੋਸ਼ ਹਨ। ਸੁਖਬੀਰ ਸਿੰਘ ਬਾਦਲ ਨੂੰ ਸਲਾਹ ਦਿੰਦਿਆਂ ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਤੋਂ ਸਬਕ ਲੈਂਦਿਆਂ ਤੁਰਤ ਇਸ ਯੋਜਨਾ ਨੂੰ ਬੰਦ ਕਰਵਾਇਆ ਜਾਵੇ ਤੇ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਨੂੰ ਇਸ ਤਰ੍ਹਾਂ ਬਰਬਾਦ ਹੋਣ ਤੋਂ ਰੋਕਿਆ ਜਾਵੇ।

# ਮੋਹਕਮ ਸਿੰਘ ਨੇ ਪਟੀਸ਼ਨ ਰਾਹੀਂ ਮੰਗੇ ਕੇਸਾਂ ਦੇ ਵੇਰਵੇ

**ਅੰਮ੍ਰਿਤਸਰ:** ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਤੇ ਸਰਬੱਤ ਖਾਲਸਾ ਦੇ ਪ੍ਰਬੰਧਕ ਮੋਹਕਮ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਵਿਚ ਪੰਜਾਬ ਸਰਕਾਰ ਤੋਂ ਜਾਣਕਾਰੀ ਮੰਗੀ ਹੈ ਕਿ ਉਨ੍ਹਾਂ ਖਿਲਾਫ ਕਿੰਨੇ ਕੇਸ ਦਰਜ ਕੀਤੇ ਗਏ ਹਨ ਤਾਂ ਜੋ ਉਹ ਜ਼ਮਾਨਤ ਕਰਵਾ ਸਕਣ।

ਉਨ੍ਹਾਂ ਦੇ ਪੁੱਤਰ ਸੁਖਦੀਪ ਸਿੰਘ ਨੇ ਦੱਸਿਆ ਕਿ ਮੋਹਕਮ ਸਿੰਘ ਦੀ ਹਾਈਕੋਰਟ ਵਿਚੋਂ ਜ਼ਮਾਨਤ ਹੋਣ ਉਪਰੰਤ ਵੀ ਉਨ੍ਹਾਂ ਨੂੰ ਹੋਰ ਕਈ ਕੇਸਾਂ ਵਿਚ ਗ੍ਰਿਫਤਾਰ ਕੀਤਾ ਜਾ ਰਿਹਾ ਹੈ, ਜੋ ਕਾਨੂੰਨ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਹਾਈਕੋਰਟ ਨੇ ਇਸ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਸਮੇਤ ਡੀ.ਜੀ.ਪੀ., ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਤੇ ਐਸ.ਐਸ.ਪੀ. (ਦਿਹਾਤੀ) ਨੂੰ ਨੋਟਿਸ ਜਾਰੀ ਕਰ ਕੇ ਅੱਠ ਫਰਵਰੀ ਤੱਕ ਜਵਾਬ ਮੰਗਿਆ ਹੈ। ਪਟੀਸ਼ਨ ਵਿਚ ਅਦਾਲਤ ਨੂੰ ਦੱਸਿਆ ਗਿਆ ਕਿ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਜਾਣ ਬੁਝ ਕੇ ਉਨ੍ਹਾਂ ਨੂੰ ਵੱਖ-ਵੱਖ ਕੇਸਾਂ ਵਿਚ ਫਸਾਉਣਾ ਚਾਹੁੰਦੀ ਹੈ ਕਿਉਂਕਿ ਗੁਰੂ ਗ੍ਰੰਥ



ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਉਨ੍ਹਾਂ ਨੇ ਸਰਕਾਰ ਤੇ ਸ਼੍ਰੋਮਣੀ ਕਮੇਟੀ ਖਿਲਾਫ਼ ਆਵਾਜ਼ ਬੁਲੰਦ ਕੀਤੀ ਸੀ। ਉਨ੍ਹਾਂ ਕਿਹਾ ਕਿ ਪਿੰਡ ਚੱਬਾ ਵਿਖੇ ਸੱਦੇ ਗਏ ਸਰਬੱਤ ਖਾਲਸਾ ਵਿਚ ਸਰਕਾਰ ਖਿਲਾਫ਼ ਸ਼ਾਂਤਮਈ ਢੰਗ ਨਾਲ ਆਵਾਜ਼ ਉਠਾਈ ਗਈ ਸੀ। ਸਰਬੱਤ ਖਾਲਸਾ ਵਿਚ ਦੇਸ਼ ਦੀ ਪ੍ਰਭੂਸੱਤਾ ਖਿਲਾਫ਼ ਕਿਸੇ ਕਿਸਮ ਦੀ ਕੋਈ ਟਿੱਪਣੀ ਨਹੀਂ ਹੋਈ ਤੇ ਨਾ ਹੀ ਕਿਸੇ ਕਿਸਮ ਦਾ ਕੋਈ ਭੜਕਾਊ ਭਾਸ਼ਨ ਹੋਇਆ।

ਉਨ੍ਹਾਂ ਨੂੰ ਦੱਸਿਆ ਜਾਵੇ ਕਿ ਪੁਲਿਸ ਨੇ ਉਨ੍ਹਾਂ ਖਿਲਾਫ਼ ਹੁਣ ਤੱਕ ਕਿੰਨੇ ਕੇਸ ਦਰਜ ਕੀਤੇ ਹਨ ਕਿਉਂਕਿ ਉਨ੍ਹਾਂ ਨੂੰ ਅਦਾਲਤ ਵਿਚੋਂ ਜ਼ਮਾਨਤ ਮਿਲਣ ਉਪਰੰਤ ਹੋਰ ਕੇਸ ਵਿਚ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਉਨ੍ਹਾਂ ਨੇ ਅਦਾਲਤ ਵਿਚ ਸੁਰੱਖਿਆ ਦੇ ਪ੍ਰਬੰਧ ਕਰਨ ਤੋਂ ਇਲਾਵਾ ਗ੍ਰਿਫਤਾਰ ਕਰਨ ਤੋਂ ਪਹਿਲਾਂ 15 ਦਿਨ ਦਾ ਨੋਟਿਸ ਦੇਣ ਦੀ ਵੀ ਮੰਗ ਕੀਤੀ ਹੈ।

# ਪੰਜਾਬ ਤੋਂ ਬਾਹਰ ਸਿੱਖੀ ਦੇ ਪ੍ਰਚਾਰ ਲਈ ਉਪਰਾਲੇ ਤੇਜ਼

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਪੰਜਾਬ ਤੋਂ ਬਾਹਰ ਵੀ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਉਪਰਾਲੇ ਤੇਜ਼ ਕਰਨ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਹਾਟੀ (ਅਸਾਮ) ਅਤੇ ਵਿਸ਼ਾਖਾਪਟਨਮ (ਆਂਧਰਾ ਪ੍ਰਦੇਸ਼) ਵਿਖੇ ਸਿੱਖ ਮਿਸ਼ਨਾਂ ਦੀ ਸਥਾਪਨਾ ਕੀਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਦੇ ਹਵਾਲੇ ਨਾਲ ਦੱਸਿਆ ਕਿ ਜਿਥੇ ਪੰਜਾਬ ਤੇ ਹਰਿਆਣਾ ਵਿਚ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਲਈ ਗੁਰਬਾਣੀ ਕੰਠ ਤੇ ਸਿੱਖ ਇਤਿਹਾਸ ਸਬੰਧੀ ਮੁਕਾਬਲੇ ਤੇ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ, ਉਥੇ ਸ਼੍ਰੋਮਣੀ ਕਮੇਟੀ ਵੱਲੋਂ ਗੁਹਾਟੀ (ਅਸਾਮ) ਤੇ ਵਿਸ਼ਾਖਾਪਟਨਮ (ਆਂਧਰਾ ਪ੍ਰਦੇਸ਼) ਵਿਖੇ ਸਿੱਖ ਮਿਸ਼ਨਾਂ ਦੀ ਸਥਾਪਨਾ ਕੀਤੀ ਜਾਵੇਗੀ। ਗੁਹਾਟੀ ਵਿਖੇ ਮਿਸ਼ਨ ਦਾ ਉਦਘਾਟਨ 20 ਮਾਰਚ ਨੂੰ ਕੀਤਾ ਜਾਵੇਗਾ।



ਸ. ਬੇਦੀ ਨੇ ਕਿਹਾ ਕਿ ਗੁਹਾਟੀ ਮਿਸ਼ਨ ਸਬੰਧੀ ਪ੍ਰਚਾਰਕਾਂ ਦੀ ਚੋਣ ਲਈ ਅੰਤ੍ਰਿੰਗ ਕਮੇਟੀ ਮੈਂਬਰ ਰਾਜਿੰਦਰ ਸਿੰਘ ਮਹਿਤਾ, ਸਕੱਤਰ ਡਾ. ਰੂਪ ਸਿੰਘ, ਮਨਜੀਤ ਸਿੰਘ ਤੇ ਓ.ਐਸ.ਡੀ. ਸਤਬੀਰ ਸਿੰਘ 'ਤੇ ਆਧਾਰਤ ਚਾਰ ਮੈਂਬਰੀ ਸਬ-ਕਮੇਟੀ ਬਣਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਸ਼ਾਖਾਪਟਨਮ (ਆਂਧਰਾ-ਪ੍ਰਦੇਸ਼) ਵਿਖੇ ਵੀ ਸੰਗਤ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਸਿੱਖ ਮਿਸ਼ਨ ਖੋਲ੍ਹਿਆ ਜਾਵੇਗਾ, ਜਿਸ ਨਾਲ ਸਿਕਲੀਗਰ ਤੇ ਵਣਜਾਰੇ ਸਿੱਖਾਂ ਨੂੰ ਸਿੱਖ ਧਰਮ ਸਬੰਧੀ ਜਾਣਕਾਰੀ ਮਿਲੇਗੀ। ਇਸ ਸਬੰਧੀ ਡਾ. ਰੂਪ ਸਿੰਘ ਤੇ ਸਤਬੀਰ ਸਿੰਘ 'ਤੇ ਆਧਾਰਤ ਦੋ ਮੈਂਬਰੀ ਸਬ ਕਮੇਟੀ ਬਣਾਈ ਗਈ ਹੈ ਜੋ ਮੌਕਾ ਵੇਖ ਕੇ ਸਾਰੀ ਰਿਪੋਰਟ ਦੇਵੇਗੀ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਭਗਤ ਧੰਨਾ ਜੀ ਦਾ 600 ਸਾਲਾ ਜਨਮ ਦਿਹਾੜਾ 11-12 ਅਤੇ 13 ਮਾਰਚ ਨੂੰ ਧੂਆਂ ਕਲਾਂ ਜ਼ਿਲ੍ਹਾ ਟਾਕ, ਰਾਜਸਥਾਨ ਵਿਖੇ ਮਨਾਇਆ ਜਾਵੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਅੰਮ੍ਰਿਤਸਰ ਤੋਂ ਧੂਆਂ ਕਲਾਂ ਤੱਕ ਸਜਾਇਆ ਜਾਵੇਗਾ। ਸ੍ਰੀ ਬੇਦੀ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ 300 ਸਾਲਾ ਸ਼ਹੀਦੀ ਦਿਹਾੜਾ ਜੋ 16 ਜੂਨ ਨੂੰ ਆ ਰਿਹਾ ਹੈ, ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਸ਼ਹੀਦੀ ਮਾਰਚ ਗੁਰਦਾਸ ਨੰਗਲ ਗੜ੍ਹੀ ਤੋਂ ਦਿੱਲੀ ਤੱਕ ਕੀਤਾ ਜਾਵੇਗਾ। ਇਹ ਮਾਰਚ 15 ਦਿਨਾਂ ਦਾ ਹੋਵੇਗਾ।

# ਆਨਲਾਈਨ ਪੰਜਾਬੀ ਵਿਸ਼ਾ ਪੜ੍ਹ ਸਕਣਗੇ ਪਰਵਾਸੀ

**ਚੰਡੀਗੜ੍ਹ:** ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਦੇ ਮਕਸਦ ਨਾਲ ਸੂਬੇ ਤੇ ਦੇਸ਼ ਤੋਂ ਬਾਹਰ ਬੈਠੇ ਪੰਜਾਬੀ ਪ੍ਰੇਮੀਆਂ ਨੂੰ ਆਨਲਾਈਨ ਪੰਜਾਬੀ ਵਿਸ਼ਾ ਪੜ੍ਹਾਉਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਲਈ ਸਿੱਖਿਆ ਵਿਭਾਗ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਿਲ ਕੇ ਯੋਜਨਾ ਉਲੀਕੀ ਜਾ ਰਹੀ ਹੈ। ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਤੇ ਦੇਸ਼ ਤੋਂ ਬਾਹਰ ਬੈਠੇ ਪਰਵਾਸੀਆਂ ਨੂੰ ਵੀ ਪੰਜਾਬੀ ਪੜ੍ਹਾਉਣ ਲਈ ਆਨਲਾਈਨ ਪੋਰਟਲ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਸਿਲੇਬਸ ਬਾਰੇ ਬੋਰਡ ਦੇ ਅਧਿਕਾਰੀਆਂ ਤੇ ਡਾ. ਲਹਿਲ ਨੂੰ ਖਾਕਾ ਉਲੀਕਣ ਲਈ ਕਿਹਾ ਗਿਆ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬੀ ਭਾਸ਼ਾ ਦੇ ਆਨ ਲਾਈਨ ਬਾਰੇ ਕਾਫੀ ਕੰਮ ਕੀਤਾ ਹੈ ਤੇ ਸਿੱਖਿਆ ਵਿਭਾਗ ਉਨ੍ਹਾਂ ਦੀ ਮੁਹਾਰਤ ਦਾ ਫਾਇਦਾ ਲਵੇਗਾ। ਚਾਹਵਾਨਾਂ ਕੋਲੋਂ ਇਮਤਿਹਾਨ ਦੇ ਰੂਪ ਵਿਚ ਅਭਿਆਸ ਰੂਪੀ ਇਕ ਟੈੱਸਟ ਵੀ ਲਿਆ ਜਾਵੇਗਾ।

# ਕੌਮੀ ਪਸ਼ੂ ਗਾਂ ਜਾਂ ਸ਼ੇਰ?

**ਚੰਡੀਗੜ੍ਹ:** ਹਰਿਆਣਾ ਦੇ ਸਿਹਤ ਤੇ ਖੇਡ ਮੰਤਰੀ ਅਨਿਲ ਵਿੱਜ ਨੇ ਕਿਹਾ ਹੈ ਕਿ ਉਹ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਇਕ ਪੱਤਰ ਲਿਖ ਰਹੇ ਹਨ ਕਿ ਉਹ ਇਸ ਬਾਰੇ ਆਪਣੀ ਰਾਇ ਦੇਣ ਕਿ ਭਾਰਤ ਦਾ ਕੌਮੀ ਪਸ਼ੂ 'ਗਾਂ' ਹੋਵੇ ਜਾਂ 'ਜੰਗਲੀ ਸ਼ੇਰ'।

ਸ੍ਰੀ ਵਿੱਜ ਨੇ ਇਸ ਵਿਸ਼ੇ 'ਤੇ ਦੇਸ਼ ਭਰ ਵਿਚ ਜਾਗਰੂਕਤਾ ਮੁਹਿੰਮ ਸ਼ੁਰੂ ਕਰ ਰੱਖੀ ਹੈ ਕਿ ਕਿਉਂ ਨਾ 'ਗਾਂ' ਨੂੰ ਕੌਮੀ ਪਸ਼ੂ ਐਲਾਨਿਆ ਜਾਏ। ਸ੍ਰੀ ਵਿੱਜ ਦਾ ਦਾਅਵਾ ਹੈ ਕਿ ਜੇ ਕਾਨੂੰਨੀ ਤੌਰ 'ਤੇ ਗਾਂ ਨੂੰ ਇਹ ਸਟੇਟਸ ਦੇ ਦਿੱਤਾ ਜਾਏ ਤਾਂ ਕਿ ਕੋਈ ਵੀ ਮਾਈ ਦਾ ਲਾਲ ਇਸ ਨੂੰ ਡਾਂਗ ਜਾਂ ਸੋਟਾ ਤੱਕ ਨਹੀਂ ਮਾਰ ਸਕੇਗਾ ਤੇ ਸਤਿਕਾਰ ਵਜੋਂ ਇਹ ਪੂਰੀ ਤਰ੍ਹਾਂ ਸੁਰੱਖਿਅਤ ਹੋ ਜਾਏਗੀ। ਉਹ ਵਿਸ਼ੇਸ਼ ਤੌਰ 'ਤੇ ਮਹਿਲਾ ਮੁੱਖ ਮੰਤਰੀਆਂ ਤੇ ਸਾਬਕਾ ਮੁੱਖ ਮੰਤਰੀਆਂ ਜਿਵੇਂ ਕਿ ਕੁਮਾਰੀ ਜੈਲਲਿਤਾ, ਕੁਮਾਰੀ ਮਮਤਾ ਬੈਨਰਜੀ, ਬੀਬੀ ਸ਼ੀਲਾ ਦਿਕਸ਼ਤ ਤੇ ਰਾਜਿੰਦਰ ਕੌਰ ਭੱਠਲ ਨੂੰ ਲਿਖਤੀ ਰੂਪ ਵਿਚ ਬੇਨਤੀ ਕਰਨ ਜਾ ਰਹੇ ਹਨ ਕਿ ਉਹ ਇਸ ਮੁਹਿੰਮ ਦਾ ਸਮਰਥਨ ਕਰਨ।

# ਵੀਜ਼ਾ ਮਿਆਦ ਮੁੱਕਣ ਪਿਛੋਂ ਵੀ ਮੁਲਕ ਨਹੀਂ ਮੁੜਦੇ ਵਧੇਰੇ ਭਾਰਤੀ

**ਵਾਸ਼ਿੰਗਟਨ:** ਵਿਜ਼ਿਟਰ ਜਾਂ ਬਿਜ਼ਨਸ ਵੀਜ਼ਿਆਂ 'ਤੇ ਪਿਛਲੇ ਸਾਲ ਅਮਰੀਕਾ ਆਏ 8.8 ਲੱਖ ਭਾਰਤੀਆਂ ਵਿਚੋਂ 14 ਹਜ਼ਾਰ ਆਪਣੇ ਵੀਜ਼ੇ ਦੀ ਮਿਆਦ ਤੋਂ ਵੱਧ ਸਮਾਂ ਇਥੇ ਰੁਕੇ। ਇਹ ਖੁਲਾਸਾ ਹੋਮਲੈਂਡ ਸਕਿਉਰਿਟੀ ਵਿਭਾਗ ਦੇ ਅੰਕੜਿਆਂ ਤੋਂ ਹੋਇਆ ਹੈ। ਇਸ ਮੁਤਾਬਕ ਸਾਲ 2014 ਵਿਚ 7.6 ਲੱਖ ਭਾਰਤੀਆਂ ਨੇ ਆਪਣਾ ਬੀ-1 ਤੇ ਬੀ-2 ਵੀਜ਼ਾ ਸਮਾਪਤ ਹੋਣ ਤੋਂ ਪਹਿਲਾਂ ਹੀ ਦੇਸ਼ ਛੱਡ ਦਿੱਤਾ, ਜਦੋਂ ਕਿ 11653 ਭਾਰਤੀ ਵੀਜ਼ੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਅਮਰੀਕਾ ਵਿਚ ਰੁਕੇ ਰਹੇ।

ਵਿਭਾਗ ਦੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਸਾਲ 2015 ਵਿਚ ਕੁੱਲ 4.5 ਕਰੋੜ ਗ਼ੈਰ-ਆਵਾਸੀ ਵੀਜ਼ੇ ਦੀ ਮਿਆਦ ਪੁੱਗਣ ਤੋਂ ਪਹਿਲਾਂ ਹੀ ਆਪਣੇ ਮੁਲਕਾਂ ਨੂੰ ਚਲੇ ਗਏ ਪਰ ਇਨ੍ਹਾਂ ਵਿਚੋਂ 5,27,127 ਵੀਜ਼ਾ ਮਿਆਦ ਪੁੱਗਣ ਤੋਂ ਬਾਅਦ ਵੀ ਇਥੇ ਰੁਕੇ ਰਹੇ, ਜੋ ਕੁੱਲ ਗਿਣਤੀ ਦਾ 1.17 ਫੀਸਦੀ ਬਣਦੇ ਹਨ। ਇਸ ਰਿਪੋਰਟ ਵਿਚ ਐਫ-1 ਵੀਜ਼ਾ 'ਤੇ ਆਉਣ ਵਾਲੇ ਵਿਦਿਆਰਥੀਆਂ ਜਾਂ ਕੰਮ ਲਈ ਐਚ-1ਬੀ ਵੀਜ਼ਾ ਉਤੇ ਆਉਣ ਵਾਲਿਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਇਸ ਰਿਪੋਰਟ ਵਿਚ ਇਹ ਨਹੀਂ ਦੱਸਿਆ ਗਿਆ ਕਿ ਕੀ ਇਹ ਵਿਅਕਤੀ ਹੁਣ ਵੀ ਅਮਰੀਕਾ ਵਿਚ ਹਨ ਜਾਂ ਨਹੀਂ। ਰਿਪੋਰਟ ਮੁਤਾਬਕ ਅਤਿਵਾਦ ਨਾਲ ਜੁੜੇ ਕਈ ਮੁਲਕਾਂ ਦੇ ਬਸ਼ਿੰਦੇ ਵੀ ਵੀਜ਼ਾ ਖਤਮ ਹੋਣ ਤੋਂ ਬਾਅਦ ਅਮਰੀਕਾ ਵਿਚ ਰਹਿ ਰਹੇ ਹਨ, ਜਿਨ੍ਹਾਂ ਵਿਚ ਪਾਕਿਸਤਾਨ ਦੇ 1435, ਇਰਾਕ ਦੇ 681, ਇਰਾਨ ਦੇ 564, ਸੀਰੀਆ ਦੇ 440, ਯਮਨ ਦੇ 219, ਅਫ਼ਗਾਨਿਸਤਾਨ ਦੇ 219 ਅਤੇ ਲਿਬੀਆ ਦੇ 56 ਨਾਗਰਿਕ ਸ਼ਾਮਲ ਹਨ।




### ਕੈਨੇਡਾ ਦੇ ਅਰਥਚਾਰੇ ਨੂੰ ਪਰਵਾਸੀਆਂ ਦਾ ਠੁੰਮਣਾ

**ਸਿਡਨੀ:** ਆਸਟਰੇਲੀਆ ਦੇ ਅਰਥਚਾਰੇ ਵਿਚ ਪਰਵਾਸੀ ਵਡਮੁੱਲਾ ਯੋਗਦਾਨ ਪਾ ਰਹੇ ਹਨ। ਤਕਰੀਬਨ 200 ਦੇਸ਼ਾਂ ਦੇ ਆਸਟਰੇਲੀਆ ਵਿਚ ਵਸਦੇ ਵਿਅਕਤੀਆਂ ਵਿਚੋਂ ਭਾਰਤੀ ਪਰਵਾਸੀਆਂ ਨੇ ਮੁਲਕ ਦੇ ਅਰਥਚਾਰੇ ਵਿਚ ਯੋਗਦਾਨ ਪਾਉਣ ਦੇ ਮਾਮਲੇ ਵਿਚ ਦੂਜਾ ਸਥਾਨ ਹਾਸਲ ਕੀਤਾ ਹੈ। ਆਸਟਰੇਲੀਆ ਬਿਊਰੋ ਆਫ ਸਟੈਟਿਕਸ ਵੱਲੋਂ ਜਾਰੀ ਰਿਪੋਰਟ ਅਨੁਸਾਰ ਸਾਲ 2010-11 ਟੈਕਸ ਅਦਾ ਕਰਦੇ ਪਰਵਾਸੀਆਂ ਦੀ ਆਮਦਨ 45 ਅਰਬ ਡਾਲਰ ਹੋਈ ਹੈ।

ਇਸ ਵਿਚੋਂ 32 ਅਰਬ ਡਾਲਰ ਹੁਨਰਮੰਦ ਪਰਵਾਸੀਆਂ ਨੇ ਹਿੱਸਾ ਪਾਇਆ ਹੈ ਜੋ 72 ਫ਼ੀਸਦੀ ਬਣਦਾ ਹੈ। ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ 32 ਅਰਬ 'ਚੋਂ ਤਕਰੀਬਨ ਅੱਧਾ ਹਿੱਸਾ ਇੰਗਲੈਂਡ, ਭਾਰਤ ਅਤੇ ਚੀਨ ਤੋਂ ਪਰਵਾਸ ਕਰ ਕੇ ਆਏ ਹੁਨਰਮੰਦਾਂ ਨੇ ਪਾਇਆ ਹੈ। ਇੰਗਲੈਂਡ ਨੇ 10, ਭਾਰਤ ਨੇ 6.5 ਅਤੇ ਚੀਨ ਨੇ 3 ਫ਼ੀਸਦੀ ਦਾ ਯੋਗਦਾਨ ਦਿੱਤਾ ਹੈ।

ਇਮੀਗ੍ਰੇਸ਼ਨ ਐਂਡ ਬਾਰਡਰ ਪ੍ਰੋਟੈਕਸ਼ਨ ਵਿਭਾਗ ਨੇ ਸਾਲ 2014-15 ਦੌਰਾਨ ਵਿਦੇਸ਼ ਤੋਂ ਕਰੀਬ ਦੋ ਲੱਖ ਹੁਨਰਮੰਦ ਤੇ ਹੋਰ ਸ਼੍ਰੇਣੀਆਂ 'ਚ ਪਰਵਾਸੀਆਂ ਨੂੰ ਲਿਆਉਣ ਲਈ ਟੀਚਾ ਮਿਥਿਆ ਸੀ। ਆਸਟਰੇਲੀਆ ਬਿਊਰੋ ਆਫ ਸਟੈਟਿਕਸ ਦੀ ਤਰਜਮਾਨ ਜੈਨੀ ਡੌਬਕ ਅਨੁਸਾਰ ਟੈਕਸ ਅਦਾ ਕਰਦੇ 25 ਤੋਂ 44 ਸਾਲ ਦੀ ਉਮਰ ਵਾਲੇ ਹੁਨਰਮੰਦ ਆਸਟਰੇਲੀਆ ਦੇ ਅਰਥਚਾਰੇ 'ਚ ਤੀਜਾ ਸਭ ਤੋਂ ਵੱਡਾ ਹਿੱਸਾ ਪਾ ਰਹੇ ਹਨ। ਇਨ੍ਹਾਂ ਵਿਚੋਂ ਮੁੱਖ ਤੌਰ 'ਤੇ 35 ਫ਼ੀਸਦੀ ਪੇਸ਼ਾਵਰ ਕਿੱਤੇ ਰਾਹੀਂ ਜਦੋਂ ਕਿ 11 ਫ਼ੀਸਦੀ ਮੈਨੇਜਰ ਵਜੋਂ ਕੰਮ ਕਰ ਰਹੇ ਹਨ। ਹੁਨਰਮੰਦ ਪਰਵਾਸੀਆਂ ਨੇ ਆਪਣੇ ਨਿੱਜੀ ਕਾਰੋਬਾਰ ਰਾਹੀਂ 65 ਫ਼ੀਸਦੀ ਹਿੱਸਾ ਪਾਇਆ ਹੈ ਜੋ ਡੇਢ ਅਰਬ ਡਾਲਰ ਹੈ।

## ਭਾਰਤ ਨੂੰ ਪਰਮਾਣੂ ਹਥਿਆਰਾਂ ਦਾ ਡਰਾਵਾ ਦੇ ਰਿਹੈ ਪਾਕਿਸਤਾਨ


**ਵਾਸ਼ਿੰਗਟਨ:** ਕਾਂਗਰਸ ਰਿਸਰਚ ਸਰਵਿਸ (ਸੀ.ਆਰ.ਐਸ.) ਵੱਲੋਂ ਜਾਰੀ 28 ਸਫਿਆਂ ਦੀ ਰਿਪੋਰਟ ਅਨੁਸਾਰ ਭਾਰਤ ਨੂੰ ਡਰਾਉਣ ਲਈ ਪਾਕਿਸਤਾਨ ਨੇ 130 ਪਰਮਾਣੂ ਹਥਿਆਰ ਤਾਇਨਾਤ ਕਰ ਰੱਖੇ ਹਨ। ਇਸ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਪਾਕਿਸਤਾਨ ਕੋਲ 110 ਤੋਂ 130 ਜਾਂ ਇਸ ਤੋਂ ਵੀ ਵੱਧ ਪਰਮਾਣੂ ਹਥਿਆਰ ਹੋ ਸਕਦੇ ਹਨ ਤੇ ਉਹ ਭਾਰਤੀ ਫੌਜੀ ਕਾਰਵਾਈ ਰੋਕਣ ਲਈ ਇਨ੍ਹਾਂ ਹਥਿਆਰਾਂ ਦੀ ਗਿਣਤੀ ਤੇਜ਼ੀ ਨਾਲ ਵਧਾ ਰਿਹਾ ਹੈ। ਪਾਕਿਸਤਾਨ ਨੂੰ ਚਿੰਤਾ ਹੈ ਕਿ ਦੋਵੇਂ ਦੇਸ਼ਾਂ ਵਿਚਕਾਰ ਪਰਮਾਣੂ ਜੰਗ ਹੋ ਸਕਦੀ ਹੈ ਤੇ ਰਿਪੋਰਟ 'ਚ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਗਈ ਹੈ। ਇਹ ਵੀ ਦੱਸਿਆ ਹੈ ਕਿ ਪਾਕਿਸਤਾਨ ਪਰਮਾਣੂ ਹਥਿਆਰਾਂ ਨਾਲ ਜੁੜੀਆਂ ਸਹੂਲਤਾਂ ਨੂੰ ਵਧਾਉਣ, ਜ਼ਿਆਦਾ ਪਰਮਾਣੂ ਹਥਿਆਰਾਂ ਨੂੰ ਤਾਇਨਾਤ ਕਰਨਾ ਤੇ ਨਵੀਂ ਤਕਨੀਕ ਵਾਲੇ ਡਿਲਿਵਰ ਸਾਧਨਾਂ ਦਾ ਨਿਰਮਾਣ ਕਰਨ 'ਤੇ ਕੰਮ ਕਰ ਰਿਹਾ ਹੈ।

ਪਿਛਲੇ ਸਾਲ ਬੁਲੇਟਿਨ ਆਫ ਐਟਾਮਿਕ ਸਾਇੰਟਿਸਟ ਨੇ ਇਕ ਰਿਪੋਰਟ ਕਿਹਾ ਸੀ ਕਿ 2025 ਤੱਕ ਪਾਕਿਸਤਾਨ ਦੁਨੀਆਂ ਦੀ ਪੰਜਵੀਂ ਸਭ ਤੋਂ ਵੱਡੀ ਪਰਮਾਣੂ ਤਾਕਤ ਬਣ ਸਕਦਾ ਹੈ। ਪਾਕਿਸਤਾਨ ਕੋਲ 2011 ਵਿਚ 90 ਤੋਂ 110 ਪਰਮਾਣੂ ਹਥਿਆਰ ਸਨ ਤੇ 2025 ਤੱਕ ਇਨ੍ਹਾਂ ਦੀ ਗਿਣਤੀ 220 ਤੋਂ 250 ਤੱਕ ਹੋਵੇਗੀ।

## ਹੁਣ ਸਕੂਲਾਂ 'ਚ ਪੜ੍ਹਾਇਆ ਜਾਵੇਗਾ ਵੈਦਿਕ ਗਣਿਤ

**ਲੁਧਿਆਣਾ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਤੀਜੀ ਤੋਂ ਲੈ ਕੇ 10ਵੀਂ ਕਲਾਸ ਤੱਕ ਵੈਦਿਕ ਗਣਿਤ ਪੜ੍ਹਾਇਆ ਜਾਵੇਗਾ। ਇਸ ਦੀ ਸ਼ੁਰੂਆਤ ਲੁਧਿਆਣਾ ਤੋਂ ਹੋ ਚੁੱਕੀ ਹੈ। ਵੈਦਿਕ ਮੈਥ ਜੋਤਿਸ਼ ਨਾਲ ਜੁੜਿਆ ਹੋਇਆ ਹੈ ਤੇ ਹੁਣ ਤੱਕ ਸਕੂਲਾਂ ਵਿਚ ਸਿਰਫ ਆਧੁਨਿਕ ਮੈਥ ਪੜ੍ਹਾਇਆ ਜਾਂਦਾ ਸੀ।

ਵੈਦਿਕ ਮੈਥ ਪ੍ਰਚੀਨ ਵਿਧੀ ਹੈ ਜਿਸ ਵਿਚ ਹਿਸਾਬ ਦੇ 16 ਸੂਤਰ ਸਮਾਏ ਹੋਏ ਹਨ। ਵੈਦਿਕ ਮੈਥ ਦੀ ਅਧਿਆਪਕਾ ਇੰਦਰਪ੍ਰੀਤ ਕੌਰ ਮੁਤਾਬਕ ਵੈਦਿਕ ਗਣਿਤ ਕਾਫੀ ਅਸਾਨ ਹੈ ਤੇ ਇਸ ਨੂੰ ਜ਼ਿੰਦਗੀ ਵਿਚ ਮਸਤੀ ਦੀ ਤਰ੍ਹਾਂ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਦਾ ਕਿਸੇ ਵੀ ਧਰਮ ਨਾਲ ਕੋਈ ਲੈਣ-ਦੇਣ ਨਹੀਂ ਹੈ। ਵੈਦਿਕ ਗਣਿਤ ਨਾਲ ਵਿਦਿਆਰਥੀ ਗਣਿਤ ਦੇ ਸਵਾਲਾਂ ਦੇ ਹੱਲ ਬੜੀ ਛੇਤੀ ਕੱਢ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਵਿਦਿਆਰਥੀ ਦਾ ਸਮਾਂ ਵੀ ਬਚੇਗਾ ਤੇ ਵਿਦਿਆਰਥੀ ਜ਼ਿਆਦਾ ਸਵਾਲਾਂ ਦੇ ਹੱਲ ਵੀ ਕੱਢ ਸਕਦੇ ਹਨ। ਅਧਿਆਪਕਾ ਮੁਤਾਬਕ ਵੈਦਿਕ ਮੈਥ ਦੀ ਤੁਲਨਾ ਜੇ ਆਧੁਨਿਕ ਮੈਥ ਨਾਲ ਕੀਤੀ ਜਾਵੇ ਤਾਂ ਉਸ ਦੇ ਮੁਕਾਬਲੇ ਇਹ ਕਾਫੀ ਅਸਾਨ ਹੈ। ਇਸ ਨੂੰ ਸਿੱਖਣ ਵਿਚ ਬਹੁਤ ਘੱਟ ਸਮਾਂ ਲੱਗਦਾ ਹੈ ਕਿਉਂਕਿ ਆਧੁਨਿਕ ਮੈਥ ਲਈ ਭਾਗ ਦੇਣ, ਗੁਣਾ ਕਰਨਾ ਆਦਿ ਸਿੱਖਣ ਵਿਚ ਕਾਫੀ ਸਮਾਂ ਲੱਗ ਜਾਂਦਾ ਹੈ।




ਵੈਦਿਕ ਮੈਥ ਸਿੱਖਣ ਲਈ ਵਿਦਿਆਰਥੀਆਂ ਨੂੰ ਇਸ ਦੇ ਬੁਨਿਆਦੀ ਸਿਧਾਂਤਾਂ ਨੂੰ ਸਿੱਖਣਾ ਪੈਂਦਾ ਹੈ ਤੇ ਇਸ ਦੀ ਵਿਧੀ ਨੂੰ ਆਪਣੇ ਮੁਤਾਬਕ ਲਾਗੂ ਕਰਨਾ ਹੁੰਦਾ ਹੈ। ਵਿਦਿਆਰਥੀ ਇਸ ਨੂੰ ਅਸਾਨੀ ਨਾਲ ਪੜ੍ਹ ਰਹੇ ਹਨ। ਸਾਇੰਸ ਸੁਪਰਵਾਈਜ਼ਰ ਪ੍ਰਦੀਪ ਕੁਮਾਰ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਵੈਦਿਕ ਮੈਥ ਪੜ੍ਹਾਉਣ ਦੇ ਹੁਕਮ ਜਾਰੀ ਹੋਏ ਹਨ ਤੇ ਬੱਚੇ ਇਸ ਨੂੰ ਬੜੇ ਹੀ ਚਾਅ ਨਾਲ ਪੜ੍ਹ ਰਹੇ ਹਨ।

## ਮਜੀਠੀਆ ਦੀ 'ਮਾਣਹਾਨੀ' ਲਈ ਸੰਜੇ ਸਿੰਘ ਨੂੰ ਸੰਮਨ

**ਲੁਧਿਆਣਾ:** ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਇਰ ਕੀਤੇ ਮਾਣਹਾਨੀ ਦੇ ਕੇਸ ਵਿਚ ਅਦਾਲਤ ਵੱਲੋਂ ਆਮ ਆਦਮੀ ਪਾਰਟੀ ਦੇ ਆਗੂ ਸੰਜੇ ਸਿੰਘ ਨੂੰ ਅੱਠ ਫਰਵਰੀ ਨੂੰ ਅਦਾਲਤ ਵਿਚ ਹਾਜ਼ਰ ਹੋਣ ਲਈ ਸੰਮਨ ਜਾਰੀ ਕੀਤੇ ਹਨ। ਸ. ਮਜੀਠੀਆ ਵੱਲੋਂ 12 ਜਨਵਰੀ ਨੂੰ ਜੱਜ ਬਿਕਰਮਜੀਤ ਸਿੰਘ ਦੀ ਅਦਾਲਤ ਵਿਚ ਇਹ ਕੇਸ ਦਾਇਰ ਕੀਤਾ ਗਿਆ ਸੀ ਤੇ ਅਦਾਲਤ ਵੱਲੋਂ ਦੋ ਸੁਣਵਾਈਆਂ ਦੌਰਾਨ ਇਹ ਹੁਕਮ ਸੁਣਾਇਆ ਗਿਆ। ਅਦਾਲਤ ਦੀ ਸੁਣਵਾਈ ਦੌਰਾਨ ਸ. ਮਜੀਠੀਆ ਵੱਲੋਂ ਖੁਦ ਜੱਜ ਸਾਹਮਣੇ ਪੇਸ਼ ਹੋ ਕੇ ਆਪਣੇ ਬਿਆਨ ਕਲਮਬੱਧ ਕਰਵਾਏ ਗਏ ਹਨ ਜਦਕਿ ਮੁੱਖ ਮੰਤਰੀ ਦੇ ਸਲਾਹਕਾਰ ਮਹੇਸ਼ਇੰਦਰ ਸਿੰਘ ਗਰੇਵਾਲ, ਕੈਬਨਿਟ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਬਤੌਰ ਗਵਾਹ ਬਿਆਨ ਦਰਜ ਕਰਵਾਏ।



### ਨਿਤੀਸ਼ ਕੁਮਾਰ ਦਾ ਸਲਾਹਕਾਰ ਬਣਿਆ ਪ੍ਰਸ਼ਾਂਤ ਕਿਸ਼ੋਰ

**ਪਟਨਾ:** ਬਿਹਾਰ ਵਿਧਾਨ ਸਭਾ ਚੋਣਾਂ ਵਿਚ ਜੇ.ਡੀ.ਯੂ., ਆਰ.ਜੇ.ਡੀ. ਤੇ ਕਾਂਗਰਸ ਦੇ ਮਹਾਂਗੱਠਜੋੜ ਲਈ ਜਿੱਤ ਦੀ ਰਣਨੀਤੀ ਉਲੀਕਣ ਵਾਲੇ ਪ੍ਰਸ਼ਾਂਤ ਕਿਸ਼ੋਰ ਨੂੰ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਆਪਣਾ ਸਲਾਹਕਾਰ ਨਿਯੁਕਤ ਕੀਤਾ ਹੈ।

ਉਨ੍ਹਾਂ ਨੂੰ ਕੈਬਨਿਟ ਮੰਤਰੀ ਦਾ ਰੁਤਬਾ ਦਿੱਤਾ ਗਿਆ ਹੈ। ਉਹ ਯੋਜਨਾਵਾਂ ਬਣਾਉਣ ਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਬਾਰੇ ਮੁੱਖ ਮੰਤਰੀ ਨੂੰ ਸਲਾਹ ਦੇਣਗੇ। ਸ੍ਰੀ ਕਿਸ਼ੋਰ ਨੇ ਸਾਲ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਲਈ ਰਣਨੀਤੀ ਘੜੀ ਸੀ।

## ਸੀਰੀਆ ਵਿਚ 40 ਲੱਖ ਤੋਂ ਵੱਧ ਲੋਕ ਭੁੱਖਮਰੀ ਦੀ ਮਾਰ ਹੇਠ

**ਜਨੇਵਾ:** ਸੀਰੀਆ ਵਿਚ 15 ਵੱਖ-ਵੱਖ ਥਾਵਾਂ 'ਤੇ ਰਹਿ ਰਹੇ ਤਕਰੀਬਨ 4,00,000 ਲੋਕ ਬੇਹੱਦ ਮੁਸ਼ਕਲਾਂ ਭਰੀ ਜ਼ਿੰਦਗੀ ਜੀਅ ਰਹੇ ਹਨ ਤੇ ਉਨ੍ਹਾਂ ਨੂੰ ਤੁਰਤ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣ ਦੀ ਲੋੜ ਹੈ।

ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਮਾਹਿਰ ਹਿਲਾਲ ਐਲਵਰ ਨੇ ਕਿਹਾ ਕਿ ਬਹੁਤ ਸਾਰੇ ਪਰਿਵਾਰ ਅੱਗੇ ਵਧਣ ਤੋਂ ਅਸਮਰੱਥ ਹਨ ਤੇ ਉਨ੍ਹਾਂ ਲਈ ਭੋਜਨ ਪ੍ਰਾਪਤ ਕਰਨਾ ਬੜਾ ਹੀ ਮੁਸ਼ਕਿਲ ਤੇ ਪਹੁੰਚ ਤੋਂ ਦੂਰ ਹੋ ਗਿਆ ਹੈ। ਸੀਰੀਆ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਰਹਿ ਰਹੇ 40 ਲੱਖ ਤੋਂ ਵੱਧ ਲੋਕਾਂ ਲਈ ਇਸ ਸਮੇਂ ਭੁੱਖ ਤੇ ਅਕਾਲ ਇਕ ਬਹੁਤ ਵੱਡਾ ਖਤਰਾ ਹੈ। ਭੁੱਖ ਕਾਰਨ ਲੋਕਾਂ ਨੂੰ ਬੜਾ ਦਰਦ ਸਹਿਣਾ ਪੈ ਰਿਹਾ ਹੈ। ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਕੱਲੇ ਮਦਾਇਆ ਨਗਰ ਵਿਚ ਹੀ ਦਸੰਬਰ ਤੋਂ ਹੁਣ ਤੱਕ ਬੱਚਿਆਂ ਸਮੇਤ 23 ਲੋਕ ਭੁੱਖ ਕਾਰਨ ਦਮ ਤੋੜ ਚੁੱਕੇ ਹਨ ਤੇ ਕਈ ਲੋਕ ਕੁਪੋਸ਼ਣ ਤੋਂ ਪੀੜਤ ਹਨ। ਮੌਤ ਦੇ ਡਰ ਤੇ ਬੰਬਬਾਰੀ ਦੇ ਪਰਛਾਵੇਂ ਹੇਠ ਰਹਿ ਰਹੇ ਲੋਕਾਂ ਦੀ ਸਥਿਤੀ ਹੁਣ ਅਕਾਲ ਦੇ ਪਰਛਾਵੇਂ ਹੇਠ ਹੈ। ਉਨ੍ਹਾਂ ਨੇ ਮਦਾਇਆ, ਫੋਹ ਤੇ ਕੇਫਰਾਇਆ ਨਗਰਾਂ ਵਿਚ ਮਨੁੱਖੀ ਸਹਾਇਤਾ ਪਹੁੰਚਾਉਣ ਦੇ ਫੈਸਲੇ ਦਾ ਸਵਾਗਤ ਕੀਤਾ।

## ਦਿੱਲੀ ਸਰਕਾਰ ਨੂੰ 20 ਕਰੋੜ ਵਿਚ ਪਈ ਜਿਸਤ-ਟਾਂਕ

**ਨਵੀਂ ਦਿੱਲੀ:** ਨਵੇਂ ਸਾਲ ਦੀ ਸ਼ੁਰੂਆਤ ਵਿਚ ਦਿੱਲੀ ਸਰਕਾਰ ਨੇ 15 ਦਿਨਾਂ ਤੱਕ ਔਡ-ਈਵਨ ਸਕੀਮ ਨੂੰ ਸਫਲ ਬਣਾਉਣ ਲਈ 20 ਕਰੋੜ ਤੋਂ ਜ਼ਿਆਦਾ ਰੁਪਏ ਖਰਚ ਕੀਤੇ ਹਨ। ਇਸ ਵਿਚ ਸਭ ਤੋਂ ਜ਼ਿਆਦਾ ਰਕਮ ਪਬਲਿਕ ਟ੍ਰਾਂਸਪੋਰਟ ਨੂੰ ਵਧਾਉਣ ਲਈ ਕਿਰਾਏ ਦੀਆਂ ਬੱਸਾਂ 'ਤੇ ਖਰਚ ਹੋਏ।

ਇਨ੍ਹਾਂ ਬੱਸਾਂ 'ਤੇ 14 ਕਰੋੜ ਰੁਪਏ ਖਰਚ ਹੋਏ, 3.5 ਕਰੋੜ ਰੁਪਏ ਨਾਗਰਿਕ ਸੁਰੱਖਿਆ ਲਈ ਵਾਲੰਟੀਅਰਜ਼ 'ਤੇ ਖਰਚ ਕੀਤੇ ਗਏ। ਤਿੰਨ ਕਰੋੜ ਰੁਪਏ ਇਸ ਦੇ ਪ੍ਰਚਾਰ ਤੇ ਇਕ ਕਰੋੜ ਰੁਪਏ ਇਸ਼ਤਿਹਾਰਾਂ 'ਤੇ ਖਰਚ ਕੀਤੇ ਗਏ। ਦਿੱਲੀ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਦਿੱਲੀ ਟ੍ਰਾਂਸਪੋਰਟ ਕਾਰਪੋਰੇਸ਼ਨ ਨੇ 1200 ਵਾਧੂ ਬੱਸਾਂ ਨੂੰ ਕਿਰਾਏ 'ਤੇ ਲਿਆ ਸੀ। ਇਨ੍ਹਾਂ ਬੱਸਾਂ ਨੂੰ 42 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ 'ਤੇ ਰੱਖਿਆ ਗਿਆ ਸੀ।

ਕਾਰਪੋਰੇਸ਼ਨ ਨੇ ਕਿਹਾ ਸੀ ਕਿ ਘੱਟੋ ਘੱਟ ਇਕ ਦਿਨ ਵਿਚ ਉਹ 225 ਕਿਲੋਮੀਟਰ ਦਾ ਭੁਗਤਾਨ ਕਰੇਗੀ। ਇਹ ਸਕੀਮ ਐਤਵਾਰ ਨੂੰ ਲਾਗੂ ਨਹੀਂ ਹੁੰਦੀ ਸੀ। ਕਾਰਪੋਰੇਸ਼ਨ ਨੂੰ 1200 ਬੱਸਾਂ 'ਤੋਂ ਰੋਜ਼ਾਨਾ 23 ਲੱਖ ਦੀ ਕਮਾਈ ਹੋਈ ਜੋਕਿ ਕੁੱਲ 3.5 ਕਰੋੜ ਰੁਪਏ ਤੱਕ ਗਈ। ਸਰਕਾਰ ਨੂੰ ਦੋ ਕਰੋੜ ਰੁਪਏ ਚਲਾਨ ਤੋਂ ਮਿਲੇ। ਸੂਤਰਾਂ ਅਨੁਸਾਰ ਅਪਰੇਟਰਾਂ ਨੂੰ ਟ੍ਰਾਂਸਪੋਰਟ ਵਿਭਾਗ ਵੱਲੋਂ ਭੁਗਤਾਨ ਕੀਤਾ ਜਾਵੇਗਾ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਇਸ਼ਤਿਹਾਰ 'ਤੇ ਖਰਚ ਕਰਨਾ ਜ਼ਰੂਰੀ ਸੀ ਕਿਉਂਕਿ ਇਹ ਸਕੀਮ ਪਹਿਲੀ ਵਾਰ ਲਾਗੂ ਕੀਤੀ ਜਾ ਰਹੀ ਸੀ ਅਤੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨਾ ਜ਼ਰੂਰੀ ਸੀ।




### ਸੂਰਜੀ ਊਰਜਾ ਮਿਸ਼ਨ ਲਈ ਪੰਜਾਬ ਨੂੰ ਮਿਲੀ ਸ਼ਾਬਾਸ਼

**ਚੰਡੀਗੜ੍ਹ:** ਕੇਂਦਰੀ ਬਿਜਲੀ, ਕੋਲਾ, ਨਵੀਂ ਤੇ ਨਵਿਆਉਣਯੋਗ ਊਰਜਾ ਰਾਜ ਮੰਤਰੀ ਪਿਊਸ਼ ਗੋਇਲ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਸੂਬੇ ਅੰਦਰ 500 ਮੈਗਾਵਾਟ ਸੂਰਜੀ ਊਰਜਾ ਪ੍ਰੋਜੈਕਟਾਂ ਦੀ ਸਫਲ ਬੋਲੀ ਲਈ ਵਧਾਈ ਦਿੱਤੀ ਹੈ।

ਸ੍ਰੀ ਗੋਇਲ ਨੇ ਪੱਤਰ ਵਿਚ ਲਿਖਿਆ ਹੈ ਕਿ ਪੰਜਾਬ 'ਚ ਪਹਿਲਾਂ ਹੀ 200 ਮੈਗਾਵਾਟ ਤੋਂ ਵੱਧ ਸਮਰੱਥਾ ਦੇ ਕਈ ਸੂਰਜੀ ਊਰਜਾ ਪ੍ਰੋਜੈਕਟ, ਜਿਨ੍ਹਾਂ 'ਚ ਵੱਡੇ ਪ੍ਰੋਜੈਕਟ ਵੀ ਸ਼ਾਮਲ ਹਨ, ਸਫਲਤਾ ਨਾਲ ਪ੍ਰਦੂਸ਼ਣ ਰਹਿਤ ਬਿਜਲੀ ਪੈਦਾ ਕਰ ਰਹੇ ਹਨ ਅਤੇ ਹੁਣ 500 ਮੈਗਾਵਾਟ ਸਮਰਥਾ ਦੇ ਨਵੇਂ ਪ੍ਰੋਜੈਕਟਾਂ ਦੀ ਸਫਲ ਬੋਲੀ ਨਾਲ ਨਾ ਸਿਰਫ ਇਸ ਖੇਤਰ 'ਤੇ ਹਾਂ ਪੱਖੀ ਪ੍ਰਭਾਵ ਪਏਗਾ ਬਲਕਿ ਇਹ ਯਤਨ ਸਾਲ 2022 ਤੱਕ 100 ਗੀਗਾਵਾਟ ਸੂਰਜੀ ਊਰਜਾ ਬਿਜਲੀ ਦੇ ਕੌਮੀ ਸੂਰਜੀ ਊਰਜਾ ਮਿਸ਼ਨ ਦੀ ਪੂਰਤੀ ਵਿਚ ਵੀ ਸਹਾਈ ਹੋਣਗੇ।

### ਮੁੜ ਲਾਗੂ ਹੋਵੇਗਾ ਜਿਸਤ ਟਾਂਕ ਫਾਰਮੂਲਾ?

**ਨਵੀਂ ਦਿੱਲੀ:** ਭਾਵੇਂ ਭਾਜਪਾ ਤੇ ਹੋਰ ਸਿਆਸੀ ਵਿਰੋਧੀਆਂ ਨੇ ਸ਼ੁਰੂਆਤ ਵਿਚ ਕੇਜਰੀਵਾਲ ਸਰਕਾਰ ਦੇ ਜਿਸਤ-ਟਾਂਕ ਵਾਹਨ ਫਾਰਮੂਲੇ ਨੂੰ ਭੰਡਿਆ ਸੀ ਪਰ ਇਸ 15 ਦਿਨਾਂ ਪਿੱਛੋਂ ਦਿੱਲੀ ਦੇ ਵਾਯੂਮੰਡਲ ਵਿਚ ਪ੍ਰਦੂਸ਼ਣ ਦਾ ਪਸਾਰਾ ਹੋਣ ਦੇ ਸਾਹਮਣੇ ਆਏ ਅਧਿਐਨ ਨੇ ਸਾਬਤ ਕਰ ਦਿੱਤਾ ਹੈ ਕਿ ਦਿੱਲੀ ਸਰਕਾਰ ਨੂੰ ਅਜਿਹੇ ਸਖਤ ਫੈਸਲੇ ਲੈਣੇ ਪੈਣਗੇ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ (ਸੀ.ਐਸ.ਈ.) ਵੱਲੋਂ ਜਿਸਤ-ਟਾਂਕ ਵਾਹਨ ਫਾਰਮੂਲੇ ਦੇ ਪੂਰੇ ਹੋਣ ਪਿੱਛੋਂ ਲੰਘੇ ਤਿੰਨ ਦਿਨਾਂ ਦੇ ਅੰਕੜੇ ਇੱਕਠੇ ਕੀਤੇ ਜੋ ਦੱਸਦੇ ਹਨ ਕਿ ਖਤਰਨਾਕ ਕਣਾਂ (ਐਮਪੀ 2.5) ਵਿਚ ਵੱਡਾ ਉਛਾਲ ਹੋਇਆ ਹੈ ਜੋ ਪਹਿਲਾਂ ਨਾਲੋਂ ਕੰਮਕਾਰ ਦੇ ਪਹਿਲੇ ਹਫਤੇ ਦੌਰਾਨ 57 ਫੀਸਦੀ ਵਧਿਆ ਹੈ।

# ਸ਼ਹੀਦ ਬਾਬਾ ਦੀਪ ਸਿੰਘ

**26 ਜਨਵਰੀ ਨੂੰ ਜਨਮ ਦਿਨ 'ਤੇ**

ਸ਼ਹੀਦ ਉਸ ਕੌਮ ਦਾ ਸਰਮਾਇਆ ਅਤੇ ਉਸ ਮਿੱਟੀ ਦਾ ਮਾਣ ਹੁੰਦੇ ਹਨ, ਜਿਸ ਵਿਚ ਉਨ੍ਹਾਂ ਦਾ ਜਨਮ ਹੁੰਦਾ ਹੈ। ਉਹ ਕੌਮਾਂ ਵੀ ਧੰਨਤਾ ਦੇ ਯੋਗ ਹੁੰਦੀਆਂ ਹਨ, ਜਿਹੜੀਆਂ ਆਪਣੇ ਪੁਰਖਿਆਂ ਦੀਆਂ ਘਾਲਣਾਵਾਂ ਅਕਸਰ ਚਿਤਵਦੀਆਂ ਰਹਿੰਦੀਆਂ ਹਨ। ਕਿਸੇ ਸ਼ਾਇਰ ਦਾ ਕਥਨ ਹੈ:

ਉਸ ਕੌਮ ਨੂੰ ਸਮਾਂ ਨਹੀਂ ਮੁਆਫ ਕਰਦਾ,
ਜਿਹੜੀ ਮੁੱਲ ਨਾ ਤਾਰੇ ਕੁਰਬਾਨੀਆਂ ਦਾ।

ਸ਼ਹੀਦ ਅਤੇ ਸ਼ਹਾਦਤ ਅਰਬੀ ਜ਼ੁਬਾਨ ਦੇ ਸ਼ਬਦ ਹਨ। ਸ਼ਹਾਦਤ ਦਾ ਸ਼ਬਦੀ ਅਰਥ ਗਵਾਹੀ ਦੇਣੀ ਜਾਂ ਸਾਖੀ ਭਰਨੀ ਹੁੰਦਾ ਹੈ। ਇਸ ਤਰ੍ਹਾਂ

ਰਮੇਸ਼ ਬੱਗਾ ਚੋਹਲਾ
ਫੋਨ: 91-94631-32719

ਸ਼ਹੀਦ ਕਿਸੇ ਕੌਮ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਦੇ ਸਦੀਵੀ ਅਤੇ ਸੱਚੇ ਗਵਾਹ ਹੁੰਦੇ ਹਨ।

ਦੀਨ ਦੁਖੀਆਂ ਦੀ ਰਖਵਾਲੀ, ਸਤਿ ਧਰਮ ਤੇ ਮਨੁੱਖਤਾ ਦੀ ਖਾਤਰ ਸਮੇਂ-ਸਮੇਂ ਦੇਸ਼ ਕੌਮ ਅਤੇ ਸਮਾਜ ਉਪਰ ਆਏ ਸੰਕਟਾਂ ਦਾ ਖਿੜੇ ਮੱਥੇ ਸਵਾਗਤ ਕਰਨਾ, ਇਨ੍ਹਾਂ ਸੰਕਟਾਂ ਦਾ ਡੱਟ ਕੇ ਮੁਕਾਬਲਾ ਕਰਨਾ, ਇਸ ਮੁਕਾਬਲੇ ਨੂੰ ਕਿਸੇ ਨਿਰਣਾਇਕ ਮੋੜ 'ਤੇ ਲੈ ਜਾਣ ਤੱਕ ਆਪਣੇ ਕਦਮ ਪਿਛਾਂਹ ਨਾ ਪੁੱਟਣੇ ਅਤੇ ਆਪਣੇ ਮਨੋਰਥ ਦੀ ਸਿੱਧੀ ਲਈ ਆਪਾ ਤੱਕ ਵਾਰ ਦੇਣਾ ਹੀ ਸ਼ਹੀਦਾਂ ਦੀ ਪਹਿਚਾਣ ਹੁੰਦੀ ਹੈ। ਇਹ ਪਹਿਚਾਣ ਮੌਤ ਦੀਆਂ ਵਾਦੀਆਂ ਵਿਚੋਂ ਲੰਘ ਕੇ ਹੀ ਕਰਵਾਈ ਜਾ ਸਕਦੀ ਹੈ। ਕਿਉਂਕਿ,

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ॥

ਇਸ ਤਰ੍ਹਾਂ ਸ਼ਹੀਦ ਦੀ ਆਤਮਾ ਨਿਰਮਲ ਅਤੇ ਉਦੇਸ਼ ਸਪਸ਼ਟ ਹੁੰਦਾ ਹੈ, ਜਿਸ ਨੂੰ ਭਾਈ ਗੁਰਦਾਸ ਜੀ ਇਸ ਤਰ੍ਹਾਂ ਤਸਦੀਕ ਕਰਦੇ ਹਨ,

ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ॥

ਸ਼ਹੀਦ ਫੌਲਾਦੀ ਇਰਾਦੇ ਦਾ ਮਾਲਕ ਹੁੰਦਾ ਹੈ, ਜਿਸ ਦੇ ਵਿਚਾਰਾਂ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੇ ਇਰਾਦੇ ਅਤੇ ਵਿਚਾਰਾਂ ਦੇ ਮਾਲਕ ਸਨ-ਬਾਬਾ ਦੀਪ ਸਿੰਘ ਜੀ ਸ਼ਹੀਦ।

ਸ਼ਹੀਦ ਬਾਬਾ ਦੀਪ ਸਿੰਘ ਦਾ ਜਨਮ 26 ਜਨਵਰੀ 1682 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ (ਹੁਣ ਤਰਨਤਾਰਨ) ਦੀ ਤਹਿਸੀਲ ਪੱਟੀ ਦੇ ਪਿੰਡ ਪਹੂਵਿੰਡ ਵਿਖੇ ਇਕ ਸਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਮ ਬਾਲਕਾਂ ਵਾਂਗ ਬਾਬਾ ਜੀ ਦੇ ਬਚਪਨ ਦਾ ਨਾਮ ਵੀ ਦੀਪਾ ਰੱਖਿਆ ਗਿਆ। ਜਦੋਂ ਦੀਪੇ ਦੀ ਉਮਰ 18 ਸਾਲ ਹੋਈ ਤਾਂ ਉਹ ਆਪਣੇ ਮਾਤਾ-ਪਿਤਾ ਨਾਲ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨ ਗਿਆ। ਕੁੱਝ ਦਿਨ ਰਹਿ ਕੇ ਦੀਪੇ ਦੇ ਮਾਤਾ-ਪਿਤਾ ਤਾਂ ਵਾਪਸ ਪਹੂਵਿੰਡ ਆ ਗਏ ਪਰ ਦੀਪਾ ਉਥੇ ਹੀ ਰਹਿ ਪਿਆ। ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਲੈ ਕੇ ਦੀਪੇ ਦੇ ਜੀਵਨ ਵਿਚ ਇੱਕ ਅਹਿਮ ਮੋੜ ਆ ਗਿਆ ਅਤੇ ਉਹ ਦੀਪੇ ਤੋਂ ਦੀਪ ਸਿੰਘ ਬਣ ਗਿਆ।

ਸ੍ਰੀ ਅਨੰਦਪੁਰ ਸਾਹਿਬ ਰਹਿ ਕੇ ਦੀਪ ਸਿੰਘ ਨੇ ਸ਼ਸਤਰ ਤੇ ਸ਼ਾਸਤਰ ਵਿਦਿਆ ਵਿਚ ਬਰਾਬਰੀ ਨਾਲ ਮੁਹਾਰਤ ਹਾਸਲ ਕਰ ਲਈ। 20-22 ਸਾਲ ਦੀ ਉਮਰ ਤੱਕ ਦੀਪ ਸਿੰਘ ਨੇ ਜਿੱਥੇ ਭਾਈ ਮਨੀ ਸਿੰਘ ਵਰਗੇ ਉਸਤਾਦ ਕੋਲੋਂ ਗੁਰਬਾਣੀ ਦਾ ਚੋਖਾ ਗਿਆਨ ਹਾਸਲ ਕਰ ਲਿਆ ਉਥੇ ਉਹ ਇਕ ਨਿਪੁੰਨ ਸਿਪਾਹੀ ਵੀ ਬਣ ਗਿਆ। ਕੁਝ ਸਮੇਂ ਬਾਅਦ ਦੀਪ ਸਿੰਘ ਆਪਣੇ ਪਿੰਡ ਪਹੂਵਿੰਡ ਆ ਗਿਆ। ਪਿੰਡ ਆ ਕੇ ਉਸ ਨੇ ਆਸ-ਪਾਸ ਦੇ ਇਲਾਕੇ ਵਿਚ ਧਰਮ ਪ੍ਰਚਾਰ ਦਾ ਕਾਰਜ ਬੜੀ ਹੀ ਲਗਨ ਨਾਲ ਅਰੰਭ ਕਰ ਦਿੱਤਾ, ਜਿਸ ਦਾ ਨੌਜਵਾਨ ਤਬਕੇ 'ਤੇ ਬਹੁਤ ਹੀ ਸਾਰਥਿਕ ਅਤੇ ਸੁਚੱਜਾ ਪ੍ਰਭਾਵ ਪੈਣ ਲੱਗਾ।

ਜਦੋਂ ਦਸਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ ਵਿਉਂਤਬੰਦੀ ਕੀਤੀ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਦੇ ਨਾਲ-ਨਾਲ ਬਾਬਾ ਦੀਪ ਸਿੰਘ ਦਾ ਵੀ ਸਹਿਯੋਗ ਲਿਆ। ਬਾਬਾ ਜੀ ਤੋਂ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਵਾਉਣ ਦੀ ਸੇਵਾ ਲਈ ਗਈ। ਬਾਬਾ ਦੀਪ ਸਿੰਘ ਨੇ ਸ੍ਰੀ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕਰਕੇ ਚਾਰੇ ਤਖਤਾਂ ਨੂੰ ਭੇਜੇ। ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਪੂਰਨ ਰੂਪ 'ਚ ਬਾਬਾ ਦੀਪ ਸਿੰਘ ਨੂੰ ਸੌਂਪ ਦਿੱਤੀ। ਇਹ ਜ਼ਿੰਮੇਵਾਰੀ ਉਨ੍ਹਾਂ ਬੜੀ ਸਿਦਕਦਿਲੀ ਨਾਲ ਨਿਭਾਈ।

1709 ਈ: ਵਿਚ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ਾਲਮਾਂ ਦੀਆਂ ਧੱਕੇਸ਼ਾਹੀਆਂ ਦਾ ਹਿਸਾਬ ਚੁਕਤਾ ਕਰਨ ਲਈ ਪੰਜਾਬ ਨੂੰ ਮੁਹਾਰਾਂ



ਮੋੜੀਆਂ ਤਾਂ ਬਾਬਾ ਦੀਪ ਸਿੰਘ ਨੇ ਸੈਂਕੜੇ ਮਰਜੀਵੜਿਆਂ ਦੀ ਫੌਜ ਨਾਲ ਲੈ ਕੇ ਉਨ੍ਹਾਂ ਦਾ ਡੱਟਵਾਂ ਸਾਥ ਦਿੱਤਾ। ਇਸ ਸਾਥ ਸਦਕਾ ਹੀ ਸਿੰਘਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਬਾਬਾ ਦੀਪ ਸਿੰਘ ਵੱਲੋਂ ਇਸ ਜੰਗ ਵਿਚ ਨਿਭਾਈ ਗਈ ਅਹਿਮ ਭੂਮਿਕਾ ਕਾਰਨ ਹੀ ਉਨ੍ਹਾਂ ਨੂੰ ਜਿੰਦਾ ਸ਼ਹੀਦ ਦੇ ਖਿਤਾਬ ਨਾਲ ਨਿਵਾਜਿਆ ਜਾਂਦਾ ਹੈ। ਉਹ ਸ਼ਹੀਦੀ ਮਿਸਲ ਦੇ ਜਥੇਦਾਰ ਵੀ ਸਨ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ 'ਤੇ ਕਈ ਹਮਲੇ ਕੀਤੇ। ਇਨ੍ਹਾਂ ਹਮਲਿਆਂ ਦੌਰਾਨ ਉਸ ਦੀਆਂ ਫੌਜਾਂ ਦਾ ਰਾਹ ਰੋਕਣ ਵਾਲੇ ਸਿੱਖਾਂ ਤੋਂ ਉਹ ਬਹੁਤ ਪ੍ਰੇਸ਼ਾਨ ਅਤੇ ਦੁਖੀ ਸੀ। ਆਪਣੀ ਪ੍ਰੇਸ਼ਾਨੀ ਅਤੇ ਦੁੱਖ ਨੂੰ ਘੱਟ ਕਰਨ ਭਾਵ ਸਿੱਖੀ ਦਾ ਖੁਰਾ ਖੋਜ ਮਿਟਾਉਣ ਲਈ ਉਸ ਨੇ ਆਪਣੇ ਪੁੱਤਰ ਤੈਮੂਰ ਨੂੰ ਪੰਜਾਬ ਦਾ ਗਵਰਨਰ ਥਾਪ ਦਿੱਤਾ ਅਤੇ ਉਸ ਦੇ ਸਹਿਯੋਗ ਲਈ ਇੱਕ ਜ਼ਾਲਮ ਸੁਭਾਅ ਸੈਨਾਪਤੀ ਜਹਾਨ ਖਾਂ ਲਾ ਦਿੱਤਾ।

ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿਚ ਪਵਿੱਤਰ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਹੋਂਦ ਕਾਇਮ ਹੈ, ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਨ੍ਹਾਂ ਦੋਹਾਂ ਸੋਮਿਆਂ ਤੋਂ ਉਨ੍ਹਾਂ ਨੂੰ ਨਵਾਂ ਜੀਵਨ ਅਤੇ ਉਤਸ਼ਾਹ ਮਿਲਦਾ ਹੈ। 1760 ਈ. ਵਿਚ ਜਹਾਨ ਖਾਂ ਨੇ ਅੰਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਲਿਆ। ਇਸ ਮੁਕਾਮ ਦੌਰਾਨ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ।

ਜਦੋਂ ਜਹਾਨ ਖਾਂ ਦੀ ਇਸ ਵਧੀਕੀ ਦੀ ਖਬਰ ਜਥੇਦਾਰ ਭਾਗ ਸਿੰਘ ਨੇ ਤਲਵੰਡੀ ਸਾਬੋ ਬਾਬਾ ਦੀਪ ਸਿੰਘ ਨੂੰ ਦਿੱਤੀ ਤਾਂ ਉਨ੍ਹਾਂ ਦਾ ਖੂਨ ਉਬਾਲੇ ਖਾਣ ਲੱਗਾ। ਅਰਦਾਸਾ ਸੋਧ ਕੇ ਬਾਬਾ ਦੀਪ ਸਿੰਘ ਨੇ 18 ਸੇਰ ਦਾ ਖੰਡਾ ਉਠਾ ਲਿਆ ਅਤੇ ਅੰਮ੍ਰਿਤਸਰ ਨੂੰ ਚਾਲੇ ਪਾ ਦਿੱਤੇ।

ਦਮਦਮਾ ਸਾਹਿਬ ਤੋਂ ਚੱਲਣ ਸਮੇਂ ਉਨ੍ਹਾਂ ਨਾਲ ਕੁਝ ਗਿਣਤੀ ਦੇ ਹੀ ਸਿੰਘ ਸਨ ਪਰ ਰਸਤੇ ਵਿਚ ਜਥੇਦਾਰ ਗੁਰਬਖਸ਼ ਸਿੰਘ ਅਨੰਦਪੁਰੀ ਵੀ ਆ ਰਲਿਆ। ਚੱਲਦਿਆਂ-ਚੱਲਦਿਆਂ ਕਾਫਲਾ ਵੱਧਦਾ ਗਿਆ। ਬਾਬਾ ਦੀਪ ਸਿੰਘ ਨੇ ਇਸ ਢੰਗ ਨਾਲ ਵੰਗਾਰਿਆ ਕਿ ਤਰਨਤਾਰਨ ਤੱਕ ਪਹੁੰਚ ਕੇ ਲਾੜੀ ਮੌਤ ਨੂੰ ਵਰਨ ਜਾ ਰਹੇ ਸਿੰਘਾਂ ਦੀ ਗਿਣਤੀ ਸੈਂਕੜਿਆਂ ਤੋਂ ਹਜ਼ਾਰਾਂ ਤੱਕ ਪਹੁੰਚ ਗਈ। ਇੱਥੇ ਆ ਕੇ ਉਨ੍ਹਾਂ ਆਪਣੇ ਖੰਡੇ ਨਾਲ ਇੱਕ ਲਕੀਰ ਵਾਹੁੰਦਿਆਂ ਕਿਹਾ, "ਜਿਸ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੈ, ਉਹ ਟੱਪ ਜਾਵੇ ਅਤੇ ਜਿਸ ਨੂੰ ਮੌਤ ਤੋਂ ਡਰ ਲੱਗਦਾ ਹੈ, ਉਹ ਪਿਛਾਂਹ ਹੱਟ ਜਾਵੇ।" ਪਰ ਜਿਹੜਾ ਵੀ ਕਾਫਲਾ ਹੁਣ ਤੱਕ ਉਨ੍ਹਾਂ ਨਾਲ ਜੁੜ ਚੁਕਾ ਸੀ, ਉਹ ਸਾਰਾ ਹੀ ਸ਼ਹੀਦੀਆਂ ਦਾ ਚਾਅ ਲੈ ਕੇ ਆਇਆ ਸੀ। ਇਸ ਕਰਕੇ ਸਾਰਾ ਕਾਫਲਾ ਹੀ ਲਕੀਰ ਪਾਰ ਕਰ ਗਿਆ ਅਤੇ ਬਾਬਾ ਦੀਪ ਸਿੰਘ ਨੇ ਖੁਸ਼ੀ ਵਿਚ ਜੈਕਾਰਾ ਛੱਡ ਦਿੱਤਾ।

ਦੂਜੇ ਪਾਸੇ ਜਹਾਨ ਖਾਂ ਨੂੰ ਜਦੋਂ ਬਾਬਾ ਜੀ ਦੇ ਕਾਫਲੇ ਦੀ ਅੰਮ੍ਰਿਤਸਰ ਵੱਲ ਆਉਣ ਦੀ ਖਬਰ ਮਿਲੀ ਤਾਂ ਉਸ ਨੇ ਆਪਣੇ ਇੱਕ ਜਰਨੈਲ ਅਤਾਈ ਖਾਂ ਦੀ ਅਗਵਾਈ ਵਿਚ ਇੱਕ ਵੱਡੀ ਫੌਜ ਸਿੰਘਾਂ ਦਾ ਰਾਹ ਰੋਕਣ ਲਈ ਭੇਜ ਦਿੱਤੀ। ਗੋਹਲਵੜ ਦੇ ਸਥਾਨ 'ਤੇ ਲਹੂ ਡੋਲ੍ਹਵੀਂ ਲੜਾਈ ਹੋਈ। ਸਿੰਘਾਂ ਦੇ ਜੈਕਾਰਿਆਂ ਨਾਲ ਅਫਗਾਨ ਫੌਜਾਂ ਦੇ ਹੌਂਸਲੇ ਪਸਤ ਹੋਣ ਲੱਗੇ ਅਤੇ ਉਹ ਪਿਛਲਖੁਰੀ ਹੋਣ ਲੱਗੀਆਂ।

ਇਸ ਸਮੇਂ ਦੌਰਾਨ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਬਾਬਾ ਦੀਪ ਸਿੰਘ ਨਾਲ ਮੁਕਾਬਲੇ 'ਤੇ ਆ ਗਏ। ਯਾਕੂਬ ਖਾਂ ਅਤੇ ਬਾਬਾ ਜੀ ਵਿਚਲੇ ਫਸਵੀਂ ਟੱਕਰ ਹੋਈ ਪਰ ਯਾਕੂਬ ਖਾਂ ਬਾਬਾ ਜੀ ਦੇ ਵਾਰ ਦੀ ਤਾਬ ਨਾ ਝੱਲ ਸਕਿਆ। ਯਾਕੂਬ ਖਾਂ ਨੂੰ ਢੇਰੀ ਹੁੰਦਿਆਂ ਦੇਖ ਕੇ ਇੱਕ ਹੋਰ ਅਫਗਾਨੀ ਜਵਾਨ ਅਸਮਾਨ ਖਾਂ ਵੀ ਮੈਦਾਨ-ਏ-ਜੰਗ ਵਿਚ ਆ ਨਿੱਤਰਿਆ। ਦੋਹਾਂ ਦੇ ਸਾਂਝੇ ਵਾਰ ਨਾਲ ਬਾਬਾ ਜੀ ਦਾ ਸੀਸ ਧੜ ਨਾਲੋਂ ਵੱਖ ਹੋ ਗਿਆ। ਨਾਲ ਦੇ ਇੱਕ ਸਿੰਘ ਨੇ ਜਦੋਂ ਬਾਬਾ ਦੀਪ ਸਿੰਘ ਨੂੰ ਅਰਦਾਸ ਸਮੇਂ ਕੀਤਾ ਹੋਇਆ ਪ੍ਰਣ ਯਾਦ ਕਰਵਾਇਆ ਤਾਂ ਉਹ ਕੱਟੇ ਹੋਏ ਸੀਸ ਨੂੰ ਆਪਣੇ ਖੱਬੇ ਹੱਥ ਦਾ ਆਸਰਾ ਦੇ ਕੇ ਸੱਜੇ ਹੱਥ ਵਿਚ ਫੜੇ ਖੰਡੇ ਨਾਲ ਦੁਸ਼ਮਣਾਂ ਦੇ ਆਹੂ ਲਾਹੁਣ ਲੱਗੇ। ਆਪਣਾ ਕੀਤਾ ਪ੍ਰਣ ਨਿਭਾ ਕੇ ਬਾਬਾ ਦੀਪ ਸਿੰਘ ਨੇ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਭੇਟ ਕਰ ਦਿੱਤਾ। 11 ਨਵੰਬਰ 1760 ਈ. ਨੂੰ ਉਹ ਸ਼ਹਾਦਤ ਦਾ ਜਾਮ ਪੀ ਗਏ।

# ਕਰਜ਼ੇ ਨੇ ਮਧੋਲੀ ਕਿਸਾਨੀ, ਆਮਦਨ ਕਰਜ਼ੇ ਦੇ ਬੋਝ ਤੋਂ ਵੀ ਅੱਧੀ

**ਚੰਡੀਗੜ੍ਹ:** ਪੰਜਾਬ ਦੇ ਕਿਸਾਨ ਦਾ ਵਾਲ-ਵਾਲ ਕਰਜ਼ੇ ਵਿਚ ਡੁੱਬਿਆ ਹੋਇਆ ਹੈ। ਸੂਬੇ ਦੇ ਕਿਸਾਨਾਂ ਸਿਰ 69,355 ਕਰੋੜ ਰੁਪਏ ਕਰਜ਼ਾ ਹੈ। ਛੋਟਾ (ਪੰਜ ਏਕੜ) ਤੇ ਸੀਮਾਂਤ (ਦੋ ਏਕੜ) ਕਿਸਾਨ ਆਪਣੀਆਂ ਲੋੜਾਂ ਪੂਰੀਆਂ ਕਰਨ ਦੀ ਸਥਿਤੀ ਵਿਚ ਵੀ ਨਹੀਂ ਹੈ। ਇਨ੍ਹਾਂ ਦੀ ਜ਼ਮੀਨ ਤੋਂ ਆਮਦਨ ਕਰਜ਼ੇ ਦੇ ਬੋਝ ਤੋਂ ਅੱਧੀ ਵੀ ਨਹੀਂ ਹੈ। ਖੇਤ ਮਜ਼ਦੂਰ ਦੀ ਹਾਲਤ ਇਸ ਤੋਂ ਵੀ ਬਦਤਰ ਹੈ। ਇਹ ਖੁਲਾਸਾ ਆਈ.ਸੀ.ਐਸ.ਐਸ.ਆਰ. ਲਈ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਗਿਆਨ ਸਿੰਘ ਦੀ ਅਗਵਾਈ ਹੇਠ ਕੀਤੇ ਗਏ ਸਰਵੇਖਣ ਦੌਰਾਨ ਹੋਇਆ ਹੈ।

ਸਰਵੇਖਣ ਦੌਰਾਨ 2014-15 ਦੇ ਖੇਤੀ ਸਾਲ ਭਾਵ ਸਾਉਣੀ ਤੇ ਹਾੜ੍ਹੀ ਦੇ ਸੀਜ਼ਨ ਦੌਰਾਨ ਕਰਜ਼ੇ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅਨੁਸਾਰ 69,355 ਕਰੋੜ 'ਚੋਂ 56,481 ਕਰੋੜ ਰੁਪਏ ਸੰਸਥਾਗਤ ਅਤੇ 12,874 ਕਰੋੜ ਗ਼ੈਰ-ਸੰਸਥਾਗਤ ਭਾਵ ਸ਼ਾਹੂਕਾਰਾਂ ਦਾ ਕਰਜ਼ਾ ਹੈ। ਸੀਮਾਂਤ ਤੇ ਛੋਟੇ ਕਿਸਾਨ ਕਰਜ਼ੇ ਲਈ ਸ਼ਾਹੂਕਾਰਾਂ ਉਤੇ ਵਧੇਰੇ ਨਿਰਭਰ ਹਨ। ਖੇਤ ਮਜ਼ਦੂਰਾਂ ਲਈ ਤਾਂ ਸੰਸਥਾਗਤ ਕਰਜ਼ਾ ਬਹੁਤ ਹੀ ਮਾਮੂਲੀ ਹੈ। ਉਨ੍ਹਾਂ ਨੂੰ ਭਾਰੀ ਵਿਆਜ ਉਤੇ ਵੱਡੇ ਜ਼ਿਮੀਂਦਾਰਾਂ ਤੋਂ ਹੀ ਕਰਜ਼ਾ ਲੈਣਾ ਪੈਂਦਾ ਹੈ।

ਜ਼ਮੀਨ ਦੀ ਮਾਲਕੀ ਅਨੁਸਾਰ ਕਰਜ਼ਾਈ ਸੀਮਾਂਤ ਕਿਸਾਨਾਂ ਸਿਰ ਪ੍ਰਤੀ ਏਕੜ 1,40,670.58 ਰੁਪਏ ਤੇ ਛੋਟੇ ਕਿਸਾਨਾਂ ਸਿਰ 1,20,794.93 ਰੁਪਏ ਕਰਜ਼ਾ ਹੈ। ਇਹ ਕਿਸਾਨ ਠੇਕੇ ਉਤੇ ਜ਼ਮੀਨ ਲੈ ਕੇ ਵੀ ਵਾਹੀ ਕਰਦੇ ਹਨ। ਆਪਣੀ ਤੇ ਠੇਕੇ ਉਤੇ ਲਈ ਜ਼ਮੀਨ ਦਾ ਅਨੁਮਾਨ ਲਾਇਆ ਜਾਵੇ ਤਾਂ ਸੀਮਾਂਤ ਕਿਸਾਨਾਂ ਸਿਰ ਪ੍ਰਤੀ ਏਕੜ 65,169.42 ਰੁਪਏ ਅਤੇ ਛੋਟੇ ਕਿਸਾਨਾਂ ਸਿਰ 55573.82 ਰੁਪਏ ਕਰਜ਼ਾ ਹੈ। ਗੌਰਤਲਬ ਹੈ ਕਿ ਪੰਜਾਬ ਵਿਚ ਸਭ ਤੋਂ ਵੱਧ ਪੈਸਾ ਦੇਣ ਵਾਲੀਆਂ ਦੋ ਫਸਲਾਂ ਕਣਕ ਤੇ ਝੋਨਾ ਮੰਨੀਆਂ ਜਾਂਦੀਆਂ ਹਨ। ਸੂਬੇ ਵਿਚ ਝੋਨੇ ਦਾ ਔਸਤ ਝਾੜ 24 ਕੁਇੰਟਲ ਪ੍ਰਤੀ ਏਕੜ ਅਤੇ ਕਣਕ ਦਾ ਔਸਤ ਝਾੜ 18 ਕੁਇੰਟਲ ਪ੍ਰਤੀ ਏਕੜ ਮੰਨਿਆ ਜਾਂਦਾ ਹੈ। ਜੇਕਰ 1500 ਰੁਪਏ ਪ੍ਰਤੀ ਕੁਇੰਟਲ ਦੇ ਘੱਟੋ ਘੱਟ ਸਮਰਥਨ ਮੁੱਲ ਨਾਲ ਹਿਸਾਬ ਲਗਾਇਆ ਜਾਵੇ ਤਾਂ ਦੋਵੇਂ ਫਸਲਾਂ 63,000 ਰੁਪਏ ਪ੍ਰਤੀ ਏਕੜ ਆਮਦਨ ਹੀ ਦਿੰਦੀਆਂ ਹਨ। ਇਹ ਆਮਦਨ ਪ੍ਰਤੀ ਏਕੜ ਕਰਜ਼ੇ ਦੇ ਅੱਧੇ ਹਿੱਸੇ ਦੇ ਨੇੜੇ ਤੇੜੇ ਹੀ ਬਣਦੀ ਹੈ। ਫਸਲਾਂ ਉਤੇ ਹੋਣ ਵਾਲਾ ਖਰਚ ਇਸ ਤੋਂ ਵੱਖਰਾ ਹੈ।

ਪ੍ਰੋਫੈਸਰ ਗਿਆਨ ਸਿੰਘ ਦੀ ਅਗਵਾਈ ਵਿਚ ਟੀਮ ਨੇ 'ਦਿਹਾਤੀ ਪੰਜਾਬ ਵਿਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਸਿਰ ਕਰਜ਼ਾ' ਨਾਂ ਦੇ ਅਧਿਐਨ ਲਈ ਹੁਸ਼ਿਆਰਪੁਰ, ਲੁਧਿਆਣਾ ਤੇ ਮਾਨਸਾ ਜ਼ਿਲ੍ਹਿਆਂ ਦੇ 1007 ਕਿਸਾਨ ਤੇ 301 ਖੇਤ ਮਜ਼ਦੂਰਾਂ ਦੇ ਘਰਾਂ ਦਾ ਸਰਵੇਖਣ ਕੀਤਾ ਹੈ। ਸਰਵੇਖਣ ਅਨੁਸਾਰ ਅਰਧ ਮੱਧ ਵਰਗੀ ਕਿਸਾਨਾਂ ਸਿਰ ਮਾਲਕੀ ਦੇ ਹਿਸਾਬ ਨਾਲ ਪ੍ਰਤੀ ਏਕੜ 81,847.74 ਰੁਪਏ, ਮੱਧ ਵਰਗੀ ਕਿਸਾਨਾਂ ਸਿਰ 63,244.48 ਰੁਪਏ ਅਤੇ ਵੱਡੇ ਕਿਸਾਨਾਂ ਸਿਰ 57,512.57 ਰੁਪਏ ਕਰਜ਼ਾ ਹੈ। ਜੇਕਰ ਔਸਤ ਕੱਢੀ ਜਾਵੇ ਤਾਂ ਪ੍ਰਤੀ ਏਕੜ ਮਾਲਕੀ ਪਿੱਛੇ 1,16,801.97 ਰੁਪਏ ਕਰਜ਼ਾ ਹੈ। ਪ੍ਰਤੀ ਕਿਸਾਨ ਪਰਿਵਾਰ ਸਿਰ ਔਸਤਨ 5,52,64.16 ਰੁਪਏ ਕਰਜ਼ਾ ਹੈ। ਕਿਸਾਨ ਪਰਿਵਾਰਾਂ ਦੇ ਵਰਗੀਕਰਨ ਅਨੁਸਾਰ ਸੀਮਾਂਤ ਕਿਸਾਨਾਂ ਵਿਚ ਪ੍ਰਤੀ ਪਰਿਵਾਰ 2,76,839.70 ਰੁਪਏ, ਛੋਟੇ ਕਿਸਾਨ ਪਰਿਵਾਰ ਸਿਰ 5,57,338.85 ਰੁਪਏ, ਅਰਧ ਮੱਧ ਵਰਗੀ ਕਿਸਾਨ ਪਰਿਵਾਰ ਸਿਰ 6,84,649.12 ਰੁਪਏ, ਮੱਧ ਵਰਗੀ ਕਿਸਾਨ ਸਿਰ 9,35,608.10 ਅਤੇ ਵੱਡੇ ਕਿਸਾਨਾਂ ਸਿਰ 16,37,473.68 ਰੁਪਏ ਪ੍ਰਤੀ ਪਰਿਵਾਰ ਕਰਜ਼ਾ ਹੈ। ਕਰਜ਼ੇ ਦੇ ਸਰੋਤ ਅਨੁਸਾਰ ਸੀਮਾਂਤ ਕਿਸਾਨ 60.55 ਫੀਸਦੀ ਸੰਸਥਾਗਤ ਅਤੇ 39.45 ਫੀਸਦੀ ਗ਼ੈਰ-ਸੰਸਥਾਗਤ ਕਰਜ਼ੇ ਹੇਠ ਹਨ। ਛੋਟੇ ਕਿਸਾਨ 70.30 ਫੀਸਦੀ ਸੰਸਥਾਗਤ ਅਤੇ 29.70 ਫੀਸਦੀ ਗੈਰ-ਸੰਸਥਾਗਤ ਕਰਜ਼ਾ ਲੈਂਦੇ ਹਨ। ਅਰਧ ਮਧ ਵਰਗੀ ਕਿਸਾਨਾਂ ਨੇ 77.96 ਫੀਸਦੀ ਸੰਸਥਾਗਤ ਅਤੇ 22.04 ਫੀਸਦ ਗੈਰ-ਸੰਸਥਾਗਤ ਕਰਜ਼ਾ ਮੋੜਨਾ ਹੈ। ਮੱਧਵਰਗੀ ਕਿਸਾਨ 85.53 ਫੀਸਦੀ ਸੰਸਥਾਗਤ ਤੇ 14.47 ਫੀਸਦੀ ਗੈਰ-ਸੰਸਥਾਗਤ ਕਰਜ਼ਾ ਲੈ ਰਿਹਾ ਹੈ। ਵੱਡੇ ਕਿਸਾਨਾਂ ਨੇ 91.84 ਫੀਸਦੀ ਕਰਜ਼ਾ ਸੰਸਥਾਵਾਂ ਤੋਂ ਲਿਆ ਹੈ ਅਤੇ ਸਿਰਫ 8.16 ਫੀਸਦੀ ਹੀ ਗੈਰ-ਸੰਸਥਾਗਤ ਹੈ। ਸਰਵੇਖਣ ਵਿਚ ਆਏ ਕਿਸਾਨਾਂ ਸਿਰ ਔਸਤਨ 24.73 ਫੀਸਦੀ ਗ਼ੈਰ-ਸੰਸਥਾਗਤ ਕਰਜ਼ਾ ਹੈ। ਇਹ ਤੱਥ ਦਰਸਾਉਂਦੇ ਹਨ ਕਿ ਸੰਸਥਾਗਤ ਕਰਜ਼ਾ ਵੀ ਕਿਸਾਨ ਪਰਿਵਾਰ ਦੀ ਸਮਰਥਾ ਉਤੇ ਨਿਰਭਰ ਕਰਦਾ ਹੈ।

## ਲੋੜਾਂ ਪੂਰੀਆਂ ਕਰਨ ਜੋਗੇ ਵੀ ਨਹੀਂ ਜ਼ਿਆਦਾਤਰ ਕਿਸਾਨ



## ਔਸਤਨ 85.90 ਫੀਸਦੀ ਕਿਸਾਨ ਪਰਿਵਾਰਾਂ ਸਿਰ ਕਰਜ਼ਾ

**ਚੰਡੀਗੜ੍ਹ:** ਔਸਤਨ 85.90 ਫੀਸਦੀ ਕਿਸਾਨ ਪਰਿਵਾਰਾਂ ਨੇ ਕਰਜ਼ਾ ਲਿਆ ਹੋਇਆ ਹੈ। ਜਿਹੜੇ ਕਿਸਾਨਾਂ ਨੇ ਕਰਜ਼ਾ ਨਹੀਂ ਲਿਆ ਉਨ੍ਹਾਂ ਵਿਚੋਂ ਬਹੁਤੇ ਪਰਿਵਾਰਾਂ ਦੀ ਖੇਤੀ ਤੋਂ ਇਲਾਵਾ ਆਮਦਨ ਦੇ ਹੋਰ ਵੀ ਸਰੋਤ ਹਨ। ਖੇਤ ਮਜ਼ਦੂਰਾਂ ਦੀ ਸਥਿਤੀ ਸਭ ਤੋਂ ਬਦਤਰ ਹੈ। ਇਨ੍ਹਾਂ ਦੇ ਘਰਾਂ ਦੀ ਗਿਣਤੀ ਨਾ ਹੋਣ ਕਰਕੇ ਕੁੱਲ ਕਰਜ਼ੇ ਦਾ ਅਨੁਮਾਨ ਲਗਾਉਣਾ ਮੁਸ਼ਕਿਲ ਹੈ, ਪਰ ਸੈਂਪਲ ਦੇ ਆਧਾਰ ਉਤੇ ਪ੍ਰਤੀ ਪਰਿਵਾਰ 68,329.88 ਰੁਪਏ ਕਰਜ਼ਾ ਹੈ। ਇਸ ਵਿਚ 91.79 ਫੀਸਦੀ ਕਰਜ਼ਾ ਗੈਰ-ਸੰਸਥਾਗਤ ਹੈ, ਜਿਸ ਦਾ ਵਿਆਜ 14 ਤੋਂ 28 ਫੀਸਦ ਤੱਕ ਹੈ। ਖੇਤੀਬਾੜੀ ਕਮਿਸ਼ਨਰ, ਪੰਜਾਬ ਡਾ. ਬਲਵਿੰਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਸਾਲ 2014-15 ਦੌਰਾਨ ਖੇਤੀਬਾੜੀ ਤੋਂ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ 77,000 ਕਰੋੜ ਹੋਣ ਦਾ ਅਨੁਮਾਨ ਹੈ। ਜੇਕਰ ਕਿਸਾਨ ਨੂੰ ਵੀਹ ਫੀਸਦੀ ਵੀ ਬਚਦਾ ਹੋਵੇ ਤਾਂ 15,400 ਕਰੋੜ ਰੁਪਏ ਆਮਦਨ ਬਣਦੀ ਹੈ। ਕਿਸਾਨਾਂ ਸਿਰ ਕੁਲ ਕਰਜ਼ੇ ਦਾ 7 ਤੋਂ 18 ਫੀਸਦੀ ਤੱਕ ਦਾ ਔਸਤ ਵਿਆਜ ਲਗਾ ਲਿਆ ਜਾਵੇ ਤਾਂ ਇਹ 15 ਹਜ਼ਾਰ ਕਰੋੜ ਤੋਂ ਟੱਪ ਜਾਂਦਾ ਹੈ। ਇਸ ਵਿਚੋਂ ਵੀ ਅੱਗੋਂ ਛੋਟੇ, ਸੀਮਾਂਤ ਅਤੇ ਮੱਧਵਰਗੀ ਕਿਸਾਨਾਂ ਅਤੇ ਵੱਡੇ ਕਿਸਾਨਾਂ ਵਿਚ ਆਮਦਨ ਦਾ ਅੰਤਰ ਹੈ।

# ਡਰੱਗ ਕੇਸ ਵਿਚ ਸਪਲੀਮੈਂਟਰੀ ਚਾਰਜਸ਼ੀਟ ਦਾਇਰ

**ਪਟਿਆਲਾ:** ਸਿੰਥੈਟਿਕ ਡਰੱਗ ਤਸਕਰੀ ਮਾਮਲੇ ਦੀ ਕਾਰਵਾਈ ਨੂੰ ਅੱਗੇ ਤੋਰਦਿਆਂ ਈ.ਡੀ. ਵੱਲੋਂ ਦਰਜਨ ਭਰ ਵਿਅਕਤੀਆਂ ਖਿਲਾਫ਼ ਅਨੁਪੂਰਕ (ਸਪਲੀਮੈਂਟਰੀ) ਚਾਰਜਸ਼ੀਟ ਦਾਇਰ ਕੀਤੀ ਗਈ, ਜਿਸ ਵਿਚ ਕਈ ਬਿਜ਼ਨਸਮੈਨ ਤੇ ਕੰਪਨੀਆਂ ਦੇ ਨਾਂ ਵੀ ਸ਼ਾਮਲ ਹਨ। ਈ.ਡੀ. ਵੱਲੋਂ ਇਹ ਚਾਰਜਸ਼ੀਟਾਂ ਸਹਾਇਕ ਨਿਰਦੇਸ਼ਕ ਨਿਰੰਜਨ ਸਿੰਘ ਤੇ ਵਿਸ਼ੇਸ਼ ਵਕੀਲ ਬਲਰਾਮ ਸ਼ਕਤੀ ਵੱਲੋਂ ਦਾਇਰ ਕੀਤਾ ਗਿਆ। ਈ.ਡੀ. ਵੱਲੋਂ ਦਾਇਰ ਕੀਤੀਆਂ ਇਨ੍ਹਾਂ ਚਾਰਜਸ਼ੀਟਾਂ 'ਚ ਹੋਰਨਾਂ ਵੀ ਕਈ ਵਿਅਕਤੀਆਂ ਦੇ ਨਾਂ ਸ਼ਾਮਲ ਹਨ। ਈ.ਡੀ. ਵੱਲੋਂ ਇਸ ਮਾਮਲੇ ਨੂੰ ਲੈ ਕੇ ਹੁਣ ਤੱਕ ਤਿੰਨ ਵਾਰ 24 ਵਿਅਕਤੀਆਂ ਖਿਲਾਫ਼ ਚਾਰਜਸ਼ੀਟ ਦਾਇਰ ਕੀਤੀ ਜਾ ਚੁੱਕੀ ਹੈ।

ਸਭ ਤੋਂ ਪਹਿਲਾਂ ਜਗਦੀਸ਼ ਭੋਲੇ ਦੀ ਉਸ ਤੋਂ ਬਾਅਦ ਮਨਿੰਦਰ ਸਿੰਘ ਬਿੱਟੂ ਔਲਖ ਤੇ 12 ਹੋਰਨਾਂ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਜੁਲਾਈ 2015 ਵਿਚ ਉਨ੍ਹਾਂ ਵੱਲੋਂ ਜਗਦੀਸ਼ ਭੋਲੇ ਦੀ ਪਤਨੀ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਖਿਲਾਫ਼ ਚਾਰਜਸ਼ੀਟ ਦਾਇਰ ਕੀਤੀ ਜਾ ਚੁੱਕੀ ਹੈ, ਜਿਸ ਤੋਂ ਬਾਅਦ ਈ.ਡੀ. ਵੱਲੋਂ ਹੋਰ ਚਾਰਜਸ਼ੀਟਾਂ ਦਾਇਰ ਕਰਨ ਲਈ ਅਦਾਲਤ ਤੋਂ ਸਮਾਂ ਲਿਆ ਜਾ ਰਿਹਾ ਸੀ। ਇਸੇ ਮਾਮਲੇ 'ਚ ਸੁਖਜੀਤ ਸਿੰਘ, ਮਨਪ੍ਰੀਤ ਸਿੰਘ ਮਨੀ ਅਤੇ ਅਵਤਾਰ ਸਿੰਘ ਤਾਰੀ ਦੀ ਜ਼ਮਾਨਤ ਅਰਜ਼ੀ ਸਬੰਧੀ ਜ਼ਿਲ੍ਹਾ ਅਤੇ ਸੈਸ਼ਨ ਜੱਜ ਐਚ.ਐਸ. ਮਦਾਨ ਦੀ ਅਦਾਲਤ ਵਿਚ ਸੁਣਵਾਈ ਕੀਤੀ ਗਈ।

# ਸ਼ਹੀਦ ਹੋਈ ਧੀ ਦੇ ਮਾਪਿਆਂ ਦੀ ਚਿੱਠੀ

## ਆਵਾਮ ਲਈ ਜੂਝਣਾ ਹੀ ਗੁਨਾਹ ਹੋ ਗਿਆ...

***ਸੀ.ਪੀ.ਆਈ. (ਮਾਓਵਾਦੀ) ਦੇ ਦੋ ਮੈਂਬਰਾਂ ਸ਼ਰੁਤੀ ਅਤੇ ਵਿਦਿਆਸਾਗਰ ਰੈਡੀ ਨੂੰ ਪੁਲਿਸ ਨੇ 15 ਸਤੰਬਰ 2015 ਨੂੰ ਉਸ ਕਾਂਡ ਵਿਚ ਕਤਲ ਕਰ ਦਿੱਤਾ ਸੀ ਜਿਸ ਨੂੰ ਨਵੇਂ-ਨਵੇਂ ਹੋਂਦ ਵਿਚ ਆਏ ਤੇਲੰਗਾਨਾ ਸੂਬੇ ਦਾ ਪਹਿਲਾ ਫਰਜ਼ੀ ਮੁਕਾਬਲਾ ਕਿਹਾ ਜਾਂਦਾ ਹੈ। ਸ਼ਰੁਤੀ ਦੇ ਮਾਪਿਆਂ ਰਮਾ ਦੇਵੀ ਅਤੇ ਟਾਂਜੇਲਾ ਸੁਦਰਸ਼ਨ ਨੇ ਆਪਣੀ ਇਸ ਲਿਖਤ ਵਿਚ ਕੁਝ ਯਾਦਾਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਇਸ ਲਿਖਤ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

ਜਿਸ ਵਕਤ ਨੌਜਵਾਨੀ ਸਾਫਟਵੇਅਰ ਨੌਕਰੀਆਂ ਹਾਸਲ ਕਰਨ ਅਤੇ ਅਮਰੀਕਨ ਡਾਲਰ ਕਮਾਉਣ ਦੀ ਲਾਲਸਾ 'ਚ ਕਮਲੀ ਹੋਈ ਫਿਰਦੀ ਹੈ, ਸਾਡੀ ਧੀ ਸ਼ਰੁਤੀ ਜੋ ਐਮ.ਟੈਕ. ਦੀ ਵਿਦਿਆਰਥਣ ਸੀ, ਸਮਾਜ ਦੇ ਦੱਬੇ-ਕੁਚਲੇ ਅਵਾਮ ਬਾਰੇ ਸੋਚਦੀ ਸੀ। ਉਹਨੇ ਨਿਆਂ ਆਧਾਰਿਤ ਸਮਾਜ ਲਈ ਅਵਾਮੀ ਸੰਘਰਸ਼ ਵਿਚ ਹਿੱਸਾ ਲੈਣਾ ਦਾ ਫ਼ੈਸਲਾ ਕੀਤਾ। ਉਸ ਨੇ ਮਹਿਜ਼ ਬਿਹਤਰ ਸਮਾਜ ਦਾ ਖ਼ਵਾਬ ਹੀ ਨਹੀਂ ਲਿਆ, ਸਗੋਂ ਇਸ ਨੂੰ ਹਕੀਕਤ 'ਚ ਬਦਲਣ ਲਈ ਕੰਮ ਕੀਤਾ।

ਮੈਂ, ਸ਼ਰੁਤੀ ਦਾ ਬਾਪ, 1989 ਤੋਂ ਲੈ ਕੇ ਸਰਕਾਰੀ ਅਧਿਆਪਕ ਹਾਂ। ਬਤੌਰ ਅਧਿਆਪਕ ਮੈਂ ਏ.ਪੀ.ਟੀ.ਐਫ. (ਆਂਧਰਾ ਪ੍ਰਦੇਸ਼ ਟੀਚਰਜ਼ ਫੈਡਰੇਸ਼ਨ) ਦਾ ਮੈਂਬਰ ਬਣਿਆ ਅਤੇ ਇਸ ਦੇ ਹਰ ਇਕੱਠ ਅਤੇ ਸੈਮੀਨਾਰ ਵਿਚ ਸ਼ਾਮਲ ਹੁੰਦਾ ਸੀ। ਇਸ ਅਮਲ ਵਿਚ ਸਹਿਜੇ-ਸਹਿਜੇ ਸਮਾਜ ਬਾਰੇ ਮੇਰੀ ਸਮਝਦਾਰੀ ਵਿਕਸਤ ਹੋਈ ਅਤੇ ਇਹ ਮੈਂ ਸਮੇਂ-ਸਮੇਂ 'ਤੇ ਆਪਣੇ ਪਰਿਵਾਰ ਨਾਲ ਸਾਂਝੀ ਕਰਦਾ ਹੁੰਦਾ ਸੀ। ਆਪਣੀ ਚੇਤਨਾ ਦੇ ਵਿਕਾਸ ਦੇ ਅਮਲ ਵਿਚ, 1996 'ਚ ਮੈਂ ਆਰ.ਡਬਲਯੂ.ਏ. (ਰੈਵੋਲੂਸ਼ਨਰੀ ਰਾਈਟਰਜ਼ ਐਸੋਸੀਏਸ਼ਨ-ਵੀਰਸਮ) ਦਾ ਮੈਂਬਰ ਵੀ ਬਣ ਗਿਆ। ਉਦੋਂ ਤੋਂ ਹੀ ਮੈਂ ਸਹਿਜੇ-ਸਹਿਜੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਇਨਕਲਾਬੀ ਸਭਿਆਚਾਰਕ ਅਮਲ ਨਾਲ ਜੋੜ ਲਿਆ। ਸਿੱਟੇ ਵਜੋਂ, ਸਾਡੇ ਪਰਿਵਾਰ ਮੈਂਬਰਾਂ ਵਿਚ ਅਗਾਂਹਵਧੂ ਖ਼ਿਆਲ ਘਰ ਕਰ ਗਏ। ਇਕ ਜ਼ਿੰਮੇਵਾਰ ਅਧਿਆਪਕ ਵਜੋਂ, ਮੈਂ ਬਹੁਤ ਸਾਰੇ ਅਗਾਂਹਵਧੂ ਗੀਤ ਲਿਖੇ ਅਤੇ ਸਿੱਖਿਆ ਨੂੰ ਲੈ ਕੇ ਕੀਤੇ ਜਾਂਦੇ ਇਕੱਠਾਂ ਦੌਰਾਨ ਮੰਚ ਉਪਰ ਮੈਂ ਇਹ ਗੀਤ ਗਾਉਂਦਾ। ਸਾਡੀਆਂ ਧੀਆਂ, ਮੁੱਖ ਤੌਰ 'ਤੇ ਸ਼ਰੁਤੀ ਅਕਸਰ ਗੀਤ ਗਾਉਂਦੀਆਂ। ਅੱਠ ਸਾਲ ਦੀ ਉਮਰ 'ਚ ਹੀ, ਸ਼ਰੁਤੀ ਨੇ ਕੌਮਾਂਤਰੀ ਔਰਤ ਦਿਹਾੜੇ ਉਪਰ ਗੀਤ 'ਕਾਰੁਮਾਬੂਲੂ ਕਾਮੀਪੋਜ਼ੀਨਾ ਚਿਨਾਰੀ ਚੇਲੱਮਾ' ਗਾਇਆ ਸੀ ਜੋ ਅਧਿਆਪਕ ਜਥੇਬੰਦੀ ਵਲੋਂ 1999 ਵਿਚ ਵਾਰੰਗਲ ਵਿਚ ਜਥੇਬੰਦ ਕੀਤਾ ਗਿਆ ਸੀ। ਸਹਿਜੇ-ਸਹਿਜੇ ਉਸ ਦੀ ਸਮਾਜਕ ਸੂਝ ਅਤੇ ਚੇਤਨਾ ਵਿਕਸਤ ਹੋ ਗਈ। ਉਸ ਨੇ ਸਮਾਜ ਵਿਚ ਔਰਤਾਂ ਉਪਰ ਹੁੰਦੇ ਜ਼ੁਲਮਾਂ ਅਤੇ ਹਿੰਸਾ ਬਾਰੇ ਵਿਚਾਰ-ਚਰਚਾਵਾਂ ਵਿਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਉਹ ਪਰਿਵਾਰ ਨਾਲ ਲੋਕਾਂ ਦੀ ਗ਼ਰੀਬੀ ਅਤੇ ਨਾਬਰਾਬਰੀ ਦੇ ਮੂਲ ਕਾਰਨਾਂ ਬਾਰੇ ਚਰਚਾ ਕਰਦੀ। ਉਸ ਦੇ ਦਿਲ ਵਿਚ ਗ਼ਰੀਬ ਲੋਕਾਂ ਲਈ ਹਮਦਰਦੀ ਹੁੰਦੀ ਅਤੇ ਉਹ ਹਮੇਸ਼ਾ ਉਨ੍ਹਾਂ ਲਈ ਕੁਝ ਕਰਨਾ ਚਾਹੁੰਦੀ। ਜਦੋਂ ਆਰ.ਡਬਲਯੂ.ਏ. ਦੇ ਕਨਵੀਨਰ ਵਜੋਂ ਮੈਨੂੰ 2001 ਵਿਚ ਵਾਰੰਗਲ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ, ਤਾਂ ਪੁਲਿਸ ਵਲੋਂ ਮੇਰੇ ਨਾਲ ਕੀਤੀ ਬਦਸਲੂਕੀ ਨੇ ਮੇਰੀਆਂ ਧੀਆਂ ਨੂੰ ਬੁਰੀ ਤਰ੍ਹਾਂ ਝੰਜੋੜਿਆ ਅਤੇ ਇਸ ਦਾ ਉਨ੍ਹਾਂ ਉਪਰ ਬਹੁਤ ਅਸਰ ਪਿਆ। ਮੇਰੇ ਵਲੋਂ ਝੱਲੇ ਪੁਲਿਸ ਜਬਰ ਦਾ ਮੇਰੇ ਬੱਚਿਆਂ, ਖ਼ਾਸ ਕਰ ਕੇ ਸ਼ਰੁਤੀ, ਉਪਰ ਡੂੰਘਾ ਅਸਰ ਪਿਆ।

ਮੇਰੀ ਜੀਵਨ ਸਾਥਣ ਰਮਾ ਦੇਵੀ ਸੀ.ਐਮ.ਐਸ. (ਚੇਤੰਨਯਾ ਮਹਿਲਾ ਸੰਘਮ), ਵਾਰੰਗਲ ਦੀ ਮੈਂਬਰ ਹੈ। ਸੰਘਮ ਦੇ ਪ੍ਰੋਗਰਾਮ ਦੇ ਹਿੱਸੇ ਵਜੋਂ ਉਹ ਵਾਰੰਗਲ ਦੀਆਂ ਗ਼ਰੀਬ ਬਸਤੀਆਂ ਵਿਚ ਜਾਂਦੀ ਰਹਿੰਦੀ ਸੀ ਅਤੇ ਉਥੇ ਪਰਿਵਾਰ ਦੇ ਅੰਦਰ ਅਤੇ ਬਾਹਰ ਸਮਾਜ ਵਿਚ ਔਰਤਾਂ ਦੀ ਦੁੱਖਾਂ ਮਾਰੀ ਜ਼ਿੰਦਗੀ ਨੂੰ ਸਮਝਣ ਦਾ ਯਤਨ ਕਰਦੀ ਸੀ। ਘਰ ਵਾਪਸ ਆ ਕੇ ਉਹ ਪਰਿਵਾਰ ਦੇ ਅੰਦਰ ਔਰਤਾਂ ਦੀ ਮੰਦੀ ਹਾਲਤ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਦੇ ਢੰਗਾਂ ਬਾਰੇ ਵਿਚਾਰ-ਚਰਚਾ ਕਰਦੀ। ਇਸ ਅਮਲ ਵਿਚ ਸ਼ਰੁਤੀ ਵਾਰੰਗਲ ਵਿਚ ਸੀ.ਐਮ.ਐਸ. ਲਈ ਕੰਮ ਕਰਨ ਲਈ ਅੱਗੇ ਆਈ। ਠੀਕ ਇਹੀ ਵਕਤ ਸੀ ਜਦੋਂ ਤੇਲੰਗਾਨਾ ਲਹਿਰ ਸ਼ੁਰੂ ਹੋਈ। ਸ਼ਰੁਤੀ ਤੁਰੰਤ ਲਹਿਰ ਵਿਚ ਕੁੱਦ ਪਈ ਅਤੇ ਉਸ ਨੇ ਵਾਰੰਗਲ ਜ਼ਿਲ੍ਹੇ ਦੀ ਲਗਭਗ ਹਰ ਸਰਗਰਮੀ ਵਿਚ ਹਿੱਸਾ ਲਿਆ। ਉਹ ਰੈਲੀਆਂ ਅਤੇ ਇਕੱਠਾਂ ਵਿਚ ਗੀਤ ਗਾਉਂਦੀ। ਸੀ.ਐਮ.ਐਸ. ਪ੍ਰੋਗਰਾਮ ਦੇ ਹਿੱਸੇ



***ਅੱਠ ਸਾਲ ਦੀ ਉਮਰ 'ਚ ਸ਼ਰੁਤੀ ਨੇ ਕੌਮਾਂਤਰੀ ਔਰਤ ਦਿਹਾੜੇ ਉਪਰ ਗੀਤ ਗਾਇਆ ਜੋ ਅਧਿਆਪਕ ਜਥੇਬੰਦੀ ਵਲੋਂ ਵਾਰੰਗਲ ਵਿਚ ਜਥੇਬੰਦ ਕੀਤਾ ਗਿਆ ਸੀ।***

ਵਜੋਂ ਉਹ ਹੋਰ ਮੈਂਬਰਾਂ ਨਾਲ ਮਿਲ ਕੇ ਵਾਰੰਗਲ ਦੇ ਕੁੜੀਆਂ ਦੇ ਹੋਸਟਲਾਂ ਵਿਚ ਗਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਜਾਣਕਾਰੀ ਲਈ। ਉਸ ਨੇ ਉਨ੍ਹਾਂ ਨੂੰ ਸਮਾਜ ਵਿਚ ਔਰਤਾਂ ਦੀ ਬਿਹਤਰ ਜ਼ਿੰਦਗੀ ਲਈ ਇਕਜੁੱਟ ਹੋ ਕੇ ਸੰਘਰਸ਼ ਕਰਨ ਦਾ ਹੋਕਾ ਦਿੱਤਾ। ਉਹ ਜਥੇਬੰਦੀ ਦੇ ਸਭਿਆਚਾਰਕ ਵਿੰਗ ਦੀ ਮੈਂਬਰ ਵੀ ਬਣ ਗਈ। ਉਹ ਜਥੇਬੰਦੀ ਦੇ ਮੈਂਬਰਾਂ ਅਤੇ ਜਥੇਬੰਦੀ ਤੋਂ ਬਾਹਰਲੇ ਲੋਕਾਂ ਲਈ ਪ੍ਰੇਰਨਾ ਸਰੋਤ ਸੀ। ਜਦੋਂ ਆਪਣੇ ਜਾਂਗਾਓਂ ਸਦਰ ਮੁਕਾਮ ਵਾਰੰਗਲ ਵਿਚ ਪੁਲਿਸ ਵਲੋਂ ਇਮਾਨਦਾਰ ਔਰਤ ਕਾਂਸਟੇਬਲ ਰਜਨੀ ਨੂੰ ਬੇਇੱਜ਼ਤ ਕਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ, ਤਾਂ ਇਸ ਕਾਂਡ ਨੇ ਸ਼ਰੁਤੀ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ। ਜਿਸ ਤਰੀਕੇ ਨਾਲ ਇਸ ਕਾਂਡ ਨੂੰ ਤੋੜ-ਮਰੋੜ ਕੇ ਖ਼ੁਦਕੁਸ਼ੀ ਬਣਾ ਕੇ ਪੇਸ਼ ਕੀਤਾ ਗਿਆ, ਉਸ ਨੇ ਉਸ ਨੂੰ ਬਹੁਤ ਪ੍ਰੇਸ਼ਾਨ ਕੀਤਾ। ਉਸ ਨੇ ਜਥੇਬੰਦੀ ਵਲੋਂ ਵਿੱਢੇ ਅੰਦੋਲਨ ਵਿਚ ਹਿੱਸਾ ਲਿਆ, ਪੁਲਿਸ ਵਿਵਸਥਾ ਉਪਰ ਸਵਾਲ ਉਠਾਏ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਇਸ ਕਾਂਡ ਬਾਰੇ ਸਕਿੱਟ ਤਿਆਰ ਕੀਤੀ।

ਘਰ ਵਿਚ ਹਾਸਲ ਇਨਕਲਾਬੀ ਸਾਹਿਤ ਪੜ੍ਹ ਕੇ ਸ਼ਰੁਤੀ ਨੇ ਆਪਣੇ ਇਨਕਲਾਬੀ ਖ਼ਿਆਲ ਪ੍ਰਪੱਕ ਬਣਾਏ। ਉਹ ਸ਼ਹੀਦ ਹੋਏ ਕਾਮਰੇਡ ਸੁਧਾਕਰ ਅਤੇ ਕਾਮਰੇਡ ਪੁਸ਼ਪਾ ਦੇ ਜਨਾਜ਼ੇ ਵਿਚ ਸ਼ਾਮਲ ਹੋਈ। ਕਾਮਰੇਡ ਗਾਂਤੀ ਪ੍ਰਸਾਦਮ ਦੇ ਕਤਲ ਨੇ ਉਸ ਨੂੰ ਝੰਜੋੜਿਆ। ਉਹ ਉਸ ਦੇ ਜਨਾਜ਼ੇ ਵਿਚ ਵੀ ਸ਼ਾਮਲ ਹੋਈ। ਲੋਟੂ ਸਰਕਾਰ ਵਲੋਂ ਇਮਾਨਦਾਰ ਅਤੇ ਬੇਗਰਜ਼ ਸ਼ਖ਼ਸੀਅਤਾਂ ਦੇ ਘਿਨਾਉਣੇ ਕਤਲ ਉਸ ਤੋਂ ਬਰਦਾਸ਼ਤ ਨਹੀਂ ਹੋਏ। ਹੋਰਨਾਂ ਵਾਂਗ ਉਸ ਨੂੰ ਵੀ ਉਮੀਦ ਸੀ ਕਿ ਨਵੀਂ ਚੁਣੀ ਤੇਲੰਗਾਨਾ ਸਰਕਾਰ ਅਵਾਮੀ ਮਸਲਿਆਂ ਨੂੰ ਹੱਲ ਕਰੇਗੀ, ਪਰ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਨੇ ਪੋਲਾਵਰਮ ਪ੍ਰੋਜੈਕਟ ਬਾਰੇ ਇਕ ਲਫ਼ਜ਼ ਵੀ ਨਹੀਂ ਕਿਹਾ। ਮੁੱਖ ਮੰਤਰੀ ਨੇ ਖੰਮਾਮ ਜ਼ਿਲ੍ਹੇ ਦੀਆਂ ਅੱਠ ਤਹਿਸੀਲਾਂ ਇਸ ਤੋਂ ਅਲਹਿਦਾ ਕਰ ਕੇ ਆਂਧਰਾ ਪ੍ਰਦੇਸ਼ ਵਿਚ ਸ਼ਾਮਲ ਕਰਨ ਵਿਰੁੱਧ ਕੋਈ ਪ੍ਰਤੀਕਰਮ ਨਹੀਂ ਦਿਖਾਇਆ। ਸ਼ਰੁਤੀ ਨੇ ਪਹਿਲੀ ਤੋਂ 15 ਜੁਲਾਈ 2014 ਤਕ ਕੀਤੀ ਪੋਲਾਵਰਮ ਪੈਦਲ ਯਾਤਰਾ ਵਿਚ ਹਿੱਸਾ ਲਿਆ। ਜਦੋਂ ਇਸ ਪ੍ਰੋਜੈਕਟ ਨਾਲ ਲੱਖਾਂ ਆਦਿਵਾਸੀਆਂ ਦੀਆਂ ਜ਼ਿੰਦਗੀਆਂ ਖ਼ਤਰੇ ਮੂੰਹ ਆਈਆਂ ਹੋਈਆਂ ਹਨ, ਉਦੋਂ ਚੰਦਰਸ਼ੇਖਰ ਰਾਓ ਦੇ ਖ਼ਾਮੋਸ਼ ਰਹਿਣ ਦੀ ਉਸ ਨੇ ਆਲੋਚਨਾ ਕੀਤੀ। ਉਧਰ, ਜਿਸ ਤਰੀਕੇ ਨਾਲ ਕੇਂਦਰੀ ਹਕੂਮਤ ਛੱਤੀਸਗੜ੍ਹ, ਉੜੀਸਾ ਅਤੇ ਆਂਧਰਾ ਪ੍ਰਦੇਸ਼ ਵਿਚ ਓਪਰੇਸ਼ਨ ਗ੍ਰੀਨ ਹੰਟ ਦੇ ਨਾਂ ਹੇਠ ਆਦਿਵਾਸੀਆਂ ਉਪਰ ਦਹਿਸ਼ਤੀ ਜ਼ੁਲਮ ਕਰ ਰਹੀ ਸੀ, ਉਹ ਇਸ ਨੂੰ ਲੈ ਕੇ ਫ਼ਿਕਰਮੰਦ ਸੀ। ਉਸ ਨੇ ਸਮਝ ਲਿਆ ਕਿ ਅਖੌਤੀ ਗ੍ਰੀਨ ਹੰਟ ਆਦਿਵਾਸੀਆਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਬੇਦਖ਼ਲ ਕਰਨ ਅਤੇ ਇਹ ਜ਼ਮੀਨਾਂ ਜਿੰਦਲ ਤੇ ਵੇਦਾਂਤ ਵਰਗੀਆਂ ਬਹੁ-ਕੌਮੀ ਕੰਪਨੀਆਂ ਦੇ ਹਵਾਲੇ ਕਰਨ ਦੀ ਚਾਲ ਤੋਂ ਬਿਨਾਂ ਕੁਝ ਨਹੀਂ ਤਾਂ ਜੋ ਇਹ ਕੰਪਨੀਆਂ ਮੁਲਕ ਦੇ ਜੰਗਲੀ ਖੇਤਰਾਂ ਦੀ ਖਣਿਜੀ ਦੌਲਤ ਦੀ ਲੁੱਟਮਾਰ ਕਰ ਸਕਣ।

ਸ਼ਰੁਤੀ ਦੀ ਸਿਆਸੀ ਚੇਤਨਾ ਪ੍ਰਚੰਡ ਹੋਈ ਅਤੇ ਉਸ ਨੇ ਮਾਓਵਾਦੀ ਪਾਰਟੀ ਦੀ ਇਨਕਲਾਬੀ ਲਹਿਰ ਵਿਚ ਸ਼ਾਮਲ ਹੋ ਕੇ ਤੇਲੰਗਾਨਾ ਦੇ ਅਵਾਮ ਦੀਆਂ ਜਮਹੂਰੀ ਰੀਝਾਂ ਦੀ ਪੂਰਤੀ ਲਈ ਕੰਮ ਕਰਨ ਦਾ ਫ਼ੈਸਲਾ ਲਿਆ। ਮਾਓਵਾਦੀ ਪਾਰਟੀ ਵਿਚ ਸ਼ਾਮਲ ਹੋ ਕੇ ਸ਼ਰੁਤੀ 'ਲੋਕਾਂ ਦੀ ਧੀ' ਬਣ ਗਈ। ਕੇ.ਕੇ.ਡਬਲਿਯੂ (ਕਰੀਮਨਗਰ-ਖੰਮਾਮ-ਵਾਰੰਗਲ ਕਮੇਟੀ) ਦੀ ਮੈਂਬਰ ਵਜੋਂ ਉਸ ਨੇ ਅਵਾਮ ਨੂੰ ਤੇਲੰਗਾਨਾ ਸਰਕਾਰ ਦੀਆਂ ਖ਼ਤਰਨਾਕ ਚਾਲਾਂ ਬਾਰੇ ਸਿੱਖਿਅਤ ਕੀਤਾ। ਤੇਲੰਗਾਨਾ ਦੇ ਅਵਾਮ ਲਈ ਕੰਮ ਕਰਦਿਆਂ, ਦੋਵੇਂ ਸਾਥੀ, ਸ਼ਰੁਤੀ ਅਤੇ ਵਿਦਿਆਸਾਗਰ ਰੈਡੀ ਪੁਲਿਸ ਨੇ ਫੜ ਗਏ, ਉਨ੍ਹਾਂ ਨੂੰ ਤਸੀਹੇ ਦਿੱਤੇ ਗਏ ਅਤੇ ਫਿਰ ਕਤਲ ਕਰ ਦਿੱਤੇ ਗਏ। ਇਸ ਫਰਜ਼ੀ ਮੁਕਾਬਲੇ ਨਾਲ ਕੇ. ਚੰਦਰਸ਼ੇਖਰ ਰਾਓ ਅਤੇ ਉਸ ਦੀ ਫਾਸ਼ੀਵਾਦੀ ਜ਼ਹਿਨੀਅਤ ਦੀ ਖ਼ਸਲਤ ਸਾਹਮਣੇ ਆ ਗਈ। ਪੁਲਿਸ ਨੇ ਬੇਕਸੂਰ ਔਰਤ ਜੁਝਾਰੂ ਸ਼ਰੁਤੀ ਪ੍ਰਤੀ ਕੋਈ ਰਹਿਮ ਨਹੀਂ ਦਿਖਾਇਆ। ਉਸ ਦੇ ਹੱਥ ਤੋੜੇ ਗਏ। ਗੁਪਤ ਅੰਗਾਂ ਨੂੰ ਤੇਜ਼ਾਬ ਪਾ ਕੇ ਲੂਹਿਆ। ਜਿਨ੍ਹਾਂ ਪੁਲਸੀਆਂ ਨੇ ਸ਼ਰੁਤੀ ਅਤੇ ਵਿਦਿਆਸਾਗਰ ਨੂੰ ਫਰਜ਼ੀ ਮੁਕਾਬਲੇ ਵਿਚ ਮਾਰਿਆ, ਉਨ੍ਹਾਂ ਖ਼ਿਲਾਫ਼ ਦੋ ਮਹੀਨੇ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ।

***-ਰਮਾ ਦੇਵੀ ਅਤੇ ਟਾਂਜੇਲਾ ਸੁਦਰਸ਼ਨ, ਵਾਰੰਗਲ, ਦਸੰਬਰ 2015***

# ਔਲਾਂਦ ਤੇ ਮੋਦੀ ਵਿਚਲਾ ਫਰਕ

ਐਤਵਾਰ ਨੂੰ ਚੰਡੀਗੜ੍ਹ ਪਧਾਰੇ ਫਰਾਂਸੀਸੀ ਮਹਿਮਾਨ ਅਤੇ ਉਨ੍ਹਾਂ ਦੀ ਆਓ ਭਗਤ ਕਰਨ ਵਾਲੇ ਸ਼ਖ਼ਸ ਵਿਚਕਾਰ ਦਿਲਚਸਪ ਕਿਸਮ ਦੀ ਭਿੰਨਤਾ ਹੈ। ਮਹਿਮਾਨ ਫਰਾਂਸਵਾ ਔਲਾਂਦ ਅਤੇ ਮੇਜ਼ਬਾਨ ਨਰੇਂਦਰ ਮੋਦੀ ਇੱਕ-ਦੂਜੇ ਤੋਂ ਉਨੇ ਹੀ ਜੁਦਾ ਹਨ ਜਿੰਨੇ ਸੋਨਾ ਅਤੇ ਸਰ੍ਹੋਂ ਹੁੰਦੇ ਹਨ।

ਫਰਾਂਸੀਸੀ ਲਿਹਾਜ਼ ਤੋਂ ਸ੍ਰੀ ਔਲਾਂਦ ਕੁਝ ਸਮਾਂ ਪਹਿਲਾਂ ਤਕ ਨੀਰਸ ਤੇ ਤੜਕ-ਭੜਕ ਰਹਿਤ ਸ਼ਖ਼ਸੀਅਤ ਵਜੋਂ ਦੇਖੇ ਜਾਂਦੇ ਰਹੇ ਸਨ। ਹੁਣ ਅਜਿਹਾ ਨਹੀਂ। ਉਂਜ, ਸਾਡੇ ਜਨਤਕ ਆਗੂਆਂ ਦੀਆਂ ਕਾਮੁਕ ਮੋਹ ਦੀ ਨਿੱਕੀਆਂ-ਮੋਟੀਆਂ ਗੱਲਾਂ ਤੋਂ ਹੀ ਸਾਡੇ ਵਿਚੋਂ ਬਹੁਤਿਆਂ ਦੇ ਕੜਵੱਲ ਪੈਣ ਲੱਗ ਜਾਂਦੇ ਹਨ ਅਤੇ ਜੇ ਭਾਰਤੀ ਲਿਹਾਜ਼ ਤੋਂ ਦੇਖਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਸ੍ਰੀ ਔਲਾਂਦ ਦੇ



**ਹਰੀਸ਼ ਖਰੇ**

ਨੰਬਰ ਬਣਨਗੇ ਨਹੀਂ, ਕੱਟੇ ਹੀ ਜਾਣਗੇ।

ਔਲਾਂਦ ਫਰਾਂਸੀਸੀਆਂ ਦੇ ਕਦੇ ਵੀ ਚਹੇਤੇ ਨਹੀਂ ਰਹੇ, ਪਰ ਜਦੋਂ 13 ਨਵੰਬਰ ਨੂੰ ਪੈਰਿਸ ਵਿਚ ਦਹਿਸ਼ਤੀ ਹਮਲਾ ਹੋਇਆ ਤਦ ਜੋ ਜਵਾਬ ਉਨ੍ਹਾਂ ਦਿੱਤਾ, ਉਸ ਨਾਲ ਉਨ੍ਹਾਂ ਦਾ ਆਗੂ ਦੇ ਤੌਰ 'ਤੇ ਕੱਦ-ਬੁੱਤ ਦੂਣਾ-ਚੌਣਾ ਹੋ ਗਿਆ। ਉਸ ਸ਼ੁੱਕਰਵਾਰ ਦੀ ਦੁਪਹਿਰ ਤਕ ਵੀ ਲੋਕੀਂ ਉਨ੍ਹਾਂ ਨੂੰ ਅਸਰਹੀਣ ਆਗੂ ਦੱਸ ਰਹੇ ਸਨ। ਉਸ ਦੁਪਹਿਰ ਬਾਅਦ ਫਰਾਂਸ ਅਤੇ ਬਾਕੀ ਯੂਰਪ ਤੇ ਦੁਨੀਆ ਨੇ ਬਦਲਿਆ ਹੋਇਆ ਸ਼ਖ਼ਸ ਤੇ ਜੁਝਾਰੂ ਨੇਤਾ ਦੇਖਿਆ ਜਿਸ ਨੇ ਵਾਅਦਾ ਕੀਤਾ ਕਿ ਫਰਾਂਸੀਸੀ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦੀ ਜੁਰੱਅਤ ਕਰਨ ਵਾਲਿਆਂ 'ਤੇ ਕੋਈ ਰਹਿਮ ਨਹੀਂ ਕੀਤਾ ਜਾਵੇਗਾ। ਕਿਸੇ ਕੌਮ ਦੇ ਜੀਵਨ ਵਿਚ ਅਜਿਹੇ ਸਮਿਆਂ 'ਤੇ ਹੀ ਮੁੰਡਿਆਂ ਅਤੇ ਮਰਦਾਂ ਦਰਮਿਆਨ ਵਖਰੇਵਾਂ ਹੁੰਦਾ ਹੈ। ਔਲਾਂਦ ਨੂੰ ਸਮਝ ਆ ਗਈ ਸੀ ਕਿ ਉਸ ਦੇ ਦੇਸ਼ ਵਾਸੀ ਡਰੇ ਹੋਏ ਹਨ ਅਤੇ ਉਨ੍ਹਾਂ ਨੂੰ ਧਰਵਾਸ ਦੀ ਲੋੜ ਹੈ। ਉਸ ਨੇ ਉਸੇ ਆਵਾਜ਼ ਅਤੇ ਅਲਫ਼ਾਜ਼ ਦੀ ਵਰਤੋਂ ਕੀਤੀ ਜੋ ਫਰਾਂਸੀਸੀ ਆਵਾਮ ਉਨ੍ਹਾਂ ਤੋਂ ਸੁਣਨ ਦੀ ਤਵੱਕੋ ਕਰਦੇ ਸਨ। ਫਿਰ ਜਦੋਂ ਉਨ੍ਹਾਂ ਨੇ ਹੰਗਾਮੀ ਕਦਮ ਉਠਾਏ ਤਾਂ ਲੋਕਾਂ ਨੇ ਖ਼ੁਸ਼ੀ-ਖ਼ੁਸ਼ੀ ਸਰਕਾਰ ਦਾ ਸਾਥ ਦਿੱਤਾ। ਅਜਿਹਾ ਆਗੂ ਜੋ ਕਦੇ ਵੀ ਦੇਸ਼ ਭਗਤੀ ਦੇ ਨਾਅਰੇ ਨਹੀਂ ਸੀ ਲਾਵਉਂਦਾ, ਤੇ ਨਾ ਹੀ ਦੁਸ਼ਮਣਾਂ ਦੀ ਭੰਡੀ ਕਰਦਾ ਸੀ, ਹੁਣ ਉਹ ਮੋਹਰੀ ਜਰਨੈਲ ਦੇ ਰੂਪ ਵਿਚ ਨਿੱਤਰ ਕੇ ਸਾਹਮਣੇ ਆ ਗਿਆ।

ਦੂਜੇ ਪਾਸੇ, ਜਦੋਂ ਦਹਿਸ਼ਤਗਰਦਾਂ ਨੇ ਪਠਾਨਕੋਟ ਏਅਰਬੇਸ 'ਤੇ ਹਮਲਾ ਕੀਤਾ, ਤਾਂ ਇਵੇਂ ਜਾਪਿਆ ਕਿ ਨਰੇਂਦਰ ਮੋਦੀ ਬਰਫ਼ ਵਿਚ ਲੱਗ ਗਏ ਹੋਣ। ਸਿਆਸਤਦਾਨ ਦੇ ਤੌਰ 'ਤੇ ਉਨ੍ਹਾਂ ਆਪਣੀ ਵਡਿਆਈ ਦਾ ਸਭ ਤੋਂ ਵੱਧ ਢੰਡੋਰਾ ਪਿੱਟਿਆ ਸੀ: ਅਜਿਹਾ ਆਗੂ ਹੋਣ ਦਾ ਦਮ ਭਰਿਆ ਸੀ ਜੋ ਕਿਸੇ ਵੀ ਵਿਗੜੇ ਹੋਏ ਗੁਆਂਢੀ ਦੀ ਬੇਹੂਦਗੀ ਬਰਦਾਸ਼ਤ ਨਹੀਂ ਕਰਦਾ। ਹੁਣ ਜਦੋਂ ਪਹਿਲੀ ਪਰਖ ਦੀ ਘੜੀ ਆਈ ਤਾਂ ਉਨ੍ਹਾਂ ਦੀ ਸੁਰ ਆਸਾਂ ਤੋਂ ਉਲਟ ਬਿਲਕੁਲ ਨਰਮ ਪੈ ਗਈ।

000

ਫਰਾਂਸੀਸੀ ਰਾਸ਼ਟਰਪਤੀ ਫਰਾਂਸਵਾ ਔਲਾਂਦ ਜਿਹੜਾ ਚੰਡੀਗੜ੍ਹ ਦੇਖਣ ਆਏ ਹਨ, ਉਹ ਹੁਣ ਲੀ ਕਾਰਬੂਜ਼ੀਏ ਦੇ ਖ਼ਵਾਬਾਂ ਦਾ ਸ਼ਹਿਰ ਨਹੀਂ ਰਿਹਾ। ਕਾਰਬੂਜ਼ੀਏ ਨੇ ਇਸ ਸ਼ਹਿਰ ਨੂੰ ਲੈ ਕੇ ਨਿਰਛਲ ਸਵਰਗ ਦੀ ਕਲਪਨਾ ਕੀਤੀ ਸੀ, ਪਰ ਇਹ ਜ਼ਿਆਦਾ ਦੇਰ ਕਾਇਮ ਨਹੀਂ ਸੀ ਰਹਿਣਾ ਤੇ ਕਿਸੇ ਨੂੰ ਇਸ ਪੁਰਾਣੇ ਚਿਹਨ-ਚੱਕਰ ਦੇ ਖਿੰਡ-ਪੁੰਡ ਜਾਣ ਦਾ ਰੰਜ ਵੀ ਨਹੀਂ ਹੋਣਾ ਚਾਹੀਦਾ। ਸ਼ਹਿਰ ਆਪਣੇ ਉਸਰੱਈਏ ਦੇ ਖ਼ਵਾਬਾਂ ਵਿਚ ਸਿਮਟ ਕੇ ਨਹੀਂ ਰਹਿ ਸਕਦੇ। ਇਸ ਦਾ ਸਿੱਧ-ਪੱਧਰਾ ਜਿਹਾ ਕਾਰਨ ਇਹ ਹੈ ਕਿ ਸ਼ਹਿਰ ਮਹਿਜ਼ ਇਮਾਰਤਾਂ, ਸੜਕਾਂ ਤੇ ਯਾਦਗਾਰਾਂ ਦਾ ਨਾਂ ਨਹੀਂ ਹੁੰਦਾ, ਸਗੋਂ ਇਸ ਨਾਲੋਂ ਕਿਤੇ ਵਧ ਕੇ ਹੁੰਦਾ ਹੈ। ਸ਼ਹਿਰ ਨੂੰ ਇਸ ਦੀ ਵਧਦੀ ਵਸੋਂ ਤੋਂ ਜੀਵੰਤਤਾ ਤੇ ਹਸਤੀ ਹਾਸਲ ਹੁੰਦੀ ਹੈ ਤੇ ਲੋਕਾਂ ਦੀਆਂ ਲੋੜਾਂ ਤੇ



***ਜਦੋਂ 13 ਨਵੰਬਰ ਨੂੰ ਪੈਰਿਸ ਵਿਚ ਦਹਿਸ਼ਤੀ ਹਮਲਾ ਹੋਇਆ, ਤਦ ਜੋ ਜਵਾਬ ਰਾਸ਼ਟਰਪਤੀ ਔਲਾਂਦ ਨੇ ਦਿੱਤਾ, ਉਸ ਨਾਲ ਉਨ੍ਹਾਂ ਦਾ ਆਗੂ ਦੇ ਤੌਰ 'ਤੇ ਕੱਦ-ਬੁੱਤ ਦੂਣਾ-ਚੌਣਾ ਹੋ ਗਿਆ... ਦੂਜੇ ਪਾਸੇ, ਨਵੇਂ ਸਾਲ ਦੀ ਤੜਕਸਾਰ ਜਦੋਂ ਦਹਿਸ਼ਤਗਰਦਾਂ ਨੇ ਪਠਾਨਕੋਟ ਏਅਰਬੇਸ 'ਤੇ ਹਮਲਾ ਕੀਤਾ, ਤਾਂ ਇਵੇਂ ਜਾਪਿਆ ਕਿ ਨਰੇਂਦਰ ਮੋਦੀ ਬਰਫ਼ ਵਿਚ ਲੱਗ ਗਏ ਹੋਣ।***

ਖ਼ਾਹਿਸ਼ਾਂ ਬਦਲ ਜਾਂਦੀਆਂ ਹਨ ਅਤੇ ਇਹ ਸ਼ਹਿਰ ਦੇ ਹੱਦ-ਬੰਨੇ ਤੋੜ ਦਿੰਦੀਆਂ ਹਨ।

ਫਰਾਂਸੀਸੀ ਮਹਿਮਾਨ ਦੀ ਆਮਦ ਵਿਚ ਚੰਡੀਗੜ੍ਹ ਦੇ ਅਧਿਕਾਰੀ ਸ਼ਹਿਰ ਦੇ ਹਰ ਗੰਦੇ-ਮੰਦੇ ਗਲੀ ਕੋਨੇ ਨੂੰ ਢੱਕਣ ਦੀਆਂ ਕੋਸ਼ਿਸ਼ਾਂ ਵਿਚ ਜੁਟੇ ਹੋਏ ਸਨ, ਜਿਥੋਂ ਰਾਸ਼ਟਰਪਤੀ ਔਲਾਂਦ ਦਾ ਕਾਰ-ਕਾਫ਼ਲਾ ਲੰਘਣਾ ਸੀ, ਪਰ ਹੁਣ ਜਾਪਦਾ ਹੈ ਕਿ ਚੰਡੀਗੜ੍ਹ ਦੇ ਬੌਸਾਂ ਨੇ ਪਿਛਲੇ ਸਾਲ ਵਾਲੀ ਫੁੱਲ-ਵਲੇਲ ਲਾ ਕੇ 'ਪੋਤੇਮਕਿਨਸਾਜ਼ੀ' ਤੋਂ ਸਬਕ ਸਿੱਖ ਲਿਆ ਅਤੇ ਪਰਦੇ ਪਾਉਣ ਦੀ ਬਜਾਏ ਸਾਫ਼-ਸਫ਼ਾਈ ਕਰਵਾਉਣ ਦਾ ਰਾਹ ਅਖ਼ਤਿਆਰ ਕਰ ਲਿਆ।

000

ਜੇ ਪਿਛਲੇ ਪੰਜ ਦਹਾਕਿਆਂ ਦੌਰਾਨ ਭਾਰਤੀ ਪੱਤਰਕਾਰਾਂ ਦੇ ਸਨਮਾਨਾਂ ਦੀ ਫਰਦ ਇਕੱਠੀ ਕੀਤੀ ਜਾਵੇ ਤਾਂ ਬੀ.ਜੀ. ਵਰਗੀਜ਼ ਦਾ ਨਾਂ ਉਸ ਵਿਚ ਕਾਫ਼ੀ ਉਚੇ ਮੁਕਾਮ 'ਤੇ ਆਵੇਗਾ। 2014 ਵਿਚ ਜਦੋਂ ਵਰਗੀਜ਼ ਦਾ ਦੇਹਾਂਤ ਹੋਇਆ ਤਾਂ ਉਹ ਪਾਕਿਸਤਾਨ ਬਾਰੇ ਕਿਤਾਬ ਲਿਖ ਰਹੇ ਸਨ। ਉਨ੍ਹਾਂ ਦੇ ਪੁੱਤਰ ਨੇ ਇਹ ਕਿਤਾਬ 'ਏ ਸਟੇਟ ਇਨ ਡਿਨਾਇਲ-ਪਾਕਿਸਤਾਨ'ਜ਼ ਮਿਸਗਾਈਡਿਡ ਐਂਡ ਡੇਂਜਰਸ ਕਰੂਸੇਡ' (ਇਕ ਮੁਨਕਰ ਰਾਜ-ਪਾਕਿਸਤਾਨ ਦਾ ਭਟਕਿਆ ਤੇ ਖ਼ਤਰਨਾਕ ਜਹਾਦ) ਛਪਵਾ ਕੇ ਨਾ ਕੇਵਲ ਆਪਣੇ ਪਿਤਾ ਦੀ ਯਾਦ ਵਿਚ ਵਧੀਆ ਕੰਮ ਕੀਤਾ ਹੈ, ਸਗੋਂ ਦੱਖਣ ਏਸ਼ੀਆ ਵਿਚ ਸੂਝ-ਬੂਝ ਅਤੇ ਅਮਨ ਵਧਾਉਣ ਦੀ ਖ਼ਾਤਿਰ ਵੀ ਚੰਗਾ ਕੰਮ ਕੀਤਾ ਹੈ।

ਵਰਗੀਜ਼ ਨੂੰ ਦੋਸਤ 'ਜੌਰਜ' ਕਹਿ ਕੇ ਬੁਲਾਉਂਦੇ ਸਨ। ਪੱਤਰਕਾਰੀ ਦੇ ਪੇਸ਼ੇ ਵਿਚ ਚਕਲਿਆਂ ਨਾਲੋਂ ਵੀ ਵੱਧ ਗੁਨਾਹਗਾਰ ਭਰੇ ਪਏ ਹਨ, ਪਰ ਜੌਰਜ ਨਿਰੇ ਸੰਤ ਸਨ। ਉਹ ਪੁਰਾਣੇ ਜ਼ਮਾਨੇ ਦੇ ਅਸੂਲਪ੍ਰਸਤ ਤੇ ਇਖ਼ਲਾਕਪ੍ਰਸਤ ਇਨਸਾਨ ਸਨ। ਪੁੱਜ ਕੇ ਇਮਾਨਦਾਰ। ਉਨ੍ਹਾਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸੂਚਨਾ ਸਲਾਹਕਾਰ ਵਜੋਂ ਕੰਮ ਕੀਤਾ ਸੀ, ਪਰ ਬਤੌਰ ਸੰਪਾਦਕ ਉਨ੍ਹਾਂ ਤੋਂ ਬਹੁਤ ਦੂਰ ਵੀ ਹੋ ਗਏ ਸਨ। ਜਦੋਂ ਕਦੇ ਅਸੂਲਾਂ, ਇਖ਼ਲਾਕ ਤੇ ਨੇਮਾਂ ਦਾ ਸਵਾਲ ਪੈਦਾ ਹੁੰਦਾ ਹੈ ਤਾਂ ਉਨ੍ਹਾਂ ਦੀ ਪ੍ਰਕਾਸ਼ਕਾਂ ਨਾਲ ਖੜਕ ਜਾਂਦੀ ਸੀ ਤੇ ਉਹ ਅਖ਼ਬਾਰ ਦੇ ਦਫ਼ਤਰ ਤੋਂ ਬਾਹਰ ਆ ਜਾਂਦੇ। ਪਾਕਿਸਤਾਨ ਬਾਰੇ ਲਿਖੀ ਇਸ ਕਿਤਾਬ ਤੋਂ ਜੌਰਜ ਦੀ ਸ਼ਖ਼ਸੀਅਤ ਦੀ ਵੀ ਝਲਕ ਮਿਲਦੀ ਹੈ। ਉਨ੍ਹਾਂ ਨੂੰ ਆਪਣੇ ਤਰਕ ਦੀ ਇਮਾਨਦਾਰੀ ਅਤੇ ਵਿਦਵਤਾ ਦੀ ਦਿਆਨਤਦਾਰੀ 'ਤੇ ਇੰਨਾ ਭਰੋਸਾ ਸੀ ਕਿ ਉਹ ਪਾਕਿਸਤਾਨੀ ਪਾਠਕਾਂ ਨੂੰ ਮੁਖ਼ਾਤਬ ਹੁੰਦੇ ਹਨ ਅਤੇ ਨਿਸ਼ਚੇ ਨਾਲ ਕਹਿੰਦੇ ਹਨ ਕਿ ਇਸ ਕਿਤਾਬ ਨੂੰ 'ਭਾਰਤੀ ਚੀਕ-ਚਿਹਾੜਾ' ਕਹਿ ਕੇ ਦੁਰਕਾਰਿਆ ਨਹੀਂ ਜਾ ਸਕਦਾ।

ਜੌਰਜ ਨੇ ਪਾਕਿਸਤਾਨੀ ਰਾਸ਼ਟਰਪਤੀ ਜ਼ੁਲਫ਼ਿਕਾਰ ਅਲੀ ਭੁੱਟੋ ਅਤੇ ਪੀ.ਐਨ. ਹਕਸਰ ਜੋ ਭਾਰਤ ਦੇ ਮਹਾਨਤਮ ਅਫ਼ਸਰਾਂ ਵਿਚੋਂ ਇੱਕ ਸਨ, ਵਿਚਕਾਰ ਹੋਏ ਵਿਚਾਰ-ਵਟਾਂਦਰੇ ਦਾ ਖ਼ੁਲਾਸਾ ਕੀਤਾ ਹੈ। ਹਕਸਰ 1973 ਵਿਚ ਭੁੱਟੋ ਦੇ ਇਸਲਾਮਾਬਾਦ ਵਿਚਲੇ ਘਰ ਮਹਿਮਾਨ ਬਣ ਕੇ ਗਏ ਹੋਏ ਸਨ ਅਤੇ ਉਨ੍ਹਾਂ ਦੀ ਨਜ਼ਰ ਘਰ ਦੀ ਦੀਵਾਰ 'ਤੇ ਟੰਗੀ ਮਹਾਤਮਾ ਬੁੱਧ ਦੀ ਤਸਵੀਰ 'ਤੇ ਪਈ। ਹਕਸਰ ਜੋ ਕਸ਼ਮੀਰੀ ਸਨ, ਨੇ ਆਪਣੇ ਮੇਜ਼ਬਾਨ ਭੁੱਟੋ ਤੋਂ ਤਸਵੀਰ ਬਾਰੇ ਪੁੱਛਿਆ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਉਹ ਬੁੱਧ ਦਾ ਸਤਿਕਾਰ ਕਰਦੇ ਹਨ।

ਹਕਸਰ ਨੇ ਝੱਟ ਭੁੱਟੋ ਨੂੰ ਘੇਰਦਿਆਂ ਸਵਾਲ ਕੀਤਾ- 'ਤੁਸੀਂ ਫਿਰ ਹਜ਼ਾਰ ਸਾਲ ਦੀ ਲੜਾਈ ਦੀਆਂ ਗੱਲਾਂ ਕਿਉਂ ਕਰਦੇ ਹੋ? ਕੀ ਤੁਸੀਂ ਆਪਣੇ ਹੀ ਇਤਿਹਾਸ ਨਾਲ ਟਕਰਾਉਣਾ ਚਾਹੁੰਦੇ ਹੋ? ਕੀ ਪਾਕਿਸਤਾਨ ਆਪਣੀ ਹੀ ਪਛਾਣ ਨਾਲ ਲੜ ਰਿਹਾ ਹੈ? ਟਕਰਾਅ ਦੀਆਂ ਗੱਲਾਂ ਤਾਂ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਦੇ ਦਿਲੋ-ਦਿਮਾਗ 'ਤੇ ਅਸਰ ਪੈਦਾ ਹੈ। ਭਾਰਤ ਵਿਚ ਇਹ ਗ਼ਲਤ ਲੋਕਾਂ ਦੇ ਹੱਥੇ ਚੜ੍ਹ ਸਕਦੀਆਂ ਹਨ।' ਹਕਸਰ ਦੀ ਭਵਿੱਖਬਾਣੀ ਸਹੀ ਸਾਬਿਤ ਹੋ ਗਈ। ਟਕਰਾਅ ਦੀ ਭੁੱਟੋ ਵਾਲੀ ਤਰਜ਼ ਭਾਰਤ ਅਤੇ ਪਾਕਿਸਤਾਨ ਵਿਚ ਵਾਕਈ ਗ਼ਲਤ ਲੋਕਾਂ ਦੇ ਹੱਥ ਚੜ੍ਹ ਗਈ।

# ਅੰਮ੍ਰਿਤਾ ਸ਼ੇਰਗਿੱਲ ਦੀ ਗੁਆਚੀ ਡਾਇਰੀ ਦੇ ਵਰਕੇ

*ਚਿੱਤਰਕਲਾ ਦੇ ਖੇਤਰ ਵਿਚ ਨਿੱਕੀ ਉਮਰੇ ਉਚੀ ਉਡਾਣ ਭਰਨ ਵਾਲੀ ਅੰਮ੍ਰਿਤਾ ਸ਼ੇਰਗਿੱਲ (30 ਜਨਵਰੀ 1913-5 ਦਸੰਬਰ 1941) ਨੇ ਉਮਰ ਦਾ 29ਵਾਂ ਵਰ੍ਹਾ ਅਜੇ ਪੂਰਾ ਨਹੀਂ ਸੀ ਕੀਤਾ ਕਿ ਵਕਤ ਅਤੇ ਬੁਰਸ਼ ਥਾਂਏਂ ਖਲੋ ਗਏ। ਲਾਇਬਰੇਰੀ ਦੀਆਂ ਕਿਤਾਬਾਂ ਫਰੋਲਦਿਆਂ ਜਗਤਾਰ ਜੀਤ ਨੂੰ ਅਜਿਹੀ ਕਿਤਾਬ ਥਿਆਈ ਜਿਸ ਵਿਚ ਅੰਮ੍ਰਿਤਾ ਵੱਲੋਂ ਲਿਖੀ ਡਾਇਰੀ ਦੇ ਕੁਝ ਪੰਨੇ ਦਰਜ ਸਨ। ਡਾਇਰੀ ਦੇ ਇਨ੍ਹਾਂ ਇੰਦਰਾਜਾਂ ਤੋਂ ਵੱਖਰੀ ਅੰਮ੍ਰਿਤਾ ਦੇ ਦਰਸ਼ਨ ਹੁੰਦੇ ਹਨ। 20 ਅਪਰੈਲ 1929 ਦਾ ਇੰਦਰਾਜ ਦੱਸਦਾ ਹੈ- ਪਾਪਾ ਪਿਆਰ ਨਾਲ ਅੰਮੂ ਕਹਿੰਦੇ ਹਨ। ਮਾਂ ਮੈਨੂੰ ਰਿਤੂ ਕਹਿੰਦੀ ਹੈ। ਮੈਂ ਅੰਮ੍ਰਿਤਾ ਹਾਂ।... ਇਹੀ ਨਿਆਰੀ ਤੇ ਨਿਰਾਲੀ ਅੰਮ੍ਰਿਤਾ ਅਪੈਂਡਿਕਸ ਦੇ ਅਪਰੇਸ਼ਨ ਤੋਂ ਬਾਅਦ ਜਿਸਮ 'ਤੇ ਪੈਣ ਵਾਲੇ ਨਿਸ਼ਾਨ ਤੋਂ ਆਮ ਕੁੜੀ ਵਾਂਗ ਫਿਕਰਮੰਦ ਹੈ- "ਜ਼ਖ਼ਮ ਭਰ ਜਾਣਗੇ, ਪਰ ਨਿਸ਼ਾਨ ਰਹਿ ਜਾਣਗੇ।"*



ਲਾਇਬਰੇਰੀ ਦੀਆਂ ਕਿਤਾਬਾਂ ਫਰੋਲਦਿਆਂ ਇਕ ਕਿਤਾਬ ਹੱਥ ਆਈ ਜਿਸ ਵਿਚ ਅੰਮ੍ਰਿਤ ਸ਼ੇਰਗਿੱਲ ਵੱਲੋਂ ਲਿਖੀ ਡਾਇਰੀ ਦੇ ਕੁਝ ਪੰਨੇ (5 ਨਵੰਬਰ 1923 ਤੋਂ 8 ਅਗਸਤ 1932 ਤੱਕ) ਪੜ੍ਹਨ ਨੂੰ ਮਿਲੇ। ਇਹ ਡਾਇਰੀ ਕਦੋਂ ਲਿਖਣੀ ਆਰੰਭੀ ਅਤੇ ਕਦ ਤਕ ਲਿਖੀ ਗਈ, ਕੁਝ ਪਤਾ ਨਹੀਂ ਲਗਦਾ। ਇਹ ਉਸੇ ਵੱਡ-ਆਕਾਰੀ ਡਾਇਰੀ ਦੇ ਕੁਝ ਕੁ ਪੰਨੇ ਹਨ। ਇਹ ਡਾਇਰੀ ਅੰਮ੍ਰਿਤਾ ਦਾ ਵੱਖਰਾ ਰੂਪ ਸਾਹਮਣੇ ਲਿਆਉਂਦੀ ਹੈ ਜੋ ਉਸ ਦੇ ਚਿੱਤਰਕਾਰ ਰੂਪ ਤੋਂ ਘੱਟ ਨਹੀਂ ਲਗਦਾ। ਉਸ ਦੇ ਗੱਦ ਪ੍ਰਗਟਾਵੇ ਦਾ ਵਿਲੱਖਣ ਅੰਦਾਜ਼ ਗਹਿਰ-ਗੰਭੀਰ ਅਤੇ ਗਿਆਨ-ਮਈ ਹੈ। ਕੋਈ ਵੀ ਇੰਦਰਾਜ ਪੜ੍ਹੋ-ਵਿਚਾਰੋ, ਉਹ ਛੋਹੇ ਤੱਤ ਬਾਰੇ ਭਰਪੂਰ ਬੇਲਿਹਾਜ਼ ਜਾਣਕਾਰੀ ਦਿੰਦਾ ਹੈ। ਕਿਸੇ ਵੇਲੇ ਸਿਰਫ ਇਕ ਪੰਗਤੀ ਵਾਲਾ ਇੰਦਰਾਜ ਵੀ ਮਹੱਤਵਪੂਰਨ ਹੋ ਨਿਬੜਦਾ ਹੈ।

ਅੰਮ੍ਰਿਤਾ ਸ਼ੇਰਗਿੱਲ ਨੇ ਅਲਪ ਆਯੂ (30 ਜਨਵਰੀ 1913-5 ਦਸੰਬਰ 1941) ਭੋਗੀ। ਉਸ ਦੇ ਚਿੱਤਰਾਂ ਨੇ ਭਾਰਤੀ ਕਲਾ ਵਿਚ ਵਿਚਰ ਰਹੀ ਜੜ੍ਹਤਾ ਨੂੰ ਤੋੜਿਆ। ਉਸ ਦੇ ਖ਼ਤਾਂ ਅਤੇ ਡਾਇਰੀ ਨੂੰ ਉਸ ਦੀਆਂ ਰਚੀਆਂ ਪੇਂਟਿੰਗਾਂ ਤੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਉਸ ਦਾ ਲਿਖਿਆ, ਉਸ ਦੀਆਂ ਪੇਂਟਿੰਗਾਂ ਦੇ ਲੁਕਵੇਂ ਤੱਤਾਂ ਨੂੰ ਜਗਮਗ ਕਰਨੇ ਲਾ ਦਿੰਦਾ ਹੈ। ਕਈ ਵਾਰ, ਇਸ ਪੱਖੋਂ, ਉਹ ਵਾੱਨ ਗੌਗ ਦੇ ਨੇੜੇ-ਤੇੜੇ ਵਿਚਰਦੀ ਲਗਦੀ ਹੈ। ਉਂਜ ਵੀ ਉਹ ਵਾੱਨ ਗੌਗ ਦੇ ਕੰਮ ਦੀ ਪ੍ਰਸ਼ੰਸਕ ਵੀ ਰਹੀ। ਕੁਝ ਪੰਨੇ ਇਸ ਤਰ੍ਹਾਂ ਹਨ:

**ਜਗਤਾਰ ਜੀਤ**
**ਫੋਨ: +91-98990-91186**

**5 ਨਵੰਬਰ 1923:** ਸ਼ਿਮਲਾ ਕਾਨਵੈਂਟ ਵਿਖੇ ਪੜ੍ਹਨ ਦੀ ਮੇਰੀ ਇੱਛਾ ਬਿਲਕੁਲ ਨਹੀਂ ਸੀ। ਇਸ ਦੇ ਬਾਵਜੂਦ ਮੱਾਮ ਦੀ ਇੱਛਾ ਸੀ ਕਿ ਮੈਂ ਉਥੇ ਪੜ੍ਹਾਂ। ਮੈਂ ਅਧਿਆਪਕ ਨੂੰ ਕਿਹਾ- ਉਥੇ ਚਰਚ ਜਾਣਾ ਲਾਜ਼ਮੀ ਹੈ, ਪਰ ਮੇਰਾ ਈਸ਼ਵਰ ਅਤੇ ਧਰਮ ਉਪਰ ਵਿਸ਼ਵਾਸ ਨਹੀਂ ਹੈ। ਮੈਂ ਚਰਚ ਨਹੀਂ ਜਾਵਾਂਗੀ। ਅਧਿਆਪਕਾ ਨੇ ਮੇਰੇ ਵੱਲ ਕੈੜੀ ਨਜ਼ਰ ਨਾਲ ਦੇਖਿਆ, ਜਿਵੇਂ ਉਹ ਕਹਿਣਾ ਚਾਹੁੰਦੀ ਸੀ ਕਿ ਇਹ ਕਹਿ ਕੇ ਮੈਂ ਆਪਣਾ ਜੀਵਨ ਅਜਾਈਂ ਗਵਾਇਆ ਹੈ। ਮੈਂ ਪਾਪਾ ਨੂੰ ਇਹਦੇ ਬਾਰੇ ਖ਼ਤ ਲਿਖਿਆ, ਪਰ ਉਹ ਮੈਡਮ ਦੇ ਹੱਥ ਆ ਗਿਆ। ਇਸ ਵਜ੍ਹਾ ਕਰ ਕੇ ਮੈਨੂੰ ਕਾਨਵੈਂਟ ਛੱਡਣਾ ਪਿਆ। ਮੱਾਮ ਨੂੰ ਤਾਂ ਗੁੱਸਾ ਆਇਆ, ਪਰ ਪਾਪਾ ਨੇ ਕੁਝ ਵੀ ਨਾ ਕਿਹਾ, ਦੂਸਰੇ ਦਿਨ ਤੋਂ ਅਧਿਆਪਕ ਹੀ ਘਰ ਪੜ੍ਹਾਉਣ ਆਉਣ ਲੱਗੇ।

**15 ਦਸੰਬਰ 1923:** ਮੱਾਮ ਦੇ ਬੈੱਡਰੂਮ ਵਿਚੋਂ ਚੀਕਣ ਦੀ ਆਵਾਜ਼ ਆਈ। ਪਾਪਾ ਉਨ੍ਹਾਂ ਨੂੰ ਸਮਝਾਉਣ ਦਾ ਯਤਨ ਕਰ ਰਹੇ ਸਨ। 'ਮੇਰੀ... ਖ਼ੁਦ ਨੂੰ ਸੰਭਾਲ'। ਉਹ ਬਾਹਰ ਨਿਕਲੇ। ਟੈਰੇਸ ਉਪਰ ਉਨ੍ਹਾਂ ਦੀ ਦੂਰਬੀਨ ਸੀ। ਉਹ ਗ੍ਰਹਿ ਤਾਰੇ ਦੇਖਦੇ ਰਹੇ। ਮੱਾਮ ਦਾ ਗੁੱਸਾ ਜਦ ਵੀ ਵਧ ਜਾਂਦਾ ਤਾਂ ਉਹ ਇੱਦਾਂ ਹੀ ਖ਼ੁਦ ਨੂੰ ਗ੍ਰਹਿ ਤਾਰਿਆਂ ਵਿਚ ਉਲਝਾ ਲੈਂਦੇ ਹਨ।

**30 ਜਨਵਰੀ 1924 (ਏਥਨਜ਼):** ਮੇਰਾ ਗਿਆਰ੍ਹਵਾਂ ਜਨਮ ਦਿਨ। ਮਾਰਸੇਲੇ ਨਾਲ ਉਸ ਦੇ ਤਿੰਨ ਦੋਸਤ ਅਤੇ ਤਿੰਨ ਸਹੇਲੀਆਂ ਵੀ ਆਈਆਂ। ਮੱਾਮ ਨੇ ਕੇਕ ਮੰਗਵਾਇਆ। ਵਾਇਲਨ-ਵਾਦਕ ਨੂੰ ਸੱਦਿਆ। ਉਹ ਪੂਰੀ ਤਲੀਨਤਾ ਨਾਲ ਵਾਇਲਨ ਵਜਾ ਰਿਹਾ ਸੀ। ਮਾਰਸੇਲੇ ਪਿਆਨੋ ਵਜਾ ਰਿਹਾ ਸੀ। ਸਾਰੇ ਮਸਤ ਹੋ ਨੱਚ ਰਹੇ ਸਨ। ਸਾਰਿਆਂ ਨੇ ਖ਼ੂਬ ਪੀਤੀ। ਮੈਂ ਅਤੇ ਇੰਦਰਾ ਉਬ ਗਈਆਂ ਸੀ। ਅਸੀਂ ਹਾਲ ਵਿਚੋਂ ਬਾਹਰ ਨਿਕਲ ਆਈਆਂ ਤਾਂ ਵੀ ਕਿਸੇ ਨੂੰ ਪਤਾ ਨਾ ਲੱਗਾ। ਅਸੀਂ ਦੋਹਾਂ ਨੇ ਕੇਕ ਕੱਟਿਆ। ਜੀਅ ਭਰ ਕੇ ਖਾਧਾ। ਇੰਦਰਾ ਸੌਂ ਗਈ। ਸੋਚਿਆ, ਨੱਚਣ ਵਾਲਿਆਂ ਨੂੰ ਜ਼ਰਾ ਦੇਖਿਆ ਜਾਵੇ। ਹਾਲ ਵਿਚ ਕੋਈ ਨਹੀਂ ਸੀ। ਪੋਲੇ ਪੈਰੀਂ ਚਲਦਿਆਂ ਮੈਂ ਬਾਹਰ ਵੱਲ ਝਾਕਿਆ। ਮੱਾਮ ਮਾਰਸੇਲੇ ਦੀਆਂ ਬਾਂਹਾਂ ਵਿਚ ਸੀ। ਮੈਂ ਇੰਦਰਾ ਕੋਲ ਵਾਪਸ ਆ ਗਈ। ਲੰਮੀ ਪਈ ਪਾਸੇ ਲੈਂਦੀ ਰਹੀ। ਪਾਪਾ ਕਿਥੇ ਹੋਣਗੇ? ਛੱਤ ਉਪਰ ਦੂਰਬੀਨ ਨਾਲ ਗ੍ਰਹਿ ਤਾਰੇ ਦੇਖ ਰਹੇ ਹੋਣਗੇ? ਜਾਂ ਧਿਆਨ ਮੁਦਰਾ ਵਿਚ ਅੰਤਰ-ਆਤਮਾ ਨੂੰ ਖੋਜ ਰਹੇ ਹੋਣਗੇ? ਜਾਂ ਗਿਆਨ ਤਪੱਸਿਆ ਬਾਬਤ ਗੰਗਾ ਕੰਢੇ ਵੇਦਾਂਤ ਚਰਚਾ ਵਿਚ ਮਗਨ ਹੋਣਗੇ?

**15 ਮਾਰਚ 1924 (ਸ਼ਿਮਲਾ):** ਮੱਾਮ ਦਾ ਭਰਮ ਖੇਰੂੰ-ਖੇਰੂੰ ਹੋ ਗਿਆ। ਮਾਰਸੇਲੇ ਆਪਣੇ ਪਿੰਡ ਆਪਣੀ ਘਰਵਾਲੀ ਕੋਲ ਸਿੱਸਲੀ ਚਲਾ ਗਿਆ। ਮੱਾਮ ਨੇ ਉਸ ਦੀਆਂ ਖ਼ੂਬ ਮਿੰਨਤਾਂ ਕੀਤੀਆਂ, ਖ਼ੂਬ ਹੰਝੂ ਕੇਰੇ, ਪਰ ਉਹ ਨਾ ਰੁਕਿਆ। ਵਾਪਸੀ ਵੇਲੇ ਜਹਾਜ਼ ਵਿਚ, ਮੱਾਮ ਬਿਲਕੁਲ ਚੁੱਪ ਰਹੀ। ਉਸ ਹਾਲਾਤ ਵਿਚ ਮੈਂ ਉਨ੍ਹਾਂ ਦੀਆਂ ਕਈ ਤਸਵੀਰਾਂ ਉਲੀਕੀਆਂ, ਪਰ ਉਹ ਮੈਨੂੰ ਉਜੜੀ ਹਵੇਲੀ ਵਾਂਗ ਲੱਗ ਰਹੇ ਸਨ। ਇੰਦਰਾ ਨੂੰ ਛਾਤੀ ਨਾਲ ਲਾ ਰੋਂਦੇ ਰਹਿੰਦੇ। ਇੰਦਰਾ ਮੈਥੋਂ ਪੁੱਛਦੀ- ਮੱਾਮ ਕਿਉਂ ਰੋਂਦੀ ਰਹਿੰਦੀ ਹੈ? ਮੈਂ ਕਿਹਾ- ਇੰਦਰਾ, ਜਹਾਜ਼ੀ ਸਫ਼ਰ ਕਰ ਕੇ ਉਨ੍ਹਾਂ ਦਾ ਸਿਰ ਦਰਦ ਕਰ ਰਿਹਾ ਹੈ। ਉਨ੍ਹਾਂ ਨੂੰ ਬਹੁਤ ਤਕਲੀਫ਼ ਹੁੰਦੀ ਹੈ, ਇਸੇ ਲਈ ਰੋਂਦੇ ਹਨ। ਸ਼ਿਮਲਾ ਪੁੱਜੇ ਤਾਂ ਪਾਪਾ ਨੇ ਹੱਸ ਕੇ ਸੁਆਗਤ ਕੀਤਾ। ਮੱਾਮ ਨੂੰ ਆਪਣੀਆਂ ਬਾਂਹਾਂ ਵਿਚ ਘੁੱਟ ਲਿਆ।

**1 ਜੂਨ 1927 (ਸ਼ਿਮਲਾ):** ਕੱਲ੍ਹ ਰਾਤ ਰੋਟੀ ਖਾਣ ਵੇਲੇ ਪਾਪਾ ਅਤੇ ਮੱਾਮ ਵਿਚਾਲੇ ਗਰਮਾ-ਗਰਮ ਬਹਿਸ ਹੋ ਗਈ। ਇਰਵਿਨ ਅੰਕਲ ਦੇ ਸੁਝਾਅ ਨੂੰ ਮੱਾਮ ਨੇ ਗੰਭੀਰਤਾ ਨਾਲ ਲਿਆ। ਉਨ੍ਹਾਂ ਪਾਪਾ ਨੂੰ ਕਿਹਾ- ਕੁੜੀਆਂ ਨੂੰ ਲੈ ਕੇ ਮੈਂ ਯੂਰਪ ਜਾਵਾਂਗੀ। ਪਾਪਾ ਦੀਆਂ ਅੱਖਾਂ ਵਿਚ ਬੇਗਾਨੇਪਣ ਦਾ ਭਾਵ ਉਭਰਿਆ। ਮੱਾਮ ਦੀਆਂ ਅੱਖਾਂ ਵਿਚ ਵੀ ਉਹੀ ਭਾਵ ਸੀ। ਉਸ ਕਿਹਾ, "ਕੁੜੀਆਂ ਦੇ ਭਵਿੱਖ ਬਾਰੇ ਤੁਹਾਨੂੰ ਕੋਈ ਚਿੰਤਾ ਨਹੀਂ ਹੈ। ਜ਼ਰੂਰੀ ਹੋਇਆ ਤਾਂ ਮੈਂ ਅੰਮ੍ਰਿਤਾ ਦੇ ਨਾਲ ਪੈਰਿਸ ਹੀ ਰਹਾਂਗੀ। ਉਥੇ ਇਹ ਨੂੰ ਕਿਸੇ ਅੱਛੇ ਆਰਟਸ ਸਕੂਲ ਵਿਚ ਦਾਖਲਾ ਮਿਲ ਜਾਵੇਗਾ। ਇਰਵਿਨ ਕਹਿ ਰਿਹਾ ਸੀ।" ਉਨ੍ਹਾਂ ਨੂੰ ਵਿਚਾਲਿਓਂ ਰੋਕਦਿਆਂ ਹੋਇਆਂ ਪਾਪਾ ਬੋਲੇ, "ਦੇਖ ਮੇਰੀ, ਮੈਂ ਵੀ ਚਾਹੁੰਦਾ ਹਾਂ ਕਿ ਕੁੜੀਆਂ ਖ਼ੂਬ ਪੜ੍ਹਨ, ਅੱਗੇ ਵਧਣ। ਉਮਰ ਖਿਆਮ ਦੀਆਂ ਰੁਬਾਈਆਂ 'ਤੇ ਆਧਾਰਿਤ ਅੰਮ੍ਰਿਤਾ ਦੇ ਬਣਾਏ ਜਲ-ਰੰਗ ਚਿੱਤਰ ਮੈਂ ਇਥੋਂ ਦੇ ਬ੍ਰਿਟਿਸ਼ ਅਧਿਆਪਕਾਂ ਨੂੰ ਦਿਖਾਏ ਹਨ। ਉਹ ਕਹਿੰਦੇ ਹਨ ਕਿ ਉਸ ਨੂੰ ਲਾਹੌਰ ਭੇਜੋ। ਲਾਹੌਰ ਦਾ ਆਰਟਸ ਸਕੂਲ ਵੀ ਅੱਛਾ ਹੈ।" ਪਰ ਮੱਾਮ ਨੇ ਜ਼ਿੱਦ ਕੀਤੀ, "ਮੇਰੀ ਬੇਟੀ, ਪੈਰਿਸ ਹੀ ਜਾਵੇਗੀ।" ਪਾਪਾ ਨੇ ਮੱਾਮ ਨੂੰ ਬਹੁਤ ਦੁਖੀ ਹਿਰਦੇ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਕਿਸੇ ਦੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸੀ।

**29 ਅਗਸਤ 1927 (ਸ਼ਿਮਲਾ):** ਪੂਰੇ ਦੋ ਮਹੀਨਿਆਂ ਬਾਅਦ ਇਰਵਿਨ ਅੰਕਲ ਦੀ ਚਿੱਠੀ ਆਈ। ਪਾਪਾ-ਮੱਾਮ ਦੀ ਮਹਿਮਾਨ-ਨਿਵਾਜ਼ੀ ਤੋਂ ਉਹ ਕਾਫ਼ੀ ਖ਼ੁਸ਼ ਸਨ। ਅੱਧੇ ਤੋਂ ਵੱਧ ਚਿੱਠੀ ਮੇਰੇ ਬਾਬਤ ਸੀ, ਪਰ ਉਸ ਦਾ ਆਧਾਰ ਕਲਪਨਾ ਅਤੇ ਯਾਦ ਉਪਰ ਸੀ। ਉਸ ਨੂੰ ਮਾਡਲ ਨਾਲ ਕੰਮ ਕਰਨ ਲਈ ਕਹੋ। ਭੀੜ ਨੂੰ ਦੇਖਣ ਦੇਵੋ। ਬਾਜ਼ਾਰ ਵਿਚ ਸਬਜ਼ੀ ਵਾਲਿਆਂ, ਮੀਟ ਵਾਲਿਆਂ ਨੂੰ ਦੇਖਣ ਦੇਵੋ। ਇਸਤਰੀ-ਪੁਰਸ਼ ਦੀਆਂ ਸਰੀਰਕ ਮੁਦਰਾਵਾਂ, ਹਾਵ-ਭਾਵ, ਅਨੰਦ, ਈਰਖਾ, ਕਰੋਧ-ਸਾਰਿਆਂ ਦਾ ਅਧਿਐਨ ਕਰਨ ਦੇਵੋ। ਮੇਰਾ ਮਨ ਤਾਂ ਵਿਆਕੁਲ ਹੋ ਗਿਆ। ਮੈਂ ਆਸਮਾਨ ਵਿਚ ਉਡਣ ਲੱਗੀ, ਜਿਵੇਂ ਪੰਖ ਲੱਗ ਗਏ ਹੋਣ। ਦੌੜਦੀ ਹੋਈ ਜਦ ਮੈਂ ਵਿਹੜੇ ਵਿਚ ਆਈ ਤਾਂ ਸਾਡੀ ਨੌਕਰਾਣੀ ਕੁਸ਼ੀ ਸਾਫ-ਸਫ਼ਾਈ ਕਰ ਰਹੀ ਸੀ। ਮੈਂ ਉਸ ਦੇ ਕਈ ਚਿੱਤਰ ਬਣਾਏ। ਲੱਗਿਆ ਮੇਰੀਆਂ ਅੱਖਾਂ ਵਸਤ ਦੇ ਪਾਰ, ਚੰਮ ਦੇ ਅੰਦਰ ਵੀ ਝਾਤ ਮਾਰ ਸਕਦੀਆਂ ਹਨ। ਕੁਸ਼ੀ ਨੂੰ ਝਾੜੂ ਇਕ ਪਾਸੇ ਰੱਖ ਖਾਲੀ ਬੈਠਿਆਂ ਦੇਖਿਆ ਤਾਂ ਮੱਾਮ ਨੇ ਆਸਮਾਨ ਸਿਰ 'ਤੇ ਚੁੱਕ ਲਿਆ।

ਮੈਂ ਆਉਣ-ਜਾਣ ਵਾਲਿਆਂ ਦੇ ਚਿਹਰੇ ਧਿਆਨ ਨਾਲ ਦੇਖਣ ਲੱਗੀ। ਪਾਪਾ ਨੂੰ ਅਧਿਐਨ ਵਿਚ ਖੁੱਭਿਆਂ ਦੇਖ ਕੇ ਉਨ੍ਹਾਂ ਦਾ ਚਿੱਤਰ ਬਣਾਇਆ। ਲੰਮੀ ਦਾਹੜੀ, ਝੁੱਕੀ ਹੋਈ ਗਰਦਨ, ਸਿਰ ਉਪਰ ਸਰਦਾਰਾਂ ਵਾਲੀ ਪੱਗ। ਉਨ੍ਹਾਂ ਦੇ ਆਲੇ-ਦੁਆਲੇ ਕਿਤਾਬਾਂ ਦਾ ਢੇਰ।

**20 ਅਪਰੈਲ 1929 (ਪੈਰਿਸ):** ਅਸੀਂ ਸਾਰੇ ਪਾਪਾ, ਮੱਾਮ, ਇੰਦਰਾ ਪੈਰਿਸ ਪਹੁੰਚ ਗਏ। ਇਹ ਇਕਦਮ ਵੱਖਰੀ ਦੁਨੀਆਂ ਸੀ। ਇਥੋਂ ਦੇ ਲੋਕ ਫਰੈਂਚ ਤੋਂ ਇਲਾਵਾ ਕੋਈ ਦੂਸਰੀ ਭਾਸ਼ਾ ਨਹੀਂ ਬੋਲਦੇ। ਮੈਨੂੰ ਜਰਮਨ ਆਉਂਦੀ ਹੈ, ਇਸ ਦਾ ਮੈਨੂੰ ਮਾਣ ਸੀ। ਹੰਗੇਰੀਅਨ ਅਤੇ ਅੰਗਰੇਜ਼ੀ ਵੀ ਆਉਂਦੀ ਹੈ। ਆਪਣੇ ਵਤਨ ਦੀ ਹਿੰਦੀ ਤੇ ਪੰਜਾਬੀ ਵੀ ਬੋਲ ਸਕਦੀ ਹਾਂ, ਪਰ ਪੰਜ ਭਾਸ਼ਾਵਾਂ ਦਾ ਗਿਆਨ ਵੀ ਇਥੇ ਬੇਕਾਰ ਸੀ। ਫਰੈਂਚ ਸਿੱਖੇ ਬਿਨਾਂ ਇਥੋਂ ਦੀ ਜੀਵਨ-ਜਾਚ ਵਿਚ ਸ਼ਾਮਲ ਹੋਣਾ ਮੁਸ਼ਕਿਲ ਹੈ। ਮੈਂ ਪਾਪਾ ਨੂੰ ਆਪਣੀ ਸਮੱਸਿਆ ਦੱਸੀ ਤਾਂ ਬੋਲੇ, "ਅੰਮੂ, ਕਲਾ ਦੀ ਭਾਸ਼ਾ ਸੰਸਾਰਕ ਹੁੰਦੀ ਹੈ। ਯੂਨੀਵਰਸਲ। ਤੂੰ ਇਥੇ ਚਿੱਤਰ ਕਲਾ ਸਿੱਖਣ ਆਈ ਹੈਂ। ਕਲਾ ਦਾ ਰਿਆਜ਼ ਕਰਦੇ ਸਮੇਂ ਭਾਸ਼ਾ ਦੀ ਰੁਕਾਵਟ ਨਹੀਂ ਆਵੇਗੀ ਅਤੇ ਫਰੈਂਚ ਤਾਂ ਮਿੱਠੀ ਭਾਸ਼ਾ ਹੈ।" ਪਾਪਾ ਪਿਆਰ ਨਾਲ ਅੰਮੂ ਕਹਿੰਦੇ ਹਨ। ਮਾਂ ਮੈਨੂੰ ਰਿਤੂ ਕਹਿੰਦੀ ਹੈ। ਮੈਂ ਅੰਮ੍ਰਿਤਾ ਹਾਂ।

**27 ਅਪਰੈਲ 1929 (ਪੈਰਿਸ):** ਪਾਪਾ ਨੇ ਸਿਟੀ ਯੂਨੀਵਰਸਿਟੀ ਵਿਚ ਵੱਡਾ ਘਰ ਲਿਆ ਹੈ। 'ਬਸਾਨੋ' ਮਹਾਮਾਰਗ ਤੋਂ ਹਟ ਕੇ ਬਣੇ ਇਸ ਘਰ ਨੂੰ ਸਜਾਇਆ ਗਿਆ। ਉਨ੍ਹਾਂ ਨੇ ਆਪਣੀ ਮਨਪਸੰਦ ਦਾ ਫਰਨੀਚਰ ਮੰਗਵਾਇਆ ਹੈ।... ਹਿੰਦੋਸਤਾਨ ਤੋਂ ਲਿਆਂਦੇ ਗਲੀਚੇ ਡਰਾਇੰਗ ਰੂਮ ਅਤੇ ਬੈਡਰੂਮ ਵਿਚ ਵਿਛਾਏ। ਮੱਾਮ ਵਾਸਤੇ ਪਿਆਨੋ ਖਰੀਦਿਆ। ਛੱਤ ਨਾਲ ਝਾੜ-ਫਨੂਸ ਟੰਗੇ ਗਏ। ਦਰਵਾਜ਼ੇ ਖਿੜਕੀਆਂ ਉਤੇ ਪਰਦੇ ਸਜ ਗਏ। ਪਾਪਾ ਨੂੰ ਤਾਲਸਤੋਏ ਨਾਲ ਪਿਆਰ ਹੈ। ਉਨ੍ਹਾਂ ਦੀ ਅਲਮਾਰੀ ਵਿਚ ਤਾਲਸਤੋਏ ਦੀਆਂ ਕਿਤਾਬਾਂ ਤੋਂ ਇਲਾਵਾ ਤੱਤ ਗਿਆਨ, ਧਰਮ, ਇੰਡੋਲੋਜੀ ਬਾਰੇ ਬਹੁਤ ਸਾਰੇ ਗ੍ਰੰਥ ਹਨ। ਸੰਸਕ੍ਰਿਤ ਦੀਆਂ ਕਿਤਾਬਾਂ ਅਤੇ ਫਾਰਸੀ ਕਵਿਤਾਵਾਂ ਦੇ ਗ੍ਰੰਥ ਹਨ। ਉਨ੍ਹਾਂ ਦਾ ਖਗੋਲ ਸ਼ਾਸਤਰੀ ਗਿਆਨ ਗਹਿਰ-ਗੰਭੀਰ ਹੈ। ਖਗੋਲ ਸ਼ਾਸਤਰ ਸਬੰਧੀ ਉਨ੍ਹਾਂ ਪਾਸ ਬਹੁਤ ਸਾਰੀਆਂ ਪੁਸਤਕਾਂ ਹਨ। ਤਾਰਿਆਂ ਦੀ ਸਥਿਤੀ ਤੋਂ ਉਹ ਮਹਾਭਾਰਤ ਦੀ ਲੜਾਈ ਦੀ ਗਿਣਤੀ ਕਰ ਸਕਦੇ ਸਨ। ਆਪਣੀ ਇਸ ਵਿਰਾਸਤ ਉਪਰ ਉਨ੍ਹਾਂ ਨੂੰ ਗੌਰਵ ਸੀ। ਕਿਸੇ ਅਣਜਾਣ ਨੂੰ ਉਹ ਪਹਿਲੀ ਨਜ਼ਰੇ ਆਪਣੇ ਕੰਮ ਵਿਚ ਹੁਸ਼ਿਆਰ ਹੀ ਲਗਣਗੇ। ਉਸ ਉਮਰੇ ਵੀ ਉਨ੍ਹਾਂ ਦੀ ਗਿਆਨ ਪ੍ਰਤੀ ਪਿਆਸ ਈਰਖਾ ਕਰਨ ਲਾਇਕ ਸੀ।

**5 ਜੂਨ 1929:** ਜੋਸੇਫ ਨਿਮਾਸ ਦੇ ਨਾਲ ਗ੍ਰਾਂਡ ਸ਼ਾਮਿਏ ਕਲਾ ਸਕੂਲ ਵਿਚ ਮੈਂ ਪ੍ਰੋਫੈਸਰ ਪੇਰ ਵੇਲਾਨ ਨੂੰ ਮਿਲੀ। ਉਨ੍ਹਾਂ ਨੇ ਮੇਰੇ ਚਿੱਤਰ ਦੇਖੇ। ਮੇਰੇ ਚਿੱਤਰਾਂ ਨੂੰ ਦੇਖ ਕੇ ਉਨ੍ਹਾਂ ਅਗਲੇ ਹੀ ਛਿਣ ਆਪਣੀ ਐਨਕ ਦੇ ਲੈਂਜ਼ ਰਾਹੀਂ ਮੈਨੂੰ ਘੂਰ ਕੇ ਦੇਖਿਆ ਅਤੇ ਪੁੱਛਿਆ, "ਤੇਰੀ ਉਮਰ ਕਿੰਨੀ ਏ?" ਮੈਂ ਕਿਹਾ "ਸੋਲਾਂ।" ਤਦ ਉਨ੍ਹਾਂ ਕਿਹਾ, ਉਮਰ ਦੇ ਹਿਸਾਬ ਤੋਂ ਤੇਰਾ ਅਨੁਭਵ ਪ੍ਰੌੜ ਹੈ। ਕਿਸੇ ਨੂੰ ਵੀ ਪ੍ਰਭਾਵਿਤ ਕਰ ਲੈਣ ਦਾ ਕੌਸ਼ਲ ਤੇਰੇ ਚਿੱਤਰਾਂ ਵਿਚ ਹੈ। ਵਸਤੂ ਜਿਵੇਂ ਦਿਸਦੀ ਹੈ, ਉਹੋ ਜਿਹੀ ਚਿੱਤਰ-ਰਚਨਾ ਕਰ ਲੈਣੀ ਔਖੀ ਨਹੀਂ ਹੈ। ਅਸਲ ਗੱਲ ਹੈ ਤੁਹਾਨੂੰ ਕਿਵੇਂ ਦੀ ਦਿਸੀ, ਇਹ ਮਹੱਤਵਪੂਰਨ ਹੈ।



*ਅੰਮ੍ਰਿਤਾ ਸ਼ੇਰਗਿੱਲ ਆਪਣੀ ਮਸ਼ਹੂਰ ਕਲਾਕ੍ਰਿਤ 'ਚਾਈਲਡ ਵਾਈਫ' ਨਾਲ।*

ਇਹੋ ਕੁਝ ਸੁਣਨ ਲਈ ਤਾਂ ਮੈਂ ਹਿੰਦੋਸਤਾਨ ਤੋਂ ਪੈਰਿਸ ਪਹੁੰਚੀ ਹਾਂ। ਇਹ ਸੁਣਦਿਆਂ ਹੀ ਉਨ੍ਹਾਂ ਮੇਰੀ ਪਿੱਠ 'ਤੇ ਥਾਪੜਾ ਦਿੱਤਾ। ਮੈਨੂੰ ਦਾਖਲਾ ਮਿਲ ਗਿਆ।

**28 ਅਕਤੂਬਰ 1929 (ਪੈਰਿਸ):** ਅਚਾਨਕ ਢਿੱਡ ਪੀੜ ਹੋਈ। ਲੱਗਿਆ ਜਿਵੇਂ ਕੋਈ ਚਾਕੂ ਨਾਲ ਆਂਦਰਾਂ ਕੱਟ ਰਿਹਾ ਹੈ। ਮੱਾਮ ਨੇ ਹਸਪਤਾਲ ਵਿਚ ਭਰਤੀ ਕਰਵਾ ਦਿੱਤਾ। ਡਾਕਟਰ ਨੇ ਐਮਰਜੈਂਸੀ ਅਪਰੇਸ਼ਨ ਕੀਤਾ। ਜੋਸੇਫ ਨੇਮਿਸ ਮਿਲਣ ਆਏ। ਉਹ ਫੁੱਲ ਲੈ ਕੇ ਆਏ ਸਨ। ਮੇਰੀ ਹਿੰਮਤ ਵਧਾਉਂਦਿਆਂ ਕਿਹਾ, "ਘਬਰਾਈਂ ਨਾ। ਇਹ ਸਾਧਾਰਨ ਅਪੈਂਡਿਕਸ ਦਾ ਅਪਰੇਸ਼ਨ ਹੈ। ਇਕ ਹਫਤੇ ਵਿਚ ਠੀਕ ਹੋ ਜਾਵੇਂਗੀ।" ਜਾਣ ਵੇਲੇ ਮੈਂ ਰੋਕ ਕੇ ਪੁੱਛਿਆ, "ਜ਼ਖ਼ਮ ਭਰ ਜਾਣਗੇ, ਪਰ ਨਿਸ਼ਾਨ ਰਹਿ ਜਾਣਗੇ। ਉਨ੍ਹਾਂ ਨੂੰ ਕਿਵੇਂ ਮਿਟਾਇਆ ਜਾਵੇ?" ਉਨ੍ਹਾਂ ਨੇ ਹਵਾ ਵਿਚ ਉਂਗਲੀਆਂ ਘੁਮਾਈਆਂ ਜਿਵੇਂ ਕਹਿ ਰਹੇ ਹੋਣ ਕਿ ਕੀ ਕੀਤਾ ਜਾ ਸਕਦਾ ਹੈ!

**11 ਨਵੰਬਰ 1929 (ਪੈਰਿਸ):** ਮੇਰਾ ਬਿਸਤਰ ਖਿੜਕੀ ਦੇ ਕੋਲ ਹੈ। ਬਾਹਰ ਘੁੰਮਣ-ਫਿਰਨ ਦੀ ਮੈਨੂੰ ਅਜੇ ਮਨਾਹੀ ਹੈ। ਖਿੜਕੀ ਥਾਣੀਂ ਆਸਮਾਨ ਦੇਖਦੀ ਰਹਿੰਦੀ ਹਾਂ। ਉਡਦੇ ਪਰਿੰਦਿਆਂ ਨੂੰ ਦੇਖਣਾ ਚੰਗਾ ਲੱਗਦਾ ਹੈ।

**15 ਨਵੰਬਰ 1929 (ਪੈਰਿਸ):** ਮੈਨੂੰ ਫਰੈਂਚ ਬੋਲਣੀ ਆ ਗਈ ਹੈ। ਮੱਾਮ ਨੂੰ ਅੱਜ ਸਾਫ-ਸਾਫ ਕਹਿ ਦਿੱਤਾ ਹੈ ਕਿ ਮੈਂ ਪਿਆਨੋ ਨਹੀਂ ਸਿੱਖਣਾ, ਉਨ੍ਹਾਂ ਦੀ ਜ਼ਿਦ ਕਾਰਨ ਮੈਂ ਅਲਫਰੈਡ ਕੋਰੋ ਦੀ ਸੰਗੀਤਸ਼ਾਲਾ ਵਿਚ ਦਾਖਲਾ ਲਿਆ ਸੀ। ਚਿੱਤਰਕਲਾ ਜਾਂ ਸੰਗੀਤ? ਚਿੱਤਰਕਲਾ ਸਿੱਖਣਾ ਤੈਅ ਹੋਣ ਬਾਅਦ ਸੰਗੀਤ ਵਾਸਤੇ ਸਮਾਂ ਕੱਢਣਾ ਮੁਸ਼ਕਿਲ ਸੀ। ਦੋ ਕਿਸ਼ਤੀਆਂ ਦੀ ਸਵਾਰੀ ਮੁਸ਼ਕਿਲ ਹੈ। ਹੁਣ ਮੈਂ ਬਾਹਰ ਜਾ ਸਕਦੀ ਹਾਂ। ਲੂਵਰ ਗੈਲਰੀ ਵਿਚ ਗੈਰਿਕਾ ਦਾ 'ਸਾਫਟ ਆਫ ਮੇਡੂਸਾ' ਚਿੱਤਰ ਦੇਖਿਆ। ਉਸ ਛੋਟੀ ਜਿਹੀ ਕਿਸ਼ਤੀ ਵਿਚ ਬਾਕੀ ਬਚੇ ਲੋਕਾਂ ਦੀ ਕਿੰਨੀ ਤੀਬਰ ਇੱਛਾ ਹੈ ਜਿਉਣ ਦੀ। ਮਨ ਵਿਆਕੁਲ ਹੋਵੇ ਤਾਂ ਲੂਵਰ ਆਉਣਾ ਚਾਹੀਦਾ ਹੈ। ਇਥੋਂ ਦੇ ਚਿੱਤਰ ਤੇ ਸ਼ਿਲਪ ਦੇਖ ਮਨ ਨੂੰ ਤਸੱਲੀ ਮਿਲਦੀ ਹੈ। ਪਲ-ਛਿਣ ਲਈ ਤੁਸੀਂ ਖ਼ੁਦ ਨੂੰ ਭੁੱਲ ਜਾਂਦੇ ਹੋ। ਭੁੱਲ ਜਾਣਾ ਕਦੇ-ਕਦੇ ਵਰਦਾਨ ਸਿੱਧ ਹੁੰਦਾ ਹੈ।

**10 ਜਨਵਰੀ 1930 (ਪੈਰਿਸ):** ਪਿਛਲੇ ਕੁਝ ਦਿਨਾਂ ਤੋਂ ਮੈਂ 'ਇਕੋਲ ਡਿਬਯੋ ਆਰਟ' ਜਾਣ ਲੱਗੀ ਹਾਂ। ਦਾਖਲੇ ਲਈ ਜੋਸੇਫ ਨੇਮਿਸ ਮੈਨੂੰ ਅਧਿਆਪਕ ਲਿਊਮੇਨ ਸਿਮੋਨ ਦੇ ਕੋਲ ਲੈ ਗਏ। ਡਿਬਓ ਆਰਟਸ ਵਿਚ ਉਨ੍ਹਾਂ ਦਾ ਦਬਦਬਾ ਹੈ। ਉਹ ਉਥੇ ਪੜ੍ਹਾਉਂਦੇ ਹਨ। ਉਨ੍ਹਾਂ ਮੇਰੇ ਚਿੱਤਰ ਦੇਖੇ ਹਨ। ਉਨ੍ਹਾਂ ਨੂੰ ਯਕੀਨ ਹੀ ਨਹੀਂ ਹੋ ਰਿਹਾ ਕਿ ਇਹ ਚਿੱਤਰ ਮੇਰੇ ਹਨ। ਦਾਖਲੇ ਵਾਸਤੇ ਘੱਟ ਤੋਂ ਘੱਟ ਉਮਰ ਅਠਾਰਾਂ ਸਾਲ ਹੋਣੀ ਚਾਹੀਦੀ ਹੈ। ਇਸ ਹਿਸਾਬ ਨਾਲ ਮੈਂ ਦਾਖਲੇ ਦੇ ਯੋਗ ਨਹੀਂ ਸੀ। ਉਨ੍ਹਾਂ ਨੇ ਆਪਣੇ ਅਖ਼ਤਿਆਰ ਵਰਤਦਿਆਂ ਹੋਇਆਂ ਮੈਨੂੰ ਦਾਖਲਾ ਦਿਵਾ ਦਿੱਤਾ। ਕਲਾ ਜਗਤ ਵਿਚ ਸਿਮੋਨ ਖਾਸ ਥਾਂ ਰੱਖਦੇ ਹਨ। ਇਸ ਨਵੀਂ ਪੀੜ੍ਹੀ ਵਾਸਤੇ ਸਿਮੋਨ ਮਹੱਤਵਪੂਰਨ ਨਾਂ ਹੈ। ਉਨ੍ਹਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਪੜ੍ਹਾਉਂਦੇ ਨਹੀਂ ਹਨ। ਉਨ੍ਹਾਂ ਦੀ ਸਿਰਫ ਮੌਜੂਦਗੀ, ਇਕ ਕਟਾਖ, ਬੁੱਲਾਂ 'ਤੇ ਆਇਆ ਇਕ-ਅੱਧ ਸ਼ਬਦ ਬਹੁਤ ਕੁਝ ਕਹਿ ਦਿੰਦਾ ਹੈ, ਸਿੱਖਾ ਦੇਂਦਾ ਹੈ। ਇਕੋਲ ਡਿਬਯੋ ਆਰਟ ਦੇ ਵਿਦਿਆਰਥੀ ਸਿਰਫ ਚਿੱਤਰ ਹੀ ਨਹੀਂ ਬਣਾਉਂਦੇ ਬਲਕਿ ਉਹ ਪਰੰਪਰਾ ਦਾ ਅਭਿਆਸ ਕਰ ਕੇ ਨਵੇਂ-ਨਵੇਂ ਦੁਮੇਲ ਵੀ ਲੱਭ ਰਹੇ ਹੁੰਦੇ ਹਨ। ਉਂਜ ਵੀ ਪੈਰਿਸ ਵਿਚ ਪਰੰਪਰਾ ਅਤੇ ਆਧੁਨਿਕਤਾ ਦਾ ਨੇੜ ਸਮਾਜਕ ਜੀਵਨ ਵਿਚ ਪਲ-ਪਲ ਹੁੰਦਾ ਰਹਿੰਦਾ ਹੈ।

ਮੈਂ ਇਸ ਘੁਲੇ-ਮਿਲੇ ਵਾਤਾਵਰਣ ਵਿਚ ਗੁਆਚੀ ਰਹਿੰਦੀ ਹਾਂ। ਮਿੱਤਰਾਂ ਦੇ ਨਾਲ ਲੈਟਿਨ ਕੁਆਰਟਰ ਦੇ ਧੁੰਏਂ ਨਾਲ ਕੈਫੇ ਅੰਦਰ ਬੈਠ ਕਲਾ, ਸ਼ਿਲਪ, ਮਾਹਿਰ ਅਤੇ ਸਮਾਜਕ ਜੀਵਨ ਨਾਲ ਜੁੜੇ ਵਿਸ਼ਿਆਂ ਉਪਰ ਹੁੰਦੀਆਂ ਚਰਚਾਵਾਂ ਵਿਚ ਮੈਂ ਖਾਸ ਤੌਰ 'ਤੇ ਹਿੱਸਾ ਲੈਂਦੀ ਹਾਂ। ਇਸ ਤਰ੍ਹਾਂ ਲਗਦਾ ਹੈ, ਮੇਰੀ ਬੋਲਚਾਲ ਵਿਚ ਕਾਫੀ ਬਦਲਾਅ ਆਇਆ ਹੈ। ਬਚਪਨ ਤੋਂ ਹੀ ਮੈਂ ਕਿਸੇ ਨਾਲ ਗੱਲ ਨਹੀਂ ਕਰਦੀ ਸੀ। ਸਾਰੇ ਕਹਿੰਦੇ ਅੰਮ੍ਰਿਤਾ ਇੰਟਰੋਵਰਟ ਹੈ। ਹੀਣ-ਭਾਵਨਾ ਦੀ ਗ੍ਰਸੀ ਹੈ। ਇਥੋਂ ਦੇ ਮਸਤ ਵਾਤਾਵਰਣ ਨੇ ਮੈਨੂੰ ਨੂੜ ਕੇ ਬੈਠੇ ਪਰੰਪਰਾਵਾਂ ਦੇ ਕਵਚ ਨੂੰ ਭੰਨ-ਤੋੜ ਦਿੱਤਾ ਹੈ। ਮੈਨੂੰ ਲੱਗਦਾ ਹੈ, ਮੇਰਾ ਪੁਨਰਜਨਮ ਹੋਇਆ ਹੈ। ਮੈਂ ਨਵੀਂ ਅੰਮ੍ਰਿਤਾ ਬਣ ਗਈ ਹਾਂ। ਮੁਕਤ ਹਾਂ। ਦਿਮਾਗ ਵਿਚ ਵਾੱਨ ਗੌਗ ਘੁੰਮ ਰਿਹਾ ਹੈ। ਉਸ ਨੇ ਜੀਵਨ ਦੇ ਵਿਅਕਤੀਗਤ ਦੁਖਾਂ ਅਤੇ ਅਸਫਲਤਾਵਾਂ ਨੂੰ ਕਦੇ ਮਹੱਤਵ ਨਹੀਂ ਦਿੱਤਾ। ਉਹ ਕਹਿੰਦਾ ਹੁੰਦਾ ਸੀ: ਇਹ ਦੁਖ ਤਾਂ ਖਾਲੀ, ਸੁੱਕੀ ਸਿੱਪੀ ਜਿਹੇ ਹਨ। ਉਹ ਦੇ ਲਈ ਚਿੱਤਰ ਬਣਾਉਣਾ ਹੀ ਮਹੱਤਵਪੂਰਨ ਸੀ। ਭੋਜਨ ਤੋਂ ਵੀ ਵੱਧ ਮਹੱਤਵਪੂਰਨ ਚਿੱਤਰ ਬਣਾਉਣਾ ਸੀ। ਉਹਨੂੰ ਛਾਂ ਵਿਚ ਵੀ ਰੰਗ ਨਜ਼ਰ ਆਉਂਦੇ ਸਨ। ਰੰਗ ਊਰਜਾ ਦੇ ਸਰੋਤ, ਭਾਵਨਾਵਾਂ ਵਿਅਕਤ ਕਰਨ ਵਾਲੇ ਅਤੇ ਪਾਰਲੌਕਿਕ ਸੱਚ ਦੀ ਖੋਜ ਕਰਨ ਦਾ ਮਾਧਿਅਮ। ਸੱਚ, ਇਹੋ ਹੈ।

**14 ਮਾਰਚ 1930 (ਪੈਰਿਸ):** ਭੀੜ ਵਿਚ ਵੀ ਇਕੱਲ ਜਕੜ ਲੈਂਦੀ ਹੈ, ਅੱਜ ਕੱਲ੍ਹ। ਇੱਦਾਂ ਮਹਿਸੂਸ ਹੋ ਰਿਹਾ ਹੈ।

**23 ਦਸੰਬਰ 1932 (ਪੈਰਿਸ):** ਕ੍ਰਿਸਮਸ ਵਾਸਤੇ ਮਨ ਵਿਚ ਕੋਈ ਉਤਸ਼ਾਹ ਨਹੀਂ। ਸਭ ਪਾਸੇ ਤਿਉਹਾਰ ਦਾ ਮਾਹੌਲ ਹੈ। ਦੁਖ ਇਸ ਗੱਲ ਦਾ ਹੈ ਕਿ ਮਾਰੀ ਲੂਸੀ ਇਸ ਸੰਸਾਰ ਵਿਚ ਨਹੀਂ ਹੈ। ਬ੍ਰੇਨ ਟਿਊਮਰ ਸੀ, ਉਸ ਨੂੰ। ਉਸ ਦੇ ਨਾਲ ਹੀ ਉਸ ਦੀ ਮੌਤ ਹੋਈ ਸੀ। ਰਾਤ ਨੂੰ ਪਾਪਾ ਦੂਰਬੀਨ ਨਾਲ ਗ੍ਰਹਿ ਤਾਰੇ ਦੇਖਦੇ ਹੁੰਦੇ ਸੀ, ਛੱਤ 'ਤੇ ਚੜ੍ਹ ਕੇ। ਉਨ੍ਹਾਂ ਨੂੰ ਕਿਹਾ- "ਦੇਖੋ ਪਾਪਾ। ਉਨ੍ਹਾਂ ਤਾਰਿਆਂ ਵਿਚ ਕੀ ਕਿਤੇ ਮਾਰੀ ਲੂਸੀ ਦਿਖਾਈ ਦੇ ਰਹੀ ਹੈ?" ਉਨ੍ਹਾਂ ਦੂਰਬੀਨ ਮੇਰੀਆਂ ਅੱਖਾਂ ਨਾਲ ਲਗਾਈ। ਸਿਤਾਰਿਆਂ ਨਾਲ ਭਰਿਆ ਆਸਮਾਨ, ਸਟਾਰੀ ਨਾਈਟ- ਵਿਨਸੈਂਟ ਦੀ ਸਟਾਰੀ ਨਾਈਟ ਵਿਚ ਮਾਰੀ ਲੂਸੀ ਵਿਲੀਨ ਹੋ ਗਈ ਸੀ।

*-0-*

ਵਿਚਾਰ-ਚਰਚਾ

# ਹਮ ਕਤ ਲੋਹੂ ਤੁਮ ਕਤ ਦੂਧ



ਡਾ. ਗੁਰਨਾਮ ਕੌਰ, ਕੈਨੇਡਾ

ਪਾਠਕ ਸੋਚ ਸਕਦੇ ਹਨ ਕਿ ਭਗਤ ਕਬੀਰ ਦੇ ਇਸ ਸ਼ਬਦ ਦਾ ਜ਼ਿਕਰ ਪਹਿਲਾਂ ਵੀ ਕਈ ਵਾਰ ਹੋ ਚੁੱਕਾ ਹੈ, ਫਿਰ ਵਾਰ ਵਾਰ ਇਸ ਦੇ ਜ਼ਿਕਰ ਦੀ ਜ਼ਰੂਰਤ ਕਿਉਂ ਹੈ? ਪਰ ਇਸ ਦੀ ਜ਼ਰੂਰਤ ਇਸ ਲਈ ਹੈ ਕਿ ਹਰ ਨਵੇਂ ਚੰਦ ਰਿਸ਼ੀਆਂ-ਮੁਨੀਆਂ ਦੀ ਮੰਨੀ ਜਾਂਦੀ ਦੇਵ-ਧਰਤੀ ਭਾਰਤ 'ਤੇ ਕੁਝ ਨਾ ਕੁਝ ਅਣਮਨੁੱਖੀ ਵਾਪਰ ਜਾਂਦਾ ਹੈ, ਅਣਭੋਲ ਨਹੀਂ ਸਗੋਂ ਯੋਜਨਾਬਧ ਤਰੀਕੇ ਨਾਲ ਉਸ ਨੂੰ ਅੰਜ਼ਾਮ ਦਿੱਤਾ ਜਾਂਦਾ ਹੈ ਕਿ ਭਗਤ ਕਬੀਰ ਦੇ ਇਸ ਸ਼ਬਦ ਨੂੰ ਦੁਹਰਾਉਣ, ਇਸ 'ਤੇ ਸੋਚਣ ਦੀ ਲੋੜ ਪੈਂਦੀ ਹੈ। ਮੈਨੂੰ ਯਾਦ ਆ ਰਿਹਾ ਹੈ ਕਿ ਬਹੁਤ ਸਾਲ ਹੋ ਗਏ ਵਿਭਾਗ ਵਿਚ 'ਗੁਰੂ ਨਾਨਕ ਯਾਦਗਾਰੀ ਭਾਸ਼ਣ' ਲੜੀ ਤਹਿਤ ਪੰਜਾਬ ਤੋਂ ਬਾਹਰੋਂ, ਸ਼ਾਇਦ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਆਏ ਹਿੰਦੀ ਦੇ ਪ੍ਰੋ. ਸਾਹਿਬ (ਜਿਨ੍ਹਾਂ ਦਾ ਸ਼ੁਭ ਨਾਮ ਹੁਣ ਜ਼ਿਹਨ ਵਿਚੋਂ ਨਿਕਲ ਗਿਆ ਹੈ) ਨੇ ਭਗਤ ਕਬੀਰ ਦੀ ਬਾਣੀ 'ਤੇ ਬੋਲਦਿਆਂ ਕਿਹਾ ਸੀ, "ਭਗਤ ਕਬੀਰ ਕੀ ਭਾਸ਼ਾ ਬਹੁਤ 'ਕਟੂ' ਹੈ ਜਬ ਕਿ ਗੁਰੂ ਨਾਨਕ ਜੀ ਕੀ ਭਾਸ਼ਾ ਮੇਂ ਮਿਠਾਸ ਹੈ, ਵਹ ਕਟੂ ਭਾਸ਼ਾ ਕਾ ਪ੍ਰਯੋਗ ਨਹੀਂ ਕਰਤੇ।"

ਇਸ ਸ਼ਬਦ ਵਿਚ ਵੀ ਭਗਤ ਕਬੀਰ ਸਿੱਧੇ-ਸਪਾਟ ਸ਼ਬਦਾਂ ਵਿਚ ਬ੍ਰਾਹਮਣ ਨੂੰ, ਜੋ ਆਪਣੀ ਉਚੀ ਜਾਤ ਵਿਚੋਂ ਹੋਣ ਦੀ ਹਉਮੈ ਵਿਚ ਗ੍ਰਸਤ ਹੈ, ਸਵਾਲ ਕਰਦੇ ਹਨ ਕਿ ਮਾਤਾ ਦੇ ਗਰਭ ਵਿਚ ਬੱਚੇ ਨੂੰ ਕੋਈ ਇਲਮ ਨਹੀਂ ਹੁੰਦਾ ਕਿ ਉਹ ਕਿਸ ਜਾਤ ਨਾਲ ਸਬੰਧ ਰੱਖਦਾ ਹੈ। ਸਾਰੇ ਜੀਵ ਉਸ ਇੱਕ ਅਕਾਲ ਪੁਰਖ ਦੀ ਅੰਸ਼ ਤੋਂ ਹਨ। ਫਿਰ, ਹੇ ਬ੍ਰਾਹਮਣ! ਦੱਸ ਤੂੰ ਬ੍ਰਾਹਮਣ ਕਦੋਂ ਕੁ ਦਾ ਬਣ ਗਿਆ? ਕਿਉਂ ਆਪਣੇ ਆਪ ਨੂੰ ਵਾਰ ਵਾਰ ਬ੍ਰਾਹਮਣ ਅਰਥਾਤ ਉਚੀ ਜਾਤ ਦਾ ਕਹਿ ਕੇ ਆਪਣਾ ਇਹ ਮਨੁੱਖਾ ਜਨਮ ਵਿਅਰਥ ਗੁਆ ਰਿਹਾ ਹੈਂ? ਜੇ ਤੇਰੀ ਬ੍ਰਾਹਮਣ ਜਾਤ ਹੋਰ ਮਨੁੱਖਾਂ ਨਾਲੋਂ ਵੱਖਰੀ ਹੈ ਅਤੇ ਤੂੰ ਬ੍ਰਾਹਮਣੀ ਦੇ ਪੇਟ ਤੋਂ ਪੈਦਾ ਹੋਇਆ ਹੈਂ ਤਾਂ ਫਿਰ ਇਸ ਦੁਨੀਆਂ 'ਤੇ ਆਉਣ ਦਾ ਤੂੰ ਕੋਈ ਹੋਰ ਵੱਖਰਾ ਰਸਤਾ ਕਿਉਂ ਨਹੀਂ ਚੁਣਿਆ? ਬ੍ਰਾਹਮਣ ਨੂੰ ਇਸ ਗੱਲ ਦਾ ਤਰਕ ਪੁੱਛਦੇ ਹਨ ਕਿ ਤੁਸੀਂ ਕਿਸ ਤਰ੍ਹਾਂ ਬ੍ਰਾਹਮਣ ਬਣ ਗਏ ਅਤੇ ਅਸੀਂ ਕਿਵੇਂ ਸ਼ੂਦਰ ਰਹਿ ਗਏ? ਇਹ ਕਿਵੇਂ ਹੈ ਕਿ ਸਾਡੇ ਸਰੀਰ ਵਿਚ ਨਿਰਾ ਲਹੂ ਹੈ ਅਤੇ ਤੁਹਾਡੇ ਸਰੀਰ ਵਿਚ ਦੁੱਧ ਹੈ?

ਭਗਤ ਕਬੀਰ ਕਹਿੰਦੇ ਹਨ ਕਿ ਅਸੀਂ ਤਾਂ ਉਸ ਮਨੁੱਖ ਨੂੰ ਬ੍ਰਾਹਮਣ ਮੰਨਦੇ ਹਾਂ ਜੋ ਉਸ ਬ੍ਰਹਮ ਅਰਥਾਤ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ।

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥1॥...
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥4॥7॥
(ਪੰਨਾ 324)

ਅੱਜ ਇੱਕੀਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਵੀ ਜੇ ਬ੍ਰਾਹਮਣਵਾਦੀ ਸੋਚ ਉਵੇਂ ਦੀ ਉਵੇਂ ਆਪਣਾ ਫਣ ਤਾਣੀ ਖੜੀ ਹੈ ਅਤੇ ਛੋਟੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਲਈ ਮੁੱਖ ਤੋਂ ਜ਼ਹਿਰ ਉਗਲ ਰਹੀ ਹੈ ਤਾਂ ਉਸ ਵੇਲੇ 15-16ਵੀਂ ਸਦੀ ਵਿਚ ਭਗਤ ਕਬੀਰ, ਭਗਤ ਰਵੀਦਾਸ ਅਤੇ ਉਨ੍ਹਾਂ ਦੇ ਆਲੇ-ਦੁਆਲੇ ਦੇ ਦਲਿਤ ਸਮਾਜ ਨੂੰ ਕਿਹੋ ਜਿਹੀਆਂ ਦੁਸ਼ਵਾਰੀਆਂ ਝੱਲਣੀਆਂ ਪਈਆਂ ਹੋਣਗੀਆਂ? ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਟੈਲੀਵਿਜ਼ਨ, ਅਖਬਾਰਾਂ, ਸੋਸ਼ਲ ਮੀਡੀਆ ਰਾਹੀਂ ਇਹ ਖਬਰ ਹੁਣ ਤੱਕ ਸੰਸਾਰ ਭਰ ਵਿਚ ਪਹੁੰਚ ਚੁੱਕੀ ਹੈ ਕਿ ਕਿਨ੍ਹਾਂ ਹਾਲਤਾਂ ਕਾਰਨ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਵਿਚ ਲਾਈਫ ਸਾਇੰਸਿਜ਼ ਦੇ ਦਲਿਤ ਪਰ ਹੋਣਹਾਰ ਖੋਜ ਵਿਦਿਆਰਥੀ ਰੋਹਿਤ ਵੇਮੁਲੇ ਨੂੰ ਖੁਦਕੁਸ਼ੀ ਕਰਨੀ ਪਈ ਹੈ। ਉਸ ਦਾ ਵਜ਼ੀਫਾ ਬੰਦ ਕਰਕੇ ਅਤੇ ਸਮਾਜ ਵਿਚੋਂ ਛੇਕ ਕੇ ਉਸ ਨੂੰ ਇਸ ਹੱਦ ਤੱਕ ਪਹੁੰਚਾ ਦਿੱਤਾ ਗਿਆ ਕਿ ਗ਼ਰੀਬ ਮਾਂ-ਬਾਪ ਦਾ ਹੋਣਹਾਰ ਬੱਚਾ, ਜੋ ਸਕਾਲਰਸ਼ਿਪ ਲੈ ਕੇ ਆਪਣਾ ਕੈਰੀਅਰ ਬਣਾ ਰਿਹਾ ਸੀ ਅਤੇ ਵਿਗਿਆਨ ਦਾ ਲੇਖਕ ਬਣਨਾ ਚਾਹੁੰਦਾ ਸੀ, ਆਪਣੇ 30 ਜਨਵਰੀ ਨੂੰ ਆਉਣ ਵਾਲੇ 27ਵੇਂ ਜਨਮ ਦਿਨ ਤੋਂ ਪਹਿਲਾਂ ਹੀ ਯੂਨੀਵਰਸਿਟੀ ਪ੍ਰਬੰਧਕਾਂ ਤੋਂ ਮਾਯੂਸ ਹੋ ਕੇ ਖੁਦਕੁਸ਼ੀ ਕਰ ਗਿਆ। ਇਹ ਖੁਦਕੁਸ਼ੀ ਨਹੀਂ ਬਲਕਿ ਸਮਾਜਿਕ 'ਕਤਲ' ਹੈ। ਜਿਸ ਤਰ੍ਹਾਂ ਦੀਆਂ ਖਬਰਾਂ ਅਖਬਾਰਾਂ ਵਿਚ ਅਤੇ ਸੋਸ਼ਲ ਮੀਡੀਆ 'ਤੇ ਨਸ਼ਰ ਹੋਈਆਂ ਹਨ, ਉਨ੍ਹਾਂ ਅਨੁਸਾਰ ਇਸ ਜ਼ੁਲਮ ਲਈ ਯੂਨੀਵਰਸਿਟੀ ਦਾ ਪ੍ਰਬੰਧਕੀ ਢਾਂਚਾ, ਸਮੇਤ ਵਾਈਸ ਚਾਂਸਲਰ ਦੇ, ਬੀ.ਜੇ.ਪੀ. ਦੇ ਲੋਕਲ ਲੈਜਿਸਲੇਟਿਵ, ਅਖਿਲ ਭਾਰਤੀਯ ਵਿਦਿਆਰਥੀ ਪ੍ਰੀਸ਼ਦ ਦਾ ਲੀਡਰ ਅਤੇ ਲੇਬਰ ਐਂਡ ਇੰਪਲਾਇਮੈਂਟ ਦਾ ਕੇਂਦਰੀ ਸਟੇਟ ਮੰਤਰੀ ਜ਼ਿੰਮੇਵਾਰ ਹਨ। ਉਸ ਦਾ ਕਸੂਰ ਕੀ ਸੀ?

ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਦਲਜੀਤ ਅਮੀ ਨੇ ਉਸ ਦੇ ਦੋ ਖੱਤ 'ਅਣਹੋਏ ਲੇਖਕ ਦੀ ਪਲੇਠੀ ਤੇ ਆਖਰੀ ਚਿੱਠੀ' ਸਿਰਲੇਖ ਹੇਠ ਆਪਣੀਆਂ ਟਿੱਪਣੀਆਂ ਸਮੇਤ ਪਾਠਕਾਂ ਦੇ ਰੂਬਰੂ ਕੀਤੇ ਹਨ। ਇਨ੍ਹਾਂ ਵਿਚੋਂ ਇੱਕ ਖੱਤ ਉਸ ਨੇ ਖੁਦਕੁਸ਼ੀ ਤੋਂ ਐਨ ਪਹਿਲਾਂ ਲਿਖਿਆ ਹੈ ਜੋ ਉਸ ਦੀ ਖੁਦਕੁਸ਼ੀ ਦੇ ਕਾਰਨਾਂ 'ਤੇ ਰੋਸ਼ਨੀ ਪਾਉਂਦਾ ਹੈ ਅਤੇ ਦੂਸਰਾ ਉਸ ਤੋਂ ਪਹਿਲਾਂ ਯੂਨੀਵਰਸਿਟੀ ਦੇ ਉਪ ਕੁਲਪਤੀ ਅਰਥਾਤ ਵਾਈਸ ਚਾਂਸਲਰ ਵੱਲ 'ਦਲਿਤ ਮੁਸ਼ਕਿਲਾਂ ਦਾ ਹੱਲ' ਵਿਸ਼ੇ 'ਤੇ ਲਿਖਿਆ ਖੱਤ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਉਹ 'ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ' ਵੱਲੋਂ ਯੂਨੀਵਰਸਿਟੀ ਵਿਚ ਦਲਿਤ ਵਿਦਿਆਰਥੀਆਂ ਨਾਲ ਹੋ ਰਹੇ ਵਿਤਕਰਿਆਂ ਅਤੇ ਅਖਿਲ ਭਾਰਤੀਯ ਵਿਦਿਆਰਥੀ ਪ੍ਰੀਸ਼ਦ ਦੇ ਬ੍ਰਾਹਮਣਵਾਦੀ ਸੋਚ ਨੂੰ ਪ੍ਰਣਾਏ ਆਪਣੀ ਉਚ ਜਾਤ ਦੇ ਹੰਕਾਰ ਨਾਲ ਬਿਫਰੇ ਮੈਂਬਰਾਂ ਵੱਲੋਂ ਦਲਿਤ ਵਿਦਿਆਰਥੀਆਂ ਪ੍ਰਤੀ ਘਟੀਆ ਵਤੀਰਾ ਰੱਖਣ ਦੇ ਖਿਲਾਫ ਸੰਘਰਸ਼ਸ਼ੀਲ ਸੀ। ਇਸੇ ਦਾ ਖਮਿਆਜ਼ਾ ਉਸ ਨੂੰ ਯੂਨੀਵਰਸਿਟੀ ਦੇ ਪ੍ਰਬੰਧਕਾਂ, ਖਾਸ ਕਰਕੇ ਵਾਈਸ ਚਾਂਸਲਰ ਵੱਲੋਂ ਉਸ ਦਾ ਵਜ਼ੀਫਾ ਬੰਦ ਕਰ ਦੇਣ ਦੇ ਰੂਪ ਵਿਚ ਭੁਗਤਣਾ ਪਿਆ। ਇਹ ਹੀ ਨਹੀਂ ਲੋਕਲ ਬੀ. ਜੇ. ਪੀ. ਅਤੇ ਕੇਂਦਰੀ ਮੰਤਰੀ ਦੀ ਹਦਾਇਤ 'ਤੇ ਪੰਜ ਦਲਿਤ ਵਿਦਿਆਰਥੀਆਂ ਦਾ ਸੋਸ਼ਲ ਬਾਈਕਾਟ ਕਰ ਦਿੱਤਾ ਗਿਆ ਅਰਥਾਤ ਉਨ੍ਹਾਂ ਨੂੰ ਹੈਦਰਾਬਾਦ ਯੂਨੀਵਰਸਿਟੀ ਦੇ ਸਮਾਜ ਵਿਚੋਂ ਛੇਕ ਦਿੱਤਾ ਗਿਆ। ਇਹ ਉਸ ਦੀਆਂ ਅਖਬਾਰ ਵਿਚ ਛਪੀਆਂ ਚਿੱਠੀਆਂ ਤੋਂ ਸਪਸ਼ਟ ਹੁੰਦਾ ਹੈ ਜਿਸ ਵਿਚ ਉਸ ਨੇ ਵਾਈਸ ਚਾਂਸਲਰ ਦੇ ਇਸ 'ਮਹਾਨ' ਕਾਰਜ ਦੀ ਤੁਲਨਾ ਕਰਦਿਆਂ ਉਸ ਦੇ ਸਾਹਮਣੇ ਡੋਨਾਲਡ ਟਰੰਪ ਨੂੰ ਵੀ ਤੁੱਛ ਹੋਣ ਦਾ ਅਹਿਸਾਸ ਕਰਾਉਂਦਾ ਦਰਸਾਇਆ ਹੈ। ਅਮਰੀਕਾ ਵੱਸਣ ਵਾਲੇ ਇਸ ਤੱਥ ਤੋਂ ਭਲੀਭਾਂਤ ਜਾਣੂ ਹਨ ਕਿ ਡੋਨਾਲਡ ਟਰੰਪ ਰੀਪਬਲਕਿਨ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰੀ ਲਈ ਮੁਹਿੰਮ ਲੜ ਰਿਹਾ ਹੈ ਅਤੇ ਆਪਣੀ ਇਸ ਮੁਹਿੰਮ ਵਿਚ ਉਸ ਨੇ ਨਸਲੀ ਟਿੱਪਣੀ ਕਰਦਿਆਂ ਕਿਹਾ ਹੈ ਕਿ ਮੁਸਲਮਾਨਾਂ ਦਾ ਅਮਰੀਕਾ ਵਿਚ ਦਾਖਲਾ ਬੰਦ ਹੋਣਾ ਚਾਹੀਦਾ ਹੈ।

ਇਸ ਸਾਰੇ ਅਮਲ ਤੋਂ ਇਉਂ ਲਗਦਾ ਹੈ ਜਿਵੇਂ ਯੂਨੀਵਰਸਿਟੀ ਦਾ ਪ੍ਰਬੰਧਕੀ ਢਾਂਚਾ ਭਾਵ ਯੂਨੀਵਰਸਿਟੀ ਦੀ ਸਿੰਡੀਕੇਟ, ਸਿੰਡੀਕੇਟ ਨਾ ਹੋ ਕੇ ਕੋਈ ਖਾਪ ਪੰਚਾਇਤ ਹੋਵੇ ਅਤੇ ਉਪ ਕੁਲਪਤੀ ਉਸ ਖਾਪ ਪੰਚਾਇਤ ਦਾ ਘੜੰਮ ਚੌਧਰੀ ਜਾਂ ਸਰਪੰਚ ਹੋਵੇ ਜੋ ਵਿਦਿਆਰਥੀਆਂ ਨੂੰ ਵਿਦਿਆਰਥੀ ਨਾ ਸਮਝ ਕੇ ਸਿਰਫ ਪਿੰਡ ਦੇ ਦਲਿਤ ਸਮਝਦਾ ਹੋਵੇ ਜਿਸ ਨੇ ਕਿਸੇ ਉਚੀ ਜਾਤ ਦੀ ਕੁੜੀ ਨਾਲ ਪ੍ਰੇਮ ਵਿਆਹ ਕਰ ਲਿਆ ਹੋਵੇ, ਜਿਸ ਕਰਕੇ ਉਸ ਦੇ ਪਰਿਵਾਰ ਨੂੰ ਸਮਾਜ ਵਿਚੋਂ ਛੇਕ ਦਿੱਤਾ ਗਿਆ ਅਤੇ ਉਸ ਦਾ 'ਕਤਲ' ਹੋ ਗਿਆ।

ਡੋਨਾਲਡ ਟਰੰਪ ਤਾਂ ਸ਼ਾਇਦ ਆਪਣੀਆਂ ਨਸਲੀ ਟਿੱਪਣੀਆਂ ਕਰਕੇ ਰਾਸ਼ਟਰਪਤੀ ਲਈ ਨਾਮੀਨੇਸ਼ਨ ਹਾਰ ਹੀ ਜਾਵੇ ਕਿਉਂਕਿ ਬਹੁਤੇ ਲੋਕਾਂ ਨੇ ਉਸ ਦੀ ਇਸ ਨਸਲੀ ਟਿੱਪਣੀ ਦੀ ਨਿਖੇਧੀ ਕੀਤੀ ਹੈ, ਸਾਰੇ ਅਮਰੀਕਨ ਨਸਲਵਾਦੀ ਨਹੀਂ ਹਨ। ਪਰ ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ, ਬਜਰੰਗ ਦਲ ਵਗੈਰਾ ਵਗੈਰਾ ਹਿੰਦੂਤਵੀ ਪਾਰਟੀਆਂ ਨਸਲੀ ਅਤੇ ਮਜ਼ਹਬੀ ਨਫਰਤ ਫੈਲਾਉਣ ਵਿਚ ਕੋਈ ਕਸਰ ਨਹੀਂ ਛੱਡ ਰਹੀਆਂ ਖਾਸ ਕਰਕੇ ਜਦ ਤੋਂ ਕੇਂਦਰ ਵਿਚ ਭਾਜਪਾ ਸਰਕਾਰ ਨੇ ਵਾਗਡੋਰ ਸੰਭਾਲੀ ਹੈ, ਹਰ ਰੋਜ਼ ਕੋਈ ਨਾ ਕੋਈ ਇਸ ਕਿਸਮ ਦਾ ਹੰਗਾਮਾ ਅਖਬਾਰਾਂ ਦੀਆਂ ਸੁਰਖੀਆਂ ਬਣਦਾ ਹੈ। ਇਹ ਭਾਵੇਂ ਗਊ ਦੇ ਮਾਸ ਖਾਤਰ ਕਿਸੇ ਗਰੀਬ ਮੁਸਲਮਾਨ ਦਾ ਕਤਲ ਹੋਵੇ, ਗਰੀਬ ਹਰੀਜਨ ਪਰਿਵਾਰ ਦੇ ਘਰ ਨੂੰ ਅੱਗ ਲਾ ਕੇ ਮਾਂ ਅਤੇ ਬੱਚਿਆਂ ਨੂੰ ਜ਼ਿੰਦਾ ਅੱਗ ਦੀ ਭੇਟ ਕਰਨਾ ਹੋਵੇ ਜਾਂ ਰੋਹਿਤ ਵੇਮੁਲੇ ਵਰਗੇ ਵਿਦਿਆਰਥੀ ਨੂੰ ਇਸ ਹੱਦ ਤੱਕ ਜ਼ਲੀਲ ਕਰਨਾ ਕਿ ਉਸ ਦਾ 'ਖੁਦਕੁਸ਼ੀ' ਰੂਪੀ 'ਕਤਲ' ਹੋ ਜਾਵੇ। ਇਹ ਕਹਾਣੀ ਰੋਹਿਤ ਵੇਮੁਲੇ ਦੇ ਭਰ ਜਵਾਨੀ ਵਿਚ ਇਸ ਦੁਨੀਆਂ ਤੋਂ ਤੁਰ ਜਾਣ ਨਾਲ ਖਤਮ ਨਹੀਂ ਹੋਈ, ਜਿਸ ਦਾ ਅਗਸਤ ਮਹੀਨੇ ਤੋਂ ਵਜ਼ੀਫਾ ਜਾਣ ਬੁੱਝ ਕੇ ਉਸ ਨੂੰ ਮਰਨ ਦੀ ਹਾਲਤ ਤੱਕ ਪਹੁੰਚਾਉਣ ਲਈ ਰੋਕਿਆ ਗਿਆ ਸੀ। ਹੁਣ ਤੱਕ ਸ਼ਡਿਊਲ ਕਾਸਟ ਅਤੇ ਸ਼ਡਿਊਲ ਟਰਾਈਬਜ਼ ਨਾਲ ਸਬੰਧਤ ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਦੇ 13 ਪ੍ਰੋਫੈਸਰ ਅਤੇ ਲੈਕਚਰਰ ਵੱਖ ਵੱਖ ਅਹੁਦਿਆਂ, ਜਿਵੇਂ ਕੰਟਰੋਲਰ ਐਗਜ਼ਾਮੀਨੇਸ਼ਨ, ਚੀਫ ਮੈਡੀਕਲ ਅਫਸਰ, ਚੀਫ ਇੰਚਾਰਜ ਵਾਰਡਨ, 10 ਹੋਸਟਲ ਵਾਰਡਨ ਅਸਤੀਫਾ ਦੇ ਚੁੱਕੇ ਹਨ। ਇਹ ਅਸਤੀਫੇ ਉਨ੍ਹਾਂ ਪ੍ਰੋਟੈਸਟ ਵਜੋਂ ਨਹੀਂ ਦਿੱਤੇ ਸਗੋਂ ਇਸ ਭੈ ਵਿਚੋਂ ਦਿੱਤੇ ਹਨ ਕਿ ਉਨ੍ਹਾਂ 'ਤੇ ਦੇਸ਼-ਧ੍ਰੋਹੀ ਦਾ ਇਲਜ਼ਾਮ ਨਾ ਲਾ ਦਿੱਤਾ ਜਾਵੇ। ਹਿੰਦੂਤਵ ਨੂੰ ਅਪਨਾਏ ਅਨਸਰਾਂ ਤੋਂ ਬਿਨਾਂ ਭਾਰਤ-ਭੂਮੀ 'ਤੇ ਦੂਸਰਾ ਕੋਈ ਵੀ ਬਾਸ਼ਿੰਦਾ ਜਦੋਂ ਹੱਕ-ਸੱਚ ਦੀ ਆਵਾਜ਼ ਉਠਾਉਂਦਾ ਹੈ ਤਾਂ ਬੜੇ ਸਹਿਜ ਭਾਅ ਹੀ ਉਸ ਉਤੇ ਦੇਸ਼-ਧ੍ਰੋਹੀ ਹੋਣ ਦਾ ਠੱਪਾ ਜੜ ਦਿੱਤਾ ਜਾਂਦਾ ਹੈ। ਉਨ੍ਹਾਂ ਪੰਜ ਵਿਦਿਆਰਥੀਆਂ 'ਤੇ ਜਿਸ ਕੇਂਦਰੀ ਮੰਤਰੀ ਦੇ ਕਹਿਣ 'ਤੇ ਇਹ ਸਾਰੀ ਕਾਰਵਾਈ ਕੀਤੀ ਗਈ, ਨੇ ਇਹੀ ਇਲਜ਼ਾਮ ਲਾਇਆ ਸੀ। ਦਲਿਤ ਅਧਿਆਪਕ, ਅਫਸਰ ਅਤੇ ਵਿਦਿਆਰਥੀਆਂ ਨੂੰ ਡਰਾਇਆ ਜਾ ਰਿਹਾ ਹੈ ਤਾਂ ਕਿ ਉਹ ਰੋਹਿਤ ਵੇਮੁਲੇ ਨਾਲ ਹੋਈ ਬੇਇਨਸਾਫੀ ਪ੍ਰਤੀ ਹੋ ਰਹੇ ਪ੍ਰੋਟੈਸਟ ਵਿਚ ਹਿੱਸਾ ਨਾ ਲੈਣ। ਸੋਸ਼ਲ ਮੀਡੀਆ ਦੀਆਂ ਖਬਰਾਂ ਅਨੁਸਾਰ ਉਨ੍ਹਾਂ ਨੂੰ ਇਹ ਸੁਨੇਹਾ ਪਹੁੰਚਾ ਦਿੱਤਾ ਗਿਆ ਹੈ, 'ਬੀ ਕੇਅਰਫੁਲ, ਯੂ ਆਰ ਅੰਡਰ ਵਾਚ।'

ਯੂਨੀਵਰਸਿਟੀ ਕੰਸਟਰਕਸ਼ਨ ਇੰਜੀਨੀਅਰ ਦਾ ਕਹਿਣਾ ਹੈ, "ਉਹ ਪਹਿਲਾਂ ਤੋਂ ਵੀ ਵੱਧ ਅਸੁਰੱਖਿਅਤ ਅਤੇ ਭੈਭੀਤ ਮਹਿਸੂਸ ਕਰ ਰਹੇ ਹਨ।" ਇੱਕ ਹੋਰ ਸੀਨੀਅਰ ਫੈਕਲਿਟੀ ਮੈਂਬਰ ਦਾ ਕਹਿਣਾ ਹੈ, "ਕੁਝ ਅਫਸਰਾਂ, ਜਿਨ੍ਹਾਂ ਵਿਚ ਉਪਕੁਲਪਤੀ ਵੀ ਸ਼ਾਮਲ ਹੈ, ਨੇ ਬਹੁਤ ਹੀ ਯੋਜਨਾਬਧ ਢੰਗ ਨਾਲ ਦਲਿਤ ਸਟਾਫ ਨੂੰ ਅਲੱਗ-ਥਲੱਗ ਕਰ ਦਿੱਤਾ ਹੈ, ਸੁਨੇਹੇ ਅਤੇ ਅਹਿਸਾਸ ਭੇਜ ਕੇ। ਸੁਨੇਹੇ ਇਸ ਕਿਸਮ ਦੇ ਹਨ, ਅਸਤੀਫੇ ਦੇ ਕੇ ਤੇ ਵਿਰੋਧ ਪ੍ਰਗਟਾ ਕੇ ਸਾਨੂੰ ਡਰਾਉ ਨਾ।"

ਅਫਸਰਾਂ ਅਨੁਸਾਰ ਕੁਝ ਮੱਧ ਦਰਜੇ ਦੇ ਅਫਸਰਾਂ ਰਾਹੀਂ, ਜਿਨ੍ਹਾਂ ਨੂੰ ਯੂਨੀਵਰਸਿਟੀ ਵਿਚ ਕੁਝ ਖਾਸ ਅਹੁਦੇ ਦੇ ਕੇ ਨਿਵਾਜਿਆ ਗਿਆ ਹੈ, ਨੂੰ ਵਰਤ ਕੇ ਦਲਿਤ ਸਟਾਫ ਨੂੰ ਥਾਂ ਸਿਰ ਰੱਖਣ ਲਈ ਡਰਾਇਆ ਜਾ ਰਿਹਾ ਹੈ। ਉਹ "ਉਨ੍ਹਾਂ ਗੁਣਵਾਨ ਦਲਿਤ ਅਫਸਰਾਂ ਤੋਂ ਵੀ ਭੈ-ਭੀਤ ਹਨ, ਜਿਹੜੇ ਯੂਨੀਵਰਸਿਟੀ ਤੋਂ ਕਿਸੇ ਕਿਸਮ ਦੀ ਰਿਆਇਤ ਨਹੀਂ ਭਾਲਦੇ, ਆਪਣੇ ਮੈਰਿਟ 'ਤੇ ਆਏ ਹਨ ਅਤੇ ਰੋਹਿਤ ਵੇਮੁਲੇ ਦੀ ਮੌਤ ਦੇ ਖ਼ਿਲਾਫ ਵਿਰੋਧ ਵਿਚ ਹਿੱਸਾ ਲੈ ਰਹੇ ਹਨ।"

ਇੱਕ ਅਫਸਰ ਅਨੁਸਾਰ ਇਹ 'ਨਸਲ-ਆਧਾਰਤ ਦਰਜਾਬੰਦੀ' ਹੈ। ਜਦੋਂ ਆਰੀਆ ਭਾਰਤ ਵਿਚ ਆਏ, ਉਦੋਂ ਉਨ੍ਹਾਂ ਨੇ ਇਹ ਵਰਣ-ਆਸ਼ਰਮ ਵੰਡ ਨਸਲ ਆਧਾਰਤ ਹੀ ਤਾਂ ਕੀਤੀ ਸੀ। ਇਥੋਂ ਦੇ ਅਸਲੀ ਵਸਨੀਕਾਂ ਭਾਵ ਦਰਾਵੜ ਨਸਲ ਦੇ ਬਾਸ਼ਿੰਦਿਆਂ ਨੂੰ ਖੇਤੀ-ਵਪਾਰ, ਮਿਹਨਤ-ਮਜ਼ਦੂਰੀ ਅਤੇ ਉਪਰਲਿਆਂ ਦੀ 'ਸੇਵਾ' ਸੰਭਾਲ ਵਰਗੇ ਹੇਠਲੇ ਦਰਜੇ ਦੇ ਕੰਮ ਦੇ ਕੇ 'ਸ਼ੂਦਰ' ਐਲਾਨ ਦਿੱਤਾ ਅਤੇ ਆਪ ਉਪਰਲੇ ਦਰਜੇ ਦੇ ਪੜ੍ਹਨ-ਲਿਖਣ, ਧਾਰਮਿਕ ਕਾਰਜ ਅਤੇ ਰਾਜ-ਕਾਜ ਦੇ ਕੰਮ ਸਾਂਭ ਕੇ ਸਵਰਨ ਜਾਤਾਂ ਬਣ ਬੈਠੇ। ਸੋਨੇ 'ਤੇ ਸੁਹਾਗਾ ਇਹ ਕਿ ਇਸ ਨੂੰ ਧਾਰਮਿਕ ਮਾਨਤਾ ਦੇਣ ਲਈ ਅਤੇ ਪੱਕਾ ਪ੍ਰਬੰਧ ਕਰਨ ਲਈ ਮਨੁੱਖੀ ਪੈਦਾਇਸ਼ ਦਾ ਉਤਪਤੀ ਦੇ ਦੇਵਤਾ 'ਬ੍ਰਹਮਾ' ਦੇ ਵੱਖ ਵੱਖ ਅੰਗਾਂ ਤੋਂ ਪੈਦਾ ਹੋਣ ਦਾ ਸਿਧਾਂਤ ਦੇ ਦਿੱਤਾ। ਇਹ ਨਸਲੀ ਵੰਡ ਇਸ ਕਿਸਮ ਨਾਲ ਕੀਤੀ ਕਿ ਹਜ਼ਾਰਾਂ ਸਾਲ ਬੀਤ ਜਾਣ 'ਤੇ ਵੀ ਇਥੋਂ ਦੇ ਅਸਲੀ ਵਸਨੀਕਾਂ ਦੀ ਹੋਣੀ, ਲੱਖਾਂ ਉਪਰਾਲਿਆਂ ਦੇ ਬਾਵਜੂਦ ਨਹੀਂ ਬਦਲ ਸਕੀ। ਗੌਤਮ ਬੁੱਧ ਵੱਲੋਂ ਚਲਾਇਆ ਬੁੱਧ ਧਰਮ, ਭਗਤੀ ਲਹਿਰ, ਗੁਰੂ ਨਾਨਕ ਸਾਹਿਬ ਦਾ ਸਥਾਪਤ ਕੀਤਾ ਸਿੱਖ ਧਰਮ ਵੀ ਇਸ ਨਸਲੀ ਵਿਤਕਰੇ ਨੂੰ ਜੜ੍ਹਾਂ ਤੋਂ ਨਹੀਂ ਪੁੱਟ ਸਕਿਆ। ਡਾ. ਭੀਮਰਾਉ ਰਾਮਜੀ ਅੰਬੇਦਕਰ ਦੇ ਉਪਰਾਲੇ ਅਤੇ ਭਾਰਤੀ ਸੰਵਿਧਾਨ ਵੀ ਬੇਬੱਸ ਹੋ ਗਏ ਹਨ। ਸੰਵਿਧਾਨ ਦੀ ਧਾਰਾ 15 ਅਨੁਸਾਰ ਛੋਟੀਆਂ ਜਾਤਾਂ ਪ੍ਰਤੀ ਕਿਸੇ ਕਿਸਮ ਦਾ ਵੀ ਵਿਤਕਰਾ ਕਰਨਾ ਗੈਰ-ਕਾਨੂੰਨੀ ਹੈ। ਵਿਡੰਬਨਾ ਇਹ ਹੈ ਕਿ ਕੇਂਦਰੀ ਮੰਤਰੀ ਜਿਹੜਾ ਇਸੇ ਭਾਰਤੀ ਸੰਵਿਧਾਨ ਦੀ ਸਹੁੰ ਚੁੱਕ ਕੇ ਮੰਤਰੀ ਬਣਿਆ ਹੈ, ਉਸ ਦੇ ਹੁਕਮਾਂ ਅਨੁਸਾਰ ਰੋਹਿਤ ਵੇਮੁਲੇ ਨਾਲ ਇਹ ਸਾਰਾ ਕੁਝ ਵਾਪਰਿਆ ਜਿਸ ਦੀ ਚਰਚਾ ਹੁਣ ਤੱਕ ਟੈਲੀਵਿਜ਼ਨ ਚੈਨਲਾਂ, ਅਖਬਾਰਾਂ ਅਤੇ ਸੋਸ਼ਲ ਮੀਡੀਆ ਵਿਚ ਖੁਲ੍ਹ ਕੇ ਹੋ ਚੁੱਕੀ ਹੈ।

ਇਥੇ ਮਹਾਂਭਾਰਤ ਵਿਚ ਦਰਜ ਉਸ ਘਟਨਾ ਦਾ ਜ਼ਿਕਰ ਕੁਥਾਂ ਨਹੀਂ ਹੋਵੇਗਾ ਜਿਸ ਅਨੁਸਾਰ ਭੀਲ-ਪੁੱਤਰ ਏਕਲਵਯ ਗੁਰੂ ਦਰੋਣਾਚਾਰੀਆ ਦੀ ਮੂਰਤੀ ਸਥਾਪਤ ਕਰਕੇ ਹੀ ਉਸ ਨੂੰ ਗੁਰੂ ਧਾਰ ਲੈਂਦਾ ਹੈ ਅਤੇ ਜੰਗਲ ਵਿਚ ਸ਼ਸਤਰ ਅਭਿਆਸ, ਖਾਸ ਕਰਕੇ ਤੀਰ-ਅੰਦਾਜ਼ੀ ਵਿਚ ਬਹੁਤ ਨਿਪੁੰਨ ਹੋ ਜਾਂਦਾ ਹੈ। ਅਚਾਨਕ ਇੱਕ ਦਿਨ ਜੰਗਲ ਵਿਚ ਅਭਿਆਸ ਕਰਦੇ ਪਾਂਡੋਆਂ ਨਾਲ ਤੁਰੇ ਫਿਰਦਿਆਂ ਜਦੋਂ ਦਰੋਣਾਚਾਰੀਆ ਨੂੰ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਭੀਲ-ਪੁੱਤਰ ਏਕਲਵਯ ਪਾਂਡੋ-ਪੁੱਤਰ ਅਰਜਨ ਤੋਂ ਵੀ ਵਧੀਆ ਤੀਰ-ਅੰਦਾਜ਼ ਬਣ ਗਿਆ ਹੈ ਤਾਂ ਉਸ ਨੂੰ ਨਕਾਰਾ ਕਰਨ ਲਈ ਗੁਰੂ-ਦਖਸ਼ਣਾ ਵਜੋਂ ਦਰੋਣਾਚਾਰੀਆ ਉਸ ਤੋਂ ਸੱਜੇ ਹੱਥ ਦਾ ਅੰਗੂਠਾ ਮੰਗ ਲੈਂਦਾ ਹੈ।

ਇਸ ਦੇ ਨਾਲ ਹੀ ਸਤਰ੍ਹਵਿਆਂ ਦੇ ਕਿਸੇ ਪੰਜਾਬੀ ਕਵੀ ਦੀ ਜਿਸ ਦਾ ਨਾਮ ਚੇਤੇ ਨਹੀਂ ਰਿਹਾ, ਕਵਿਤਾ ਦੀ ਪੰਕਤੀ ਯਾਦ ਆ ਰਹੀ ਹੈ, ਜੋ ਵੇਲੇ ਦੇ ਸਾਡੇ ਵਿੱਦਿਅਕ ਅਤੇ ਪ੍ਰਬੰਧਕੀ ਢਾਂਚੇ 'ਤੇ ਵਿਅੰਗ ਸੀ। ਸ਼ਾਇਦ ਕਵਿਤਾ ਦਾ ਸਿਰਲੇਖ ਸੀ, 'ਗੁਰੂ ਦਰੋਣਾਚਾਰੀਆ ਦੇ ਨਾਂ' ਅਤੇ ਕਵਿਤਾ ਦੀ ਪੰਕਤੀ ਸੀ, "ਮੇਰੇ ਗੁਰੂਦੇਵ ਜੇ ਤੁਸੀਂ ਉਦੋਂ ਹੀ ਇੱਕ ਭੀਲ ਬੱਚਾ ਸਮਝ ਕੇ ਮੇਰਾ ਅੰਗੂਠਾ ਕੱਟ ਦਿੰਦੇ ਤਾਂ ਕਹਾਣੀ ਹੋਰ ਸੀ" ਅਤੇ ਅੱਜ ਵਿੱਦਿਅਕ ਪ੍ਰਬੰਧ ਅਤੇ ਪ੍ਰਬੰਧਕੀ ਢਾਂਚਾ ਸੁਧਰਨ ਦੀ ਥਾਂ ਹੋਰ ਵੀ ਬਦਤਰ ਹੋ ਗਿਆ ਹੈ ਕਿਉਂਕਿ ਭਾਰਤੀ ਜਨਤਾ ਪਾਰਟੀ ਦੇ ਰਾਜ-ਕਾਜ ਵਿਚ ਸਭ ਕੁਝ ਦਾ 'ਭਗਵਾਂਕਰਣ' ਕਰਨ ਦੀ ਕੋਸ਼ਿਸ਼ ਬੜੇ ਯੋਜਨਾਬਧ ਤਰੀਕੇ ਨਾਲ ਹੋ ਰਹੀ ਹੈ।

ਪੰਜਾਬ ਟਾਈਮਜ਼ ਵਿਚ ਹੀ ਛਪੀ ਇੱਕ ਖਬਰ ਅਨੁਸਾਰ ਸੂਰਤ ਵਿਚ ਕਿਸੇ ਇਕੱਠ ਦੌਰਾਨ ਪ੍ਰਵੀਨ ਤੋਗੜੀਆ ਨੇ ਦਾਅਵਾ ਕੀਤਾ ਹੈ ਕਿ ਸਾਢੇ ਸੱਤ ਲੱਖ ਲੋਕਾਂ ਨੂੰ 'ਘਰ ਵਾਪਸੀ' ਦੇ ਅਭਿਆਨ ਤਹਿਤ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਪਿਛਲੇ 10 ਸਾਲਾਂ ਵਿਚ ਹਿੰਦੂ ਬਣਾਇਆ ਹੈ। ਇਨ੍ਹਾਂ ਵਿਚ 5 ਲੱਖ ਈਸਾਈ ਅਤੇ 2.5 ਲੱਖ ਮੁਸਲਮਾਨ ਸ਼ਾਮਲ ਹਨ। ਪ੍ਰਵੀਨ ਤੋਗੜੀਆ ਨੂੰ ਪੁੱਛਣਾ ਬਣਦਾ ਹੈ ਕਿ ਕੀ ਉਹ ਇਨ੍ਹਾਂ ਕਥਿਤ 'ਹਿੰਦੂਆਂ' ਨੂੰ ਉਚ-ਜਾਤੀ ਬ੍ਰਾਹਮਣ ਦਾ ਦਰਜਾ ਦੇਣ ਵਿਚ ਵੀ ਸਫਲ ਹੋਇਆ ਹੈ? ਇਸ ਤੱਥ ਤੋਂ ਸਾਰੇ ਭਲੀ ਭਾਂਤ ਜਾਣੂ ਹਨ ਕਿ ਹਿੰਦੂ ਧਰਮ ਤੋਂ ਦੂਸਰੇ ਧਰਮਾਂ ਖਾਸ ਕਰਕੇ ਈਸਾਈ ਅਤੇ ਇਸਲਾਮ ਧਰਮ ਵਿਚ ਲੋਕ ਬਹੁਤਾ ਕਰਕੇ ਇਸ ਲਈ ਸ਼ਾਮਲ ਹੁੰਦੇ ਰਹੇ ਹਨ ਤੇ ਹੋ ਰਹੇ ਹਨ ਤਾਂ ਕਿ ਉਹ ਦਲਿਤ ਹੋਣ ਦੇ ਤ੍ਰਿਸਕਾਰ ਦੇ ਅਹਿਸਾਸ ਤੋਂ ਛੁਟਕਾਰਾ ਪਾ ਕੇ ਮਨੁੱਖੀ ਬਰਾਬਰੀ ਦੇ ਅਹਿਸਾਸ ਨੂੰ ਹੰਢਾ ਸਕਣ। ਸਭ ਤੋਂ ਅਹਿਮ ਗੱਲ ਇਹ ਨਹੀਂ ਕਿ ਉਹ ਵਾਪਸ ਹਿੰਦੂ ਧਰਮ ਵਿਚ ਆਉਣ; ਅਹਿਮ ਸਵਾਲ ਹੈ 'ਮਾਨਵ ਕੀ ਜਾਤਿ ਸਭੈ ਏਕੈ ਪਹਿਚਾਨਵੋ' ਜਿਸ ਦੀ ਸਮਝ ਤੋਗੜੀਆ ਵਰਗਿਆਂ ਨੂੰ ਕਦੇ ਨਹੀਂ ਆਉਣੀ।

ਗੁਰਬਾਣੀ ਗਿਆਨ

## ਅੰਮ੍ਰਿਤ ਨਾਮੁ ਸਦਾ ਨਿਰਮਲੀਆ

**ੴ ਸਤਿਗੁਰ ਪ੍ਰਸਾਦਿ॥**
**ਮਾਝਾ ਮਹਲਾ ੫**

ਅੰਮ੍ਰਿਤ ਨਾਮੁ ਸਦਾ ਨਿਰਮਲੀਆ॥
ਸੁਖਦਾਈ ਦੂਖ ਬਿਡਾਰਨ ਹਰੀਆ॥
ਅਵਰਿ ਸਾਦ ਚਖਿ ਸਗਲੇ ਦੇਖੇ
ਮਨ ਹਰਿ ਰਸੁ ਸਭ ਤੇ ਮੀਠਾ ਜੀਉ॥1॥
ਜੋ ਜੋ ਪੀਵੈ ਸੋ ਤ੍ਰਿਪਤਾਵੈ॥
ਅਮਰੁ ਹੋਵੈ ਜੋ ਨਾਮ ਰਸੁ ਪਾਵੈ॥
ਨਾਮੁ ਨਿਧਾਨ ਤਿਸਹਿ ਪਰਾਪਤਿ
ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ॥2॥
ਜਿਨਿ ਹਰਿ ਰਸੁ ਪਾਇਆ
ਸੋ ਤ੍ਰਿਪਤਿ ਅਘਾਨਾ॥
ਜਿਨ ਹਰਿ ਸਾਦੁ ਪਾਇਆ
ਸੋ ਨਾਹਿ ਡੁਲਾਨਾ॥
ਤਿਸਹਿ ਪਰਾਪਤਿ ਹਰਿ ਹਰਿ ਨਾਮਾ
ਜਿਸੁ ਮਸਤਕਿ ਭਾਗੀਠਾ ਜੀਉ॥3॥
ਹਰਿ ਇਕਸੁ ਹਥਿ ਆਇਆ
ਵਰਸਾਣੇ ਬਹੁਤੇਰੇ॥
ਤਿਸੁ ਲਗਿ ਮੁਕਤੁ ਭਏ ਘਣੇਰੇ॥
ਨਾਮੁ ਨਿਧਾਨਾ ਗੁਰਮੁਖਿ ਪਾਈਐ
ਕਹੁ ਨਾਨਕ ਵਿਰਲੀ ਡੀਠਾ ਜੀਉ॥4॥

ਸਤਿਗੁਰੂ ਬਖ਼ਸ਼ਿਸ਼ ਕਰਦੇ ਹਨ ਕਿ ਹੇ ਮੇਰੇ ਮਨ, ਉਹ ਪ੍ਰਭੂ ਜੋ ਜੀਵਾਂ ਨੂੰ ਸੁੱਖ ਦੇਣ ਵਾਲਾ ਹੈ ਅਤੇ ਉਹੀ ਹਰੀ ਜੀਵਾਂ ਦੇ ਦੁੱਖ ਦੂਰ ਕਰਨ ਦੇ ਸਮਰੱਥ ਭੀ ਹੈ, ਉਹਦਾ ਨਾਮ ਰੂਪੀ ਅੰਮ੍ਰਿਤ ਐਸਾ ਜਲ ਹੈ ਜੋ ਸਦਾ ਹੀ ਨਿਰਮਲ, ਭਾਵ ਸਵੱਛ ਰਹਿੰਦਾ ਹੈ। ਹੇ ਮਨ, ਮੈਂ ਦੁਨੀਆ ਦੇ ਸਾਰੇ ਪਦਾਰਥਾਂ ਦੇ ਸਵਾਦ ਚੱਖ ਕੇ ਦੇਖ ਲਏ ਹਨ, ਪਰ ਮੇਰੇ ਉਸ ਪ੍ਰਭੂ ਜੀ ਦੇ ਨਾਮ ਦਾ ਸੁਆਦ ਹੋਰ ਸਭ ਤੋਂ ਮਿੱਠਾ ਹੈ।

ਜੋ ਜੋ ਪੀਵੈ ਸੋ ਤ੍ਰਿਪਤਾਵੈ॥
ਅਮਰੁ ਹੋਵੈ ਜੋ ਨਾਮ ਰਸੁ ਪਾਵੈ॥
ਨਾਮੁ ਨਿਧਾਨ ਤਿਸਹਿ ਪਰਾਪਤਿ
ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ॥2॥

ਹੇ ਭਾਈ! ਇਸ ਨਾਮ ਰੂਪੀ ਅੰਮ੍ਰਿਤ ਨੂੰ ਜੋ ਜੋ ਜੀਵ ਪੀਂਦੇ ਹਨ, ਉਹ ਨਾਮ ਦਾ ਰਸ ਪ੍ਰਾਪਤ ਕਰਦੇ ਹਨ ਤੇ ਉਨ੍ਹਾਂ ਦੀ ਦੁਨਿਆਵੀ ਭੁੱਖ ਵੀ ਦੂਰ ਹੋ ਜਾਂਦੀ ਹੈ ਤੇ ਉਹ ਨਾਮ ਰਸ ਨਾਲ ਰੱਜ ਜਾਂਦੇ ਹਨ, ਤੇ ਹੇ ਭਾਈ! ਨਾਮ ਜਪਣ ਵਾਲਿਆਂ ਨੂੰ ਕਦੀ ਆਤਮਿਕ ਮੌਤ ਭੀ ਨੇੜੇ ਨਹੀਂ ਆਉਂਦੀ ਅਤੇ ਜਿਨ੍ਹਾਂ ਦੇ ਮਨ ਵਿਚ ਗੁਰੂ ਦਾ ਸ਼ਬਦ ਵਸ ਜਾਂਦਾ ਹੈ, ਉਹ ਪ੍ਰਭੂ ਨਾਮ ਦੇ ਖ਼ਜ਼ਾਨੇ ਭੀ ਪ੍ਰਾਪਤ ਕਰ ਲੈਂਦੇ ਹਨ।

ਜਿਨਿ ਹਰਿ ਰਸੁ ਪਾਇਆ
ਸੋ ਤ੍ਰਿਪਤਿ ਅਘਾਨਾ॥
ਜਿਨ ਹਰਿ ਸਾਦੁ ਪਾਇਆ
ਸੋ ਨਾਹਿ ਡੁਲਾਨਾ॥
ਤਿਸਹਿ ਪਰਾਪਤਿ ਹਰਿ ਹਰਿ ਨਾਮਾ
ਜਿਸੁ ਮਸਤਕਿ ਭਾਗੀਠਾ ਜੀਉ॥3॥

ਹੇ ਭਾਈ! ਜਿਨ੍ਹਾਂ ਜੀਵਾਂ ਨੇ ਅਕਾਲ ਪੁਰਖ ਪ੍ਰਭੂ ਦਾ ਨਾਮ ਰੂਪੀ ਅੰਮ੍ਰਿਤ ਪੀਤਾ ਹੈ, ਉਹ ਤ੍ਰਿਪਤ ਅਘਾਨਾ, ਭਾਵ ਪੂਰਨ ਤੌਰ 'ਤੇ ਹੀ ਰੱਜ ਗਏ ਤੇ ਉਨ੍ਹਾਂ ਦੀ ਮਾਇਆ ਦੀ ਸੰਸਾਰਕ ਭੁੱਖ ਅਤੇ ਪਿਆਸ ਭੀ ਮਿਟ ਗਈ ਹੈ, ਤੇ ਜਿਨ੍ਹਾਂ ਨੇ ਵਾਹਿਗੁਰੂ ਦੇ ਨਾਮ ਦਾ ਸੁਆਦ ਚੱਖ ਲਿਆ ਹੈ ਉਹ ਵਿਕਾਰ ਰੂਪੀ ਮਾਇਆ ਜਗਤ ਵਿਚ ਰਹਿੰਦੇ ਹੋਏ ਭੀ ਕਦੀ ਡੋਲਦੇ ਨਹੀਂ; ਪਰ ਹੇ ਭਾਈ! ਮੇਰੇ ਉਸ ਮਿਹਰਬਾਨ ਪ੍ਰਭੂ ਦਾ ਨਾਮ ਸਿਰਫ਼ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਸ ਦੇ ਮਸਤਕ, ਭਾਵ ਮੱਥੇ ਉਤੇ ਚੰਗੇ ਭਾਗ ਲਿਖੇ ਹੋਏ ਹੋਣ।

ਹਰਿ ਇਕਸੁ ਹਥਿ ਆਇਆ
ਵਰਸਾਣੇ ਬਹੁਤੇਰੇ॥
ਤਿਸੁ ਲਗਿ ਮੁਕਤੁ ਭਏ ਘਣੇਰੇ॥
ਨਾਮੁ ਨਿਧਾਨਾ ਗੁਰਮੁਖਿ ਪਾਈਐ
ਕਹੁ ਨਾਨਕ ਵਿਰਲੀ ਡੀਠਾ ਜੀਉ॥4॥

ਹੇ ਭਾਈ! ਇਹ ਨਾਨਕ ਆਖਦਾ ਹੈ ਕਿ ਉਸ ਹਰੀ ਪ੍ਰਭੂ ਜੀ ਦਾ ਨਾਮ ਇਕ ਗੁਰੂ ਦੇ ਹੱਥ ਵਿਚ ਆ ਜਾਂਦਾ ਹੈ ਤਾਂ ਉਸ ਗੁਰੂ ਪਾਸੋਂ ਬਹੁਤੇਰੇ, ਭਾਵ ਅਨੇਕਾਂ ਹੀ ਜੀਵ ਵਰਸਾਣੇ, ਵਰੋਸਾਏ, ਭਾਵ ਲਾਭ ਉਠਾਉਂਦੇ ਹਨ ਤੇ ਉਸ ਗੁਰੂ ਦੇ ਚਰਨੀਂ ਲੱਗਦੇ ਅਨੇਕਾਂ ਹੀ ਜੀਵ ਇਸ ਮਾਇਆ ਰੂਪੀ ਜਗਤ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ। ਹੇ ਭਾਈ! ਪ੍ਰਭੂ ਦਾ ਇਹ ਨਾਮ ਰੂਪੀ ਖ਼ਜ਼ਾਨਾ ਭੀ ਗੁਰੂ ਦੀ ਸ਼ਰਨ ਪਿਆਂ ਹੀ ਪ੍ਰਾਪਤ ਹੁੰਦਾ ਹੈ ਤੇ ਵਿਰਲਿਆਂ ਨੇ ਹੀ ਉਸ ਨਾਮ ਦੇ ਖ਼ਜ਼ਾਨੇ ਦੇ ਦਰਸ਼ਨ ਕੀਤੇ ਹਨ।

*ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

ਐਮਰਜੈਂਸੀ ਅਤੇ ‘ਕੱਖ-ਕਾਨਾਂ’ ਦੀ ਵਾਰੀ-8

# ਕੁੰਡੀਆਂ ਜੋੜਨੀਆਂ

***‘ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ’ ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਅਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। ਐਤਕੀਂ ‘ਕੁੰਡੀਆਂ ਜੋੜਨੀਆਂ’ ਵਿਚ ਪੁਲਿਸ ਦੀ ਤਫਤੀਸ਼ ਦੇ ਢੰਗ-ਤਰੀਕਿਆਂ ਦਾ ਜ਼ਿਕਰ ਕੀਤਾ ਗਿਆ ਹੈ। -ਸੰਪਾਦਕ***

ਸੋਚਦਿਆਂ ਸੋਚਦਿਆਂ ਪਤਾ ਨਹੀਂ ਕਦੋਂ ਮੇਰੀ ਅੱਖ ਲੱਗ ਗਈ। ਦਿਨ ਚੜ੍ਹਨ ਵੇਲੇ ਸ਼ਾਇਦ ਜ਼ਿੰਦਗੀ ਵਿਚ ਪਹਿਲੀ ਵਾਰ ਚਿੜੀਆਂ ਦਾ ਚੂਕਣਾ ਮੈਨੂੰ ਖ਼ਤਰੇ ਦੇ ਅਲਾਰਮ ਵਾਂਗ ਲੱਗਾ ਹੋਏਗਾ!

ਸਾਨੂੰ ਬਾਹਰ ਕੱਢ ਕੇ ਜੰਗਲ ਪਾਣੀ ਲਈ ਲਿਜਾ ਕੇ, ਫਿਰ ਕੋਠੜੀਆਂ ਵਿਚ ਬੰਦ ਕਰ ਦਿੱਤਾ।

ਫ਼ਾਂਸੀ ਲੱਗਣ ਵਾਲੇ ਬੰਦੇ ਵਾਂਗ ਮੈਂ, ਮੈਨੂੰ ਲੈਣ ਆਉਣ ਵਾਲੇ ‘ਜਮਦੂਤਾਂ’ ਦੀ ਉਡੀਕ ਕਰਨ ਲੱਗਾ।

“ਕੱਢ ਇਹਨੂੰ ਵੱਡੇ ਸਮਗਲਰ ਨੂੰ ਬਾਹਰ। ਇਹਦੀ ਮਾਂ... ਏ।”

ਮੇਰੇ ਗੁਆਂਢ ਵਾਲੀ ਕੋਠੜੀ ਵਿਚੋਂ ਕਿਸੇ ਨੂੰ ਬਾਹਰ ਕੱਢਿਆ ਗਿਆ। ਬਾਹਰ ਨਿਕਲਦਿਆਂ ਹੀ ਉਸ ‘ਤੇ ਗਾਲ੍ਹਾਂ ਅਤੇ ਧੌਲਾਂ ਦੀ ਵਾਛੜ ਹੋਣ ਲੱਗੀ।



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

“ਦੱਸ, ਪਹਿਲਾਂ ਕਿੰਨੇ ਗੇੜੇ ਲਾਏ ਸੀ ਪਾਕਿਸਤਾਨ ਦੇ?”

ਉਹ ਹੱਥ ਜੋੜ ਕੇ ਲਿਲ੍ਹਕੜੀਆਂ ਲੈਣ ਲੱਗਾ, “ਹਜ਼ੂਰ ਮਾਈ ਬਾਪ! ਮੈਂ ਪਹਿਲਾਂ ਈ ਦੱਸਿਆ ਏ, ਇਹ ਮੇਰਾ ਦੂਜਾ ਗੇੜਾ ਈ ਸੀ। ਆਪਣੇ ਇੱਕੋ ਇੱਕ ਪੁੱਤ ਦੇ ਸਿਰ ਦੀ ਸੌਂਹ!”

ਉਹ ਗੋਡਿਆਂ ਪਰਨੇ ਹੋ ਕੇ ਖ਼ਿਮਾ-ਯਾਚਨਾ ਦੀ ਮੁਦਰਾ ਵਿਚ ਸਿਰ ਝੁਕਾਈ ਬੈਠਾ ਸੀ।

ਇੰਨੇ ਚਿਰ ਵਿਚ ਅਸਮਾਨ ਚੀਰਦੀ ਚੀਕ ਸੁਣਾਈ ਦਿੱਤੀ। ਕਿਸੇ ਦੂਜੀ ਕੋਠੜੀ ਵਿਚੋਂ ਬਾਹਰ ਕੱਢਿਆ ਬੰਦਾ ਧਰਤੀ ‘ਤੇ ਡਿੱਗਿਆ ਪਿਆ ਸੀ ਤੇ ਇੱਕ ਜਣਾ ਉਹਦੇ ‘ਤੇ, ਬਿਨਾਂ ਉਹਦੇ ਅੰਗਾਂ ਦੀ ਪ੍ਰਵਾਹ ਕੀਤਿਆਂ, ਡਾਂਗਾਂ ਵਰ੍ਹਾ ਰਿਹਾ ਸੀ।

“ਬਖ਼ਸ਼ ਲਾ ਮਾਪਿਆ! ਮੈਂ ਨ੍ਹੀਂ ਕੁਝ ਲੁਕਾਇਆ ਤੈਥੋਂ ਮੋਤੀਆਂ ਆਲਿਆ! ਅੱਖਰ ਅੱਖਰ ਸੱਚ ਦੱਸ ਦਿੱਤਾ ਹੈ।”

ਇੰਜ ਇੱਕ ਇੱਕ ਕਰ ਕੇ ਕੋਠੜੀਆਂ ਵਿਚੋਂ ‘ਬੱਕਰੇ’ ਕੱਢੇ ਜਾ ਰਹੇ ਸਨ ਅਤੇ ‘ਕਤ.ਲਗਾਹ’ ਵੱਲ ਲਿਜਾਏ ਜਾ ਰਹੇ ਸਨ! ਪਹਿਲੇ ਦੋਹਾਂ ਵਾਂਗ ਦੂਜਿਆਂ ਨੂੰ ਵੀ ‘ਇਹ’ ਮੁਢਲੀ ‘ਦਖ਼ਸ਼ਣਾ’ ਦਿੱਤੀ ਗਈ। ਸ਼ਾਇਦ ਮੈਂ ਇਕੱਲਾ ਹੀ ਆਪਣੀ ਕੋਠੜੀ ਵਿਚ ਬੈਠਾ ਆਪਣੀ ‘ਹੋਣੀ’ ਦੀ ਉਡੀਕ ਵਿਚ ਪਿੱਛੇ ਰਹਿ ਗਿਆ ਸਾਂ। ਚੀਕਾਂ ਅਤੇ ਚੰਘਿਆੜਾਂ ਦੀ ਆਵਾਜ਼ ਮੇਰੇ ਕੰਨਾਂ ਵਿਚ ਪੈ ਰਹੀ ਸੀ। ਵਰ੍ਹਦੀਆਂ ਡਾਂਗਾਂ ਜਾਂ ‘ਪੁਲਿਸੀ ਛਿੱਤਰਾਂ’ ਦਾ ਖੜਾਕ ਆ ਰਿਹਾ ਸੀ। ਇੱਕ ਜਣੇ ਨੂੰ ਜਦੋਂ ਕਿੰਨੀਆਂ ਹੀ ਡਾਂਗਾਂ ਪੈ ਗਈਆਂ ਤਾਂ ਮੈਂ ਸੋਚਿਆ; ਮੈਨੂੰ ਡਾਂਗਾਂ ਦੀ ‘ਗਿਣਤੀ’ ਤਾਂ ਕਰਨੀ ਚਾਹੀਦੀ ਸੀ। ਹੁਣ ਤਾਂ ਸ਼ਾਇਦ ਬੱਸ ਹੀ ਕਰਨ! ਤਦ ਵੀ ਉਸ ਤੋਂ ਪਿੱਛੋਂ ਮੈਂ ਗਿਣਤੀ ਸ਼ੁਰੂ ਕੀਤੀ। ਪੂਰੀਆਂ ਅਠੱਤੀ ਡਾਂਗਾਂ ਉਸ ਤੋਂ ਪਿੱਛੋਂ ਉਸ ਬੰਦੇ ਨੂੰ ਪਈਆਂ!

‘ਨਰਕ’ ਵਿਚ ਵੀ ਆਪਣੇ ‘ਪਾਪਾਂ ਦੀ ਸਜ਼ਾ’ ਭੁਗਤ ਰਹੇ ਲੋਕਾਂ ਵਿਚ ਸ਼ਾਇਦ ਇੰਜ ਹੀ ਕੁਰਲਾਹਟ ਮੱਚਦੀ ਹੋਵੇਗੀ! ਇਹ ਧਰਤੀ ਉਤਲਾ ‘ਨਰਕ’ ਹੀ ਸੀ!


“ਆ ਭਈ ਵਰਿਆਮ ਸਿੰਹਾਂ! ਬਾਹਰ ਆ।”

ਰਾਤ ਵਾਲਾ ਅਧਖੜ ਅਫ਼ਸਰ ਮੇਰੀ ਕੋਠੜੀ ਸਾਹਮਣੇ ਖਲੋਤਾ ਸੀ। ਉਸ ਦੇ ਪਿੱਛੇ ਬਾਵਰਦੀ ਹਵਾਲਦਾਰ ਸੀ।

ਡਿਊਟੀ ‘ਤੇ ਖਲੋਤੇ ਬੰਦਿਆਂ ਵਿਚੋਂ ਇੱਕ ਨੇ ਮੇਰੀ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ। ਪੁਲਿਸ ਅਫ਼ਸਰ ਦਾ ਨਾਂ ਸ਼ਾਇਦ ਦਲੀਪ ਸਿੰਘ ਸੀ। ਉਸ ਨੇ ਹਵਾਲਦਾਰ ਨੂੰ ‘ਬਿਆਨ ਲਿਖਣ ਲਈ’ ਕਾਗ਼ਜ਼ ਪੱਤਰ ਲੈ ਕੇ ਜਾਣ ਅਤੇ ਆਪਣੇ ‘ਟਿਕਾਣੇ’ ‘ਤੇ ਬੈਂਚ ਅਤੇ ਮੇਜ਼-ਕੁਰਸੀ ਲਾਉਣ ਦਾ ਹੁਕਮ ਦਿੱਤਾ। ਆਪ ਉਹ ਮੈਨੂੰ ਇਮਾਰਤ ਦੇ ਇਕਲਵੰਜੇ ਹਿੱਸੇ ਵਿਚ ਲੈ ਗਿਆ। ਉਸ ਨੇ ਮੇਰੇ ਮੋਢੇ ਉਤੇ ਹੱਥ ਰੱਖਿਆ ਅਤੇ ਠਰ੍ਹੰਮੇ ਨਾਲ ਕਿਹਾ, “ਵੇਖ ਤੂੰ ਪੜ੍ਹਿਆ ਲਿਖਿਆ ਬੰਦਾ ਏਂ। ਮੈਂ ਨਹੀਂ ਚਾਹੁੰਦਾ, ਤੇਰੀ ਖ਼ਾਹ-ਮਖ਼ਾਹ ਦੀ ਬੇਇਜ਼ਤੀ ਕਰਾਂ, ਪਰ ਤੈਨੂੰ ਸਾਨੂੰ ਲੋੜੀਂਦੀ ਜਾਣਕਾਰੀ ਦੇਣੀ ਹੀ ਪੈਣੀ ਹੈ, ਜੋ ਅਸਲ ਵਿਚ ਅਸੀਂ ਤੈਥੋਂ ਜਾਣਨਾ ਚਾਹੁੰਦੇ ਹਾਂ। ਜੇ ਤਾਂ ਤੂੰ ਸਾਡੇ ਪਿੜ-ਪੱਲੇ ਪਾ’ਤਾ, ਤਾਂ ਤੂੰ ਵੀ ਸੌਖਾ ਤੇ ਅਸੀਂ ਵੀ। ਹੁਣ ਵੇਖਣਾ ਇਹ ਹੈ ਕਿ ਕੁੰਡੀਆਂ ਨਾਲ ਕੁੰਡੀਆਂ ਜੁੜਦੀਆਂ ਨੇ ਅਤੇ ਕਰੰਟ ਚਾਲੂ ਹੁੰਦਾ ਹੈ ਕਿ ਨਹੀਂ! ਨਹੀਂ ਤਾਂ ਇਥੋਂ ਬਾਰੇ ਤੈਨੂੰ ਹੁਣ ਕੋਈ ਭੁਲੇਖਾ ਤਾਂ ਰਹਿ ਨਹੀਂ ਗਿਆ ਹੋਣਾ!”

ਭੁਲੇਖਾ; ਮੈਨੂੰ ਤਾਂ ਪਹਿਲਾਂ ਹੀ ਕੋਈ ਨਹੀਂ ਸੀ। ਬੜੇ ਲੋਕਾਂ ਤੋਂ ਬੜਾ ਕੁਝ ਪਹਿਲਾਂ ਹੀ ਸੁਣਿਆਂ ਹੋਇਆ ਸੀ। ਕੱਲ੍ਹ ਸ਼ਾਮ ਅਤੇ ਸਵੇਰੇ ਸੂਰਜ ਚੜ੍ਹਨ ਸਾਰ ਤੋਂ ਹੀ ‘ਟੋਟਿਆਂ ਵਿਚ ਛੋਟੇ ਛੋਟੇ ਦ੍ਰਿਸ਼’ ਆਪਣੀਆਂ ਅੱਖਾਂ ਨਾਲ ਵੇਖ ਹੀ ਰਿਹਾ ਸਾਂ। ਹੁਣ ਵੀ ਵੱਡੀ ਬਿਲਡਿੰਗ ਦੇ ਪਿਛਵਾੜਿਓਂ ਚੀਕਾਂ ਅਤੇ ਕੁਰਲਾਹਟਾਂ ਦੀ ਆਵਾਜ਼ ਆ ਰਹੀ ਸੀ।

ਇਨ੍ਹਾਂ ‘ਚੀਕਾਂ ਕੁਰਲਾਹਟਾਂ’ ਦੀ ਸ਼ੋਰੀਲੀ ਭੀੜ ਵਿਚ ਹੀ ਦਲੀਪ ਸਿੰਘ, ਉਸ ਦਾ ਸਾਥੀ ਤੇ ਮੈਂ ‘ਸਾਹੋ-ਸਾਹ ਹੋਏ’ ਦੌੜਦੇ ਰਹੇ। ਢਾਈ ਕੁ ਦਿਨਾਂ ਵਿਚ ਹੇਠ ਲਿਖੇ ਸਵਾਲਾਂ-ਜਵਾਬਾਂ ਵਿਚੋਂ ਲੰਘਦਿਆਂ, ਉਨ੍ਹਾਂ ਨੂੰ ਮੇਰਾ ਬਿਆਨ ਕਲਮਬੰਦ ਕਰਨ ਲਈ ਰਾਹ ਲੱਭ ਗਿਆ ਸੀ! ਅਸੀਂ ‘ਘਰਕਣਾ’ ਛੱਡ ਕੇ ‘ਸਹਿਜ’ ਹੋ ਰਹੇ ਸਾਂ!



ਬਾਬਾ ਸੋਹਨ ਸਿੰਘ ਭਕਨਾ

*ਹਾਂ, ਇੱਕ ਮੇਰਾ ਦੋਸਤ ਜਾਂ ਜਾਣਕਾਰ ਕਹਿ ਲਵੋ, ਪਹਿਲਾਂ ਕੁਝ ਚਿਰ ਬਿਜਲੀ ਬੋਰਡ ਵਿਚ ਕੰਮ ਕਰਦਾ ਰਿਹਾ ਹੈ; ਪਾਲ ਸਿੰਘ। ਉਂਜ, ਉਹ ਵੀ ਮੇਰਾ ਜਾਣੂ ਮੇਰੀ ਲਿਖਤ ਪੜ੍ਹ ਕੇ ਹੀ ਹੋਇਆ ਸੀ। ਬਾਬਾ ਸੋਹਣ ਸਿੰਘ ਭਕਨਾ ਦੇ ਚਲਾਣੇ ਸਮੇਂ ਮੈਂ ਅਖ਼ਬਾਰ ਵਿਚ ਲੇਖ ਲਿਖਿਆ ਸੀ। ਉਸ ਲੇਖ ਤੋਂ ਪ੍ਰਭਾਵਿਤ ਹੋ ਕੇ ਉਹ ਮੈਨੂੰ ਉਚੇਚਾ ਆ ਕੇ ਮਿਲਿਆ ਸੀ। ਉਹ ਉਦੋਂ ‘ਯੁਵਕ ਕੇਂਦਰ’ ਨਾਲ ਸਬੰਧਿਤ ਸੀ। ਪਿੱਛੋਂ ਅਸੀਂ ਰਲ ਕੇ ਦੇਸ਼ ਦੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਨੁਮਾਇਸ਼ ਵੀ ਆਪਣੇ ਪਿੰਡਾਂ ਵਿਚ ਲਾਉਂਦੇ ਰਹੇ ਹਾਂ।*

ਉਨ੍ਹਾਂ ਦੀਆਂ ‘ਕੁੰਡੀਆਂ ਜੁੜ ਗਈਆਂ ਸਨ!’ ‘ਕੁੰਡੀਆਂ ਜੋੜਨ’ ਲਈ ‘ਬਲਬੀਰ’ ਵੱਲੋਂ ਭੇਜਿਆ ਸੁਨੇਹਾ ਮੇਰੇ ਲਈ ‘ਨਰਸਿੰਘ ਅਵਤਾਰ’ ਵਾਂਗ ਬਹੁੜਿਆ ਸੀ!

“ਮੈਂ ਵੀ ਨਹੀਂ ਚਾਹੁੰਦਾ ਕਿ ਆਪਾਂ ਦੋਵੇਂ ਧਿਰਾਂ ‘ਔਖੇ ਹੋਈਏ।’ ਤੁਸੀਂ ਪੁੱਛੋ, ਜੋ ਪੁੱਛਣਾ ਏਂ। ਜੋ ਮੈਨੂੰ ਪਤਾ ਹੋਇਆ, ਜ਼ਰੂਰ ਦੱਸਾਂਗਾ।”

*ਇੱਕ ਇੱਕ ਕਰ ਕੇ ਕੋਠੜੀਆਂ ਵਿਚੋਂ ‘ਬੱਕਰੇ’ ਕੱਢੇ ਜਾ ਰਹੇ ਸਨ ਅਤੇ ‘ਕਤ.ਲਗਾਹ’ ਵੱਲ ਲਿਜਾਏ ਜਾ ਰਹੇ ਸਨ! ਪਹਿਲੇ ਦੋਹਾਂ ਵਾਂਗ ਦੂਜਿਆਂ ਨੂੰ ਵੀ ‘ਇਹ’ ਮੁਢਲੀ ‘ਦਖ਼ਸ਼ਣਾ’ ਦਿੱਤੀ ਗਈ। ਸ਼ਾਇਦ ਮੈਂ ਇਕੱਲਾ ਹੀ ਆਪਣੀ ਕੋਠੜੀ ਵਿਚ ਬੈਠਾ ਆਪਣੀ ‘ਹੋਣੀ’ ਦੀ ਉਡੀਕ ਵਿਚ ਪਿੱਛੇ ਰਹਿ ਗਿਆ ਸਾਂ। ਚੀਕਾਂ ਅਤੇ ਚੰਘਿਆੜਾਂ ਦੀ ਆਵਾਜ਼ ਮੇਰੇ ਕੰਨਾਂ ਵਿਚ ਪੈ ਰਹੀ ਸੀ। ਵਰ੍ਹਦੀਆਂ ਡਾਂਗਾਂ ਜਾਂ ‘ਪੁਲਿਸੀ ਛਿੱਤਰਾਂ’ ਦਾ ਖੜਾਕ ਆ ਰਿਹਾ ਸੀ। ਇੱਕ ਜਣੇ ਨੂੰ ਜਦੋਂ ਕਿੰਨੀਆਂ ਹੀ ਡਾਂਗਾਂ ਪੈ ਗਈਆਂ ਤਾਂ ਮੈਂ ਸੋਚਿਆ; ਮੈਨੂੰ ਡਾਂਗਾਂ ਦੀ ‘ਗਿਣਤੀ’ ਤਾਂ ਕਰਨੀ ਚਾਹੀਦੀ ਸੀ। ਹੁਣ ਤਾਂ ਸ਼ਾਇਦ ਬੱਸ ਹੀ ਕਰਨ! ਤਦ ਵੀ ਉਸ ਤੋਂ ਪਿੱਛੋਂ ਮੈਂ ਗਿਣਤੀ ਸ਼ੁਰੂ ਕੀਤੀ। ਪੂਰੀਆਂ ਅਠੱਤੀ ਡਾਂਗਾਂ ਉਸ ਤੋਂ ਪਿੱਛੋਂ ਉਸ ਬੰਦੇ ਨੂੰ ਪਈਆਂ! ‘ਨਰਕ’ ਵਿਚ ਵੀ ਆਪਣੇ ‘ਪਾਪਾਂ ਦੀ ਸਜ਼ਾ’ ਭੁਗਤ ਰਹੇ ਲੋਕਾਂ ਵਿਚ ਸ਼ਾਇਦ ਇੰਜ ਹੀ ਕੁਰਲਾਹਟ ਮੱਚਦੀ ਹੋਵੇਗੀ! ਇਹ ਧਰਤੀ ਉਤਲਾ ‘ਨਰਕ’ ਹੀ ਸੀ!*

“ਤੂੰ ਬਲਬੀਰ ਬਾਰੇ ਕੀ ਜਾਣਦਾ ਏਂ?”

ਮੈਨੂੰ ਵੀ ਪਤਾ ਸੀ ਕਿ ਅਸਲੀ ‘ਕੁੰਡੀਆਂ’ ਬਲਬੀਰ ਦੇ ਹਵਾਲੇ ਨਾਲ ਹੀ ਜੁੜਨੀਆਂ ਸਨ ਅਤੇ ਮੇਰੇ ਚੰਗੇ ਭਾਗਾਂ ਨੂੰ ਬਲਬੀਰ ਨੇ ਇਹ ਕੁੰਡੀਆਂ ‘ਬਣਾ ਕੇ’ ਮੈਨੂੰ ਪਹਿਲਾਂ ਹੀ ਪਹੁੰਚਾ ਦਿੱਤੀਆਂ ਸਨ। ਜੇ ਮੇਰਾ ਬਿਆਨ, ਮੇਰੇ ਬਾਰੇ ਦਿੱਤੇ ਬਲਬੀਰ ਦੇ ਬਿਆਨ ਦੀ ਹੂ-ਬ-ਹੂ ਪੁਸ਼ਟੀ ਕਰਦਾ ਹੋਇਆ, ਤਾਂ ਹੀ ਮੇਰਾ ਬਚਾਅ ਹੋਣਾ ਸੀ!

“ਸੱਚੀ ਗੱਲ ਤਾਂ ਇਹ ਹੈ ਕਿ ਮੈਂ ਬਲਬੀਰ ਨੂੰ ਬਿਲਕੁਲ ਹੀ ਭੁੱਲ ਚੁੱਕਾ ਸਾਂ। ਉਸ ਦੀ ਮੇਰੇ ਨਾਲ ਕੋਈ ਇਹੋ ਜਿਹੀ ਜਾਣ-ਪਛਾਣ ਵੀ ਨਹੀਂ ਸੀ ਕਿ ਉਹਨੂੰ ਯਾਦ ਰੱਖਿਆ ਜਾਵੇ, ਪਰ ਜਿਸ ਦਿਨ ਦਾ ਮੈਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਓਦਣ ਤੋਂ ਹੀ ਵਾਰ ਵਾਰ ਮੇਰੇ ਕੋਲ ਬਲਬੀਰ ਦਾ ਨਾਂ ਲੈ ਕੇ ਉਸ ਨਾਲ ਮੇਰੇ ਸਬੰਧਾਂ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਲਈ ਮੈਂ ਜ਼ਿਹਨ ਉਤੇ ਵਾਰ ਵਾਰ ਜ਼ੋਰ ਦੇ ਕੇ ‘ਇੱਕ ਬਲਬੀਰ’ ਬਾਰੇ ਅਨੁਮਾਨ ਲਾਇਆ ਹੈ। ਸ਼ਾਇਦ ਉਹ ਬਿਜਲੀ ਬੋਰਡ ਵਿਚ ਮੁਲਾਜ਼ਮ ਹੈ।” ਮੇਰੇ ਇਸ ਬਿਆਨ ਵਿਚ ਸਦਾਕਤ ਵੀ ਸੀ।

“ਠੀਕ! ਬਿਲਕੁ.ਲ ਠੀਕ! ਠੀਕ ਰਸਤੇ ’ਤੇ ਤੁਰ ਪਿਆਂ ਏਂ! ਸ਼ਾਬਾਸ਼!” ਉਸ ਨੇ ਮੈਨੂੰ ਵਡਿਆਇਆ।

ਇਹ ‘ਕੁੰਡੀਆਂ ਮੈਂ ਤੁਰਤ ਨਹੀਂ ਸਨ ਜੋੜਨੀਆਂ।’ ਥੋੜ੍ਹਾ ਇਧਰ-ਉਧਰ ਹੋ ਕੇ ਜੋੜਨੀਆਂ ਸਨ।

“ਉਹ ਤੈਨੂੰ ਪਹਿਲੀ ਵਾਰ ਕਿੱਥੇ ਮਿਲਿਆ ਸੀ?” ਬਲਬੀਰ ਵੱਲੋਂ ਉਹਨੂੰ ਦਿੱਤੀ ਸੂਚਨਾ ਮੇਰੇ ਕੋਲ ਵੀ ਸੀ, ਪਰ ਮੈਂ ਸਿੱਧਾ ਉਸ ਗੱਲ ਵੱਲ ਨਹੀਂ ਸਾਂ ਆਉਣਾ ਚਾਹੁੰਦਾ।

“ਪੱਕਾ ਨਹੀਂ ਕਹਿ ਸਕਦਾ। ਮੇਰੀ ਉਸ ਨਾਲ ਕੋਈ ਦੋਸਤੀ ਜਾਂ ਡੂੰਘਾ ਨੇੜ ਕਦੀ ਵੀ ਨਹੀਂ ਰਿਹਾ। ਉਹ ਕਦੀ ਮੈਨੂੰ ‘ਕੱਲਾ ਮਿਲਿਆ ਹੋਵੇ, ਇਸ ਦਾ ਵੀ ਮੈਨੂੰ ਖ਼ਿਆਲ ਨਹੀਂ। ਹੋ ਸਕਦੈ, ਕਿਸੇ ਸਾਂਝੇ ‘ਕੱਠ-ਵੱਠ ਵਿਚ ਮਿਲਿਆ ਹੋਵੇ। ਇਹ ਵੀ ਹੋ ਸਕਦਾ ਹੈ, ਝਬਾਲ ਵਾਲੀ ਕਾਨਫ਼ਰੰਸ ’ਤੇ ਮਿਲਿਆ ਹੋਵੇ।”

“ਊਂ! ਹੂੰਅ!” ਉਸ ਨੇ ਨਾਂਹ ਵਿਚ ਸਿਰ ਫੇਰਿਆ। ਉਹਦੀ ਤਸੱਲੀ ਤਾਂ ਬਲਬੀਰ ਦੇ ਦਿੱਤੇ ਬਿਆਨ ਨਾਲ ਮੇਰਾ ਬਿਆਨ ਮਿਲਾ ਕੇ ਹੀ ਹੋਣੀ ਸੀ।

“ਕਿਸੇ ਕਵੀ ਦਰਬਾਰ ਜਾਂ ਕਿਸੇ ਸਾਹਿਤਕ ਸਮਾਗਮ ਵਿਚ ਮਿਲਿਆ ਹੋ ਸਕਦਾ ਹੈ। ਉਥੇ ਕਈ ਲੋਕ ਭੀੜ ਵਿਚ ਮਿਲਦੇ ਨੇ। ਬਾਅਦ ਵਿਚ ਉਨ੍ਹਾਂ ਦਾ ਚੇਤਾ ਨਹੀਂ ਰਹਿੰਦਾ।” ਮੈਂ ਜਾਣ-ਬੁੱਝ ਕੇ ‘ਆਸੇ-ਪਾਸੇ’ ਫਿਰ ਰਿਹਾ ਸਾਂ।

“ਟਿਕਾਣੇ ’ਤੇ ਆ। ਐਵੇਂ ਬਾਹਰ ਫਿਰ ਕੇ ਟਾਈਮ ਖ਼ਰਾਬ ਨਾ ਕਰ।”

ਪਰ ਮੈਂ ‘ਥੋੜ੍ਹਾ ਕੁ’ ਟਾਈਮ ਤਾਂ ਖ਼ਰਾਬ ਕਰਨਾ ਹੀ ਸੀ! ਇੰਜ ਹੀ ‘ਭਰੋਸੇਯੋਗਤਾ’ ਬਣਨੀ ਸੀ!

ਉਸ ਨੇ ਮੈਨੂੰ ਠੀਕ ਰਾਹੇ ਪਾਉਣਾ ਚਾਹਿਆ- “ਅੱਛਾ, ਤੂੰ ਦੱਸ ਤੇਰਾ ਬਿਜਲੀ ਬੋਰਡ ਦੇ ਕਿਸੇ ਹੋਰ ਬੰਦੇ ਨਾਲ ਵੀ ਨੇੜਲਾ ਵਾਹ ਹੈ?”

“ਹਾਂ ਇੱਕ ਮੇਰਾ ਦੋਸਤ ਜਾਂ ਜਾਣਕਾਰ ਕਹਿ ਲਵੋ, ਪਹਿਲਾਂ ਕੁਝ ਚਿਰ ਬਿਜਲੀ ਬੋਰਡ ਵਿਚ ਕੰਮ ਕਰਦਾ ਰਿਹਾ ਹੈ; ਪਾਲ ਸਿੰਘ। ਉਂਜ, ਉਹ ਵੀ ਮੇਰਾ ਜਾਣੂ ਮੇਰੀ ਲਿਖਤ ਪੜ੍ਹ ਕੇ ਹੀ ਹੋਇਆ ਸੀ। ਬਾਬਾ ਸੋਹਣ ਸਿੰਘ ਭਕਨਾ ਦੇ ਚਲਾਣੇ ਸਮੇਂ ਮੈਂ ਅਖ਼ਬਾਰ ਵਿਚ ਲੇਖ ਲਿਖਿਆ ਸੀ। ਉਸ ਲੇਖ ਤੋਂ ਪ੍ਰਭਾਵਿਤ ਹੋ ਕੇ ਉਹ ਮੈਨੂੰ ਉਚੇਚਾ ਆ ਕੇ ਮਿਲਿਆ ਸੀ। ਉਹ ਉਦੋਂ ‘ਯੁਵਕ ਕੇਂਦਰ’ ਨਾਲ ਸਬੰਧਿਤ ਸੀ। ਪਿੱਛੋਂ ਅਸੀਂ ਰਲ ਕੇ ਦੇਸ਼ ਦੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਨੁਮਾਇਸ਼ ਵੀ ਆਪਣੇ ਪਿੰਡਾਂ ਵਿਚ ਲਾਉਂਦੇ ਰਹੇ ਹਾਂ।”

“ਨਿਕਲਦੀ ਆਉਂਦੀ ਆ ਨਾ ਬਿੱਲੀ ਥੈਲੇ ’ਚੋਂ ਆਪਣੇ ਆਪ ਬਾਹਰ। ਨਾਲੇ ਕਹਿੰਦਾ ਏਂ, ਮੈਂ ਕੁਝ ਨਹੀਂ ਕੀਤਾ, ਨਾਲੇ ਨੁਮਾਇਸ਼ਾਂ ਲਾਉਂਦਾ ਰਿਹਾ ਏਂ! ਲੋਕਾਂ ਨੂੰ ਸਰਕਾਰ ਵਿਰੁਧ ਹਥਿਆਰ ਚੁੱਕਣ ਲਈ ਭੜਕਾਉਂਦਾ ਵੀ ਰਿਹਾ ਏਂ! ਆਪੇ ਮੰਨ ਗਿਆ ਏਂ ਨਾ ਨਕਸਲੀ ਹੋਣਾ!”

“ਹਜ਼ੂਰ! ‘ਯੁਵਕ ਕੇਂਦਰ’ ਨਕਸਲੀ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਦਾ ਕੰਮ ਕਰ ਰਿਹਾ ਸੀ। ਰਹੀ ਗੱਲ ਸ਼ਹੀਦਾਂ ਦੀਆਂ ਤਸਵੀਰਾਂ ਦੀ ਨੁਮਾਇਸ਼ ਦੀ। ਆਪਾਂ ਸਾਰੇ ਜਾਣਦੇ ਹਾਂ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸੰਸਾਰ ਅਜੇ ਨਹੀਂ ਬਣਿਆ। ਭਗਤ ਸਿੰਘ ਨੇ ਕਿਹਾ ਸੀ ਕਿ ਸਾਡੀ ਲੜਾਈ ਉਨਾ ਚਿਰ ਜਾਰੀ ਰਹੇਗੀ ਜਿੰਨਾ ਚਿਰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੁੰਦੀ। ਜਿਹੜੀ ‘ਨੌਜਵਾਨ ਭਾਰਤ ਸਭਾ’ ਕਦੀ ਭਗਤ ਸਿੰਘ ਹੁਰਾਂ ਨੇ ਬਣਾਈ ਸੀ, ਉਸੇ ਨੂੰ ਹੀ ਇਕ ਤਰ੍ਹਾਂ ਦੁਬਾਰਾ ਕਾਇਮ ਕੀਤਾ ਗਿਆ ਹੈ। ਸਾਡੇ ਲੀਡਰ ਖ਼ੁਦ ਭਗਤ ਸਿੰਘ ਜਿਹੇ ਸ਼ਹੀਦਾਂ ਦੇ ‘ਸ਼ਹੀਦੀ-ਦਿਹਾੜੇ’ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਲੰਮੇ ਲੰਮੇ ਭਾਸ਼ਣ ਕਰਦੇ ਨੇ। ਇਹ ਲੀਡਰ ਭਗਤ ਸਿੰਘ ਦੀਆਂ ਗੱਲਾਂ ਕਰਨ ਤਾਂ ਉਹ ‘ਵੱਡੇ ਦੇਸ਼ ਭਗਤ’ ਪਰ ਅਸੀਂ ਕਰੀਏ ਤਾਂ ‘ਦੇਸ਼ ਧਰੋਹੀ’ ਹੋ ਗਏ। ਕੋਈ ਗੱਲ ਬਣਦੀ ਤਾਂ ਨਹੀਂ ਨਾ ਸਰਦਾਰ ਜੀ। ਇਸ ਗੱਲ ਨਾਲ ਤਾਂ ਤੁਸੀਂ ਵੀ ਸਹਿਮਤ ਹੋਵੋਗੇ।” ਮੈਂ ਜਾਣ-ਬੁੱਝ ਕੇ ਗੱਲ ਆਸੇ-ਪਾਸੇ ਖ਼ਿਲਾਰ ਦਿੱਤੀ।

ਉਸ ਨੇ ਖਿਲਰੀਆਂ ਤੰਦਾਂ ਜੋੜ ਕੇ ਮੈਨੂੰ ਅਸਲ ਮੁੱਦੇ ਵੱਲ ਮੋੜਿਆ- “ਭਾਈ ਸਿੱਖਾ! ਤੂੰ ਕਹਿੰਦਾ ਏਂ ਕਿ ਉਹਦੇ ਨਾਲ ਤੇਰਾ ਦੂਰ ਦਾ ਵਾਸਤਾ ਈ ਏ, ਪਰ ਉਹ ਤਾਂ ਤੈਨੂੰ ਤੇਰੇ ਆਪਣੇ ਘਰ ਮਿਲਿਆ ਸੀ।”

ਮੈਂ ਪਲ ਕੁ ਹੋਰ ਅਟਕਣਾ ਚਾਹੁੰਦਾ ਸਾਂ। ਜ਼ਿਹਨ ‘ਤੇ ਜ਼ੋਰ ਪਾਉਣ ਦਾ ਬਹਾਨਾ ਬਣਾਇਆ। ਬੁੱਲ੍ਹਾਂ ‘ਚ ਬੁੜਬੁੜਾਇਆ- “ਬਿਜਲੀ ਬੋਰਡ; ਬਲਬੀਰ, ਪਾਲ ਸਿੰਘ?”

“ਸਿੱਧੀ ਤਰ੍ਹਾਂ ਦੱਸ, ਉਹ ਤੈਨੂੰ ਪਾਲ ਸਿੰਘ ਨਾਲ ਹੀ ਕਿਥੇ ਮਿਲਿਆ ਸੀ? ਅਸਲੀ ਟਿਕਾਣੇ ਵੱਲ ਆ।”

ਮੈਂ ਵੀ ‘ਟਿਕਾਣੇ ਵੱਲ’ ਪਰਤਣਾ ਹੀ ਠੀਕ ਸਮਝਿਆ।

“ਇਸ ਗੱਲ ਦੀ ਸੰਭਾਵਨਾ ਵੀ ਹੋ ਸਕਦੀ ਹੈ ਕਿ ਉਹ ਪਾਲ ਸਿੰਘ ਨਾਲ ਮੇਰੇ ਵਿਆਹ ’ਤੇ ਮੇਰੇ ਪਿੰਡ ਆਇਆ ਹੋਵੇ। ਮੇਰੇ ਘਰ ਤਾਂ ਉਹ ਉਦੋਂ ਈ ਆਇਆ ਹੋ ਸਕਦੈ, ਕਿਉਂਕਿ ਉਹ ’ਕੱਲ੍ਹਾ ਕਦੀ ਮੇਰੇ ਘਰ ਆਇਆ ਹੋਵੇ, ਇਹ ਤਾਂ ਮੇਰੇ ਚੇਤੇ ਵਿਚ ਆਉਂਦਾ ਈ ਨਹੀਂ। ਮੇਰੇ ਵਿਆਹ ’ਤੇ ਬਹੁਤ ਸਾਰੇ ਮੇਰੇ ਦੋਸਤ ਅਤੇ ਉਨ੍ਹਾਂ ਦੇ ਦੋਸਤ ਵੀ ਮੇਰੇ ਘਰ ਪੁੱਜੇ ਸਨ। ਬਹੁਤ ਸਾਰੇ ਲੇਖਕ ਆਏ ਸਨ। ਅਮਰਜੀਤ ਚੰਦਨ, ਪ੍ਰੇਮ ਗੋਰਖੀ, ਮੁਖ਼ਤਾਰ ਗਿੱਲ ਤੇ ਕਈ ਹੋਰ। ਇਨ੍ਹਾਂ ਵਿਚ ਬਲਬੀਰ ਵੀ ਹੋ ਸਕਦਾ ਹੈ।”

“ਹਾਂ, ਹਾਂ, ਤੇਰੇ ਵਿਆਹ ’ਤੇ ਹੀ ਗਿਆ ਸੀ। ਤੇ ਚੰਦਨ ਤਾਂ ‘ਨਿਰੀ ਗਊ’ ਹੈ! ਹੈ ਨਾ! ਬੰਬ ਫੜੇ ਜਾਣ ’ਤੇ ਕੈਦ ਕੱਟ ਕੇ ਆਇਆ।” ਉਹ ਉਤੇਜਿਤ ਹੋ ਗਿਆ।

“ਵੇਖੋ ਜੀ, ਮੈਂ ਤੁਹਾਨੂੰ ਪਹਿਲਾਂ ਹੀ ਬੇਨਤੀ ਕੀਤੀ ਸੀ ਕਿ ਮੈਂ ਅਗਾਂਹ-ਵਧੂ ਲੇਖਕ ਹਾਂ। ਵੱਖ ਵੱਖ ਸੈਮੀਨਾਰਾਂ ਜਾਂ ਸਾਹਿਤਕ ਕਾਨਫ਼ਰੰਸਾਂ ਵਿਚ ਕਈ ਲੇਖਕ ਮਿਲਦੇ ਵੀ ਨੇ, ਯਾਰੀਆਂ ਦੋਸਤੀਆਂ ਵੀ ਬਣਦੀਆਂ ਨੇ। ਚੰਦਨ ਨਾਲ ਵੀ ਮੇਰੀ ਪੁਰਾਣੀ ਦੋਸਤੀ ਹੈ; ਉਸ ਦੇ ਜੇਲ੍ਹ ਜਾਣ ਤੋਂ ਪਹਿਲਾਂ ਦੀ। ਦੂਜੀ ਗੱਲ; ਅਮਰਜੀਤ ਚੰਦਨ ਬਾਰੇ ਤੁਸੀਂ ਤਾਂ ਮੈਨੂੰ ਨਹੀਂ ਸੀ ਪੁੱਛਿਆ। ਮੈਂ ਆਪ ਹੀ ਦੱਸਿਆ ਹੈ ਕਿ ਉਹ ਵੀ ਮੇਰੇ ਵਿਆਹ ’ਤੇ ਆਇਆ ਸੀ। ਜੇ ਮੇਰੇ ਮਨ ਵਿਚ ਕੋਈ ‘ਚੋਰ’ ਜਾਂ ‘ਭੈਅ’ ਹੁੰਦਾ ਤਾਂ ਮੈਂ ਉਹਦੇ ਬਾਰੇ ਆਪ ਹੀ ਦੱਸ ਕੇ ਮੁਸ਼ਕਿਲ ਕਿਉਂ ਸਹੇੜਦਾ।”

ਸ਼ਾਇਦ ਉਸ ਨੇ ਮੈਥੋਂ ‘ਚੰਦਨ’ ਬਾਰੇ ਵੀ ਪੁੱਛਣਾ ਹੋਵੇ! ਮੈਂ ਉਹਨੂੰ ‘ਅਗਲਵਾਂਢੀ’ ਵ.ਲ ਲਿਆ ਸੀ। ਉਸ ਮੁਤਾਬਕ ਸ਼ਾਇਦ, ਮੈਂ ਪਤਾ ਨਹੀਂ ‘ਕਿੰਨਾ ਜ਼ੋਰ ਲਵਾਉਣ ਤੋਂ ਬਾਅਦ’ ਚੰਦਨ ਬਾਰੇ ‘ਬਕਣਾ’ ਸੀ!

ਕਹਿ ਨਹੀਂ ਸਕਦਾ, ਪਰ ਹੋ ਸਕਦਾ ਸੀ ਕਿ ਮੇਰੇ ਇੰਨੇ ਸਹਿਜ ‘ਇਕਬਾਲ’ ਨੇ ‘ਨਿਰਦੋਸ਼’ ਹੋਣ ਬਾਰੇ ਮੇਰੇ ‘ਨੰਬਰ’ ਬਣਾਏ ਹੀ ਹੋਣ! ਤੇ ਯਸ਼ਪਾਲ ਬਾਰੇ ਦੱਸਣ ਲਈ ਮੈਂ ਸੌਖਾ ਸਾਂ! ਉਸ ਬਾਰੇ ਮੇਰਾ ਅੱਧਾ ਸੱਚਾ ਤੇ ਅੱਧਾ ਝੂਠਾ ਬਿਆਨ ਇਹ ਸੀ: ਉਹ ਮੇਰੇ ਸਹੁਰਿਆਂ ਦੇ ਪਿੰਡ ਦਾ ਸੀ ਅਤੇ ਉਸ ਦੇ ਪਰਿਵਾਰ ਦੀ ਮੇਰੇ ਸਹੁਰਾ-ਪਰਿਵਾਰ ਨਾਲ ਨਜ਼ਦੀਕੀ ਸਾਂਝ ਸੀ। ਪਹਿਲਾਂ ਤੋਂ ਹੀ ਉਹ ਪ੍ਰਗਤੀਵਾਦੀ ਲੇਖਕ ਵਜੋਂ ਮੈਨੂੰ ਜਾਣਦਾ ਅਤੇ ਸਤਿਕਾਰਦਾ ਸੀ। ਮੇਰੇ ਰਿਸ਼ਤੇ ਦੀ ਦੱਸ ਪਾਉਣ ਅਤੇ ਨੇਪਰੇ ਚੜ੍ਹਾਉਣ ਵਿਚ ਵੀ ਉਸ ਦਾ ਰੋਲ ਸੀ। ਮੈਨੂੰ ਇਹ ਦੱਸਣ ਵਿਚ ਵੀ ਕੋਈ ਉਜ਼ਰ ਨਹੀਂ ਕਿ ਉਹ ਨਿਸਚੈ ਹੀ ‘ਕ੍ਰਾਂਤੀਕਾਰੀ ਵਿਚਾਰਾਂ’ ਦਾ ਸੀ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦਾ ਆਗੂ ਸੀ।

“ਪੰਜਾਬ ਸਟੂਡੈਂਟਸ ਯੂਨੀਅਨ ਵੀ ਤਾਂ ਨਕਸਲੀਆਂ ਦੀ ਜਥੇਬੰਦੀ ਹੈ। ਇਹ ਭਲਾ ਕੌਣ ਨਹੀਂ ਜਾਣਦਾ।”


“ਹੋ ਸਕਦਾ ਏ ਜੀ। ਮੇਰਾ ਕਿਹੜਾ ਯੂਨੀਆਨ ਨਾਲ ਕੋਈ ਵਾਸਤਾ ਏ।”

ਬਲਬੀਰ ਨਾਲ ਪਹਿਲੀ ਮੁਲਾਕਾਤ ਵਾਲੀ ‘ਕੁੰਡੀ’ ਮੰਨਣਯੋਗ ਢੰਗ ਨਾਲ ਜੁੜ ਗਈ ਸੀ!

# ਗੁਰਮੀਤ ਪਿੰਕੀ ਦੀਆਂ 'ਚਿੰਘਾੜਾਂ' ਦੇ ਪ੍ਰਸੰਗ-2

## ਹਿੰਸਾ ਪ੍ਰਤੀ-ਹਿੰਸਾ ਅਤੇ ਸਿਆਸਤ ਦੀਆਂ ਸਿਮਰਤੀਆਂ

***ਪੰਜਾਬ ਵਿਚ ਪਿਛਲੀ ਸਦੀ ਦੇ ਆਖਰੀ ਪਹਿਰ ਦੌਰਾਨ ਡੇਢ-ਦੋ ਦਹਾਕੇ ਝੁੱਲੀ ਹਿੰਸਾ, ਬੇਵਸਾਹੀ ਅਤੇ ਖੌਫ ਦੀ ਹਨ੍ਹੇਰੀ ਦੀਆਂ ਬਹੁਤ ਸਾਰੀਆਂ ਪਰਤਾਂ ਅਜੇ ਵੀ ਅਣਫੋਲੀਆਂ ਪਈਆਂ ਹਨ। ਉਨ੍ਹਾਂ ਵਕਤਾਂ ਬਾਰੇ ਕੋਈ ਨਾ ਕੋਈ ਕਹਾਣੀ, ਕਿਸੇ ਨਾ ਕਿਸੇ ਸੰਸਥਾ ਜਾਂ ਸ਼ਖਸ ਰਾਹੀਂ ਆਵਾਮ ਤੱਕ ਲਗਾਤਾਰ ਪੁੱਜ ਰਹੀ ਹੈ। ਹਾਲ ਹੀ ਵਿਚ ਬਦਨਾਮ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਨੇ ਆਪਣੇ ਆਕਾਵਾਂ ਦੀ ਬੇਰੁਖੀ ਤੋਂ ਖਫਾ ਹੋ ਕੇ ਉਸ ਦੌਰ ਬਾਰੇ ਕੁਝ ਸੱਚ ਸਾਹਮਣੇ ਲਿਆਉਣ ਦਾ ਦਾਅਵਾ ਕੀਤਾ ਹੈ। ਇਸ ਪ੍ਰਸੰਗ ਵਿਚ ਚਲਦੇ-ਫਿਰਦੇ ਇਤਿਹਾਸ ਅਤੇ ਉਸ ਦੌਰ ਨਾਲ ਡੂੰਘੇ ਜੁੜੇ ਰਹੇ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਲੰਮਾ ਲੇਖ 'ਪੰਜਾਬ ਟਾਈਮਜ਼' ਨੂੰ ਭੇਜਿਆ ਹੈ। ਇਸ ਲੇਖ ਵਿਚ ਉਸ ਵਕਤ ਵੱਖ-ਵੱਖ ਰੂਪ ਅਖਤਿਆਰ ਕਰ ਰਹੀਆਂ ਘਟਨਾਵਾਂ ਦੇ ਵੱਖ-ਵੱਖ ਪੱਖ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਪੱਖਾਂ ਬਾਰੇ ਕਿਸੇ ਦੀ ਵੀ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ, ਜਾਂ ਕੋਈ ਵੱਖਰਾ ਜ਼ਾਵੀਆ ਵੀ ਸੰਭਵ ਹੈ, ਪਰ ਇਸ ਲਿਖਤ ਤੋਂ ਉਨ੍ਹਾਂ ਵਕਤਾਂ ਦੌਰਾਨ ਮੱਚੇ ਘਮਸਾਣ ਉਤੇ ਭਰਵੀਂ ਝਾਤ ਜ਼ਰੂਰ ਪੈ ਜਾਂਦੀ ਹੈ। -ਸੰਪਾਦਕ***



ਗੁਰਦਿਆਲ ਸਿੰਘ ਬੱਲ

ਮੇਰੇ ਸਾਹਵੇਂ ਜਸਕਰਨ ਕੌਰ ਦੀ 'A Judicial Blackout in Punjab: Judicial Impunity for Disappearances in Punjab' ਨਾਂ ਦੀ ਹਾਰਵਰਡ ਹਿਊਮਨ ਰਾਈਟਸ ਜਨਰਲ 269 (ਸਮਰ 2002) ਵਾਲੀ ਰਿਪੋਰਟ ਪਈ ਹੈ। ਰਿਪੋਰਟ 146 ਨੁਕਤਿਆਂ ਵਿਚ ਚਿਣੀ ਹੋਈ ਹੈ। ਫਰਾਂਜ ਕਾਫਕਾ ਦਾ ਮਹਾਨ ਸ਼ਾਹਕਾਰ 'ਦਿ ਟਰਾਇਲ' ਵੀ ਸਾਹਵੇਂ ਪਿਆ ਹੈ। ਭਾਰਤੀ ਨਿਆਂ ਪਾਲਿਕਾ 'ਤੇ ਇਸ ਤੋਂ ਵੱਡੀ ਫਿਟਕਾਰ ਕੋਈ ਹੋ ਨਹੀਂ ਸਕਦੀ, ਪਰ ਇਹੋ ਜਿਹੀ ਫਿਟਕਾਰ ਹੀ ਤਾਂ ਗੁਰਮੀਤ ਸਿੰਘ ਪਿੰਕੀ ਆਪ ਦੀਆਂ ਚਿੰਘਾੜਾਂ ਰਾਹੀਂ ਜੁਡੀਸ਼ਰੀ ਸਮੇਤ ਪੂਰੇ ਤੰਤਰ 'ਤੇ ਹੁਣ ਆ ਕੇ ਪਾ ਰਿਹਾ ਹੈ। ਉਸ ਦੀ ਬੇਵਸੀ ਜਸਕਰਨ ਕੌਰ ਦੀ ਰਿਪੋਰਟ ਅੰਦਰ ਚਰਚਾ ਅਧੀਨ ਆਏ ਕਿਸਮਤ ਮਾਰੇ ਪਾਤਰਾਂ ਜਾਂ ਫਰਾਂਜ ਕਾਫਕਾ ਦੇ ਨਾਇਕ ਦੀ ਬੇਵਸੀ ਤੇ ਦੁਖਾਂਤ ਨਾਲੋਂ ਕਿਹੜੀ ਘੱਟ ਹੈ! ਸੁਕਰਾਤ ਦੇ ਸਮਿਆਂ ਤੋਂ ਸਵਾਲਾਂ ਦਾ ਸਵਾਲ ਤਾਂ ਉਹੀ ਹੈ, ਠੀਕ ਹੈ, ਪਰ ਕੀਤਾ ਕੀ ਜਾਵੇ! ਪਤਾ ਨਹੀਂ ਲਗਦਾ ਕਿ ਸੱਚ ਕਿਥੇ ਕੁ ਖੜ੍ਹਾ ਹੈ!


ਪਿੰਕੀ ਅਤੇ ਹਿੰਸਾ ਪ੍ਰਤੀ-ਹਿੰਸਾ ਦੇ ਵਰਤਾਰੇ ਬਾਰੇ ਸੋਚਦਿਆਂ 'ਮਹਾਂ ਭਾਰਤ', ਐਰਿਕ ਮਾਰੀਆ ਰੀਮਾਰਕ ਦੇ ਯੁੱਧ ਦੀ ਬੇਹੂਦਗੀ ਵਿਰੁਧ ਲਿਖੇ ਨਾਵਲ 'ਆਲ ਕੁਆਈਟ ਆਨ ਦਾ ਵੈਸਟਰਨ ਫਰੰਟ' ਅਤੇ ਸ੍ਰੀਲੰਕਾ ਵਿਚ ਲਿੱਟਿਆਂ ਦੇ ਆਗੂ ਪ੍ਰਭਾਕਰਨ ਸਮੇਤ ਕਿੰਨੀਆਂ ਹੀ ਕਥਾ-ਕਹਾਣੀਆਂ ਮਨ ਅੰਦਰ ਉਭਰ ਰਹੀਆਂ ਹਨ।

ਸਭ ਤੋਂ ਪਹਿਲਾਂ 'ਮਹਾਂ ਭਾਰਤ' ਨੂੰ ਲੈਂਦੇ ਹਾਂ। ਕੌਰਵਾਂ ਦਾ ਸੈਨਾਪਤੀ ਪਿਤਾਮਾ ਭੀਸ਼ਮ ਕੁਰਕੁਸ਼ੇਤਰ ਰਣ ਤੱਤੇ ਵਿਚ ਪਹੁੰਚ ਚੁੱਕਾ ਹੈ। ਗੁਰੂ ਦਰੋਣ, ਪਿਤਾਮਾ ਅਤੇ ਕ੍ਰਿਸ਼ਨ ਨੇ ਖੁਦ, ਭਾਵ ਸਾਰੇ ਵਡੇਰਿਆਂ ਨੇ ਜੰਗ ਟਾਲਣ ਲਈ ਹਰ ਵਾਹ ਲਾ ਲਈ ਹੈ। ਕ੍ਰਿਸ਼ਨ ਨੇ ਭਰੀ ਕਚਿਹਰੀ ਅੰਦਰ ਇਥੋਂ ਤੱਕ ਵੀ ਕਹਿ ਦਿਤਾ ਕਿ ਚਲੋ ਰਾਜ ਭਾਗ ਵਿਚੋਂ ਪੂਰਾ ਹੱਕ ਨਾ ਸਹੀ, ਪਾਂਡੋਆਂ ਨੂੰ ਤੋਰੀ-ਫੁਲਕਾ ਚਲਦਾ ਰੱਖਣ ਲਈ ਪੰਜ ਪਿੰਡ ਹੀ ਦੇ ਦਿਤੇ ਜਾਣ, ਪਰ ਸਿਆਪਾ ਹੈ ਕਿ ਦੁਰਯੋਧਨ ਨੂੰ ਤਾਂ ਪਾਂਡੋ ਪਤਨੀ ਦਰੋਪਦੀ ਦਾ ਵਰ੍ਹੇ ਪਹਿਲਾਂ ਕੀਤੇ ਮਜ਼ਾਕ ਦਾ ਜ਼ਖਮ ਭੁੱਲਦਾ ਹੀ ਨਹੀਂ। ਉਹ ਪਾਂਡਵ ਭਰਾਵਾਂ ਲਈ ਸੂਈ ਦੇ ਨੱਕੇ ਜਿੰਨੀ ਜਗ੍ਹਾ ਛੱਡਣ ਲਈ ਵੀ ਰਾਜ਼ੀ ਨਹੀਂ।

ਪਿਤਾਮਾ ਬੇਵਸੀ ਵਸ ਆਖਰੀ ਤਰਲਾ ਮਾਰਦਾ ਹੈ-'ਚਲੋ ਠੀਕ ਹੈ; ਸ਼ਮਸ਼ੀਰਾਂ ਦਾ ਵਜਦ ਤੁਹਾਨੂੰ ਟਿਕਣ ਨਹੀਂ ਦਿੰਦਾ, ਨਾ ਸਹੀ; ਪਰ ਧਰਮ ਯੁੱਧ ਸ਼ੁਰੂ ਕਰਨ ਤੋਂ ਪਹਿਲਾਂ ਘੱਟੋ-ਘੱਟ 10-12 ਨਿਯਮ ਹੀ ਮੰਨ ਲਉ; ਭਾਵ, ਕੋਈ ਨਿਹੱਥੇ ਨੂੰ ਨਾ ਮਾਰੇ; ਡਿੱਗੇ ਪਏ ਦੁਸ਼ਮਣ 'ਤੇ ਵਾਰ ਨਾ ਕੀਤਾ ਜਾਵੇ; ਬਾਲ, ਬਿਰਧ ਜਾਂ ਕਿਸੇ ਅਬਲਾ ਔਰਤ ਨੂੰ ਕੋਈ ਕੁਝ ਨਾ ਕਹੇ' ਵਗੈਰਾ ਵਗੈਰਾ; ਪਰ ਜੰਗ ਬੜੀ ਮਨਹੂਸ ਸ਼ੈਅ ਹੈ। ਰਣ ਤੱਤੇ ਨੇ ਜਿਉਂ-ਜਿਉਂ ਭਖਣਾ ਹੈ, ਇਨ੍ਹਾਂ ਸਭ ਨਿਯਮਾਂ ਤੇ ਅਸੂਲਾਂ ਨੇ ਟੁੱਟਦੇ ਜਾਣਾ ਹੈ। ਇਸ ਦੀ ਸਿਖਰ ਉਸ ਸਮੇਂ ਆਵੇਗੀ ਜਦੋਂ ਕ੍ਰਿਸ਼ਨ ਜੋ ਹਥਿਆਰ ਨਾ ਚੁੱਕਣ ਦੀ ਕਸਮ ਖਾ ਕੇ ਮੈਦਾਨ ਵਿਚ ਉਤਰੇ, ਨੂੰ ਖੁਦ ਰੱਥ ਦਾ ਪਹੀਆ ਉਠਾ ਕੇ ਆਪਣੇ ਵਿਰੋਧੀ ਪਾਲੇ ਵਿਚ ਖੜ੍ਹੇ ਜਰਨੈਲ 'ਤੇ ਵਗ੍ਹਾ ਮਾਰਨ ਲਈ ਮਜਬੂਰ ਹੋਣਾ ਪਵੇਗਾ।

ਖ਼ੈਰ! ਜੰਗ ਖਤਮ ਹੋ ਗਈ। ਪਿਤਾਮਾ ਤੀਰਾਂ ਦੀ ਸੇਜ 'ਤੇ ਪਿਆ 'ਪੁੱਛ' ਰਿਹਾ ਹੈ ਕਿ ਉਸ ਦੇ ਬੱਚੇ ਉਸ ਨੂੰ ਇਹ ਤਾਂ ਦੱਸ ਜਾਣ ਕਿ ਵਿਚੋਂ ਨਿਕਲਿਆ ਕੀ! ਸ਼ਮਸ਼ੀਰਾਂ ਦੇ ਵਜਦ ਨੇ ਸਾਬਤ ਕੀ ਕੀਤਾ!!

ਇਸੇ ਤਰ੍ਹਾਂ ਦੀ ਹੈ ਜਰਮਨ ਨਾਵਲਕਾਰ ਐਰਿਕ ਮਾਰੀਆ ਰੀਮਾਰਕ ਦੇ ਪਹਿਲੇ ਸੰਸਾਰ ਯੁੱਧ ਬਾਰੇ ਲਿਖੇ ਛੋਟੇ ਜਿਹੇ ਆਕਾਰ ਦੇ 'ਆਲ ਕੁਆਈਟ ਆਨ ਦਾ ਵੈਸਟਰਨ ਫਰੰਟ' ਨਾਵਲ ਦੀ ਕਹਾਣੀ। ਜੰਗ ਅਤੇ ਵਿਕਰਾਲ ਹਿੰਸਾ ਦੀ ਨਿਰਾਰਥਕਤਾ ਦਾ ਅਜਿਹਾ ਜ਼ੋਰਦਾਰ ਮਾਰਮਿਕ ਚਿਤਰਨ ਕਥਾਕਾਰ ਨੇ ਕੀਤਾ ਹੈ ਕਿ ਕਾਂਬੇ ਛਿੜ ਜਾਂਦੇ ਹਨ। ਜੰਗ ਦੀ ਭਿਆਨਕਤਾ ਬਾਰੇ 1929 ਵਿਚ ਛਪੇ ਇਸ ਨਾਵਲ ਅੰਦਰ ਨਿਹਿਤ ਚਿਤਾਵਨੀ ਨੂੰ ਕਿਸੇ ਗੌਲਿਆ ਨਹੀਂ ਸੀ ਅਤੇ ਮਹਿਜ਼ ਚਾਰ ਕੁ ਵਰ੍ਹਿਆਂ ਪਿਛੋਂ ਦਨਦਨਾਉਂਦੇ ਨਾਜ਼ੀ ਜੰਗਬਾਜ਼ ਤਾਕਤ ਵਿਚ ਆਏ ਤਾਂ ਗੋਇਬਲਜ ਨੇ ਸਭ ਤੋਂ ਪਹਿਲਾਂ ਇਸ ਨਾਵਲ ਨੂੰ ਸ਼ਰੇਆਮ ਜਲਾਇਆ ਸੀ! ਕੁਝ ਸਮਾਂ ਪਿਛੋਂ ਐਰਿਕ ਮਾਰੀਆ ਖੁਦ ਤਾਂ ਆਪਣੇ ਵਤਨ 'ਤੇ ਕਾਬਜ਼ ਚੰਡਾਲਾਂ ਦੇ ਚੁੰਗਲ 'ਚੋਂ ਬਚ ਕੇ ਭੱਜਣ ਵਿਚ ਸਫਲ ਹੋ ਗਿਆ, ਪਰ ਉਸ ਦੀ ਪਿਆਰੀ ਨਿੱਕੀ ਭੈਣ ਅਲਫਰੀਦ ਸਹਿਲੋਜ ਨੂੰ ਕੈਦ ਕਰ ਲਿਆ ਗਿਆ। ਨਿਰਮਮਤਾ ਦੀ ਹੱਦ ਵੇਖੋ, ਨਾਜ਼ੀ ਜੱਜ ਰੋਨਾਲਡ ਫਰੇਜ਼ਰ ਉਸ ਨੂੰ ਫਾਂਸੀ ਦੀ ਸਜ਼ਾ ਦਿੰਦਿਆਂ ਕਹਿ ਰਿਹਾ ਹੈ: "ਤੇਰਾ ਭਰਾ ਤਾਂ ਬਦਕਿਸਮਤੀ ਨੂੰ ਸਾਡੀ ਪਕੜ 'ਚੋਂ ਨਿਕਲ ਗਿਆ ਹੈ, ਪਰ ਹੁਣ ਤੂੰ ਸਾਡੇ ਹੱਥੋਂ ਨਹੀਂ ਬਚ ਸਕਦੀ।" 16 ਦਸੰਬਰ, 1943 ਨੂੰ ਅਲਫਰੀਦ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ ਗਿਆ। ਸੰਸਾਰ ਯੁੱਧ ਵਿਚ ਨਾਜ਼ੀਆਂ ਦਾ ਬੇੜਾ ਗਰਕਣ ਪਿਛੋਂ, 1952 ਵਿਚ ਐਰਿਕ ਮਾਰੀਆ ਦਾ ਇਕ ਹੋਰ ਜ਼ੋਰਦਾਰ ਨਾਵਲ 'ਸਪਾਰਕ ਆਫ ਲਾਈਫ' ਆਪਣੀ ਇਸੇ ਭੈਣ ਨੂੰ ਸਮਰਪਿਤ ਹੈ।




***ਜਰਮਨ ਨਾਵਲਕਾਰ ਐਰਿਕ ਮਾਰੀਆ ਰੀਮਾਰਕ ਦੇ ਪਹਿਲੇ ਸੰਸਾਰ ਯੁੱਧ ਬਾਰੇ ਲਿਖੇ ਨਾਵਲ 'ਆਲ ਕੁਆਈਟ ਆਨ ਦਾ ਵੈਸਟਰਨ ਫਰੰਟ' ਦੀ ਕਹਾਣੀ ਬੜੀ ਮਾਰਮਿਕ ਹੈ। ਜੰਗ ਅਤੇ ਵਿਕਰਾਲ ਹਿੰਸਾ ਦੀ ਨਿਰਾਰਥਕਤਾ ਦਾ ਅਜਿਹਾ ਜ਼ੋਰਦਾਰ ਚਿਤਰਨ ਕਥਾਕਾਰ ਨੇ ਕੀਤਾ ਹੈ ਕਿ ਕਾਂਬੇ ਛਿੜ ਜਾਂਦੇ ਹਨ। ਜੰਗ ਦੀ ਭਿਆਨਕਤਾ ਬਾਰੇ 1929 ਵਿਚ ਛਪੇ ਇਸ ਨਾਵਲ ਅੰਦਰ ਨਿਹਿਤ ਚਿਤਾਵਨੀ ਨੂੰ ਕਿਸੇ ਗੌਲਿਆ ਨਹੀਂ ਸੀ ਅਤੇ ਮਹਿਜ਼ ਚਾਰ ਕੁ ਵਰ੍ਹਿਆਂ ਪਿਛੋਂ ਦਨਦਨਾਉਂਦੇ ਨਾਜ਼ੀ ਜੰਗਬਾਜ਼ ਤਾਕਤ ਵਿਚ ਆਏ ਤਾਂ ਗੋਇਬਲਜ ਨੇ ਸਭ ਤੋਂ ਪਹਿਲਾਂ ਇਸ ਨਾਵਲ ਨੂੰ ਸ਼ਰੇਆਮ ਜਲਾਇਆ ਸੀ!***



ਐਰਿਕ ਮਾਰੀਆ ਰੀਮਾਰਕ

ਐਰਿਕ ਦੀ ਵਿਸ਼ਾਲ ਸਾਹਿਤਕ ਰਚਨਾ ਦੇ ਵਿਸਥਾਰ ਵਿਚ ਜਾਣ ਦੀ ਇਥੇ ਗੁੰਜਾਇਸ਼ ਨਹੀਂ। ਨਾਇਜੀਰੀਆ, ਸੂਡਾਨ ਜਾਂ ਪਾਕਿਸਤਾਨ ਵਿਚ ਵਿਆਪਕ ਹਿੰਸਾ ਦੀ ਗੱਲ ਵੀ ਨਹੀਂ ਕਰਦੇ; ਹਾਂ, ਹਿੰਸਾ ਪ੍ਰਤੀ-ਹਿੰਸਾ ਦੀ ਵਿਕਰਾਲ ਨਿਰਾਰਥਕਤਾ ਨੂੰ ਸਮਝਣ ਲਈ ਘੱਟੋ-ਘੱਟ ਸ੍ਰੀਲੰਕਾ ਦੀ ਗੱਲ ਤਾਂ ਕੀਤੀ ਹੀ ਜਾ ਸਕਦੀ ਹੈ, ਪਰ ਸ੍ਰੀਲੰਕਾ ਦੇ ਵਰਤਾਰੇ ਨੂੰ ਫੋਕਸ ਵਿਚ ਲਿਆਉਣ ਲਈ ਪਿਛਲੀ ਕਰੀਬ ਅੱਧੀ ਸਦੀ ਤੋਂ ਸਵੀਡਨ 'ਚ ਰਹਿ ਰਹੇ ਅਤੇ ਪੰਜਾਬੀਆਂ ਦੇ ਦੁਖਾਂਤ ਜਾਂ ਦਰਦ ਦੀ ਕਥਾ ਸੁਣਾਉਣ ਵਾਲੇ ਵਿਦਵਾਨ ਇਸ਼ਤਿਆਕ ਅਹਿਮਦ ਵਲੋਂ ਕੁਝ ਵਰ੍ਹੇ ਪਹਿਲਾਂ ਵੰਡ ਬਾਰੇ ਲਿਖੀ ਗਈ ਪੁਸਤਕ 'ਪੰਜਾਬ: ਬਲੱਡੀਡ ਪਾਰਟੀਸ਼ਨਡ ਐਂਡ ਕਲੀਨਜ਼ਡ' ਦਾ ਜ਼ਿਕਰ ਕੁਥਾਂ ਨਹੀਂ ਰਹੇਗਾ। ਪੁਸਤਕ ਵਿਚ ਵੰਡ ਦੇ ਦੁਖਾਂਤ ਨੂੰ ਸਮਝਣ ਦਾ ਯਤਨ ਕਰਦਿਆਂ ਉਹ ਕੁਝ ਅਹਿਮ ਸਵਾਲ ਖੜ੍ਹੇ ਕਰਦਾ ਹੈ-ਮੁਲਕ ਦੀ ਵੰਡ ਜੇ ਜ਼ਰੂਰੀ ਹੀ ਹੋ ਗਈ ਸੀ, ਤਾਂ ਕੀ ਪੰਜਾਬ ਨੂੰ ਇਕੱਠਾ ਨਹੀਂ ਸੀ ਰੱਖਿਆ ਜਾ ਸਕਦਾ? ਵੰਡ ਵੀ ਚਲੋ ਹੋ ਜਾਂਦੀ, ਭਿਆਨਕ ਖੂਨ-ਖ਼ਰਾਬਾ ਤੇ ਭਰਾ-ਮਾਰ ਕਤਲੋ-ਗਾਰਤ ਕੀ ਜ਼ਰੂਰੀ ਸੀ? ਉਹ ਹੈਰਾਨ ਹੈ ਕਿ ਕਿਸੇ ਵੀ ਮੁਸਲਮਾਨ ਜਾਂ ਸਿੱਖ ਆਗੂ ਨੂੰ ਇਹ ਖ਼ਬਰ ਹੀ ਨਹੀਂ ਸੀ ਕਿ ਜਿਸ ਕਿਸਮ ਦੀ ਰਾਜਨੀਤੀ ਉਹ ਕਰ ਰਹੇ ਹਨ, ਉਹ ਕਿਸ ਤਰ੍ਹਾਂ ਦੇ ਲਾਜ਼ਮੀ ਸਿੱਟੇ ਆਪਣੇ ਗਰਭ ਵਿਚ ਸਮੋਈ ਬੈਠੀ ਹੈ! ਪੰਜਾਬ ਦੇ ਗਵਰਨਰ ਸਰ ਬਰਟਰੈਂਡ ਗਲਾਂਸੀ ਨੂੰ ਵੰਡ ਤੋਂ ਤਿੰਨ ਵਰ੍ਹੇ ਪਹਿਲਾਂ ਹੀ ਪੰਜਾਬੀਆਂ ਦੇ ਸਿਰ 'ਤੇ ਟੁੱਟਣ ਵਾਲੀ ਕਰੋਪੀ ਦਾ ਦ੍ਰਿਸ਼ ਨਜ਼ਰ ਆਈ ਜਾਂਦਾ ਸੀ। ਇਸ ਪ੍ਰਥਾਏ ਇਸ਼ਤਿਆਕ ਅਹਿਮਦ ਗਵਰਨਰ ਦੀ ਐਫ.ਆਰ. ਦਾ ਅਕਤੂਬਰ, 1944 ਮਹੀਨੇ ਦਾ ਇਕ ਇੰਦਰਾਜ਼ ਪੇਸ਼ ਕਰਦਾ ਹੈ ਜਿਸ ਵਿਚ ਉਸ ਆਪਣਾ ਖਦਸ਼ਾ ਬੜੇ ਸੁਹਿਰਦ ਅਤੇ ਸਪਸ਼ਟ ਸ਼ਬਦਾਂ ਵਿਚ ਪ੍ਰਗਟਾਇਆ ਹੈ:

"ਭਾਰਤ ਅੰਦਰ ਪਿਛਲੇ 2-4 ਵਰ੍ਹਿਆਂ ਤੋਂ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਹੇਠ ਵੱਖਰੀ ਮੁਸਲਿਮ ਤਹਿਜ਼ੀਬ ਅਤੇ ਧਾਰਮਿਕ ਪਛਾਣ ਦੇ ਨਾਂ 'ਤੇ ਜਿਸ ਕਿਸਮ ਦੀ ਰਾਜਨੀਤੀ ਪ੍ਰਚੰਡ ਹੋ ਗਈ ਹੈ, ਉਸ ਦੇ ਮੱਦੇਨਜ਼ਰ ਸੰਸਾਰ ਯੁੱਧ ਦੇ ਖ਼ਤਮ ਹੁੰਦਿਆਂ ਹੀ ਪੂਰੇ ਭਾਰਤੀ ਖਿੱਤੇ ਲਈ ਮੈਨੂੰ ਮਾੜੇ ਸਿੱਟੇ ਨਜ਼ਰ ਆ ਰਹੇ ਹਨ, ਪਰ ਪੰਜਾਬੀ ਮੁਸਲਮਾਨ ਤੇ ਇਥੇ ਵਸਦੇ ਜੱਟ ਸਿੱਖਾਂ ਨੂੰ ਵਿੰਹਦਿਆਂ ਜਿਸ ਕਿਸਮ ਦੀ ਤਬਾਹੀ ਅਤੇ ਕਤਲੋਗਾਰਤ ਇਸ ਖਿੱਤੇ ਵਿਚ ਬਰਪਾ ਹੋਵੇਗੀ, ਉਸ ਨੂੰ ਕਿਆਸ ਕਰਦਿਆਂ ਹੀ ਕਾਂਬੇ ਚੜ੍ਹਦੇ ਹਨ।"

ਫਿਰ ਲੇਖਕ ਪੰਜਾਬੀਆਂ ਦੀ ਸਾਂਝੀ ਪਛਾਣ ਅਤੇ ਆਪਸੀ ਪਿਆਰ ਮੁਹੱਬਤ ਦੀ ਗਵਾਹੀ ਵਜੋਂ ਦੱਸਦਾ ਹੈ ਕਿ ਵੰਡ ਦੇ ਕਤਲੇਆਮ ਪਿੱਛੋਂ ਜਨਵਰੀ 1955 ਵਿਚ ਪਾਕਿਸਤਾਨੀ ਹਾਈ ਕਮਿਸ਼ਨਰ ਨੇ ਲਾਹੌਰ ਵਿਚ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਲਈ ਪੂਰਬੀ ਪੰਜਾਬ ਦੇ ਲੋਕਾਂ ਨੂੰ ਜਦੋਂ ਸੱਦਾ ਦਿਤਾ ਤਾਂ ਲੋਕ ਕਿਸ ਚਾਅ ਨਾਲ ਲਾਹੌਰ ਜਾਣ ਲਈ ਉਮੜੇ ਸਨ, ਤੇ ਮੁਸਲਮਾਨ ਭਰਾਵਾਂ ਨੇ ਕਿਵੇਂ ਉਨ੍ਹਾਂ ਨੂੰ ਅੱਖਾਂ 'ਤੇ ਬਹਾਈ ਰੱਖਿਆ ਸੀ, ਪਰ ਵੰਡ ਲਈ ਜ਼ਿੰਮੇਵਾਰ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਉਹ ਵੀ ਅੰਗਰੇਜ਼ ਹਾਕਮ ਦੀ 'ਪਾੜੋ ਤੇ ਰਾਜ ਕਰੋ' ਦੀ ਰਾਜਨੀਤੀ ਵਾਲੇ ਘਸੇ-ਪਿਟੇ ਪ੍ਰਵਚਨ ਨੂੰ ਮੁੱਖ ਕਾਰਨ ਵਜੋਂ ਗਿਣਾ ਜਾਂਦਾ ਹੈ, ਜੋ ਕੱਤਈ ਸਹੀ ਨਹੀਂ ਹੈ।

ਲੋੜ ਇਥੇ ਇਹ ਸਪਸ਼ਟ ਕਰਨ ਦੀ ਸੀ ਕਿ ਬੇਲੋੜੀ ਵੰਡ ਦਾ ਦੁਖਾਂਤ ਪੰਜਾਬ ਅੰਦਰ ਆਧੁਨਿਕ ਦੌਰ ਦੀ ਸ਼ੁਰੂਆਤ ਹੁੰਦਿਆਂ ਹੀ ਅਲੱਗ ਫਿਰਕੂ ਪਛਾਣ 'ਤੇ ਆਧਾਰਿਤ ਪ੍ਰਵਚਨ ਜੋ ਸਾਹਮਣੇ ਆਏ, ਉਨ੍ਹਾਂ ਨੇ ਸਿੱਧੇ-ਸਾਦੇ ਹਿੰਦੂ, ਸਿੱਖ, ਮੁਸਲਮਾਨ ਪੰਜਾਬੀਆਂ ਦੇ ਮਨਾਂ ਅੰਦਰ ਜ਼ਹਿਰ ਭਰੀ ਅਤੇ ਵੰਡ ਦਾ ਡਗਾ ਖੜਕਦਿਆਂ ਹੀ ਉਨ੍ਹਾਂ ਹਲਕੇ ਹੋਏ ਜਾਨਵਰਾਂ ਵਾਂਗ ਇਕ ਦੂਸਰੇ ਨੂੰ ਕੱਟਣਾ ਸ਼ੁਰੂ ਕਰ ਦਿੱਤਾ। ਇਹ ਕੀ ਹੋਇਆ ਕਿ ਵੰਡ ਦੀ ਗਰਦੋ-ਗੁਬਾਰ ਹੇਠਾਂ ਬਹਿੰਦਿਆਂ ਹੀ ਉਨ੍ਹਾਂ ਦੇ ਮਨਾਂ ਅੰਦਰ ਇਕ ਦੂਸਰੇ ਲਈ ਮੋਹ ਦੇ ਸੋਮੇ ਆਪ ਮੁਹਾਰੇ ਹੀ ਫੁੱਟ ਆਏ!

ਇਸ਼ਤਿਆਕ ਅਹਿਮਦ ਦੀ ਸੁਹਿਰਦਤਾ 'ਤੇ ਕੋਈ ਸੰਦੇਹ ਨਹੀਂ। ਉਂਜ ਉਸ ਦੀ ਪੁਸਤਕ ਪੜ੍ਹਦਿਆਂ ਪੰਜਾਬ ਦੇ ਮਹਾਨ ਸਪੂਤ ਸਾਅਦਤ ਹਸਨ ਮੰਟੋ ਦੇ ਅਫ਼ਸਾਨੇ ਯਾਦ ਆਈ ਜਾਂਦੇ ਹਨ। ਵੰਡ ਦੀ ਲਾਹਨਤ 'ਤੇ ਫਿਟਕਾਰ ਪਾਉਂਦੀ ਉਸ ਦੀ 'ਟੋਭਾ ਟੇਕ ਸਿੰਘ' ਵਾਲੀ ਕਹਾਣੀ ਦਾ ਤਾਂ ਸਭ ਨੂੰ ਚੰਗੀ ਤਰ੍ਹਾਂ ਪਤਾ ਹੀ ਹੈ, 'ਖੋਲ੍ਹ ਦੋ' ਕਹਾਣੀ ਵਿਚ ਉਸ ਤੋਂ ਵੀ ਤਿੱਖੀ ਫਿਟਕਾਰ ਹੈ: ਬਟਵਾਰਾ ਹੋ ਚੁੱਕਾ ਹੈ। ਭੱਜ-ਨੱਠ ਕੇ ਜਾਨ ਬਚਾਉਣ ਦੇ ਸਭ ਨੂੰ ਲਾਲੇ ਪਏ ਹੋਏ ਹਨ। ਸਟੇਸ਼ਨ ਉਪਰ ਮੁਸਲਮਾਨ ਬਜ਼ੁਰਗ ਦੀ ਪਤਨੀ ਛੁਰੇਬਾਜ਼ੀ ਦਾ ਸ਼ਿਕਾਰ ਹੋ ਜਾਂਦੀ ਹੈ। ਆਪਣੀ ਅਤਿਅੰਤ ਖ਼ੂਬਸੂਰਤ ਮੁਟਿਆਰ ਧੀ ਨੂੰ ਬਚਾ ਕੇ ਉਹ ਵਾਹੋ-ਦਾਹ ਭੱਜਿਆ ਜਾ ਰਿਹਾ ਹੈ। ਅੱਖ ਦੇ ਫੋਰ ਵਿਚ ਮੁਸ਼ਟੰਡੇ ਕੁੜੀ ਨੂੰ ਉਠਾ ਕੇ ਨਿਕਲ ਜਾਂਦੇ ਹਨ। ਇਹ ਤਾਂ ਭਾਰਤ ਵਾਲੇ ਪਾਸੇ ਕਥਾ ਦਾ ਪਹਿਲਾ ਸੀਨ ਹੈ। ਇਸੇ ਦੌਰਾਨ ਮੁਸਲਿਮ ਲੜਕੀਆਂ ਦੀ ਇੱਜ਼ਤ ਦੀ ਰਾਖੀ ਲਈ ਸਿਰਾਂ 'ਤੇ ਕੱਫਨ ਬੰਨ ਕੇ ਨਿਕਲੇ ਕੁਝ ਨੌਜਵਾਨ ਆਪਣੀ ਧਰਮ ਭੈਣ ਨੂੰ ਸਿੱਖ ਜਾਂ ਹਿੰਦੂ ਮੁਸ਼ਟੰਡਿਆਂ ਦੇ ਚੁੰਗਲ 'ਚੋਂ ਤਾਂ ਛੁਡਾ ਲੈਂਦੇ ਹਨ, ਪਰ ਜਿਸ ਤਰ੍ਹਾਂ ਫਿਰ ਉਹ ਉਸ ਦੀ 'ਇੱਜ਼ਤ ਬਹਾਲ' ਕਰਦੇ ਹਨ, ਉਹ ਹੈਵਾਨੀਅਤ ਦੀਆਂ ਸਭ ਹੱਦਾਂ ਤੋਂ ਪਾਰ ਹੈ। ਜ਼ਾਹਿਰ ਹੈ ਕਿ ਛੋਟੀ ਜਿਹੀ ਕਹਾਣੀ ਦਾ ਦੂਸਰਾ ਸੀਨ ਨਵੇਂ ਬਣੇ ਪਾਕਿਸਤਾਨ ਦੀ ਧਰਤੀ 'ਤੇ ਘਟਦਾ ਹੈ। ਕਿਸੇ ਉਜਾੜ ਜਗ੍ਹਾ 'ਤੇ ਅਰਧ-ਮ੍ਰਿਤ ਅਵਸਥਾ ਵਿਚ ਉਠਾ ਕੇ ਲਿਆਂਦੀ ਲੜਕੀ ਹਸਪਤਾਲ ਦੇ ਕਮਰੇ ਵਿਚ ਬੇਹੋਸ਼ ਪਈ ਹੈ। ਲੋਕਾਂ ਦੀ ਭੀੜ ਤੋਂ ਮਿਲ ਰਹੇ ਕੁਝ ਸੰਕੇਤਾਂ ਕਾਰਨ ਬਜ਼ੁਰਗ ਇਤਫਾਕਵਸ ਉਸੇ ਕਮਰੇ ਤੱਕ ਪੁੱਜ ਜਾਂਦਾ ਹੈ। ਬਟਵਾਰੇ ਦੇ ਦਿਨਾਂ ਵਿਚ ਹੁੰਮਸ ਬੜਾ ਸੀ। ਡਾਕਟਰ ਕਿਸੇ ਮੁਲਾਜ਼ਮ ਨੂੰ ਬਾਰੀ ਵੱਲ ਸੰਕੇਤ ਕਰ ਕੇ 'ਖੋਲ੍ਹ ਦੇ' ਦਾ ਆਦੇਸ਼ ਦਿੰਦਾ ਹੈ। ਲੜਕੀ ਇਹ ਬੋਲ ਸੁਣ ਕੇ ਜਦੇ ਹੀ ਆਪਣੀ ਸਲਵਾਰ ਖੋਲ੍ਹਣੀ ਸ਼ੁਰੂ ਕਰ ਦਿੰਦੀ ਹੈ। ਬਜ਼ੁਰਗ, ਧੀ ਦੇ ਜਿਸਮ ਵਿਚ ਜਾਨ ਹੋਣ ਦਾ ਸੰਕੇਤ ਮਿਲਦਿਆਂ ਹੀ ਖੁਸ਼ੀ ਨਾਲ ਖੀਵਾ ਹੋ ਜਾਂਦਾ ਹੈ।

ਕੋਈ ਇਸ਼ਤਿਆਕ ਅਹਿਮਦ ਕੀ ਲਿਖੇਗਾ, ਤੇ ਧਰਮ ਦੇ ਨਾਂ ਉਤੇ ਪਛਾਣ ਦੀ ਰਾਜਨੀਤੀ 'ਤੇ ਇਸ ਤੋਂ ਵੱਧ ਕਹਿਰਾਂ ਦੇ ਗੁੱਸੇ ਨਾਲ ਮੰਟੋ ਤੋਂ ਵੱਧ ਫਿਟਕਾਰ ਭਲਾ ਕੋਈ ਕੀ ਪਾਵੇਗਾ! ਫਿਰ ਵੀ ਇਸ਼ਤਿਆਕ ਅਹਿਮਦ ਦੀ ਪੁਸਤਕ ਕਲਾਸਿਕ ਹੈ ਅਤੇ ਸਾਡੇ ਹਾਲੀਆ ਬਿਰਤਾਂਤ ਵਿਚ ਉਸ ਦੀ ਸ਼ਮੂਲੀਅਤ ਜ਼ਰੂਰੀ ਹੈ।

ਅੰਗਰੇਜ਼ ਭਾਰਤੀ ਖਿੱਤੇ ਨੂੰ ਨਿਰਧਾਰਤ ਸਮੇਂ ਤੋਂ ਕਰੀਬ ਇਕ ਵਰ੍ਹਾ ਪਹਿਲਾਂ ਹੀ ਛੱਡ ਗਏ। ਉਨ੍ਹਾਂ ਬਰਮਾ ਵੀ ਛੱਡਿਆ ਅਤੇ ਸ੍ਰੀਲੰਕਾ ਨੂੰ ਵੀ ਅਲਵਿਦਾ ਆਖ ਗਏ। ਬਰਮਾ ਦੇ ਸੁਤੰਤਰਤਾ ਸੰਗਰਾਮ ਦੇ ਮੋਹਰੀ ਆਂਗ ਸੇਨ, ਯੂ ਨੂੰ, ਨੇ-ਵਿੰਨ ਅਤੇ ਸ੍ਰੀਲੰਕਾ ਦਾ ਪਹਿਲਾ ਮੁਖੀ ਡੀ.ਐਸ. ਸੈਨਾਨਾਇਕੇ ਸਾਰੇ ਹੀ ਸੰਤ ਸਿਆਸਤਦਾਨ ਸਨ। ਕੋਈ ਉਨ੍ਹਾਂ ਦੀਆਂ ਜੀਵਨ ਕਥਾਵਾਂ ਪੜ੍ਹ ਕੇ ਤਾਂ ਵੇਖੇ। ਸੈਨਾਨਾਇਕੇ ਤੋਂ ਬਾਅਦ ਪ੍ਰਧਾਨ ਮੰਤਰੀ ਐਸ.ਡਬਲਯੂ.ਆਰ.ਡੀ. ਭੰਡਾਰਨਾਇਕੇ ਵੀ ਕ੍ਰਿਸ਼ਮਈ ਸਿਆਸਤਦਾਨ ਸੀ। ਈਸਾਈ ਪਰਿਵਾਰ ਵਿਚ ਪੈਦਾ ਹੋਏ ਇਸ ਇਨਸਾਨ ਨੇ ਮਗਰੋਂ ਭਲੇ




***ਇਸ਼ਤਿਆਕ ਅਹਿਮਦ ਦੇ ਮਿਹਨਤ ਅਤੇ ਨਿਰਪੱਖਤਾ ਨਾਲ ਰਚੇ ਗ੍ਰੰਥ 'ਪੰਜਾਬ: ਬਲੱਡੀਡ ਪਾਰਟੀਸ਼ਨਡ ਐਂਡ ਕਲੀਨਜ਼ਡ' ਵਿਚ ਵੰਡ ਦੇ ਦੁਖਾਂਤ ਨੂੰ ਸਮਝਣ ਦਾ ਯਤਨ ਕਰਦਿਆਂ ਉਹ ਕੁਝ ਅਹਿਮ ਸਵਾਲ ਖੜ੍ਹੇ ਕਰਨ ਦਾ ਯਤਨ ਕਰਦਾ ਹੈ- ਮੁਲਕ ਦੀ ਵੰਡ ਜੇ ਜ਼ਰੂਰੀ ਹੀ ਹੋ ਗਈ ਸੀ, ਤਾਂ ਕੀ ਪੰਜਾਬ ਨੂੰ ਇਕੱਠਾ ਨਹੀਂ ਸੀ ਰੱਖਿਆ ਜਾ ਸਕਦਾ? ਵੰਡ ਵੀ ਚਲੋ ਹੋ ਜਾਂਦੀ, ਭਿਆਨਕ ਖੂਨ-ਖ਼ਰਾਬਾ ਤੇ ਭਰਾ-ਮਾਰ ਕਤਲੋ-ਗਾਰਤ ਕੀ ਜ਼ਰੂਰੀ ਸੀ? ਉਹ ਹੈਰਾਨ ਹੈ ਕਿ ਕਿਸੇ ਵੀ ਮੁਸਲਮਾਨ ਜਾਂ ਸਿੱਖ ਆਗੂ ਨੂੰ ਇਹ ਖ਼ਬਰ ਹੀ ਨਹੀਂ ਸੀ ਕਿ ਜਿਸ ਕਿਸਮ ਦੀ ਰਾਜਨੀਤੀ ਉਹ ਕਰ ਰਹੇ ਹਨ, ਉਹ ਕਿਸ ਤਰ੍ਹਾਂ ਦੇ ਲਾਜ਼ਮੀ ਸਿੱਟੇ ਆਪਣੇ ਗਰਭ ਵਿਚ ਸਮੋਈ ਬੈਠੀ ਹੈ!***

(ਬਾਕੀ ਅਗਲੇ ਸਫੇ 'ਤੇ)

# ਕੋਈ ਆਵੇ ਹੁਣ ਦੇਸ ਪੰਜਾਬੇ...

ਸੱਥ ਦੇ ਚੌਂਤੇ 'ਤੇ ਚੜ੍ਹਦੀ ਧੁੱਪ ਆ ਗਈ ਸੀ ਤੇ ਨਾਲ ਹੀ ਗਾਲ੍ਹੜੀ ਬੰਦੇ ਜੁੜ ਗਏ ਸਨ। ਮੁਕਤਸਰ ਦੀ ਮਾਘੀ ਤੋਂ ਜੈਲਾ ਤੇ ਪਾਲਾ ਜਾ ਕੇ ਆਏ ਸਨ। ਉਨ੍ਹਾਂ ਦੇ ਦਿਲ ਦੀਆਂ ਜਾਣਨ ਲਈ ਸਭ ਕਾਹਲੇ ਪਏ ਹੋਏ ਸਨ। ਇੰਨੇ ਨੂੰ ਪਿੰਡ ਦਾ ਸਰਪੰਚ ਤੁਰਿਆ ਆਉਂਦਾ ਬੋਲਿਆ, "ਜੈਲਿਆ! ਬਾਈ ਚੰਗਾ ਨਹੀਂ ਕੀਤਾ...ਕੁੜ-ਕੁੜ ਕਿਤੇ, ਆਂਡੇ ਕਿਤੇ। ਗਏ ਸਾਡੇ ਨਾਲ, ਬੈਠੇ ਤੁਸੀਂ ਟੋਪੀ ਵਾਲਿਆਂ ਦੇ ਪੰਡਾਲ 'ਚ। ਮੈਂ ਪਿੰਡੋਂ 4 ਬੱਸਾਂ ਭਰ ਕੇ ਲੈ ਕੇ ਗਿਆ, ਤੇ ਸਾਡੇ ਪੰਡਾਲ 'ਚ 17 ਬੰਦੇ ਈ ਪਹੁੰਚੇ। ਜਥੇਦਾਰ ਦੇਖ ਕੇ ਅੱਖਾਂ ਕੱਢਦਾ ਸੀ। ਜੇ ਨਹੀਂ ਪਹੁੰਚਣਾ ਸੀ ਤਾਂ ਜਾਂਦੇ ਹੀ ਨਾ, ਟੋਪੀ ਵਾਲਿਆਂ ਦਾ ਪੰਡਾਲ ਤਾਂ ਨਾ ਭਰਦਾ। ਖਾਧਾ-ਪੀਤਾ ਮੇਰੇ ਕੋਲੋਂ ਤੇ ਨਾਅਰੇ 'ਆਪ' ਵਾਲਿਆਂ ਦੇ ਲਾਏ।"

"ਸਰਪੰਚਾ! ਜੇ ਅਸੀਂ ਇਕ ਵਾਰੀ ਇੱਦਾਂ ਕਰ ਦਿੱਤੀ, ਤੂੰ ਰੌਲਾ ਪਾਉਣ ਲੱਗ ਪਿਆ। ਸਾਡੇ ਨਾਲ ਤਾਂ ਹਮੇਸ਼ਾ ਹੁੰਦੀ ਰਹੀ ਹੈ। ਬਿਜਲੀ ਦਾ ਲਾਰਾ, ਖਾਦ ਦਾ ਲਾਰਾ, ਜਿਣਸਾਂ ਦੇ ਭਾਅ ਦਾ ਲਾਰਾ...ਅਸੀਂ ਤਾਂ ਇਕ ਲਾਰਾ ਹੀ ਵਾਪਸ ਕੀਤਾ ਤੁਹਾਡਾ, ਆਹ ਹਾਲ ਹੋ ਗਿਆ।" ਪਾਲਾ ਬੋਲਿਆ।

"ਸਰਪੰਚਾ! ਅਕਾਲੀਆਂ ਤੇ ਕਾਂਗਰਸੀਆਂ ਕੋਲ ਤਾਂ ਉਹੀ ਗੱਲਾਂ-ਬਾਤਾਂ ਨੇ, 'ਆਪੇ ਮੈਂ ਮੱਥਾ ਟੇਕਾਂ, ਆਪੇ ਬੁੱਢ ਸੁਹਾਗਣ।' ਐਤਕੀਂ 'ਆਪ' ਵਾਲਿਆਂ ਦਾ ਝਾੜੂ ਫੜ ਲਿਆ। ਜੇ ਕੁਝ ਦੇਣਗੇ ਨਹੀਂ, ਤਾਂ ਲੁੱਟਣਗੇ ਵੀ ਨਹੀਂ।" ਜੈਲਾ ਕੰਧ ਦੀ ਆੜ ਵਿਚ ਬੈਠਦਾ ਬੋਲਿਆ।

"ਵਾਹਿਗੁਰੂ! ਓ ਸਿੱਖੋ, ਬਾਜਾਂ ਵਾਲੇ ਦੀ ਗੱਲ ਕੋਈ ਸੁਣਾ ਦਿਉ, ਮਾਘੀ 'ਤੇ ਨ੍ਹਾ ਕੇ ਆਏ ਹੋ।" ਪਾਠੀ ਰਾਮ ਸਿਉਂ ਬੋਲਿਆ।

"ਬਾਬਾ ਜੀ! ਸੱਚ ਦੱਸੀਏ, ਨਾ ਤਾਂ ਮੱਥਾ ਟੇਕਿਆ, ਨਾ ਇਸ਼ਨਾਨ ਕੀਤਾ। ਬੱਸਾਂ ਵਿਚੋਂ ਉਤਰ ਕੇ ਕੋਡੇ-ਕੋਡੇ 'ਆਪ' ਵਾਲਿਆਂ ਵਿਚ ਜਾ ਰਲੇ। ਅਗਲਿਆਂ ਸਭ ਪਾਰਟੀਆਂ ਦੀ ਚੰਗੀ ਮੰਜੀ ਠੋਕੀ। ਹੁਣ ਯਕੀਨ ਜਿਹਾ ਹੋ ਗਿਆ ਕਿ ਕਿਹਰੂ, ਮੀਤੇ ਤੇ ਜਾਗਰ ਵਾਂਗੂੰ ਕੋਈ ਵੀ ਜ਼ਿਮੀਂਦਾਰ ਫਾਹਾ ਲੈ ਕੇ ਨਹੀਂ ਮਰੂਗਾ।" ਪਾਲਾ ਸੱਚ ਕਹਿ ਗਿਆ।

"ਟੋਪੀ ਵਾਲਿਆਂ ਤੁਹਾਨੂੰ ਕੁਝ ਨਹੀਂ ਦੇਣਾ। ਪਹਿਲੀ ਗੱਲ ਤਾਂ ਇਨ੍ਹਾਂ ਦਾ ਹਾਲ ਪੀ.ਪੀ.ਪੀ. ਵਾਲਾ ਹੋਣੈ। ਜ਼ਮਾਨਤਾਂ ਜ਼ਬਤ ਹੋ ਜਾਣੀਆਂ। ਚਾਰ ਦਿਨ 'ਆਪ' 'ਆਪ' ਹੋਣੀ ਐ, ਫਿਰ ਕਿਸੇ ਨਹੀਂ ਪੁੱਛਣਾ।" ਸਰਪੰਚ ਬੋਲਿਆ।

"ਸਰਪੰਚਾ! ਆ ਜਾ ਬੈਠ, ਤੈਨੂੰ ਦੱਸਾਂ ਸਿਆਸਤ ਕੀ ਹੁੰਦੀ ਐ।" ਪਾਲਾ ਪੈਰਾਂ ਭਾਰ ਹੋ ਕੇ ਬੈਠ ਗਿਆ।

"ਮਨਪ੍ਰੀਤ ਦਾ ਅਕਾਲੀ ਦਲ ਛੱਡ ਕੇ ਜਾਣਾ, ਨਵੀਂ ਪਾਰਟੀ ਬਣਾਉਣਾ, ਫਿਰ ਕਾਂਗਰਸ ਦੇ ਚੋਣ ਨਿਸ਼ਾਨ 'ਤੇ ਚੋਣ ਲੜਨੀ ਤੇ ਹਾਰਨਾ, ਫਿਰ ਚੁੱਪ ਵੱਟੀ ਰੱਖਣੀ, ਫਿਰ ਸਤਾਰਾਂ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਦੀ ਛੱਤਰੀ 'ਤੇ ਬੈਠ ਜਾਣਾ...ਇਹ ਸਭ ਫੈਸਲੇ ਮਨਪ੍ਰੀਤ ਦੇ ਨਹੀਂ। ਇਹ ਮਿਲੀਭੁਗਤ ਵੱਡੇ ਬਾਪੂ ਦੇ ਕਹਿਣ 'ਤੇ ਹੋ ਰਹੀ ਐ। ਅਕਾਲੀ ਦਲ ਦਾ ਪ੍ਰਧਾਨ ਤਾਂ ਪਹਿਲਾਂ ਹੀ ਛੋਟਾ ਬਾਦਲ ਹੈ, ਹੁਣ ਭਤੀਜਾ ਕਾਂਗਰਸ ਦਾ ਪ੍ਰਧਾਨ ਬਣ ਜਾਊ। ਕੈਪਟਨ ਤਾਂ ਆਇਆ ਹੀ ਅਕਾਲੀਆਂ ਨੂੰ ਜਤਾਉਣ ਲਈ ਹੈ। ਕਾਂਗਰਸ ਹਾਰੀ ਤੇ ਕੈਪਟਨ ਦੀ ਪ੍ਰਧਾਨੀ ਗਈ। ਅਗਲਾ ਪ੍ਰਧਾਨ ਮਨਪ੍ਰੀਤ। ਵੱਡੇ ਬਾਪੂ ਦੇ ਦੋਵੇਂ ਹੱਥੀਂ ਮੋਤੀਚੂਰ ਦੇ ਲੱਡੂ; ਤੇ ਅਸੀਂ ਮੇਲੇ ਤੋਂ ਬਾਅਦ ਵਾਲੇ ਖਾਲੀ ਲਿਫ਼ਾਫ਼ੇ। ਹੁਣ ਪੱਕਾ ਯਕੀਨ ਹੋ ਗਿਐ, ਇਹ ਦੋਵੇਂ ਪਾਰਟੀਆਂ ਸਾਂਝਾ ਮੰਚ ਹੈ। ਹੁਣ ਦੋਵਾਂ ਪਾਰਟੀਆਂ ਨੂੰ ਛੱਡ ਕੇ 'ਆਪ' ਵਾਲਿਆਂ ਨੂੰ ਵੋਟਾਂ ਪਾਉਣੀਆਂ ਹਨ।" ਪਾਲਾ ਆਪਣੀ ਸਿਆਣਪ ਘੋਟ ਗਿਆ।

"ਆਪ ਵਾਲੇ ਤਾਂ ਖੱਖੜੀ-ਕਰੇਲੇ ਹੋਏ ਪਏ ਨੇ, ਉਨ੍ਹਾਂ ਨੇ ਕੀ ਕਰਨਾ!" ਸਰਪੰਚ ਬੋਲਿਆ।

"ਸਰਪੰਚਾ! ਘਰ ਵਿਚ ਭਾਂਡੇ ਵੀ ਆਪਸ ਵਿਚ ਖੜਕਦੇ ਨੇ, 'ਆਪ' ਵਾਲਿਆਂ ਵਿਚੋਂ ਸਭ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ। ਤੁਹਾਡੇ ਵਾਂਗੂ ਵੱਡੇ ਬਾਪੂ ਦੀ ਘੂਰੀ ਨਾਲ ਬੈਠਣ ਦਾ ਰਿਵਾਜ਼ ਨਹੀਂ।" ਜੈਲਾ ਬੋਲਿਆ।

"ਪਹਿਲਾਂ ਸੁਣਿਆ ਸੀ ਮਨਪ੍ਰੀਤ ਵੀ 'ਆਪ' ਵਾਲਿਆਂ ਵਿਚ ਜਾਣ ਨੂੰ ਫਿਰਦੈ, ਫਿਰ ਕੀ ਬਿੱਲੀ ਸੁੰਘ'ਗੀ।" ਭੋਲਾ ਅਮਲੀ ਬੋਲਿਆ।

"ਭੋਲਿਆ! ਤੂੰ ਸੱਚ ਸੁਣਿਆ ਹੋਊ, ਅਗਲਿਆਂ ਸਰਦਲ ਨਹੀਂ ਚੜ੍ਹਨ ਦਿੱਤਾ। ਨਿੱਕੇ ਤੋਂ ਵੱਡਾ ਪਾਰਟੀ ਵਰਕਰ ਮਨਪ੍ਰੀਤ ਵਿਰੁੱਧ ਬੋਲਿਆ। ਉਹ ਕਹਿੰਦੇ, ਜੇ ਇਸ ਨੂੰ ਪਾਰਟੀ ਵਿਚ ਰਲਾਉਣਾ ਹੈ, ਫਿਰ ਇਹ ਪਾਰਟੀ 'ਆਮ ਆਦਮੀ ਪਾਰਟੀ' ਨਹੀਂ ਰਹਿਣੀ, ਇਹ ਤਾਂ ਬਾਦਲਾਂ ਦੀ ਪਾਰਟੀ ਬਣ ਜਾਣੀ। ਫਿਰ ਅਗਲੇ ਨੇ ਰਾਹੁਲ ਗਾਂਧੀ ਦੇ ਹੱਥਾਂ 'ਤੇ ਚੋਗ ਚੁਗ ਲਈ। ਡੁੱਬਦੀ ਕੀ ਨਾ ਕਰਦੀ! ਅਖੀਰ ਜੇਠ ਨਾਲ ਲਾਉਣੀ ਪੈ ਗਈ।" ਜੈਲਾ ਸਵਾਦ ਲੈਂਦਾ ਬੋਲਿਆ।

"ਜੈਲਿਆ! ਗੱਲ ਸੁਣ, ਫਿਰ ਖਹਿਰਾ ਕਿਉਂ ਰਲਾਇਆ ਇਨ੍ਹਾਂ। ਉਹ ਵੀ ਹਾਰਿਆ ਹੋਇਆ ਤੇ ਕਾਂਗਰਸ ਦਾ ਪੁਰਾਣਾ ਲੀਡਰ ਸੀ।" ਸਰਪੰਚ ਨੇ ਕਿਹਾ।

"ਸਰਪੰਚ ਸਾਬ੍ਹ! ਖਹਿਰਾ ਸਿਰਕੱਢ ਆਗੂ ਹੈ। ਕਾਂਗਰਸ ਨੇ ਉਸ ਨੂੰ ਅੱਖੋਂ-ਪਰੋਖੇ ਕਰ ਦਿੱਤਾ। ਅੱਜ ਤੱਕ ਜੇ ਕੋਈ ਬਾਦਲਾਂ ਦੇ ਖਿਲਾਫ਼ ਬੋਲਿਆ, ਉਹ ਇਕੱਲਾ ਕਾਂਗਰਸ ਦਾ ਖਹਿਰਾ ਹੀ ਬੋਲਿਆ। ਕਾਂਗਰਸ ਨੇ ਉਸ ਦਾ ਸਾਥ ਨਹੀਂ ਦਿੱਤਾ, ਉਲਟਾ ਉਸ ਉਪਰ ਵੀ ਝੂਠੇ ਕੇਸ ਪਵਾ ਦਿੱਤੇ। ਉਸ ਨੇ ਮੌਜੂਦਾ ਹਾਕਮਾਂ ਨੂੰ ਘੇਰਨ ਲਈ ਕਈ ਵਾਰ ਰਣਨੀਤੀ ਬਣਾਈ, ਪਰ ਨਾ ਬਾਜਵੇ ਤੇ ਨਾ ਕੈਪਟਨ ਨੇ ਉਸ ਦਾ ਸਾਥ ਦਿੱਤਾ।...ਫਿਰ ਉਹ ਕੀ ਕਰਦਾ? ਜਿਥੇ ਬੋਲਣ ਦੀ ਵੀ ਕਦਰ ਨਾ ਹੋਵੇ, ਦਮ ਘੁੱਟ ਹੁੰਦਾ ਹੋਵੇ...'ਆਪ' ਵਾਲਿਆਂ ਨੂੰ ਵੀ ਉਸ ਦੇ ਸਾਥ ਦਾ ਲਾਭ ਜ਼ਰੂਰ ਹੋਵੇਗਾ। ਬਾਕੀ ਉਹ ਬਾਦਲਾਂ ਦੀਆਂ ਪ੍ਰਾਪਰਟੀਆਂ ਬਾਰੇ ਨਿਧੜਕ ਬੋਲਦਾ ਰਿਹਾ, ਦੂਜੇ ਪਾਸੇ ਵੱਡੇ ਬਾਪੂ ਦਾ ਭਤੀਜਾ ਇਕ ਦਿਨ ਵੀ ਉਨ੍ਹਾਂ ਦੇ ਵਿਰੁੱਧ ਨਹੀਂ ਬੋਲਿਆ। ਖਹਿਰਾ ਪੰਜਾਬ ਦਾ ਭਲਾ ਚਾਹੁੰਦੈ। ਉਸ ਦੇ ਬੋਲਾਂ 'ਚ ਦਰਦ ਸਾਫ਼ ਦਿਸਦੈ। ਬਾਕੀ ਕੈਪਟਨ ਦੋ ਵਾਰੀ ਚੋਣਾਂ 'ਚ ਪਾਰਟੀ ਨੂੰ ਹਾਰ ਦਿਵਾ ਸਕਦਾ ਹੈ ਤਾਂ ਖਹਿਰਾ 'ਆਪ' ਵਾਲਿਆਂ ਨਾਲ ਕਿਉਂ ਨਹੀਂ ਰਲ ਸਕਦਾ?" ਗਿਆਨੀ ਮਾਸਟਰ ਨੇ ਵੀ ਹਾਜ਼ਰੀ ਲਵਾਈ।

"ਸਰਪੰਚਾ! ਤੂੰ ਛੱਡ ਇਨ੍ਹਾਂ ਗੱਲਾਂ ਨੂੰ... ਇਉਂ ਦੱਸ 'ਆਪ' ਵਾਲਿਆਂ ਦਾ ਇਕੱਠ ਕਿੰਨਾ ਕੁ ਸੀ?" ਜੈਲਾ ਬੋਲਿਆ।

"ਜੈਲਿਆ! ਇਕੱਠ ਤਾਂ ਮਨਪ੍ਰੀਤ ਵੀ ਬਹੁਤ ਕਰ ਲੈਂਦਾ ਸੀ, ਪਰ ਇਕੱਠ ਵੋਟਾਂ ਵਿਚ ਨਹੀਂ ਬਦਲਦਾ। ਐਤਕੀਂ ਸਰਕਾਰ ਫਿਰ ਸਾਡੀ ਹੀ ਬਣਨੀ ਐ। ਵੱਡੇ ਬਾਪੂ ਨੇ ਅਖੀਰ ਧੋਬੀ ਪਟਕਾ ਮਾਰ ਜਾਣੈ।" ਸਰਪੰਚ ਦੀਆਂ ਮੁੱਛਾਂ ਹੱਸੀਆਂ।

"ਪਾਲਿਆ! ਦੇਖ ਹੁਣ ਤਿੰਨ ਪਾਰਟੀਆਂ ਮੈਦਾਨ ਵਿਚ ਆ। ਤਿੰਨ-ਚਾਰ ਹੋਰ ਨੇ ਜਿਨ੍ਹਾਂ ਨੇ 'ਨਾ ਜਿੱਤਣਾ ਤੇ ਨਾ ਜਿੱਤਣ ਦੇਣਾ' ਵਾਲੀ ਸਹੁੰ ਖਾਧੀ ਹੋਈ ਐ। ਇਕ ਪਾਰਟੀ ਹੋਰ ਵੱਡੇ ਬਾਪੂ ਨੇ ਬਣਾ ਦੇਣੀ ਹੈ, ਗਰਮ-ਖਿਆਲ ਵੋਟਾਂ ਉਧਰ ਭੁਗਤ ਜਾਣੀਆਂ।"

"ਮਾਸਟਰਾ ਉਹ ਕਿਵੇਂ?" ਜੈਲਾ ਮਾਸਟਰ ਨੂੰ ਟੋਕਦਾ ਬੋਲਿਆ।

"ਸਰਬੱਤ ਖਾਲਸੇ ਵਿਚੋਂ ਇਕ ਪਾਰਟੀ ਦਾਦੂਵਾਲ ਬਣਾਊ," ਮਾਸਟਰ ਨੇ ਕਿਹਾ।

"ਜਾਹ ਉਏ ਮਾਸਟਰਾ, ਕਰ'ਤੀ ਲੱਸੀ... ਪੱਟਿਆ ਪਹਾੜ, ਤੇ ਨਿਕਲਿਆ ਚੂਹਾ!" ਭੋਲਾ ਅਮਲੀ ਬੋਲਿਆ।

"ਮਾਸਟਰ ਜੀ! ਉਹ ਤਾਂ ਜੇਲ੍ਹ ਵਿਚ ਹੈ, ਫਿਰ ਪਾਰਟੀ ਕਿਵੇਂ ਬਣੂਗੀ।" ਪਾਲਾ ਕੁਝ ਸੋਚਦਾ ਹੋਇਆ ਬੋਲਿਆ।

"ਪਾਲਿਆ! ਸਮਾਂ ਦੱਸੂਗਾ, ਹੁੰਦਾ ਕੀ ਐ।" ਮਾਸਟਰ ਨੇ ਚੁੱਪ ਵੱਟ ਲਈ ਸੀ।

"ਕੁਲਫੀ ਵਾਲਾ ਕੀ ਕਹਿੰਦਾ ਜੈਲਿਆ?" ਭੋਲਾ ਅਮਲੀ ਬੋਲਿਆ।

"ਕੁਲਫ਼ੀ ਵਾਲਾ ਤਾਂ ਉਨ੍ਹਾਂ ਗੱਲਾਂ ਦਾ ਗੇੜਾ ਦੇਈ ਜਾਂਦਾ, ਜਿਹੜੀਆਂ ਨਾਲ ਉਹ ਜਿੱਤਿਆ ਸੀ। ਹੁਣ ਮੁੱਖ ਮੰਤਰੀ ਦੀ ਕੁਰਸੀ ਦੀ ਝਾਕ ਜਿਹੀ ਕਰਦੈ... ਮੈਨੂੰ ਉਸ ਦੀਆਂ ਗੱਲਾਂ ਵਿਚੋਂ ਇਹੀ ਲੱਗਿਐ।" ਜੈਲਾ ਬੋਲਿਆ।

"ਕੁਲਫ਼ੀ ਵਾਲਾ ਕਿਹੜੈ ਬਈ?" ਸਰਪੰਚ ਨੇ ਕਿਹਾ।

"ਸਰਪੰਚਾ! ਭਗਵੰਤ ਮਾਨ ਕੁਲਫ਼ੀ ਗਰਮਾ-ਗਰਮ ਵਾਲਾ।" ਭੋਲਾ ਜਵਾਬ ਦੇ ਗਿਆ।

"ਉਹਨੇ ਵੀ ਪੂਰਾ ਜ਼ੋਰ ਲਾਇਆ ਸੀ ਮਨਪ੍ਰੀਤ ਨੂੰ ਆਪਣੇ ਖੁੱਡੇ ਵਿਚ ਲਿਆਉਣ ਲਈ, ਪਰ ਜੱਸੀ ਜਸਰਾਜ ਲੱਗ ਪਿਆ ਰੌਲਾ ਪਾਉਣ ਕਿ ਜਿਸ ਨੇ ਸਾਡੇ ਖਿਲਾਫ਼ ਚੋਣ ਲੜੀ ਹੋਵੇ, ਉਸ ਨੂੰ ਪਾਰਟੀ ਵਿਚ ਨਹੀਂ ਲਿਆਉਣਾ ਚਾਹੀਦਾ। ਜੱਸੀ ਦੀ ਵੀਡੀਓ ਨੇ ਹੀ ਮਨਪ੍ਰੀਤ ਦੀ ਬੇੜੀ ਵਿਚ ਵੱਟੇ ਪਾਏ ਸੀ।" ਮਾਸਟਰ ਬੋਲਿਆ।

"ਜੈਲਿਆ! ਕੇਜਰੀਵਾਲ ਕੀ ਕਹਿੰਦਾ, ਉਹ ਦੱਸ ਤੂੰ।" ਰਾਜ ਡਾਕਟਰ ਨੇ ਆਉਂਦਿਆਂ ਹੀ ਪੁੱਛਿਆ।

"ਉਹ ਕਹਿੰਦਾ, ਸਭ ਤੋਂ ਪਹਿਲਾਂ ਨੌਜਵਾਨਾਂ ਦੇ ਮੱਚਦੇ ਸਿਵੇ ਬੰਦ ਹੋਣਗੇ, ਤੇ ਗਰੀਬ ਦੇ ਚੁੱਲ੍ਹੇ ਅੱਗ ਮੱਚੂਗੀ। ਦਰੱਖ਼ਤਾਂ ਨਾਲ ਲਟਕਦਾ ਕਿਸਾਨ, ਹੁਣ ਆਪਣੇ ਖੇਤਾਂ ਵਿਚ ਫਿਰ ਹੀਰ ਗਾਇਆ ਕਰੂਗਾ। ਥਾਣਿਆਂ ਨੂੰ ਲੀਡਰਾਂ ਕੋਲੋਂ ਮੁਕਤ ਕਰਵਾ ਕੇ ਹਰ ਬੰਦੇ ਦੀ ਸ਼ਿਕਾਇਤ ਸੁਣੀ ਜਾਇਆ ਕਰੂਗੀ। ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਸਭ ਤੋਂ ਪਹਿਲਾਂ ਦੂਰ ਕੀਤੀ ਜਾਵੇਗੀ। ਜਿਵੇਂ ਦਿੱਲੀ ਵਾਲਿਆਂ ਨੇ ਸਿਆਣਪ ਦਾ ਸਬੂਤ ਦੇ ਕੇ ਆਮ ਆਦਮੀ ਪਾਰਟੀ ਦੀ ਝੋਲੀ 67 ਸੀਟਾਂ ਪਾਈਆਂ ਸਨ, ਤੁਸੀਂ ਵੀ ਸਾਰੀਆਂ ਸੀਟਾਂ 'ਤੇ ਆਮ ਆਦਮੀ ਪਾਰਟੀ ਨੂੰ ਜਿਤਾਓ, ਫਿਰ ਤੁਹਾਡੀ ਆਪਣੀ ਸਰਕਾਰ ਹੋਵੇਗੀ।" ਜੈਲਾ ਕੇਜਰੀਵਾਲ ਦੇ ਬੋਲ ਸੁਣਾਉਂਦਾ ਬੋਲਿਆ।

"ਵਾਹਿਗੁਰੂ...ਕੋਈ ਤਾਂ ਆਵੇ ਜੋ ਪੰਜਾਬ ਨੂੰ ਬਚਾਵੇ।" ਪਾਠੀ ਰਾਮ ਸਿਉਂ ਨੇ ਹਉਕਾ ਲਿਆ।

"ਬਾਬਾ ਜੀ! ਪੰਜਾਬ ਕਿਤੇ ਨਹੀਂ ਜਾਂਦਾ, ਇਹ ਗੁਰੂਆਂ ਪੀਰਾਂ ਪੈਗੰਬਰਾਂ ਦੀ ਧਰਤੀ ਹੈ, ਤੁਸੀਂ ਫਿਕਰ ਨਾ ਕਰੋ।" ਮਾਸਟਰ ਧਰਾਸ ਦੇ ਗਿਆ।

"ਸਰਪੰਚਾ! ਚੱਲ ਛੱਡ ਇਨ੍ਹਾਂ ਵੋਟਾਂ ਤੇ ਰੈਲੀਆਂ ਨੂੰ। ਸੁਣਿਆ 20 ਮੁੰਡੇ ਸਮੁੰਦਰ ਵਿਚ ਡੁੱਬ ਗਏ, ਜਿਹੜੇ ਅਮਰੀਕਾ ਜਾ ਰਹੇ ਸੀ।" ਪਾਲਾ ਗੱਲ ਪਲਟਾ ਗਿਆ।

"ਪਾਲਿਆ! ਸੁਣਿਐ ਪੱਚੀ-ਪੱਚੀ ਲੱਖ ਦੇ ਕੇ ਗਏ ਸੀ।" ਸਰਪੰਚ ਹਉਕਾ ਭਰ ਗਿਆ।

"ਜੈਲਿਆ! ਜੇ ਸਾਡੇ ਮੁੰਡਿਆਂ ਨੂੰ ਇਥੇ ਰੁਜ਼ਗਾਰ ਦੇ ਸਾਧਨ ਮਿਲ ਜਾਣ, ਫਿਰ ਕੌਣ ਬਾਡਰ ਟੱਪੇ। ਨੌਕਰੀਆਂ ਮਿਲਦੀਆਂ ਨਹੀਂ, ਫਿਰ ਕੀ ਕਰਨ ਵਿਚਾਰੇ?" ਮਾਸਟਰ ਬੋਲਿਆ।

"ਕੋਠੀਆਂ, ਕਲੋਨੀਆਂ, ਮਾਲਾਂ ਤੇ ਚੌੜੀਆਂ ਸੜਕਾਂ ਨੇ ਜ਼ਮੀਨਾਂ ਦੇ ਘੇਰੇ ਛੋਟੇ ਕਰ ਦਿੱਤੇ। ਛੋਟੇ-ਮੋਟੇ ਕੰਮ ਅੱਜ ਕੱਲ੍ਹ ਦੇ ਮੁੰਡੇ ਕਰ ਕੇ ਰਾਜ਼ੀ ਨਹੀਂ। ਫੈਸ਼ਨਾਂ ਨੇ ਇਨ੍ਹਾਂ ਦੀ ਮੱਤ ਮਾਰ ਦਿੱਤੀ ਹੈ। ਸਿਰ ਮੁੰਨੀ ਫਿਰਦੇ ਹਨ ਤੇ ਦਾੜ੍ਹੀ ਵਧਾਈ ਫਿਰਦੇ ਨੇ। ਨਾ ਹਿੰਦੂ, ਨਾ ਮੁਸਲਮਾਨ ਤੇ ਨਾ ਸਿੱਖ ਦਿਖਾਈ ਦਿੰਦੇ ਨੇ। ਗੁਰਦੁਆਰੇ ਕੋਈ ਜਾ ਕੇ ਰਾਜ਼ੀ ਨਹੀਂ। ਗਾਉਣ ਵਾਲੇ ਸੁਣਨ ਲਈ ਵੀਹ ਕੋਹ ਚਲੇ ਜਾਂਦੇ ਆ। ਇਨ੍ਹਾਂ ਮੁੰਡਿਆਂ ਦੀ ਮੱਤ ਗਾਉਣ ਵਾਲਿਆਂ ਨੇ ਮਾਰੀ ਐ। ਬੰਦੂਕ ਤੇ ਕੁੜੀ ਤੋਂ ਬਿਨਾਂ ਕੋਈ ਗਾਣਾ ਗਾਉਂਦੇ ਨਹੀਂ। ਚੰਗਾ ਗਾਣਾ ਮੁੰਡੇ ਸੁਣਦੇ ਨਹੀਂ। ਬੱਸ ਗਾਉਣ ਵਾਲਿਆਂ ਵਾਂਗ ਸਿਰ-ਮੂੰਹ ਬਣਾ ਲੈਂਦੇ ਹਨ। ਪਾਲੇ ਦਾ ਮੁੰਡਾ ਨਾਈ ਦੀ ਦੁਕਾਨ 'ਤੇ ਬੈਠਾ, ਮੈਂ ਕਿਹਾ, 'ਕੀ ਕਰਦਾਂ ਉਏ'। ਕਹਿੰਦਾ, 'ਚਾਚਾ, ਕੱਲ੍ਹ ਨੂੰ ਜਾਣਾ ਫਤਿਹਗੜ੍ਹ ਸਾਹਿਬ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲ 'ਤੇ...।' ਇਨ੍ਹਾਂ ਨੂੰ ਦੇਖ ਕੇ ਕੀ ਕਹਿੰਦੇ ਹੋਣਗੇ ਛੋਟੇ ਸਾਹਿਬਜ਼ਾਦੇ ਕਿ ਇਨ੍ਹਾਂ ਦੀ ਖਾਤਰ ਅਸੀਂ ਸ਼ਹੀਦੀਆਂ ਦਿੱਤੀਆਂ ਸਨ। ਸਾਡੇ ਪਿਤਾ ਨੇ ਇਨ੍ਹਾਂ ਲਈ ਪਰਿਵਾਰ ਵਾਰਿਆ ਸੀ। ਇਨ੍ਹਾਂ ਨੇ ਕੌਮ ਦੀ ਖਾਤਰ ਖ਼ੂਨ ਕਿਥੇ ਡੋਲ੍ਹਣਾ, ਇਨ੍ਹਾਂ ਕੋਲ ਤਾਂ ਖ਼ੂਨ ਟੈਸਟ ਕਰਵਾਉਣ ਜੋਗਾ ਵੀ ਨਹੀਂ।" ਸਰਪੰਚ ਅੰਦਰਲਾ ਗੁੱਸਾ ਕੱਢ ਗਿਆ।

"ਸਰਪੰਚਾ! ਪੰਜਾਬ ਨੂੰ ਕੈਲੀਫਰੋਨੀਆ ਬਣਾਉਣ ਨਾਲੋਂ ਚੁਰਾਸੀ ਤੋਂ ਪਹਿਲਾਂ ਵਾਲਾ ਪੰਜਾਬ ਹੀ ਬਣਾ ਦੇਵੇ ਕੋਈ। ਸਾਡੀਆਂ ਟੁੱਟੀਆਂ ਬਾਹਾਂ ਮੁੜ ਗਲੇ ਨੂੰ ਆ ਜਾਣ। ਜਦੋਂ ਇਕ ਘਰ ਦੁੱਖ ਹੁੰਦਾ ਸੀ ਤਾਂ ਸਾਰਾ ਪਿੰਡ ਛਾਂਵਾਂ ਕਰ ਦਿੰਦਾ ਸੀ ਆਣ ਕੇ। ਹਰ ਇਕ ਦੀ ਖ਼ੁਸ਼ੀ ਵਿਚ ਖ਼ੁਸ਼ੀ ਮਨਾਈ ਜਾਂਦੀ ਸੀ।" ਮਾਸਟਰ ਬੋਲਿਆ।

"ਵਾਹਿਗੁਰੂ...ਸਿੱਖੋ, ਉਹ ਮਾਘੀ ਤੇ ਵਿਸਾਖੀ ਮੁੜ ਆ ਜਾਵੇ। ਲੋਕ ਪੈਦਲ ਅਤੇ ਸਾਇਕਲ 'ਤੇ ਜਾ ਕੇ ਗੁਰੂ ਨਾਲ ਟੁੱਟੀ ਗੰਢ ਆਉਂਦੇ ਸੀ। ਅੰਮ੍ਰਿਤ ਦੀਆਂ ਦਾਤਾਂ ਲੈ ਆਉਂਦੇ। ਹੁਣ ਤਾਂ ਧਰਮ ਵੀ ਸਿਆਸਤ ਨੇ ਆਪਣੇ ਕਬਜ਼ੇ ਵਿਚ ਕਰ ਲਿਆ। ਬਾਜਾਂ ਵਾਲਿਆ...ਇਨ੍ਹਾਂ ਭੁਲੱਕੜਾਂ ਨੂੰ ਮੁਆਫ਼ ਕਰ ਦੇਵੀਂ।" ਪਾਠੀ ਰਾਮ ਸਿਉਂ ਕਹਿ ਕੇ ਤੁਰ ਗਿਆ।

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਇਕਲਾਂ
ਫੋਨ:916-273-2856
www.boparaisudhar.com

## ਗੁਰਮੀਤ ਪਿੰਕੀ ਦੀਆਂ 'ਚਿੰਘਾੜਾਂ' ਦੇ ਪ੍ਰਸੰਗ-2

ਹੀ ਬੁੱਧ ਧਰਮ ਅਪਨਾ ਲਿਆ ਅਤੇ ਆਪਣੇ ਸੀਨੀਅਰ ਸਾਥੀ ਸੈਨਾਨਾਇਕੇ ਤੋਂ ਸਿਆਸੀ ਦੂਰੀ ਸਿਰਜਣ ਲਈ ਸਿਨਹਾਲੀ ਪਛਾਣ ਦੀ ਰਾਜਨੀਤੀ ਵੀ ਕੀਤੀ, ਪਰ ਕਿਸੇ ਵੀ ਕਿਸਮ ਦੀ ਧਾਰਮਿਕ ਜਾਂ ਭਾਈਚਾਰਕ ਤੰਗਨਜ਼ਰੀ ਦੀ ਉਸ ਦੇ ਭਾਵ-ਜਗਤ ਅੰਦਰ ਭੋਰਾ ਲੇਸ ਨਹੀਂ ਸੀ। ਸਥਿਤੀ ਦਾ ਵਿਅੰਗ ਵੇਖੋ ਕਿ 26 ਸਤੰਬਰ 1959 ਦੀ ਸਵੇਰ ਨੂੰ ਇਕ ਸਿਨਹਾਲਾ ਬੋਧੀ ਭਿਖਸ਼ੂ ਨੇ ਭੰਡਾਰਨਾਇਕੇ ਦੀ ਗੋਲੀ ਮਾਰ ਕੇ ਜਦੋਂ ਹੱਤਿਆ ਕੀਤੀ ਤਾਂ ਉਨ੍ਹਾਂ ਦੀ ਰਿਹਾਇਸ਼ 'ਤੇ ਸੁਰੱਖਿਆ ਗਾਰਦ ਦਾ ਇਕ ਸਿਪਾਹੀ ਵੀ ਮੌਜੂਦ ਨਹੀਂ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਨ੍ਹਾਂ ਨੂੰ ਰੱਖਿਆ ਦੀ ਜ਼ਰੂਰਤ ਨਹੀਂ।

ਘੱਟ-ਗਿਣਤੀ ਤਾਮਿਲ ਭਾਈਚਾਰੇ ਦੇ ਗਿਲੇ-ਸ਼ਿਕਵੇ ਹੈਗੇ ਸਨ, ਪਰ ਐਨੇ ਵੀ ਨਹੀਂ ਸਨ। ਫਿਰ ਗਿਲੇ-ਸ਼ਿਕਵੇ ਤਾਂ ਬਹੁ-ਗਿਣਤੀ ਸਿਨਹਾਲੀ ਮੂਲ ਦੇ ਨਵੇਂ ਪੜ੍ਹ ਰਹੇ ਗ਼ਰੀਬ ਕਿਸਾਨ ਵਰਗ ਨਾਲ ਸਬੰਧਤ ਨੌਜਵਾਨਾਂ ਦੇ ਵੀ ਘੱਟ ਨਹੀਂ ਸਨ। ਜ਼ਾਹਿਰ ਹੈ ਕਿ ਅਗਲੀ ਅੱਧੀ ਸਦੀ ਸ੍ਰੀਲੰਕਾ ਨੂੰ ਜਿਸ ਅੰਨ੍ਹੀ, ਬੇਮੁਹਾਰ, ਅਰੋਕ ਹਿੰਸਾ ਨੇ ਬੁਰੀ ਤਰ੍ਹਾਂ ਵਿਹੜੀ ਰੱਖਿਆ, ਉਸ ਬਗਾਵਤ ਦੀ ਸ਼ੁਰੂਆਤ ਤਾਮਿਲਾਂ ਨੇ ਨਹੀਂ, ਬਲਕਿ 1970-71 ਵਿਚ ਕਾਮਰੇਡ ਰੋਹਾਨ ਵਿਜੈਵੀਰਾ ਦੀ ਅਗਵਾਈ ਹੇਠਲੇ ਬੋਧੀ ਸਿਨਹਾਲਾ ਨੌਜਵਾਨਾਂ 'ਤੇ ਆਧਾਰਿਤ ਜੇ.ਵੀ.ਪੀ. ਨਾਂ ਦੀ ਜਥੇਬੰਦੀ ਨੇ ਕੀਤੀ।

ਚੀ ਗੁਵੇਰਾ ਦੇ ਵਿਚਾਰਾਂ ਤੋਂ ਪ੍ਰੇਰਿਤ ਹੋਣ ਦਾ ਦਾਅਵਾ ਕਰਨ ਵਾਲੇ ਵਿਜੈਵੀਰਾ ਨੇ ਬਗਾਵਤ ਦਾ ਸੱਦਾ ਦਿਤਾ ਤਾਂ ਸਰਕਾਰ ਨੇ ਉਦੋਂ ਮੁਕਾਬਲਤਨ ਆਸਾਨੀ ਨਾਲ ਹੀ ਉਸ ਅਤੇ ਉਸ ਦੇ ਕਈ ਹਜ਼ਾਰ ਸਾਥੀਆਂ ਨੂੰ ਗ੍ਰਿਫਤਾਰ ਕਰ ਕੇ ਬਗਾਵਤ 'ਤੇ ਕਾਬੂ ਪਾ ਲਿਆ। ਵਿਜੈਵੀਰਾ ਨੂੰ ਉਦੋਂ ਕਿਸੇ ਫੁੱਲ ਦੀ ਵੀ ਨਾ ਮਾਰੀ, ਕੋਈ ਲੋੜ ਹੀ ਨਾ ਸੀ। ਉਸ 'ਤੇ ਮੁਕੱਦਮਾ ਚੱਲਿਆ ਅਤੇ ਸ਼ਹੀਦ ਭਗਤ ਸਿੰਘ ਵਾਂਗ ਉਸ ਨੂੰ ਆਪਣੇ ਵਿਚਾਰਾਂ ਦੇ ਪ੍ਰਾਪੇਗੰਡਾ ਕਰਨ ਦਾ ਮੌਕਾ ਵੀ ਦਿਤਾ ਗਿਆ। ਉਸ ਨੂੰ ਉਮਰ ਕੈਦ ਹੋਈ ਪਰ ਜੇਲ੍ਹ ਅੰਦਰ ਮੌਜਾਂ ਲੱਗੀਆਂ ਰਹੀਆਂ। ਉਂਜ ਵੀ ਪੜ੍ਹਨ-ਲਿਖਣ, ਮਿਲਣ-ਮਿਲਾਉਣ ਦੀ ਪੂਰਨ ਖੁੱਲ੍ਹ ਸੀ। ਸੱਤ ਸਾਲ ਪਿਛੋਂ ਹੀ ਉਸ ਦੀ ਰਿਹਾਈ ਹੋ ਗਈ।

ਵਿਸ਼ੇਸ਼ ਕ੍ਰਿਮੀਨਲ ਜਸਟਿਸ ਅੱਗੇ ਦਿਤਾ ਉਸ ਦਾ ਭਾਸ਼ਣ ਸ੍ਰੀਲੰਕਾ ਹੀ ਨਹੀਂ, ਬਲਕਿ ਦੁਨੀਆਂ ਭਰ ਵਿਚ ਪਹੁੰਚਿਆ ਅਤੇ ਸੰਸਾਰ ਦੀਆਂ ਅਨੇਕਾਂ ਭਾਸ਼ਾਵਾਂ ਵਿਚ ਇਸ ਦਾ ਤਰਜਮਾ ਹੋਇਆ। 1977 ਵਿਚ ਜੇਲ੍ਹ ਤੋਂ ਬਾਹਰ ਆ ਕੇ ਵਿਜੈਵੀਰਾ ਦੇ ਪੁਰਾਣੇ ਬਹੁਤੇ ਸਾਥੀ ਤਾਂ ਉਸ ਨੂੰ ਅਲਵਿਦਾ ਆਖ ਗਏ, ਪਰ ਤਰਕ ਦਾ ਧਨੀ ਅਤੇ ਭਾਸ਼ਣ ਕਲਾ ਦਾ ਬੇਜੋੜ ਹਾਤਮ ਹੋਣ ਕਾਰਨ ਉਹਨੇ ਪਹਿਲਾਂ ਨਾਲੋਂ ਕਿਤੇ ਵੱਧ ਪ੍ਰਤੀਬੱਧ ਕਿਸਮ ਦੇ ਅਨੇਕਾਂ ਪੜ੍ਹੇ-ਲਿਖੇ ਸਿਨਹਾਲੀ ਨੌਜਵਾਨ ਆਪਣੇ ਨਾਲ ਜੋੜ ਲਏ। 5-7 ਵਰ੍ਹੇ ਤਾਂ ਉਸ ਆਪਣੀ ਪੈਂਠ ਬਣਾਉਣ ਲਈ ਠੰਢੀ ਰਾਜਨੀਤੀ ਕੀਤੀ, ਪਰ ਮੂਲ ਰੂਪ ਵਿਚ ਅੰਦਰੋਂ ਕਾਹਲਾ ਸੁਭਾਅ ਦਾ ਹੋਣ ਕਾਰਨ ਉਸ ਕੋਲੋਂ ਜ਼ਿਆਦਾ ਦੇਰ ਤੱਕ ਸਬਰ ਕੀਤਾ ਨਾ ਗਿਆ ਅਤੇ 1987 ਵਿਚ ਉਸ ਦੂਜੀ ਵਾਰੀ ਸਰਕਾਰ ਵਿਰੁੱਧ ਬਗਾਵਤ ਦਾ ਬਿਗਲ ਵਜਾ ਦਿਤਾ। ਅਗਲੇ ਦੋ ਵਰ੍ਹਿਆਂ ਤੱਕ ਪ੍ਰਚੰਡ ਰੂਪ ਵਿਚ ਚੱਲੀ ਹਿੰਸਕ ਅਤੇ ਪ੍ਰਤੀ-ਹਿੰਸਕ ਲਹਿਰ ਵਿਚ ਸੱਤਰ ਹਜ਼ਾਰ ਬੰਦੇ ਨਿਹੱਕੇ ਮਾਰੇ ਗਏ, ਪਰ ਕਾਮਰੇਡ ਜੋ ਸੰਗਰਾਮ ਦੇ ਇਸ ਦੂਜੇ ਗੇੜ ਵਿਚ ਸਹੂਲਤ ਵਜੋਂ ਸਿਨਹਾਲੀ/ਬੋਧੀ ਕੌਮਪ੍ਰਸਤ ਸਮਾਜਵਾਦੀ ਬਣ ਗਏ ਹੋਏ ਸਨ, ਦੇ ਕ੍ਰੋਧ ਦੀ ਸਿਖਰ 16 ਫਰਵਰੀ, 1988 ਦੀ ਸਵੇਰ ਨੂੰ ਉਸ ਸਮੇਂ ਆਈ ਜਦੋਂ ਉਨ੍ਹਾਂ ਨੇ ਵਿਜੈ ਕੁਮਾਰਾਤੁੰਗਾ ਨਾਂ ਦੇ ਸ੍ਰੀਲੰਕਾ ਦੇ ਮਹਾਨ ਦਰਵੇਸ਼ ਨਾਇਕ ਦੀ ਹੱਤਿਆ ਕਰ ਦਿਤੀ। ਉਹ ਮੁਲਕ ਦੀ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਮਾਵੋ ਭੰਡਾਰਨਾਇਕੇ ਦਾ ਦਾਮਾਦ, ਭਾਵ ਅਗਲੀ ਪ੍ਰਧਾਨ ਮੰਤਰੀ ਕੁਮਾਰਤੁੰਗਾ ਭੰਡਾਰਨਾਇਕੇ ਦਾ ਖਾਵੰਦ ਸੀ। ਉਹ ਜੇ.ਵੀ.ਪੀ. ਦੇ ਕਾਜ ਦਾ ਹਮਦਰਦ ਸੀ, ਸ਼ਾਇਰ ਸੀ ਅਤੇ ਮਹਾਨ ਕਲਾਕਾਰ ਸੀ। ਉਸ ਦੀ ਅਹਿਮਕਾਨਾ ਹੱਤਿਆ ਦੇ ਇਸ ਕਾਰੇ ਨੇ ਹੀ ਸ਼ਾਇਦ ਹੁਣ ਬੜੀ ਜਲਦੀ ਜੇ.ਵੀ.ਪੀ. ਨੂੰ ਲੱਕੋਂ ਲੈ ਜਾਣਾ ਸੀ। ਇਹੋ ਉਹ ਮੋੜ ਸੀ ਜਦੋਂ ਰਾਸ਼ਟਰਪਤੀ ਜੈਵਰਧਨੇ ਦੀ ਜਗ੍ਹਾ ਪ੍ਰੇਮਦਾਸਾ ਹਕੂਮਤ ਦੀ ਵਾਗਡੋਰ ਸੰਭਾਲ ਰਿਹਾ ਸੀ।



***ਵੰਡ ਦੀ ਲਾਹਨਤ 'ਤੇ ਫਿਟਕਾਰ ਪਾਉਂਦੀ ਮੰਟੋ ਦੀ 'ਟੋਭਾ ਟੇਕ ਸਿੰਘ' ਵਾਲੀ ਕਹਾਣੀ ਦਾ ਤਾਂ ਸਭ ਨੂੰ ਚੰਗੀ ਤਰ੍ਹਾਂ ਪਤਾ ਹੀ ਹੈ, 'ਖੋਲ੍ਹ ਦੋ' ਕਹਾਣੀ ਵਿਚ ਉਸ ਤੋਂ ਵੀ ਤਿੱਖੀ ਫਿਟਕਾਰ ਹੈ: ਬਟਵਾਰਾ ਹੋ ਚੁੱਕਾ ਹੈ। ਭੱਜ-ਨੱਠ ਕੇ ਜਾਨ ਬਚਾਉਣ ਦੇ ਸਭ ਨੂੰ ਲਾਲੇ ਪਏ ਹੋਏ ਹਨ। ਸਟੇਸ਼ਨ ਉਪਰ ਮੁਸਲਮਾਨ ਬਜ਼ੁਰਗ ਦੀ ਪਤਨੀ ਛੁਰੇਬਾਜ਼ੀ ਦਾ ਸ਼ਿਕਾਰ ਹੋ ਜਾਂਦੀ ਹੈ। ਆਪਣੀ ਅਤਿਅੰਤ ਖ਼ੂਬਸੂਰਤ ਮੁਟਿਆਰ ਧੀ ਨੂੰ ਬਚਾ ਕੇ ਉਹ ਵਾਹੋ-ਦਾਹ ਭੱਜਿਆ ਜਾ ਰਿਹਾ ਹੈ। ਅੱਖ ਦੇ ਫੋਰ ਵਿਚ ਮੁਸ਼ਟੰਡੇ ਕੁੜੀ ਨੂੰ ਉਠਾ ਕੇ ਨਿਕਲ ਜਾਂਦੇ ਹਨ। ਇਹ ਤਾਂ ਭਾਰਤ ਵਾਲੇ ਪਾਸੇ ਕਥਾ ਦਾ ਪਹਿਲਾ ਸੀਨ ਹੈ। ਇਸੇ ਦੌਰਾਨ ਮੁਸਲਿਮ ਲੜਕੀਆਂ ਦੀ ਇੱਜ਼ਤ ਦੀ ਰਾਖੀ ਲਈ ਸਿਰਾਂ 'ਤੇ ਕੱਫਨ ਬੰਨ ਕੇ ਨਿਕਲੇ ਕੁਝ ਨੌਜਵਾਨ ਆਪਣੀ ਧਰਮ ਭੈਣ ਨੂੰ ਸਿੱਖ ਜਾਂ ਹਿੰਦੂ ਮੁਸ਼ਟੰਡਿਆਂ ਦੇ ਚੁੰਗਲ 'ਚੋਂ ਤਾਂ ਛੁਡਾ ਲੈਂਦੇ ਹਨ, ਪਰ ਜਿਸ ਤਰ੍ਹਾਂ ਫਿਰ ਉਹ ਉਸ ਦੀ 'ਇੱਜ਼ਤ ਬਹਾਲ' ਕਰਦੇ ਹਨ, ਉਹ ਹੈਵਾਨੀਅਤ ਦੀਆਂ ਸਭ ਹੱਦਾਂ ਤੋਂ ਪਾਰ ਹੈ। ਜ਼ਾਹਿਰ ਹੈ ਕਿ ਛੋਟੀ ਜਿਹੀ ਕਹਾਣੀ ਦਾ ਦੂਸਰਾ ਸੀਨ ਨਵੇਂ ਬਣੇ ਪਾਕਿਸਤਾਨ ਦੀ ਧਰਤੀ 'ਤੇ ਘਟਦਾ ਹੈ।***

## ਮਿੰਨੀ ਕਹਾਣੀ

### ਨਸ਼ੇੜੀ

ਰਾਤ ਦੇ ਗਿਆਰਾਂ ਕੁ ਵਜੇ ਸੜਕ 'ਤੇ ਡਿੱਗੇ ਪਏ ਇਕ ਵਿਅਕਤੀ ਨੂੰ ਪੁਲਿਸ ਨੇ ਚੁੱਕਿਆ ਤੇ ਹਸਪਤਾਲ ਪਹੁੰਚਾ ਦਿੱਤਾ। ਡਾਕਟਰੀ ਜਾਂਚ ਤੋਂ ਪਤਾ ਲੱਗਾ ਕਿ ਉਸ ਨੇ ਸ਼ਰਾਬ ਪੀਤੀ ਹੋਈ ਸੀ। ਡਾਕਟਰ ਨੇ ਪੁਲਿਸ ਵਾਲਿਆਂ ਤੋਂ ਉਸ ਦਾ ਨਾਂ, ਅਤਾ-ਪਤਾ ਪੁੱਛਿਆ।

"ਡਾਕਟਰ ਸਾਹਿਬ, ਸਾਨੂੰ ਨਹੀਂ ਪਤਾ, ਅਸੀਂ ਤਾਂ ਗਸ਼ਤ ਕਰ ਰਹੇ ਸਾਂ ਕਿ ਇਹ ਸਾਨੂੰ ਸੜਕ 'ਤੇ ਲੰਮਾ ਪਿਆ ਮਿਲਿਆ ਹੈ," ਪੁਲਿਸ ਵਾਲੇ ਨੇ ਜਵਾਬ ਦਿੱਤਾ।


ਹਸਪਤਾਲ ਵਿਚ ਇਲਾਜ ਕਰਾ ਰਹੇ ਇਕ ਨਸ਼ੇੜੀ ਨੇ ਸ਼ਾਇਦ ਉਸ ਨੂੰ ਪਛਾਣ ਲਿਆ ਜੋ ਟਹਿਲਦਾ ਹੋਇਆ ਇੱਧਰ ਆ ਗਿਆ ਸੀ।

"ਡਾਕਟਰ ਸਾਹਿਬ, ਮੈਂ ਇਸ ਨੂੰ ਜਾਣਦਾ ਹਾਂ," ਨਸ਼ੇੜੀ ਨੇ ਡਾਕਟਰ ਨੂੰ ਕਿਹਾ।

"ਕੌਣ ਹੈ ਇਹ?" ਪੁਲਿਸ ਵਾਲਿਆਂ ਨੇ ਵੀ ਕਾਹਲੇ ਪੈਂਦਿਆਂ ਪੁਛਿਆ।

"ਸਾਹਿਬ, ਇਹ ਨਸ਼ਾ ਛਡਾਓ ਕੇਂਦਰ ਦਾ ਮੁਖੀ ਹੈ, ਇਸ ਨੇ ਉਥੇ ਨਸ਼ਾ ਛਡਾਓ ਕੇਂਦਰ ਖੋਲ੍ਹਿਆ ਹੋਇਆ ਹੈ, ਪਹਿਲਾਂ ਮੈਂ ਇਸ ਦੇ ਕੋਲ ਹੀ ਭਰਤੀ ਹੋਇਆ ਸਾਂ ਪਰ ਮੈਂ ਉਥੋਂ ਭੱਜ ਆਇਆ ਸਾਂ ਕਿਉਂਕਿ ਮੈਨੂੰ ਪਤਾ ਲੱਗ ਗਿਆ ਸੀ ਕਿ ਇਹ ਆਪ ਤਾਂ ਦਾਰੂ ਛੱਡ ਨਹੀਂ ਸਕਿਆ, ਮੇਰੀ ਕੀ ਛਡਾਊ?" ਉਸ ਦੀ ਗੱਲ ਸੁਣ ਕੇ ਹੁਣ ਸਾਰੇ ਹੱਸਣ ਲੱਗ ਪਏ ਸਨ।

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*




ਸ੍ਰੀ ਲੰਕਾ ਦਾ ਚੀਤਾ ਪ੍ਰਭਾਕਰਨ-3

# ਲਿੱਟੇ ਦੀ ਲੜਾਈ ਤੇ ਭਾਰਤ

*ਸ੍ਰੀ ਲੰਕਾ ਵਿਚ ਤਾਮਿਲਾਂ ਅਤੇ ਸਿੰਘਲੀਆਂ (ਆਮ ਪ੍ਰਚਲਿਤ ਸ਼ਬਦ ਸਿਨਹਾਲੀ) ਵਿਚਕਾਰ ਤਣਾਉ ਵਿਚੋਂ ਜਿਹੜੀ ਸਿਆਸਤ 20ਵੀਂ ਸਦੀ ਦੀ ਅਖੀਰਲੀ ਚੌਥਾਈ ਦੌਰਾਨ ਸਾਹਮਣੇ ਆਈ, ਉਸ ਦਾ ਸਿਖਰ ਸੀ 'ਲਿੱਟੇ' (LTTE- ਲਿਬਰੇਸ਼ਨ ਟਾਈਗਰਜ਼ ਆਫ ਤਾਮਿਲ ਈਲਮ)। ਇਸ ਜਥੇਬੰਦੀ ਨੇ ਵੇਲੂਪਿੱਲੇ ਪ੍ਰਭਾਕਰਨ ਦੀ ਅਗਵਾਈ ਹੇਠ ਗੁਰੀਲਾ ਜੰਗ ਦਾ ਨਿਵੇਕਲਾ ਰੰਗ ਤਾਂ ਦਿਖਾਇਆ ਹੀ, ਸ੍ਰੀ ਲੰਕਾ ਦੇ ਤਾਮਿਲਾਂ ਦਾ ਮਸਲਾ ਸੰਸਾਰ ਪੱਧਰ ਉਤੇ ਲੈ ਆਂਦਾ। ਸੰਸਾਰ ਅੰਦਰ ਜੂਝ ਰਹੀਆਂ ਹੋਰ ਕੌਮੀਅਤਾਂ ਵਾਂਗ ਸ੍ਰੀ ਲੰਕਾ ਦੇ ਤਾਮਿਲਾਂ ਦੀ ਕਹਾਣੀ ਪੜ੍ਹਨ-ਸੁਣਨ ਵਾਲੀ ਹੈ। ਉਘੇ ਬਿਊਰੋਕਰੈਟ ਐਮ.ਆਰ. ਨਰਾਇਣ ਸਵਾਮੀ ਨੇ ਇਸ ਬਾਬਤ ਡੂੰਘੀ ਖੋਜ ਪਿਛੋਂ ਕਿਤਾਬ ਲਿਖੀ ਹੈ-'ਇਨਸਾਈਡ ਐਨ ਇਲੂਸਿਵ ਮਾਈਂਡ: ਪ੍ਰਭਾਕਰਨ'। ਨਰਾਇਣ ਸਵਾਮੀ ਨੇ ਪ੍ਰਭਾਕਰਨ ਦੇ ਬਹਾਨੇ ਤਾਮਿਲ ਮਸਲੇ ਦੀ ਕਈ ਤਹਿਆਂ ਫਰੋਲੀਆਂ ਹਨ। ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਸ ਕਿਤਾਬ ਦੇ ਚੌਖਟੇ ਅੰਦਰ ਰਹਿੰਦਿਆਂ ਪ੍ਰਭਾਕਰਨ ਅਤੇ ਲਿੱਟੇ ਬਾਰੇ ਲੰਮਾ ਲੇਖ ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਭੇਜਿਆ ਹੈ। ਇਸ ਲੇਖ ਵਿਚ ਉਨ੍ਹਾਂ ਤਾਮਿਲਾਂ ਦੀ ਸਿਆਸਤ ਅਤੇ ਸੰਸਾਰ ਸਿਆਸਤ ਵਿਚ ਇਨ੍ਹਾਂ ਦੀ ਹੋਣੀ ਬਾਰੇ ਕੁਝ ਗੱਲਾਂ ਸਪਸ਼ਟ ਰੂਪ ਵਿਚ ਉਭਾਰਨ ਦਾ ਯਤਨ ਕੀਤਾ ਹੈ। ਪਿਛਲੀਆਂ ਕਿਸ਼ਤਾਂ ਵਿਚ ਤਾਮਿਲ ਸਿਆਸਤ ਦੇ ਪਿਛੋਕੜ ਅਤੇ ਪ੍ਰਭਾਕਰਨ ਦੇ ਘਰ ਤੋਂ ਜੰਗਲ ਵੱਲ ਸਫਰ ਦੀ ਦਾਸਤਾਨ ਬਿਆਨ ਕੀਤੀ ਗਈ ਸੀ। ਐਤਕੀਂ 'ਲਿੱਟੇ' ਦੇ ਮੁੱਢਲੇ ਸਾਲਾਂ ਅਤੇ ਭਾਰਤ ਨਾਲ ਤਾਲਮੇਲ ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ*

ਮਾਰਚ 1983 ਵਿਚ ਗੁਟ ਨਿਰਪੇਖ ਦੇਸਾਂ ਦੇ ਮੁਖੀਆਂ ਦੀ ਦਿੱਲੀ ਵਿਚ ਵਾਰਤਾ ਹੋਈ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਪੈਂਫਲਿਟ ਛਪਵਾ ਕੇ ਵੰਡੇ ਗਏ ਤਾਂ ਕਿ ਤਮਿਲਾਂ ਦੀ ਆਵਾਜ਼ ਕੌਮਾਂਤਰੀ ਹੋ ਸਕੇ। ਇਧਰ ਲੰਕਾ ਵਿਚ ਅੰਮ੍ਰਿਤ ਲਿੰਗਮ ਚੋਣਾਂ ਵਿਚ ਹਿੱਸਾ ਲੈਣ ਦਾ ਇੱਛੁਕ ਸੀ। ਉਸ ਦਾ ਦਾਅਵਾ ਸੀ ਤਮਿਲਾਂ ਦਾ ਹੀਰੋ ਹੈ ਹੀ ਉਹ। ਮਈ 1983 ਵਿਚ ਚੋਣ ਆ ਗਈ। ਪ੍ਰਭਾਕਰਨ ਨੇ ਐਲਾਨ ਕੀਤਾ-ਤੁਸੀਂ ਸਾਨੂੰ ਮਾਰ ਨਹੀਂ ਸਕਦੇ, ਕਿਉਂਕਿ ਤੁਸੀਂ ਸਾਨੂੰ ਲੱਭ ਨਹੀਂ ਸਕਦੇ। ਅਸੀਂ ਆਮ ਤਮਿਲ ਪਰਜਾ ਹਾਂ। ਅਸੀਂ ਚੋਣ ਬਾਈਕਾਟ ਦਾ ਐਲਾਨ ਕਰਦੇ ਹਾਂ। ਤੁਸੀਂ ਅੰਮ੍ਰਿਤ ਲਿੰਗਮ ਅਤੇ ਸਾਡੀ ਲਿੱਟੇ ਵਿਚੋਂ ਇਕ ਦੀ ਗੱਲ ਮੰਨੋ। ਲਕੀਰ ਖਿੱਚੀ ਗਈ।

ਜਾਫਨਾ ਸਕੱਤਰੇਤ ਵਿਚ ਫੌਜੀ ਅਤੇ ਪੁਲਿਸ ਅਫਸਰਾਂ ਦੀ ਮੀਟਿੰਗ ਹੋਣੀ ਸੀ ਜਿਸ ਵਿਚ ਅਮਨ ਪੂਰਵਕ ਚੋਣਾਂ ਦੀ ਵਿਉਂਤ ਬਣਾਉਣੀ ਸੀ। ਮੀਟਿੰਗ ਤੋਂ ਘੰਟਾ ਕੁ ਪਹਿਲਾਂ ਬਿਲਡਿੰਗ ਵਿਚ ਜ਼ਬਰਦਸਤ ਬੰਬ ਧਮਾਕਾ ਹੋ ਗਿਆ। ਦੋ ਉਮੀਦਵਾਰ ਅਤੇ




ਹਰਪਾਲ ਸਿੰਘ ਪੰਨੂ
ਫੋਨ: +91-94642-51454

ਇਕ ਸੁਰੱਖਿਆ ਕਰਮੀ ਮਾਰੇ ਗਏ। ਪੈਂਫਲਿਟ ਵੰਡੇ ਗਏ, ਲਿਖਿਆ ਸੀ- ਚੋਣਾਂ ਨਹੀਂ। ਬਾਕੀ ਉਮੀਦਵਾਰ ਬੈਠ ਗਏ, ਡਰੇ ਹੋਏ ਘਬਰਾਏ ਹੋਏ ਅੰਮ੍ਰਿਤ ਲਿੰਗਮ ਦੇ ਉਮੀਦਵਾਰ ਰਹਿ ਗਏ। ਦੋ ਪ੍ਰਤੀਸ਼ਤ ਵੋਟ ਪੋਲ ਹੋਈ। ਪਿਛਲੀ ਚੋਣ ਵਿਚ ਅੰਮ੍ਰਿਤ ਲਿੰਗਮ ਦੀ ਪਾਰਟੀ ਭਾਰੀ ਬਹੁਮਤ ਨਾਲ ਜਿੱਤੀ, ਐਤਕੀਂ ਵੋਟਰ ਦੁਬਕਿਆਂ ਘਰ ਬੈਠਾ ਰਿਹਾ। ਪੋਲਿੰਗ ਬੂਥਾਂ 'ਤੇ ਧਮਾਕੇ ਹੋਣ ਲੱਗੇ। ਇਕ ਸਿਪਾਹੀ ਮਾਰ ਕੇ ਖਾੜਕੂ ਉਸ ਦੀ ਚੀਨੀ ਬੰਦੂਕ ਲੈ ਗਏ। ਗੁੱਸੇ ਵਿਚ ਆਏ ਪੁਲਿਸੀਆਂ ਨੇ ਸਿਵਲੀਅਨ ਤਮਿਲਾਂ ਦੇ ਘਰ ਡਾਕੇ ਮਾਰੇ। ਛੇ ਸਿਪਾਹੀ ਨੌਕਰੀਓਂ ਡਿਸਮਿਸ ਹੋਏ, ਕਿਉਂਕਿ ਆਮ ਲੋਕਾਂ ਨਾਲ ਦੁਰਵਿਹਾਰ ਕੀਤਾ, ਨੱਬੇ ਸਿਪਾਹੀ ਇਸ ਲਈ ਨੌਕਰਿਓਂ ਕੱਢੇ; ਅਖੇ ਖਾੜਕੂਆਂ ਨਾਲ ਰਲੇ ਹੋਏ ਸਨ।

ਪ੍ਰਭਾਕਰਨ ਦਾ ਮਿੱਤਰ, ਬਹਾਦਰ ਖਾੜਕੂ ਸੀਲਨ ਮੁਕਾਬਲੇ ਵਿਚ ਮਾਰਿਆ ਗਿਆ ਜਿਸ ਬਦਲੇ ਉਸ ਨੇ ਜੁਲਾਈ 1983 ਵਿਚ 13 ਸੈਨਿਕ ਮਾਰੇ। ਸਰਕਾਰ ਨੇ ਫੈਸਲਾ ਕੀਤਾ ਕਿ ਇਨ੍ਹਾਂ ਕੌਮੀ ਸ਼ਹੀਦਾਂ ਨੂੰ ਕੋਲੰਬੋ ਰਾਸ਼ਟਰਪਤੀ ਜੈਵਰਧਨੇ ਦੀ ਰਿਹਾਇਸ਼ ਨੇੜੇ ਦਫਨ ਕਰਾਂਗੇ। ਪੂਰੇ ਦੇਸ ਵਿਚ ਤਮਿਲਾਂ ਵਿਰੁੱਧ ਗੁੱਸਾ ਸੀ। ਕਮਿਊਨਿਸਟਾਂ ਨੇ ਭੀੜ ਨੂੰ ਭੜਕਾਉਣ ਦਾ ਯਤਨ ਕੀਤਾ। ਫਿਰ ਨੌਕਰੀਓਂ ਕੱਢੇ ਸਿਪਾਹੀ ਤੇ ਉਨ੍ਹਾਂ ਦੇ ਪਰਿਵਾਰ ਆ ਗਏ ਤਾਂ ਵੀ ਭੀੜ ਆਪੇ ਤੋਂ ਬਾਹਰ ਨਾ ਹੋਈ। ਦਿਨ ਛਿਪੇ ਲੀਡਰਾਂ ਦੀ ਅਗਵਾਈ ਵਿਚ ਗੁੰਡੇ ਆ ਗਏ। ਪਹਿਲੇ ਹਮਲੇ ਰਾਹਗੀਰ ਤਮਿਲਾਂ 'ਤੇ ਹੋਏ, ਫਿਰ ਅਗਜ਼ਨੀ ਦੀਆਂ ਵਾਰਦਾਤਾਂ ਸ਼ੁਰੂ ਹੋ ਗਈਆਂ। ਕਰਫਿਊ ਲੱਗਣਾ ਚਾਹੀਦਾ ਸੀ, ਨਹੀਂ ਲਾਇਆ। ਰਾਸ਼ਟਰਪਤੀ ਭਵਨ ਤੋਂ ਅੱਗਾਂ ਦਿੱਸ ਰਹੀਆਂ ਸਨ, ਹਿੰਸਕ ਵਾਰਦਾਤਾਂ ਰੋਕਣ ਲਈ ਨਾ ਕਿਧਰੇ ਪੁਲਿਸ ਨਜ਼ਰ ਆਈ, ਨਾ ਫੌਜ। ਲੋਕਾਂ ਦੇ ਹੱਥਾਂ ਵਿਚ ਘਾਹ ਕੱਟਣ ਵਾਲੀਆਂ ਤਲਵਾਰਾਂ, ਸਰੀਏ, ਚਾਕੂ, ਗੈਂਤੀਆਂ, ਗੰਧਾਲੇ, ਡੀਜ਼ਲ, ਪੈਟਰੋਲ ਦੀਆਂ ਕੇਨੀਆਂ ਆ ਗਈਆਂ। ਲੀਡਰ ਵੋਟਰ ਲਿਸਟਾਂ ਫੜ੍ਹ ਫੜ੍ਹ ਕੇ ਤਮਿਲਾਂ ਦੇ ਘਰਾਂ ਦੀ ਦੱਸ ਪਾ ਰਹੇ ਸਨ। ਔਰਤ, ਮਰਦ, ਬੱਚਾ ਕਿਸੇ ਵਿਚ ਭੇਦ ਨਹੀਂ ਕੀਤਾ। ਕੋਲੰਬੋ ਅੱਗ ਦੀਆਂ ਲਾਟਾਂ ਅਤੇ ਖੂਨ ਦੇ ਦਰਿਆ ਵਿਚ ਡੁੱਬ ਗਿਆ। ਫਿਰਕੂ ਦੰਗੇ 1956, 58, 77 ਅਤੇ 1981 ਵਿਚ ਵੀ ਹੋਏ ਸਨ, ਪਰ 1983 ਵਿਚ ਸਭ ਰਿਕਾਰਡ ਤੋੜ ਦਿੱਤੇ। ਪੂਰੀ ਤਾਕਤ ਨਾਲ ਮਹੱਤਵਪੂਰਨ ਘਟ-ਗਿਣਤੀ ਨਸਲ ਦਾ ਬੀਜਨਾਸ ਕਰਨ ਦਾ ਯਤਨ ਹੋਇਆ। ਭੱਜੇ ਜਾਂਦੇ ਤਮਿਲਾਂ ਦਾ ਪਿੱਛਾ ਕਰ ਕਰ ਅੱਗ ਲਾਈ ਗਈ। ਫੌਜ ਦੇ ਟਰੱਕ ਲੰਘਦੇ ਤਾਂ ਕਾਤਲ ਨਾਅਰੇ ਲਾਉਂਦੇ- ਸਿੰਘਲਾ ਹਮੂਦਵਤਾ ਜਯ (ਸਿੰਘਲੀ ਸੈਨਾ ਦੀ ਜੈ)। ਵਿਦੇਸ਼ੀ ਸੈਲਾਨੀ ਸੁੰਨ ਹੋ ਗਏ। ਲੰਕਾ ਨੂੰ ਤਾਂ ਸਿੰਘਾਪੁਰ ਵਰਗਾ ਸ਼ਾਂਤ ਦੇਸ ਦੱਸਿਆ ਗਿਆ ਸੀ! ਨਾਰਵੇ ਦੀ ਇਕ ਔਰਤ ਦਸਦੀ ਹੈ- ਮਿਨੀ ਬੱਸ ਰੋਕ ਕੇ ਉਸ ਵਿਚ ਪੈਟਰੋਲ ਸੁੱਟਿਆ। ਵੀਹ ਤਮਿਲ ਹੋਣਗੇ। ਅੱਗ ਲਾਈ। ਕੁੱਝ ਇਕ ਛੋਟੀਆਂ ਖਿੜਕੀਆਂ ਥਾਣੀਂ ਬਾਹਰ ਕੁੱਦੇ। ਚੁੱਕ ਕੇ ਫਿਰ ਅੰਦਰ ਸੁੱਟੇ ਗਏ। ਦਿਲ ਚੀਰਵੀਆਂ ਚੀਕਾਂ ਸੁਣੀਆਂ। ਕੁਝ ਭਲੇ ਸਿੰਘਲੀਆਂ ਨੇ ਗਵਾਂਢੀ ਤਮਿਲ ਬਚਾਏ ਵੀ, ਪਰ ਸਰਕਾਰ ਵਲੋਂ ਸੰਕੇਤ ਸੀ ਕਿ ਤਮਿਲ ਇਸ ਦੇਸ ਦੇ ਕੁਝ ਨਹੀਂ ਲਗਦੇ। ਪ੍ਰਭਾਕਰਨ ਦੇਰ ਤੋਂ ਦੱਸਦਾ ਆ ਰਿਹਾ ਸੀ, ਤੁਹਾਡੀ ਔਕਾਤ ਇਸ ਦੇਸ ਵਿਚ ਕੁਝ ਨਹੀਂ, ਪਰ ਹੁਣ ਪਤਾ ਲੱਗਾ। ਯੂਰਪੀ ਸੈਲਾਨੀਆਂ ਨੇ ਕੋਲੰਬੋ ਦੇ ਰੇਲਵੇ ਸਟੇਸ਼ਨ 'ਤੇ ਨੌਂ ਤਮਿਲਾਂ ਦੇ ਕਤਲ ਅੱਖੀਂ ਦੇਖੇ। ਤਮਿਲਾਂ ਦੇ ਘਰਾਂ-ਦੁਕਾਨਾਂ ਵਿਚੋਂ ਜਿੰਨਾ ਸਾਮਾਨ ਚੁਕਿਆ ਜਾ ਸਕਦਾ, ਗਠੜੀਆਂ ਭਰ ਭਰ ਢੋਇਆ ਜਾ ਰਿਹਾ ਸੀ। ਇਕ ਟੈਕਸੀ ਡਰਾਈਵਰ ਨੇ ਪਾਕਿਸਤਾਨੀ ਯਾਤਰੀ ਨੂੰ ਖੁਸ਼ੀ ਨਾਲ ਦੱਸਿਆ- ਤਮਿਲ ਬਿਮਾਰੀ ਪੂਰੀ ਤਰ੍ਹਾਂ ਧੋ ਦਿੱਤੀ ਹੈ। ਇਕ ਜਰਮਨ ਔਰਤ ਨੇ ਤਮਿਲ ਔਰਤ ਨਾਲ ਬਲਾਤਕਾਰ ਹੁੰਦਾ ਦੇਖਿਆ। ਇਕ ਸਾਬਕਾ ਤਮਿਲ ਬਜ਼ੁਰਗ ਵਜ਼ੀਰ ਦੇ ਹੱਥ ਬੰਨ੍ਹੀ ਮਾਰਨ ਵਾਸਤੇ ਲਈ ਜਾ ਰਹੇ ਸਨ, ਪਰ ਆਖਰ ਬਚ ਗਿਆ। ਪੁਲਿਸ ਅਫਸਰਾਂ ਥਾਣਿਆਂ ਦੇ ਫੋਨ ਬੰਦ ਸਨ। ਪਿਛੋਂ ਸਰਕਾਰ ਦਾ ਐਲਾਨ ਆਇਆ- ਗੁੱਸੇ ਵਿਚ ਲੋਕ ਆਪ ਮੁਹਾਰੇ ਭੜਕ ਪਏ ਸਨ।

ਭੀੜ ਨੇ ਬੱਸ ਘੇਰ ਕੇ ਕੰਡਕਟਰ ਨੂੰ ਪੁੱਛਿਆ- ਕੋਈ ਤਮਿਲ ਸਵਾਰੀ ਹੈ? ਕੰਡਕਟਰ ਨੇ ਇਕ ਔਰਤ ਵੱਲ ਇਸ਼ਾਰਾ ਕੀਤਾ, ਉਹ ਹੇਠਾਂ ਖਿੱਚ ਲਈ ਗਈ। ਤਰਲੇ ਪਾਉਂਦੀ ਔਰਤ ਨੇ ਚੁੰਨੀ ਉਤਾਰ ਕੇ ਸੰਧੂਰ ਦਿਖਾਂਦਿਆਂ ਕਿਹਾ- ਮੈਂ ਹਿੰਦੂ ਹਾਂ। ਇਕ ਮੁਸ਼ਟੰਡੇ ਨੇ ਟੁੱਟੀ ਬੋਤਲ ਉਸ ਦੇ ਪੇਟ ਵਿਚ ਖੋਭ ਦਿੱਤੀ, ਖੂਨ ਦੇ ਫੁਹਾਰੇ ਚੱਲ ਪਏ। ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤੀ। ਤਮਾਸ਼ਬੀਨ ਨੱਚਦੇ ਗਾਉਂਦੇ ਨਜ਼ਾਰਾ ਲੈਂਦੇ ਰਹੇ। ਸਰਕਾਰੀ ਗੱਡੀਆਂ ਗੁੰਡਿਆਂ ਨੂੰ ਲਿਆ ਲਿਆ ਉਤਾਰ ਰਹੀਆਂ ਸਨ। ਇਹ ਬਿਰਤਾਂਤ ਉਸ ਤਮਿਲ ਨੇ ਲਿਖੇ ਹਨ ਜਿਹੜਾ ਇਲਾਕੇ ਵਿਚ ਹੁਣੇ ਆ ਕੇ ਵਸਿਆ ਸੀ, ਵੋਟਰ ਲਿਸਟ ਵਿਚ ਨਾਮ ਨਹੀਂ ਸੀ, ਲੋਕ ਜਾਣਦੇ ਨਹੀਂ ਸਨ। ਕੋਲੰਬੋ ਪਿਛੋਂ ਸਾਰੇ



*ਪ੍ਰਭਾਕਰਨ ਦਾ ਸੱਜਾ ਹੱਥ ਸੀਲਨ ਜੋ 1983 ਨੂੰ ਮਾਰਿਆ ਗਿਆ।*

ਦੇਸ ਵਿਚ ਹਿੰਸਾ ਫੈਲੀ, ਅੱਸੀ ਹਜ਼ਾਰ ਬੇਘਰੇ ਤਮਿਲ ਰਾਹਤ ਕੈਂਪਾਂ ਵਿਚ ਪੁੱਜੇ। ਅਣਗਿਣਤ ਸ਼ਰਨਾਰਥੀ ਕਿਸ਼ਤੀਆਂ ਰਾਹੀਂ ਭਾਰਤ ਪੁੱਜ ਗਏ। ਕੋਲੰਬੋ ਦੀ ਕੇਂਦਰੀ ਜੇਲ੍ਹ ਵਿਚ ਭੀੜ ਜਾ ਪੁੱਜੀ, ਤਮਿਲਾਂ ਦੀ ਬੈਰਕ ਵਿਚ ਪੁੱਜ ਕੇ 35 ਬੰਦੇ ਕਤਲ ਕੀਤੇ, ਇਹ ਸਭ ਸਿਆਸੀ ਬੰਦੇ ਸਨ। ਜੇਲ੍ਹ ਸਟਾਫ ਨੇ ਰੋਕੇ ਨਹੀਂ। ਇਨ੍ਹਾਂ ਵਿਚ ਦੋ ਤਮਿਲ ਲੀਡਰ ਕੁੱਟੀਮਣੀ ਤੇ ਥੰਗਾਦੁਰੈ ਦੋ ਸਾਲ ਤੋਂ ਬੰਦੀ ਸਨ। ਕੁੱਟੀਮਣੀ ਨੇ ਜੱਜ ਅੱਗੇ ਬਿਆਨ ਲਿਖਾਇਆ ਸੀ ਕਿ ਮਰਨ ਉਪਰੰਤ ਮੇਰੀਆਂ ਅੱਖਾਂ ਅੰਨ੍ਹੇ ਤਮਿਲ ਨੂੰ ਦਾਨ ਕੀਤੀਆਂ ਜਾਣ, ਮੈਂ ਆਜ਼ਾਦ ਤਮਿਲ ਦੇਸ ਨਾ ਦੇਖ ਸਕਿਆ, ਕੋਈ ਅੰਨ੍ਹਾ ਤਾਂ ਦੇਖ ਲਏਗਾ। ਭੀੜ ਨੂੰ ਉਸ ਦੇ ਬਿਆਨ ਦੀ ਜਾਣਕਾਰੀ ਸੀ। ਜਿਉਂਦੇ ਦੀਆਂ ਅੱਖਾਂ ਕੱਢ ਕੇ ਪਰੇ ਵਗ੍ਹਾ ਮਾਰੀਆਂ। ਸੋਲਾਂ ਸਾਲ ਦੇ ਕੈਦੀ ਮੁੰਡੇ ਨੂੰ ਜੇਲ੍ਹ ਮੁਲਾਜ਼ਮ ਨੇ ਛੁਰਾ ਮਾਰ ਕੇ ਮਾਰਿਆ। ਸੰਸਾਰ ਕੰਬ ਗਿਆ, ਪਰ ਸਰਕਾਰ ਹਿੰਸਾ ਦੀ ਨਿਖੇਧੀ ਕਰਨ ਨੂੰ ਤਿਆਰ ਨਾ ਹੋਈ। ਝੁਲਸਿਆ ਹੋਇਆ ਕੋਲੰਬੋ ਸ਼ਹਿਰ ਇਉਂ ਲਗਦਾ ਸੀ ਜਿਵੇਂ ਭਾਰੀ ਬੰਬਾਰੀ ਹੋਈ ਹੋਵੇ। ਆਖਰ ਸਰਕਾਰ ਦਾ ਬਿਆਨ ਆਇਆ- ਮਾਸਕੋ ਵਿਚ ਇਹ ਸਾਜ਼ਿਸ਼ ਰਚੀ ਗਈ, ਕਮਿਊਨਿਸਟਾਂ ਨੇ ਕਾਰਾ ਕੀਤਾ। ਇਸ ਘੱਲੂਘਾਰੇ ਦਾ ਨਾਮ 'ਕਾਲੀ ਜੁਲਾਈ' ਪੈ ਗਿਆ। ਸਾਰੇ ਤਮਿਲ ਸਮਝਣ ਲੱਗੇ ਕਿ ਤਮਿਲ ਖਾੜਕੂ ਠੀਕ ਕੰਮ ਕਰ ਰਹੇ ਹਨ।

ਭਾਰਤੀ ਤਮਿਲਨਾਡੂ ਪ੍ਰਾਂਤ ਵਿਚ ਲੋਕ ਸੜਕਾਂ 'ਤੇ ਆ ਗਏ। ਤੀਜਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅੱਗੇ ਪੁਕਾਰਨ ਲੱਗੀਆਂ- ਲੰਕਾ ਵਿਚ ਤਮਿਲ ਬੀਜ ਨਾਸ ਬੰਦ ਕਰਾਉ। ਲੋਕ ਲੰਕਾ ਦੇ ਦੂਤਾਵਾਸ ਵੱਲ ਵਧਣ ਲੱਗੇ। ਕਈ ਥਾਂਵਾਂ 'ਤੇ ਭਾਰਤੀ ਤਮਿਲਾਂ ਨੇ ਖੁਦ ਨੂੰ ਅੱਗ ਲਾ ਕੇ ਭਸਮ ਕਰ ਲਿਆ। ਮੰਗ ਕੀਤੀ ਕਿ ਲੰਕਾ ਨਾਲੋਂ ਕੂਟਨੀਤਕ ਸਬੰਧ ਤੋੜੋ, ਮੰਗ ਹੋਈ ਕਿ ਲੰਕਾ ਵਿਚ ਯੂ.ਐਨ.ਓ. ਦੀ ਫੌਜ ਤੈਨਾਤ ਕਰੋ।

1971 ਵਿਚ ਜਿਵੇਂ ਬੰਗਲਾਦੇਸੀ ਭਾਰਤ ਵਿਚ ਦਾਖਲ ਹੋਣ ਲੱਗੇ ਸਨ, ਹੁਣ ਲੰਕਾ ਤੋਂ ਤਮਿਲ ਆਉਣ ਲੱਗੇ। ਇੰਦਰਾ ਗਾਂਧੀ ਨੇ ਕੁਝ ਕਰਨ ਦਾ ਫੈਸਲਾ ਕੀਤਾ। ਉਸ ਨੇ ਐਲਾਨ ਕੀਤਾ ਕਿ ਉਹ ਤਮਿਲ ਦੂਤ ਲੰਕਾ ਵਿਚ ਭੇਜ ਰਹੀ ਹੈ, ਸਰਕਾਰ ਅਤੇ ਤਮਿਲ ਕੌਮ ਵਿਚ ਗਲਬਾਤ ਹੋਣੀ ਜ਼ਰੂਰੀ ਹੈ। ਇੰਦਰਾ ਨੂੰ ਕੀ ਪਤਾ ਸੀ ਹੋਣੀ ਉਸ ਦੇ ਬੇਟੇ ਰਾਜੀਵ ਗਾਂਧੀ ਦੀ ਬਲੀ ਲਵੇਗੀ! ਉਸ ਨੇ ਬੰਗਲਾ ਦੇਸ ਵਿਚ 'ਮੁਕਤੀ ਬਾਹਿਨੀ' ਦੇ ਨਾਮ ਹੇਠ ਭਾਰਤੀ ਸੈਨਾ ਭੇਜੀ ਸੀ। ਉਸੇ ਤਰ੍ਹਾਂ ਹੁਣ ਲੰਕਾ ਵਿਚ ਭਾਰਤੀ ਸੈਨਿਕ ਸ਼ਾਂਤੀ ਵਰਤਾਉਣ ਜਾਣਗੇ।

ਇਹ ਖਬਰਾਂ ਲੰਕਾ ਵਿਚ ਅੱਪੜੀਆਂ ਤਾਂ ਤਮਿਲ ਨੱਚਣ ਲੱਗ ਪਏ। ਆਖਰ ਭਾਰਤ ਨੇ ਦੁਖੀਆਂ ਦੀ ਬਾਂਹ ਫੜੀ। ਲਿੱਟੇ ਦੇ ਸੈਨਿਕ ਘਟ ਰਹੇ ਸਨ, ਹਜ਼ਾਰਾਂ ਦੀ ਗਿਣਤੀ ਵਿਚ ਮੁੰਡੇ ਕੁੜੀਆਂ ਭਰਤੀ ਹੋਣ ਲੱਗੇ। ਮਨੁੱਖਤਾ ਦਾ ਦਰਿਆ ਲੰਕਾ ਤੋਂ ਪਰਵਾਸ ਕਰ ਕੇ ਭਾਰਤੀ ਕਿਨਾਰਿਆਂ ਤੇ ਉਤਰਨ ਲੱਗਾ। ਪ੍ਰਭਾਕਰਨ ਦੇ ਖਾਬੋ-ਖਿਆਲ ਵਿਚ ਨਹੀਂ ਕਦੀ ਆਇਆ ਕਿ ਭਾਰਤ ਸ਼ਰੇਆਮ ਮਦਦ 'ਤੇ ਆ ਜਾਏਗਾ ਤੇ ਲੰਕਾ ਦੇ ਤਮਿਲ ਵੱਡੇ ਯੁੱਧ ਲਈ ਤਿਆਰ ਹੋ ਜਾਣਗੇ। ਉਸ ਨੇ ਸਾਰੇ ਦੇਸਾਂ ਵਿਚ ਬੈਠੇ ਆਪਣੇ ਨੁਮਾਇੰਦਿਆਂ ਨੂੰ ਕਿਹਾ ਕਿ ਆਪੋ-ਆਪਣੇ ਦੇਸਾਂ ਦੇ ਸ਼ਾਸਕਾਂ ਨੂੰ ਮਦਦ ਲਈ ਅਪੀਲ ਭੇਜੋ, ਫੰਡ ਇਕੱਠਾ ਕਰੋ, ਤਮਿਲਾਂ ਨੂੰ ਕਹੋ, ਹੁਣ ਲੰਕਾ ਆਉਣ ਦਾ ਮੌਕਾ ਹੈ। ਧਨ ਅਤੇ ਬੰਦੇ ਲੰਕਾ ਵੱਲ ਤੁਰ ਪਏ। ਬਾਲਾਸਿੰਘਮ ਕੌਮਾਂਤਰੀ ਚਿਹਰਾ ਹੋ ਗਿਆ।

### ਭਾਰਤ ਦੀ ਭੂਮਿਕਾ

ਇੰਦਰਾ ਗਾਂਧੀ ਨੇ ਲੰਕਾ ਵਿਚ ਸ਼ਾਂਤੀ ਦੂਤ ਭੇਜਣੇ ਸ਼ੁਰੂ ਕਰ ਦਿੱਤੇ। ਅੰਮ੍ਰਿਤ ਲਿੰਗਮ ਨੇ ਆਪਣੀ ਤਮਿਲ ਪਾਰਟੀ 'ਤੁਲਫ' ਦਾ ਹੈੱਡਕੁਆਰਟਰ ਮਦਰਾਸ ਬਣਾ ਲਿਆ ਤੇ ਸ਼ਾਨਦਾਰ ਬਿਲਡਿੰਗ ਵਿਚ ਰਹਿਣ ਲੱਗਾ। ਖਾੜਕੂਆਂ ਵਿਰੁੱਧ ਨਰਮ ਸੁਰ ਰੱਖਦਿਆਂ ਉਨ੍ਹਾਂ ਨੂੰ ਕੁਰਾਹੇ ਪਏ ਜੁਆਨ ਕਹਿਣ ਲੱਗਾ। ਜਦੋਂ ਜੀ ਕਰਦਾ, ਇੰਦਰਾ ਗਾਂਧੀ ਨੂੰ ਦਿੱਲੀ ਮਿਲ ਆਉਂਦਾ। ਜੈਵਰਧਨੇ ਨੇ ਗੱਲਬਾਤ ਦਾ ਸੱਦਾ ਦਿੱਤਾ ਤਾਂ ਉਸ ਦੀ ਹੋਰ ਚੜ੍ਹਤ ਹੋ ਗਈ। ਖਾੜਕੂਆਂ ਨੂੰ ਮਦਰਾਸ ਅਤੇ ਮਦੁਰਾਇ ਆਪਣੇ ਅੱਡੇ ਬਣਾਉਣ ਦੇ ਦਿੱਤੇ। 'ਰਾਅ' ਨੇ ਟ੍ਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ। ਲੰਕਾ ਸਰਕਾਰ ਨਾਲ ਤਣਾਉ ਵਧਣ ਲੱਗਾ।

'ਰਾਅ' ਨੇ ਛੋਟੇ-ਮੋਟੇ ਤਮਿਲ ਖਾੜਕੂ ਗਰੁੱਪਾਂ ਨੂੰ ਸਿੱਖਲਾਈ ਦੇਣੀ ਸ਼ੁਰੂ ਕੀਤੀ ਤਾਂ ਇਹ ਪ੍ਰਭਾਕਰਨ ਨੂੰ ਸਹੀ ਨਹੀਂ ਲੱਗਾ। ਉਸ ਦਾ ਆਪਣਾ ਸਭ ਤੋਂ ਵੱਡਾ ਗਰੁੱਪ ਖੂੰਜੇ ਲੱਗ ਜਾਏਗਾ। ਪ੍ਰਭਾਕਰਨ ਦਾ ਫੈਸਲਾ ਸੀ ਕਿ ਗੱਲ ਕਰਨੀ ਹੋਈ ਤਾਂ ਭਾਰਤ ਸਰਕਾਰ ਨਾਲ ਆਪ ਕਰੇਗਾ, ਲੰਕਾ ਦੇ ਕਿਸੇ ਤਮਿਲ ਵਿਚੋਲੇ ਰਾਹੀਂ ਨਹੀਂ। ਉਹ ਭਾਰਤੀ ਅਦਾਲਤ ਦਾ ਭਗੌੜਾ ਸੀ, ਤਾਮਿਲਨਾਡੂ ਗਿਆ ਕਿਤੇ ਗ੍ਰਿਫਤਾਰ ਤਾਂ ਨਹੀਂ ਕਰ ਲਿਆ ਜਾਵੇਗਾ? ਮਦਰਾਸ ਬੈਠੇ ਉਸ ਦੇ ਸਾਥੀ ਬਾਲਾਸਿੰਘਮ ਨੇ ਕਿਹਾ- ਹੁਣ ਦੇ ਹਾਲਾਤ ਵਿਚ ਤੁਹਾਡੀ ਗ੍ਰਿਫਤਾਰੀ ਸੰਭਵ ਨਹੀਂ। ਜੇ ਅਸੀਂ ਚੁੱਪ ਬੈਠੇ ਰਹੇ ਤਾਂ ਛੁਟਪੁਟ ਗਰੁੱਪ ਅਗੇ ਲੰਘ ਜਾਣਗੇ। ਪ੍ਰਭਾਕਰਨ ਪਾਂਡੀਚਰੀ ਆ ਕੇ 'ਰਾਅ' ਅਫਸਰਾਂ ਨੂੰ ਮਿਲਿਆ। ਉਸ ਨੂੰ ਵਧੀਆ ਜਰਮਨ ਪਿਸਤੌਲ ਅਤੇ ਕਾਰਤੂਸਾਂ ਦਾ ਡੱਬਾ ਗਿਫਟ ਦਿੱਤਾ। ਇਥੇ ਵੀ ਬਾਕੀ ਗਰੁੱਪਾਂ ਨਾਲੋਂ ਵੱਖਰੀ ਚਲਾਕੀ ਕੀਤੀ। ਜਿਹੜੇ ਲਿੱਟੇ ਸਿਪਾਹੀ ਟ੍ਰੇਨਿੰਗ ਲੈਣ ਲੱਗੇ, ਉਨ੍ਹਾਂ ਦੇ ਨਾਮ ਸਭ ਫਰਜ਼ੀ ਦਿੱਤੇ। ਯੂ.ਪੀ. ਦੀਆਂ ਪਹਾੜੀਆਂ ਵਿਚ ਸਤੰਬਰ 1983 ਨੂੰ ਟ੍ਰੇਨਿੰਗ ਸ਼ੁਰੂ ਹੋਈ। ਭਾਰਤੀ ਕੂਟਨੀਤਕਾਂ ਨੂੰ ਕੀ ਪਤਾ ਸੀ, ਸਿੱਖਲਾਈ-ਯਾਫਤਾ ਇਹੋ ਖਾੜਕੂ ਭਵਿਖ ਵਿਚ ਭਾਰਤੀ ਫੌਜਾਂ ਨੂੰ ਵਾਹਣੀ ਪਾਈ ਰੱਖਣਗੇ!

ਚਾਈਂ ਚਾਈਂ ਤਮਿਲ ਜੁਆਨੀ ਟ੍ਰੇਨਿੰਗ ਲੈਣ ਵਾਸਤੇ ਇਉਂ ਆਉਣ ਲਗੀ ਜਿਵੇਂ ਪਿਕਨਿਕ ਮਨਾਈਦੀ ਹੈ। ਲੰਕਾ ਸਰਕਾਰ ਚੌਕਸ ਹੋ ਗਈ। ਨੇਵੀ ਨੂੰ ਕਿਹਾ ਗਿਆ ਕਿ ਉਧਰ ਜਾਣ ਵਾਲਿਆਂ ਨੂੰ ਰੋਕੋ। ਨਾ ਸਮਗਲਰ ਰੁਕੇ, ਨਾ ਖਾੜਕੂ।

ਸਾਰੇ ਭਾਰਤ ਵਿਚ ਸਿਖਲਾਈ ਕੈਂਪ ਖੁੱਲ੍ਹ ਗਏ, ਇਥੋਂ ਤਕ ਕਿ ਡੇਹਰਾਦੂਨ ਵਿਚ ਵੀ। ਕੁੜੀਆਂ ਵੀ ਸਨ। ਹਰ ਕਿਸਮ ਦੇ ਹਥਿਆਰਾਂ ਦੀ ਸਿੱਖਲਾਈ। ਤੈਰਾਕੀ, ਪਾਣੀ ਦੇ ਹੇਠਾਂ ਉਤਰ ਕੇ ਸਮੁੰਦਰੀ ਜਹਾਜ਼ ਡੋਬਣ ਲਈ ਬੰਬ ਚਲਾਉਣ ਦੀ ਟ੍ਰੇਨਿੰਗ, ਦਰਖਤਾਂ ਰੱਸਿਆਂ ਉਪਰ ਚੜ੍ਹਨਾ ਉਤਰਨਾ, ਬਲਦੀ ਅੱਗ ਵਿਚੋਂ ਦੀ ਲੰਘਣਾ। ਟੈਂਕ ਤੋੜਨੇ ਅਤੇ ਲੜਾਕੂ ਜਹਾਜ਼ ਡੇਗਣੇ। ਪ੍ਰਭਾਕਰਨ ਇਕ ਵਾਰ ਕੈਂਪ ਵਿਚ ਗਿਆ, ਭਾਰਤੀ ਅਫਸਰ ਜੁਆਨਾਂ ਨੂੰ ਬੰਦੂਕਾਂ ਵੰਡ ਕੇ ਗਏ ਸਨ। ਪ੍ਰਭਾਕਰਨ ਨੇ ਕਿਹਾ- ਬਚਿਆ-ਖੁਚਿਆ ਪੁਰਾਣਾ ਸਾਮਾਨ ਦੇ ਰਹੇ ਹਨ, ਸਾਨੂੰ ਮੂਰਖ ਸਮਝਦੇ ਨੇ। ਉਹ ਜਾਣ ਰਿਹਾ ਸੀ ਕਿ ਭਾਰਤੀ ਸੈਨਾ ਉਸ ਦੇ ਖਾੜਕੂਆਂ ਨੂੰ ਆਪਣੀ ਰਿਜ਼ਰਵ ਫੌਜ ਸਮਝਦੀ ਹੈ ਜਿਸ ਨੂੰ ਆਪਣੇ ਮਕਸਦ ਲਈ ਲੰਕਾ ਵਿਰੁੱਧ

(ਬਾਕੀ ਅਗਲੇ ਸਫੇ 'ਤੇ)



ਐਮ.ਜੀ. ਰਾਮਾਚੰਦਰਨ

*'ਲਿੱਟੇ' ਨੂੰ ਪੈਸੇ ਦੀ ਘਾਟ ਸੀ। ਪ੍ਰਭਾਕਰਨ ਨੇ ਬਾਲਾਸਿੰਘਮ ਨੂੰ ਐਮ.ਜੀ.ਆਰ. ਕੋਲ ਭੇਜਿਆ। ਉਹ ਬਿਮਾਰ ਸੀ, ਲੇਟਿਆ ਹੋਇਆ ਸੀ। ਬਾਲਾ ਨੇ ਲਿੱਟੇ ਦੀਆਂ ਮੁਸ਼ਕਿਲਾਂ ਦੱਸੀਆਂ। ਐਮ.ਜੀ.ਆਰ. ਨੇ ਪੁੱਛਿਆ- ਕਿੰਨੇ ਨਾਲ ਕੰਮ ਚੱਲ ਜਾਏਗਾ? ਬਾਲਾ ਨੇ ਕਿਹਾ- ਜੀ ਜਿੰਨੇ ਕੁ ਖੁਸ਼ ਹੋ ਕੇ ਦੇ ਸਕੋ। ਉਸ ਨੇ ਦੋ ਉਂਗਲਾਂ ਦਿਖਾਉਂਦਿਆਂ ਕਿਹਾ- ਕਾਫੀ ਹੋਣਗੇ? ਬਾਲਾ ਨੇ ਸਮਝਿਆ ਦੋ ਲੱਖ ਮਿਲਣਗੇ, ਹਾਂ ਕਰ ਦਿੱਤੀ। ਐਮ.ਜੀ.ਆਰ. ਨੇ ਦੋ ਕਰੋੜ ਰੁਪਏ ਦਿੱਤੇ। ਏਡੀ ਵੱਡੀ ਰਕਮ ਮੁੰਡਿਆਂ ਨੇ ਕਦੀ ਦੇਖੀ ਨਹੀਂ ਸੀ, ਸੰਭਾਲਾਂਗੇ ਕਿਵੇਂ? ਬਾਲਾ ਨੇ ਕਿਹਾ- ਜੀ ਆਗਿਆ ਹੋਵੇ, ਲੋੜ ਅਨੁਸਾਰ ਥੋੜ੍ਹੇ ਥੋੜ੍ਹੇ ਕਰ ਕੇ ਲੈ ਜਾਇਆ ਕਰੀਏ?*



ਪ੍ਰਭਾਕਰਨ ਅਤੇ ਬਾਲਾਸਿੰਘਮ ਦੀ ਇਕ ਯਾਦਗਾਰੀ ਤਸਵੀਰ।

*(ਪਿਛਲੇ ਸਫੇ ਤੋਂ ਜਾਰੀ)*

ਕਦੀ ਵੀ ਵਰਤਿਆ ਜਾ ਸਕੇ। ਭਾਰਤੀਆਂ ਨੂੰ ਜਾਣਕਾਰੀ ਨਹੀਂ ਸੀ ਕਿ ਜਿਸ ਜਰਨੈਲ ਨਾਲ ਉਨ੍ਹਾਂ ਦਾ ਵਾਹ ਪਿਆ ਹੈ, ਉਸ ਨੂੰ ਮਨਮਰਜ਼ੀ ਨਾਲ ਵਰਤ ਸਕਣਾ ਸੰਭਵ ਨਹੀਂ ਹੋਵੇਗਾ।

ਮਾਰਚ 1984; ਕੁਝ ਅਖਬਾਰਾਂ ਨੇ ਪਹਿਲੀ ਵਾਰ ਬਹੁਤ ਮੁਸ਼ਕਿਲ ਨਾਲ ਉਸ ਨੂੰ ਮਨਾ ਕੇ ਪ੍ਰੈੱਸ ਮਿਲਣੀ ਕੀਤੀ। ਸਾਰੇ ਪੱਤਰਕਾਰਾਂ ਨੇ ਹੈਰਾਨੀ ਪ੍ਰਗਟਾਈ ਕਿ ਉਹ ਖਾੜਕੂ ਲਗਦਾ ਹੀ ਨਹੀਂ; ਬਹੁਤ ਸਾਊ, ਸਭਿਅ ਅਤੇ ਨਿਮਰਤਾ ਵਾਲਾ ਬੰਦਾ ਹੈ ਜਿਸ ਨੂੰ ਆਪਣੇ ਮਨੋਰਥ ਬਾਰੇ ਪੂਰੀ ਜਾਣਕਾਰੀ ਹੈ। ਹਥਿਆਰਾਂ ਦੀ ਵਰਤੋਂ ਅਤੇ ਸਿਆਸਤ ਦੇ ਹੱਥ ਕੰਡੇ ਜਾਣਦਾ ਹੈ। ਉਸ ਨੂੰ ਨਾ ਗੁੰਮਰਾਹ ਕੀਤਾ ਜਾ ਸਕਦਾ ਹੈ, ਨਾ ਵਰਤਿਆ ਜਾਣਾ ਸੰਭਵ ਹੈ। ਦੇਖਣ ਨੂੰ ਉਹ ਤਮਿਲਨਾਡੂ ਫਿਲਮ ਦਾ ਕੋਈ ਹੀਰੋ ਲਗਦਾ ਹੈ। ਸੰਡੇ ਮੈਗਜ਼ੀਨ ਨੂੰ ਇੰਟਰਵਿਊ ਦਿੰਦਿਆਂ ਉਸ ਨੇ ਇਹ ਵਾਕ ਕਿਹਾ- 'ਜੇ ਜੈਵਰਧਨੇ ਸੱਚਾ ਬੋਧੀ ਹੁੰਦਾ, ਮੈਂ ਬੰਦੂਕ ਨੂੰ ਛੂੰਹਦਾ ਤੱਕ ਨਾ।' ਇਸ ਅੰਕ ਦੀਆਂ ਬੇਸ਼ੁਮਾਰ ਕਾਪੀਆਂ ਦੁਨੀਆਂ ਭਰ ਨੇ ਖਰੀਦੀਆਂ, ਲੰਕਾ ਸਰਕਾਰ ਨੇ ਵਧੀਕ। ਉਸ ਨੇ ਕੀ ਕਿਹਾ, ਸਰਕਾਰ ਦੀ ਇਹ ਜਾਣਨ ਵਿਚ ਰੁਚੀ ਨਹੀਂ ਸੀ ਜਿੰਨੀ ਰੁਚੀ ਉਸ ਦਾ ਮੂੰਹ ਦੇਖਣ ਵਿਚ ਸੀ। ਸ਼ੁਕਰ ਹੈ, ਫੋਟੋ ਤਾਂ ਮਿਲੀ! ਸਰਕਾਰ ਕੋਲ ਪਾਸਪੋਰਟ ਸਾਈਜ਼ ਦੀ ਨਿੱਕੀ ਜਿਹੀ ਤਸਵੀਰ ਸੀ ਜਿਹੜੀ ਉਸ ਦੇ ਸਕੂਲ ਵਿਚੋਂ ਦਾਖਲਾ ਫਾਰਮ ਨਾਲ ਚਿਪਕੀ ਮਿਲੀ ਸੀ। ਰਿਸਾਲੇ ਦੇ ਕਵਰ ਦੀ ਫੋਟੋਕਾਪੀ ਲੰਕਾ ਦੇ ਹਰ ਥਾਣੇ ਪੁੱਜੀ।

ਪੱਤਰਕਾਰ ਨੇ ਪੁੱਛਿਆ- ਇਕ ਸੀਲਨ ਬਦਲੇ ਤੇਰਾਂ ਫੌਜੀ ਕਤਲ ਕਰਨੇ ਕਿਵੇਂ ਵਾਜਬ ਹਨ? ਪ੍ਰਭਾਕਰਨ ਨੇ ਕਿਹਾ- ਤੇਰਾਂ? ਉਹ ਸਾਡਾ ਜਰਨੈਲ ਸੀ, ਇਕ ਸੀਲਮ ਲੱਖ ਸੈਨਿਕਾਂ ਦੇ ਬਰਾਬਰ ਹੈ। ਤੇਰਾਂ ਕੀ ਗਿਣਤੀ ਹੋਈ? ਉਸ ਨੂੰ ਸਿਆਸੀ ਗਰੁੱਪ 'ਤੁਲਫ' ਪਸੰਦ ਨਹੀਂ ਸੀ, "ਹੁਣੇ ਇਹ ਕਹਿਣਗੇ ਵੱਖਰੇ ਤਮਿਲ ਦੇਸ ਤੋਂ ਹੇਠਾਂ ਕੋਈ ਸੌਦਾ ਨਹੀਂ, ਸੱਦਾ ਮਿਲੇ ਤਾਂ ਕੋਲੰਬੋ ਵਜ਼ਾਰਤ ਦੀ ਸਹੁੰ ਚੁਕਣ ਲਈ ਭੱਜ ਜਾਣਗੇ। ਇਨ੍ਹਾਂ ਨਾਲ ਮੈਂ ਸਿੱਝਾਂਗਾ। ਉਹ ਝੂਠੇ ਲਾਰੇ ਲਾ ਕੇ ਸਬਜ਼ਬਾਗ ਦਿਖਾ ਕੇ ਤਮਿਲਾਂ ਨੂੰ ਉਲੂ ਬਣਾਉਂਦੇ ਹਨ, ਬੰਧੂਆਂ ਮਜ਼ਦੂਰ ਹਨ। ਹੁਣ ਮੈਂ ਤਮਿਲ ਪਰਜਾ ਉਨ੍ਹਾਂ ਹੱਥੋਂ ਗੁੰਮਰਾਹ ਨਹੀਂ ਹੋਣ ਦਿਆਂਗਾ। ਦਗੇਬਾਜ਼। ਅਸੀਂ ਭਾਰਤੀ ਮਦਦ ਲੈ ਰਹੇ ਹਾਂ ਪਰ ਅੰਮ੍ਰਿਤ ਲਿੰਗਮ ਵਾਂਗ ਪਾਲਤੂ ਕੁੱਤੇ ਨਹੀਂ। ਅਮਰੀਕਾ ਲੰਕਾ ਨੂੰ ਹਥਿਆਰ ਭੇਜ ਰਿਹਾ ਹੈ, ਸਾਨੂੰ ਤਮਿਲਾਂ ਨੂੰ ਇਸ ਦਾ ਨੁਕਸਾਨ ਹੈ ਹੀ, ਭਾਰਤ ਲਈ ਵੀ ਉਸ ਦੀ ਪਾਲਿਸੀ ਸਹੀ ਨਹੀਂ। ਹਿੰਦ ਮਹਾਂਸਾਗਰ ਯੁੱਧ ਦਾ ਅੱਡਾ ਨਹੀਂ ਬਣਨਾ ਚਾਹੀਦਾ। ਤਮਿਲ ਈਲਮ ਗੁੱਟ ਨਿਰਪੇਖ ਦੇਸ ਹੋਏਗਾ ਤੇ ਭਾਰਤ ਨਾਲ ਦੋਸਤਾਨਾ ਸਬੰਧ ਰਹਿਣਗੇ। ਭਾਰਤੀ ਫੌਜ ਸ੍ਰੀ ਲੰਕਾ ਵਿਚ ਨਹੀਂ ਜਾਣੀ ਚਾਹੀਦੀ। ਅਸੀਂ ਆਪਣੀ ਲੜਾਈ ਆਪ ਲੜਾਂਗੇ। ਜੇ ਅਸੀਂ ਖੁਦ ਲੜਨ ਜੋਗੇ ਨਹੀਂ, ਫਿਰ ਅਸੀਂ ਆਜ਼ਾਦੀ ਦੇ ਹੱਕਦਾਰ ਵੀ ਨਹੀਂ।

ਭਾਰਤ ਵਿਚ ਰਹਿੰਦਿਆਂ ਪ੍ਰਭਾਕਰਨ ਦੀ ਸਭ ਤੋਂ ਵੱਡੀ ਪ੍ਰਾਪਤੀ ਤਮਿਲਨਾਡੂ ਦੇ ਮੁੱਖ ਮੰਤਰੀ ਐਮ.ਜੀ. ਰਾਮਚੰਦਰਨ (ਐਮ.ਜੀ.ਆਰ.) ਨਾਲ ਦੋਸਤੀ ਸੀ। 1967 ਵਿਚ ਉਸ ਦੀ ਪਾਰਟੀ ਡੀ.ਐਮ.ਕੇ. ਨੇ ਤਮਿਲਨਾਡੂ ਵਿਚੋਂ ਕਾਂਗਰਸ ਪਾਰਟੀ ਦਾ ਪੱਤਾ ਪੂਰਾ ਸਾਫ ਕਰ ਕੇ ਇਤਿਹਾਸ ਸਿਰਜ ਦਿੱਤਾ ਸੀ। 1977 ਵਿਚ ਫਿਰ ਉਸ ਦੀ ਸਰਕਾਰ ਬਣੀ। 'ਲਿੱਟੇ' ਨੂੰ ਪੈਸੇ ਦੀ ਘਾਟ ਸੀ। ਪ੍ਰਭਾਕਰਨ ਨੇ ਬਾਲਾਸਿੰਘਮ ਨੂੰ ਐਮ.ਜੀ.ਆਰ. ਕੋਲ ਭੇਜਿਆ। ਐਮ.ਜੀ.ਆਰ. ਬਿਮਾਰ ਸੀ, ਲੇਟਿਆ ਹੋਇਆ ਸੀ। ਬਾਲਾ ਨੇ ਲਿੱਟੇ ਦੀਆਂ ਮੁਸ਼ਕਿਲਾਂ ਦੱਸਦਿਆਂ ਪੈਸੇ ਦੀ ਮੰਗ ਕੀਤੀ। ਐਮ.ਜੀ.ਆਰ. ਨੇ ਪੁੱਛਿਆ- ਕਿੰਨੇ ਨਾਲ ਕੰਮ ਚੱਲ ਜਾਏਗਾ? ਬਾਲਾ ਨੇ ਕਿਹਾ- ਜੀ ਜਿੰਨੇ ਕੁ ਖੁਸ਼ ਹੋ ਕੇ ਦੇ ਸਕੋ। ਉਸ ਨੇ ਦੋ ਉਂਗਲਾਂ ਦਿਖਾਉਂਦਿਆਂ ਕਿਹਾ- ਕਾਫੀ ਹੋਣਗੇ? ਬਾਲਾ ਨੇ ਸਮਝਿਆ ਦੋ ਲੱਖ ਮਿਲਣਗੇ, ਹਾਂ ਕਰ ਦਿੱਤੀ। ਐਮ.ਜੀ.ਆਰ. ਨੇ ਦੋ ਕਰੋੜ ਰੁਪਏ ਦਿੱਤੇ। ਏਡੀ ਵੱਡੀ ਰਕਮ ਮੁੰਡਿਆਂ ਨੇ ਕਦੀ ਦੇਖੀ ਨਹੀਂ ਸੀ, ਸੰਭਾਲਾਂਗੇ ਕਿਵੇਂ? ਬਾਲਾ ਨੇ ਕਿਹਾ- ਜੀ ਆਗਿਆ ਹੋਵੇ, ਲੋੜ ਅਨੁਸਾਰ ਥੋੜ੍ਹੇ ਥੋੜ੍ਹੇ ਕਰ ਕੇ ਲੈ ਜਾਇਆ ਕਰੀਏ? ਐਮ.ਜੀ.ਆਰ. ਨੂੰ ਕੀ ਦਿੱਕਤ? ਹਾਂ ਕਰ ਦਿੱਤੀ।

ਐਮ.ਜੀ.ਆਰ. ਤੋਂ ਬਿਨਾਂ ਪ੍ਰਭਾਕਰਨ ਨੇ ਕਿਸੇ ਭਾਰਤੀ ਨਾਲ ਦੋਸਤੀ ਨਾ ਕੀਤੀ। ਉਸ ਦੇ ਸਿਆਸੀ ਵਿਰੋਧੀ ਕਰੁਨਾਨਿਧੀ ਨੇ ਪ੍ਰਭਾਕਰਨ ਨੂੰ ਕਿਹਾ- ਇਕ ਵਾਰ ਮਿਲਣ ਆ ਜਾਹ, ਤੇਰੇ ਹਰ ਸਿਪਾਹੀ ਵਾਸਤੇ ਪੱਚੀ ਹਜ਼ਾਰ ਦੀ ਰਕਮ ਰੱਖੀ ਹੋਈ ਹੈ। ਪ੍ਰਭਾਕਰਨ ਨਹੀਂ ਮਿਲਿਆ।

ਪ੍ਰਭਾਕਰਨ ਨੂੰ ਭਾਰਤੀ ਮਦਦ ਚਾਹੀਦੀ ਸੀ, ਪਰ ਉਸ ਨੇ ਆਤਮ ਸਨਮਾਨ ਨਹੀਂ ਖੋਇਆ। ਜੇ ਭਾਰਤ ਨੇ ਮਦਦ ਬੰਦ ਕਰ ਦਿੱਤੀ? ਉਸ ਨੇ ਵੱਖਰਾ ਖੁਫੀਆ ਵਿੰਗ ਕਾਇਮ ਕੀਤਾ ਜੋ ਹਥਿਆਰ ਇਕੱਠੇ ਕਰੇਗਾ, ਪਰ ਭਾਰਤੀ ਫੌਜ ਨੂੰ ਪਤਾ ਨਹੀਂ ਲੱਗੇਗਾ। ਉਸ ਨੇ ਸਮੁੰਦਰੀ ਜਹਾਜ਼ਾਂ ਦੀ ਫਲੀਟ ਬਣਾਉਣੀ ਵਿਉਂਤੀ ਜਿਸ ਦਾ ਪਤਾ ਲਿੱਟੇ ਨੂੰ ਵੀ ਨਾ ਲੱਗੇ। ਇਹ ਮਾਲ ਢੋਣ ਵਾਲੇ ਵਪਾਰਕ ਜਹਾਜ਼ ਹੋਣਗੇ ਜਿਨ੍ਹਾਂ ਵਿਚ ਹਥਿਆਰ ਵੀ ਆਉਣਗੇ। ਚੀਨ ਤੋਂ ਪੁਰਾਣਾ ਜਹਾਜ਼ ਖਰੀਦ ਕੇ ਪਾਨਾਮਾ ਵਿਚ ਰਜਿਸਟਰ ਕਰਵਾਇਆ। ਇਸ ਜਹਾਜ਼ ਵਿਚੋਂ ਰੇਡੀਓ ਰਾਹੀਂ ਪ੍ਰਭਾਕਰਨ ਨਾਲ ਸੰਪਰਕ ਰਹਿੰਦਾ। ਵਿਦੇਸ਼ਾਂ ਵਿਚੋਂ ਸੋਨੇ ਦੀ ਸਮਗਲਿੰਗ ਵੀ ਕੀਤੀ। ਸਾਇਨਾਈਡ ਦੇ ਕੈਪਸੂਲ 1984 ਵਿਚ ਪਹਿਲੀ ਵਾਰ ਮੰਗਵਾ ਕੇ ਹੁਕਮ ਦਿੱਤਾ ਗਿਆ ਕਿ ਲਿੱਟੇ ਦਾ ਹਰ ਸਿਪਾਹੀ ਤਵੀਤ ਵਾਂਗ ਗਰਦਨ ਨਾਲ ਕੈਪਸੂਲ ਬੰਨ੍ਹ ਕੇ ਰੱਖੇ। ਫੜੇ ਜਾਣ ਦੀ ਸੂਰਤ ਵਿਚ ਕੈਪਸੂਲ ਖਾਧਾ ਜਾਵੇ। ਪਹਿਲੀ ਵਾਰ ਲਿਬਨਾਨ ਤੋਂ ਅਸਲਾ ਖਰੀਦਿਆ ਜਿਸ ਬਾਰੇ ਨਾ ਭਾਰਤ ਨੂੰ ਪਤਾ ਲੱਗਾ, ਨਾ ਲੰਕਾ ਨੂੰ। ਜਹਾਜ਼ ਤਾਮਿਲਨਾਡੂ ਦੀ ਬੰਦਰਗਾਹ 'ਤੇ ਪੁੱਜਾ, ਕਿਸ਼ਤੀਆਂ ਰਾਹੀਂ ਅਸਲਾ ਜਾਫਨਾ ਪੁਚਾਇਆ ਗਿਆ। ਪ੍ਰਭਾਕਰਨ ਨੇ ਹਿੰਦੂ ਮੰਦਰ ਵਿਚ ਜਾ ਕੇ ਦੇਵਤਿਆਂ ਦਾ ਸ਼ੁਕਰਾਨਾ ਕੀਤਾ।

ਹਥਿਆਰਾਂ ਦੀ ਖੇਪ ਮਿਲਣ ਪਿੱਛੋਂ ਲਿੱਟੇ ਗੁਰੀਲਿਆਂ ਨੇ ਕਤਲਾਂ ਅਤੇ ਬੈਂਕ ਡਕੈਤੀਆਂ ਨਾਲ ਲੰਕਾ ਵਿਚ ਉਹ ਕੁਹਰਾਮ ਮਚਾਇਆ ਕਿ ਸਰਕਾਰ ਨੂੰ ਅੰਦਰੂਨੀ ਸੁਰੱਖਿਆ ਦਾ ਨਵਾਂ ਮੰਤਰਾਲਾ ਬਣਾਉਣਾ ਪਿਆ। ਸੀਲਨ ਦੇ ਕਾਤਲ ਸਿਪਾਹੀ ਨੂੰ ਗੋਲੀਆਂ ਨਾਲ ਫੁੰਡ ਕੇ ਉਸ ਦਾ ਸਿਰ ਇਕ ਸ਼ਹਿਰ ਵਿਚ, ਧੜ ਦੂਜੇ ਸ਼ਹਿਰ ਦਰਖਤ ਨਾਲ ਟੰਗਿਆ। ਦਿਨ ਢਲੇ ਗਲੀਆਂ ਬਾਜ਼ਾਰ ਸੁੰਨੇ ਹੋ ਜਾਂਦੇ, ਕੇਵਲ ਮਿਲਟਰੀ ਦੇ ਟਰੱਕ ਫਿਰਦੇ ਦਿਸਦੇ। ਜਦੋਂ ਪੁਲਿਸ ਜਾਂ ਮਿਲਟਰੀ ਦੇ ਟਰੱਕ ਉਪਰ ਬੰਬ ਸੁੱਟਿਆ ਜਾਂਦਾ; ਗੋਲੀਬਾਰੀ ਹੁੰਦੀ, ਸਿਪਾਹੀ ਮਰਦੇ, ਤੇ ਫੌਜ ਆਮ ਤਮਿਲਾਂ ਉਪਰ ਟੁੱਟ ਪੈਂਦੀ। ਭਾਰਤ ਸਰਕਾਰ ਵਲੋਂ ਵਿਰੋਧ ਹੁੰਦਾ ਤੇ ਲੰਕਾ ਨੂੰ ਕਿਹਾ ਜਾਂਦਾ ਕਿ ਹਿੰਸਾ ਰੋਕੋ, ਸਮਝੌਤੇ ਦਾ ਰਸਤਾ ਕੱਢੋ। ਵਾਰ ਵਾਰ ਇਹੀ ਹੁੰਦਾ।

ਲੰਕਾ ਸਰਕਾਰ ਗੁਸੈਲੇ ਲਫ਼ਜ਼ਾਂ ਵਿਚ ਖਬਰ ਰਿਲੀਜ਼ ਕਰਦੀ ਕਿ ਭਾਰਤ ਉਸ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਤੋਂ ਬਾਜ਼ ਆਏ। ਖਾੜਕੂ ਖੁਸ਼ੀ ਮਨਾਉਂਦੇ ਕਿ ਦੁਨੀਆਂ ਨੂੰ ਪਤਾ ਲੱਗ ਰਿਹੈ, ਅਸੀਂ ਇਨਸਾਫ ਲਈ ਲੜ ਰਹੇ ਹਾਂ। ਅਮਰੀਕਾ ਨੇ ਭਾਰਤ ਨੂੰ ਤਾੜਨਾ ਕੀਤੀ ਕਿ ਗਵਾਂਢੀਆਂ ਨਾਲ ਛੇੜ-ਛਾੜ ਨਾ ਕਰੇ।

ਜਾਫਨਾ ਯੂਨੀਵਰਸਿਟੀ ਦੇ ਗੇਟ ਉਪਰ ਦਸ ਵਿਦਿਆਰਥੀਆਂ ਨੇ ਆਪਣੀਆਂ ਮੰਗਾਂ ਦੇ ਹੱਕ ਵਿਚ ਧਰਨਾ ਦੇ ਕੇ ਭੁੱਖ ਹੜਤਾਲ ਦਾ ਐਲਾਨ ਕਰ ਦਿੱਤਾ, ਛੇ ਮੁੰਡੇ ਸਨ ਚਾਰ ਕੁੜੀਆਂ। ਪ੍ਰਭਾਕਰਨ ਦਾ ਬਿਆਨ ਆਇਆ- ਭੁੱਖ ਹੜਤਾਲਾਂ ਦੀ ਅੱਯਾਸ਼ੀ ਵਾਸਤੇ ਸਾਡੇ ਕੋਲ ਫੁਰਸਤ ਨਹੀਂ। ਸਰਕਾਰ ਨੂੰ ਕੀ ਪ੍ਰਵਾਹ ਤਮਿਲ ਭੁੱਖੇ ਮਰਦੇ ਨੇ, ਮਰੀ ਜਾਣ। ਲਿੱਟੇ ਦੀ ਗੱਡੀ ਆਈ, ਸਾਰਿਆਂ ਨੂੰ ਜਬਰਨ ਚੁੱਕ ਕੇ ਲੈ ਗਈ, ਕਿਹਾ- ਜੇ ਮਰਨਾ ਹੈ ਤਾਂ ਲੜਦਿਆਂ ਮਰੋ। ਸਾਰੇ ਮਦਰਾਸ ਪੁਚਾ ਦਿੱਤੇ। ਕੁੜੀਆਂ ਵਾਸਤੇ ਵੱਖਰਾ ਇੰਤਜ਼ਾਮ ਨਾ ਹੋਣ ਕਰ ਕੇ ਬਾਲਾਸਿੰਘਮ ਦੀ ਪਤਨੀ ਆਡੀਲ ਦੀ ਨਿਗਰਾਨੀ ਵਿਚ ਕੁੜੀਆਂ ਰੱਖ ਦਿੱਤੀਆਂ। ਇਨ੍ਹਾਂ ਵਿਚ ਮੱਤੀ ਨਾਮ ਦੀ ਕੁੜੀ ਖੇਤੀ ਵਿਗਿਆਨ ਦੀ ਵਿਦਿਆਰਥਣ ਪ੍ਰਭਾਕਰਨ ਵੱਲ ਰੁਚਿਤ ਹੋ ਗਈ। ਪ੍ਰਭਾਕਰਨ ਉਸ ਉਪਰ ਮੋਹਿਤ ਹੋ ਗਿਆ। ਆਡੀਲ ਨੇ ਵਿਆਹ ਦੀ ਸਲਾਹ ਦਿੱਤੀ।

ਜਥੇਬੰਦੀ ਵਿਚ ਤੁਰੰਤ ਖਬਰਾਂ ਅੱਪੜ ਗਈਆਂ। ਆਪਣਾ ਬਣਾਇਆ ਕਾਨੂੰਨ ਹੁਣ ਪ੍ਰਭਾਕਰਨ ਆਪ ਤੋੜੇਗਾ? ਬਗਾਵਤ ਦੀਆਂ ਸੁਰਾਂ ਉਠੀਆਂ। ਮੱਤੀ ਦੇ ਮਾਪੇ ਮਦਰਾਸ ਪਤਾ ਕਰਨ ਗਏ, ਆਖਰ ਮਾਜਰਾ ਕੀ ਹੈ। ਪ੍ਰਭਾਕਰਨ ਨੇ ਚਾਚੇ ਨੂੰ ਸੁਨੇਹਾ ਭੇਜਿਆ- ਚਾਰ ਗ੍ਰਾਮ ਸੋਨੇ ਦਾ ਮੰਗਲ-ਸੂਤਰ ਬਣਵਾ ਕੇ ਭੇਜੋ। ਚਾਚਾ ਖੁਸ਼ ਹੋ ਗਿਆ। ਪ੍ਰਭਾਕਰਨ ਆਪ ਕਿਹੜਾ ਬਣਵਾ ਨਹੀਂ ਸਕਦਾ ਸੀ, ਇੱਜ਼ਤ ਕਰਨੀ ਸੀ ਨਾ ਚਾਚੇ ਦੀ। ਚਾਚੇ ਚਾਚੀ ਨੇ ਅੱਠ ਗ੍ਰਾਮ ਦਾ ਮੰਗਲ-ਸੂਤਰ ਬਣਵਾ ਕੇ ਮਦਰਾਸ ਭੇਜਿਆ, ਗਣੇਸ਼ ਦੀ ਤਸਵੀਰ ਵਾਲਾ। ਥੋੜ੍ਹੇ ਕੁ ਖਾਸ ਦੋਸਤਾਂ ਅਤੇ ਮਾਪਿਆਂ ਦੀ ਹਾਜ਼ਰੀ ਵਿਚ ਪਹਿਲੀ ਅਕਤੂਬਰ 1984 ਨੂੰ ਖੁਸ਼ੀ ਨਾਲ ਵਿਆਹ ਹੋ ਗਿਆ। ਨੁਕਤਾਚੀਨ ਚੁੱਪ ਹੋ ਗਏ।

ਇਕ ਛੋਟੇ ਮਾਰਕਸੀ ਖਾੜਕੂ ਗਰੁੱਪ ਨੇ ਅਮਰੀਕਨ ਪਤੀ ਪਤਨੀ ਅਗਵਾ ਕਰ ਲਏ ਜੋ ਲੰਕਾ ਵਿਚ ਨੌਕਰੀ ਕਰਦੇ ਸਨ। ਦੋਸ਼ ਲਾਇਆ ਕਿ ਇਹ ਸੀ.ਆਈ.ਏ. ਦੇ ਜਾਸੂਸ ਹਨ। ਰਿਹਾਈ ਵਾਸਤੇ ਭਾਰੀ ਫਿਰੌਤੀ ਦੀ ਰਕਮ ਮੰਗੀ ਤੇ ਅਮਰੀਕਾ ਨੂੰ ਹੁਕਮ ਦਿੱਤਾ ਕਿ ਰਕਮ ਕਿਸੇ ਭਾਰਤੀ ਬੈਂਕ ਵਿਚ ਜਮ੍ਹਾਂ ਕਰਵਾਉ। ਭਾਰਤ ਸਰਕਾਰ ਕ੍ਰੋਧ ਵਿਚ ਆ ਗਈ ਤੇ ਕਿਹਾ- ਜੇ ਇਹ ਜੋੜਾ ਰਿਹਾਅ ਨਾ ਕੀਤਾ ਤਾਂ ਭਾਰਤ ਜਾਣਦਾ ਹੈ, ਕਿਵੇਂ ਰਿਹਾਅ ਕਰਵਾਉਣਾ ਹੈ। ਛੱਡ ਦਿੱਤੇ।


ਪ੍ਰਭਾਕਰਨ ਤੇ ਮੱਤੀ

***ਜਾਫਨਾ ਯੂਨੀਵਰਸਿਟੀ ਦੇ ਗੇਟ ਉਪਰ ਦਸ ਵਿਦਿਆਰਥੀਆਂ ਨੇ ਆਪਣੀਆਂ ਮੰਗਾਂ ਦੇ ਹੱਕ ਵਿਚ ਧਰਨਾ ਦੇ ਕੇ ਭੁੱਖ ਹੜਤਾਲ ਦਾ ਐਲਾਨ ਕਰ ਦਿੱਤਾ, ਛੇ ਮੁੰਡੇ ਸਨ ਚਾਰ ਕੁੜੀਆਂ। ਪ੍ਰਭਾਕਰਨ ਦਾ ਬਿਆਨ ਆਇਆ- ਭੁੱਖ ਹੜਤਾਲਾਂ ਦੀ ਅੱਯਾਸ਼ੀ ਵਾਸਤੇ ਸਾਡੇ ਕੋਲ ਫੁਰਸਤ ਨਹੀਂ। ਸਰਕਾਰ ਨੂੰ ਕੀ ਪ੍ਰਵਾਹ ਤਮਿਲ ਭੁੱਖੇ ਮਰਦੇ ਨੇ, ਮਰੀ ਜਾਣ। ਲਿੱਟੇ ਦੀ ਗੱਡੀ ਆਈ, ਸਾਰਿਆਂ ਨੂੰ ਜਬਰਨ ਚੁੱਕ ਕੇ ਲੈ ਗਈ, ਕਿਹਾ- ਜੇ ਮਰਨਾ ਹੈ ਤਾਂ ਲੜਦਿਆਂ ਮਰੋ। ਸਾਰੇ ਮਦਰਾਸ ਪੁਚਾ ਦਿੱਤੇ। ਕੁੜੀਆਂ ਵਾਸਤੇ ਵੱਖਰਾ ਇੰਤਜ਼ਾਮ ਨਾ ਹੋਣ ਕਰ ਕੇ ਬਾਲਾਸਿੰਘਮ ਦੀ ਪਤਨੀ ਆਡੀਲ ਦੀ ਨਿਗਰਾਨੀ ਵਿਚ ਕੁੜੀਆਂ ਰੱਖ ਦਿੱਤੀਆਂ। ਇਨ੍ਹਾਂ ਵਿਚ ਮੱਤੀ ਨਾਮ ਦੀ ਕੁੜੀ ਖੇਤੀ ਵਿਗਿਆਨ ਦੀ ਵਿਦਿਆਰਥਣ ਪ੍ਰਭਾਕਰਨ ਵੱਲ ਰੁਚਿਤ ਹੋ ਗਈ। ਪ੍ਰਭਾਕਰਨ ਉਸ ਉਪਰ ਮੋਹਿਤ ਹੋ ਗਿਆ।***

# ਧੰਨ ਏਂ ਤੂੰ ਮਾਂ ਬੋਲੀਏ ਤੇ ਤੇਰੇ ਵੱਖਰੇ ਵੱਖਰੇ ਰੰਗ

## ਚਲਦੇ ਚਲਦੇ

ਹਰ ਬੋਲੀ ਬੋਲਣ ਦਾ ਵੱਖਰਾ ਰੰਗ ਹੁੰਦਾ ਹੈ। ਪੰਜਾਬੀ ਬੋਲੀ ਦੇ ਬੋਲਣ ਦੇ ਵੱਖੋ ਵੱਖ ਅਰਥ ਤੇ ਰੰਗ-ਢੰਗ ਹਨ। ਪੰਜਾਬੀ, ਪੰਜਾਬ ਦੇ ਖੁਲ੍ਹੇ ਡੁਲ੍ਹੇ ਸੁਭਾਅ ਦੇ ਰੰਗਲੇ ਸੁਭਾਅ ਵਾਲੇ ਲੋਕਾਂ ਦੀ ਬੋਲੀ ਹੈ, ਜਿਸ ਵਿਚ ਕਈ ਸ਼ਬਦ ਜਾਂ ਬੋਲ ਭਾਵੇਂ ਬੇਅਰਥ ਜਿਹੇ ਹੀ ਜਾਪਦੇ ਹਨ ਪਰ ਉਹ ਆਮ ਬੋਲੇ ਜਾਣ ਕਾਰਨ ਸਹਿਜੇ-ਸਹਿਜੇ ਆਪਣੀ ਪੱਕੀ ਪਹਿਚਾਣ ਬਣਾਈ ਬੈਠੇ ਹਨ। ਐਸੇ ਬੋਲ ਜਾਂ ਸ਼ਬਦ ਪੰਜਾਬੀ ਮਾਂ ਬੋਲੀ ਵਿਚ ਆਮ ਹੀ ਬੋਲੇ ਜਾਂਦੇ

ਰਵੇਲ ਸਿੰਘ ਇਟਲੀ

ਹਨ। ਸਾਡੇ ਪਿੰਡ ਇੱਕ ਪਰਿਵਾਰ ਹੈ ਜਿਸ ਨੂੰ ਬੋਤਿਆਂ ਦਾ ਟੱਬਰ ਕਹਿੰਦੇ ਹਨ। ਇਸ ਘਰ ਦੇ ਜੀਅ ਆਮ ਤੌਰ 'ਤੇ ਐਵੇਂ ਮੂੰਹ ਚੌੜਾ ਜਿਹਾ ਕਰ ਕੇ ਬੜੇ ਨੂੰ ਬੋੜਾ ਕਹਿੰਦੇ ਹਨ। ਲੋਕਾਂ ਇਸ ਟੱਬਰ ਦਾ ਨਾਂ ਹੀ ਬੋੜਿਆਂ ਦਾ ਟੱਬਰ ਪਾ ਦਿੱਤਾ ਹੋਇਆ ਹੈ। ਪਿਛਲੇ ਲੋਕ ਹਾਸੇ ਠੱਠੇ ਦਾ ਗੁੱਸਾ ਘੱਟ ਹੀ ਕਰਦੇ ਸਨ, ਇੱਕ ਘਰ ਦੇ ਕੁਝ ਜੀਅ ਥੋੜ੍ਹੇ ਪੜ੍ਹੇ-ਲਿਖੇ ਸਨ ਤੇ ਮਾੜੀ ਮੋਟੀ ਅੰਗਰੇਜ਼ੀ ਨੂੰ ਵੀ ਮੂੰਹ ਮਾਰ ਲੈਂਦੇ ਸਨ। ਪਿੰਡ ਵਾਲਿਆਂ ਉਨ੍ਹਾਂ ਦਾ ਨਾਂ ਹੀ ਅੰਗਰੇਜ਼ਾਂ ਦਾ ਟੱਬਰ ਰੱਖਿਆ ਹੋਇਆ ਸੀ। ਭਾਵੇਂ ਉਸ ਟੱਬਰ ਵਿਚ ਕਈ ਐਸੇ ਜੀਅ ਵੀ ਸਨ ਜਿਨ੍ਹਾਂ ਨੂੰ ਪੰਜਾਬੀ ਦਾ ਊੜਾ ਐੜਾ ਵੀ ਨਹੀਂ ਸੀ ਆਉਂਦਾ।

ਕਿਸੇ ਸੱਜਣ ਦੀ ਸੁਣਾਈ ਇੱਕ ਬੜੀ ਮਜ਼ੇਦਾਰ ਗੱਲ ਚੇਤੇ ਆ ਗਈ ਕਿ ਇੱਕ ਅੰਗਰੇਜ਼ ਅਫਸਰ ਜਦੋਂ ਆਪਣੀ ਨਿਯੁਕਤੀ ਪੰਜਾਬ ਵਿਚ ਹੋਣ 'ਤੇ ਆਇਆ ਤਾਂ ਉਸ ਨੇ ਕਿਸੇ ਨਾ ਕਿਸੇ ਤਰ੍ਹਾਂ ਪੰਜਾਬੀ ਪੜ੍ਹਨੀ ਤੇ ਗੁਜ਼ਾਰੇ ਜੋਗੀ ਬੋਲਣੀ ਵੀ ਸਿੱਖ ਲਈ। ਉਹ ਇੱਕ ਦਿਨ ਆਪਣੇ ਸਹਾਇਕ ਨੂੰ ਕਹਿਣ ਲੱਗਾ ਕਿ ਹੁਣ ਮੈਂ ਪੰਜਾਬੀ ਬੋਲ ਵੀ ਸਕਦਾ ਹਾਂ ਤੇ ਸਮਝ ਵੀ ਸਕਦਾ ਹਾਂ। ਇਹ ਸੁਣ ਕੇ ਉਸ ਦੇ ਸਹਾਇਕ ਨੇ ਕਿਹਾ ਕਿ ਸਾਬ੍ਹ ਪੰਜਾਬੀ ਬੋਲਣੀ ਤੇ ਸਮਝਣੀ ਏਨੀ ਸੌਖੀ ਨਹੀਂ। ਸਾਬ੍ਹ ਦੇ ਨਾਂ ਮੰਨਣ 'ਤੇ ਉਸ ਨੇ ਕਿਹਾ ਕਿ ਚੰਗਾ ਫਿਰ ਉਹ ਸਾਹਮਣੇ ਇੱਕ ਪੇਂਡੂ ਬੰਦਾ, ਜੋ ਗੱਡੇ 'ਤੇ ਕੁੱਝ ਸਮਾਨ ਲੱਦ ਕੇ ਜਾ ਰਿਹਾ ਸੀ, ਉਸ ਨਾਲ ਗੱਲ ਕਰੋ। ਸਾਹਬ ਨੇ ਉਸ ਬੰਦੇ ਨੂੰ ਪੁੱਛਿਆ, ਸਰਦਾਰ ਜੀ ਇਹ ਗੱਡੇ 'ਤੇ ਲੱਦ ਕੇ ਕੀ ਲਿਜਾ ਰਹੇ ਹੋ? ਉਹ ਸਿੱਧਾ ਸਾਦਾ ਬੰਦਾ ਸਾਬ੍ਹ ਦੀ ਗੁੱਲ ਸੁਣ ਕੇ ਸੁਭਾਵਕ ਹੀ ਬੋਲਿਆ, ਜੀ ਕੁਝ ਨਹੀਂ, ਐਵੇਂ ਨਿੱਕ-ਸੁੱਕ ਘਰ ਲਿਜਾ ਰਿਹਾ ਹਾਂ। ਪਰ ਸਾਹਬ ਨੂੰ ਕੋਈ ਸਮਝ ਨਾ ਆਈ ਤੇ ਵਾਰ ਵਾਰ ਪੁੱਛਣ 'ਤੇ ਕਦੇ ਲਟਾ-ਪਟਾ, ਕਦੇ ਉਰਾ-ਪਰਾ, ਕਦੇ ਉਰਲਮ-ਪਰਲਮ ਤੇ ਹੋਰ ਕਈ ਕੁਝ ਕਹੀ ਗਿਆ। ਸਾਹਬ ਚੁੱਪ ਕਰਕੇ ਵਾਪਸ ਆ ਗਿਆ। ਸਹਾਇਕ ਪੁੱਛਣ ਲੱਗਾ, ਸਰ ਸਮਝ ਆ ਗਈ? ਤਾਂ ਅੰਗਰੇਜ਼ ਅਫਸਰ ਹੈਰਾਨ ਹੋ ਕੇ ਕਹਿਣ ਲੱਗਾ, ਨਹੀਂ, ਪਰ ਮੈਂ ਵਾਪਸ ਜਾ ਕੇ ਇਨ੍ਹਾਂ ਅੱਖਰਾਂ ਦੇ ਅਰਥ ਪੰਜਾਬੀ ਦੀ ਡਿਕਸ਼ਨਰੀ ਵਿਚੋਂ ਲੱਭਾਂਗਾ। ਸਹਾਇਕ ਹੱਸਦਾ ਹੋਇਆ ਬੋਲਿਆ, ਸਾਬ੍ਹ ਜੀ ਤੁਹਾਨੂੰ ਇਹ ਅੱਖਰ ਡਿਕਸ਼ਨਰੀ ਵਿਚੋਂ ਨਹੀਂ ਲੱਭਣੇ ਇਹ ਤਾਂ ਪੰਜਾਬੀ ਵਿਚ ਹੀ ਆਮ ਬੋਲੇ ਜਾਣ ਵਾਲੇ ਅੱਖਰ ਹਨ। ਅੰਗਰੇਜ਼ ਅਫਸਰ ਸੁਣ ਕੇ ਹੈਰਾਨ ਹੋਇਆ।

ਮੈਂ ਯੂਰਪ ਵਿਚ 8 ਸਾਲ ਤੋਂ ਰਹਿ ਰਿਹਾ ਹਾਂ। ਇਥੇ ਪੰਜਾਬੀ ਕਾਮਿਆਂ ਦੇ ਨਾਲ ਪੱਛਮੀ ਪੰਜਾਬ ਦੇ ਕਾਮੇ ਵੀ ਆਮ ਮਿਲਦੇ ਹਨ ਜੋ ਬੜੀ ਠੇਠ ਪੰਜਾਬੀ ਬੋਲਦੇ ਹਨ। ਪਾਕਿਸਤਾਨੀ ਕਾਮੇ ਆਪਣੀ ਘਰ ਵਾਲੀ ਨੂੰ ਬੁੱਢੀ ਕਹਿੰਦੇ ਹਨ (ਇਨ੍ਹਾਂ ਦੇ ਕਈ ਲਫਜ਼ ਹਾਸੇ ਵਾਲੇ ਹੁੰਦੇ ਹਨ)। ਜਦੋਂਕਿ ਅਸੀਂ ਬੁੱਢੀ ਵਡੇਰੀ ਉਮਰ ਵਾਲੀ ਔਰਤ ਨੂੰ ਕਹਿੰਦੇ ਹਾਂ। ਵੱਢਿਆ ਗਿਆ ਨੂੰ ਵਢੀਚ ਗਿਆ, ਗੁਆਚ ਗਿਆ ਨੂੰ ਖੜੀਚ ਗਿਆ ਤੇ ਹੋਰ ਵੀ ਕਈ ਸ਼ਬਦ ਸੁਣ ਕੇ ਦੋਹਾਂ ਪਾਸਿਆਂ ਦੀ ਪੰਜਾਬੀ 'ਤੇ ਮਾਣ ਵੀ ਹੁੰਦਾ ਹੈ। ਇਹ ਰੰਗ ਬਾਬਾ ਨਜ਼ਮੀ ਦੀਆਂ ਨਜ਼ਮਾਂ ਵਿਚ ਵੀ ਵੇਖਣ-ਸੁਣਨ ਨੂੰ ਆਮ ਮਿਲਦਾ ਹੈ। ਇੱਥੇ ਪੰਜਾਬ ਭਰ ਦੇ ਕਾਮੇ ਪੰਜਾਬ ਤੋਂ ਰੋਜ਼ੀ-ਰੋਟੀ ਲਈ ਆਏ ਹਨ। ਮਾਝਾ, ਮਾਲਵਾ, ਦੁਆਬਾ ਪੰਜਾਬ ਦੇ ਹੋਰ ਕਈ ਇਲਾਕਿਆਂ ਦਾ ਸੁਮੇਲ ਬਣਿਆ ਹੋਇਆ ਹੈ।

ਮੇਰਾ ਜਨਮ ਅਣ ਵੰਡੇ ਪੰਜਾਬ ਦੇ ਪੱਛਮੀ ਪਾਸੇ ਦਾ ਹੈ। ਵਿਦੇਸ਼ੀ ਪਾਰਕਾਂ ਵਿਚ ਜਾਂ ਕਿਤੇ ਆਉਂਦੇ-ਜਾਂਦੇ ਪੰਜਾਬੀ ਭਰਾ ਭਾਵੇਂ ਉਹ ਇਸ ਪਾਸੇ ਦੇ ਹੋਣ, ਭਾਵੇਂ ਉਸ ਪਾਸੇ ਦੇ, ਜਦ ਪੰਜਾਬੀ ਵਿਚ ਗੱਲਾਂ ਕਰਦੇ ਹਨ ਤਾਂ ਪੰਜਾਬੀ ਮਾਂ ਬੋਲੀ ਦੇ ਵੱਖੋ ਵੱਖ ਰੰਗ ਵੇਖ-ਸੁਣ ਕੇ ਖੁਸ਼ੀ ਹੁੰਦੀ ਹੈ।

ਭਾਰਤ ਦੀ ਕੁਲਹਿਣੀ ਵੰਡ ਵੇਲੇ ਆਪਣਾ ਘਰ-ਕੁੱਲਾ ਗੁਆ ਕੇ ਕਈ ਥਾਂਵਾਂ 'ਤੇ ਖੱਜਲ-ਖੁਆਰੀ ਪਿੱਛੋਂ ਸਾਨੂੰ ਸਰਹੱਦੀ ਜ਼ਿਲੇ ਗੁਰਦਾਸਪੁਰ ਦੇ ਇੱਕ ਛੋਟੇ ਜਿਹੇ ਪਿੰਡ ਵਿਚ ਹੀ ਟਿਕਾਣਾ ਮਿਲਿਆ, ਜੋ ਬਾਰਡਰ ਦੇ ਨਾਲ ਹੀ ਲੱਗਦਾ ਹੈ। ਲਗਭਗ ਬਟਾਲੇ ਦੀ ਤਹਿਸੀਲ ਤੋਂ ਅੱਗੇ ਮਾਝੇ ਦੀ ਬੋਲੀ ਬਦਲ ਜਾਂਦੀ ਹੈ ਤੇ ਗੁਰਦਾਸਪੁਰ ਤੱਕ ਥੋੜ੍ਹਾ ਬਹੁਤ ਮਾਝੇ ਦੀ ਬੋਲੀ ਦਾ ਐਵੇਂ ਗੁਲਾਬੀ ਜਿਹਾ ਰੰਗ ਵੇਖਣ ਨੂੰ ਮਿਲਦਾ ਹੈ ਜਿਵੇਂ 'ਗਿਆ ਵਾ', 'ਆਇਆ ਵਾ' ਪਰ ਬਹੁਤਾ ਪੰਜਾਬੀ ਪਹਾੜੀ ਡੋਗਰੀ ਦਾ ਰਲਵਾਂ-ਮਿਲਵਾਂ ਅਸਰ ਵੇਖਣ ਨੂੰ ਹੀ ਮਿਲਦਾ ਹੈ ਜਿਵੇਂ 'ਆਇਆ ਦਾ', 'ਗਿਆ ਦਾ' ਵਗੈਰਾ ਡੋਗਰੀ ਬੋਲੀ ਦੇ ਮਿੱਠੇ ਮਿੱਠੇ ਪੋਤਲੇ ਜਿਹੇ ਰੰਗ ਵਿਚ ਰੰਗਿਆ ਜਿਹਾ ਮਿਲਦਾ ਹੈ।

ਇਕ ਦਿਨ ਪਿਆਸੇ (ਚੌਕ) ਵਿਚ ਬੈਠਿਆਂ ਮੈਨੂੰ ਇੰਗਲੈਂਡ ਤੋਂ ਆਏ ਦਲਬੀਰ ਸਿੰਘ ਨਾਂ ਦੇ ਇੱਕ ਨੌਜਵਾਨ ਨੂੰ ਮਿਲਣ ਦਾ ਮੌਕਾ ਮਿਲਿਆ ਜੋ ਇੰਗਲੈਂਡ ਵਿਚ ਟੈਕਸੀ ਡਰਾਈਵਰ ਹੈ। ਮੈਂ ਉਸ ਦੀ ਪੰਜਾਬੀ ਸੁਣ ਕੇ ਹੈਰਾਨ ਹੋਇਆ। ਉਸ ਦੀ ਪੰਜਾਬੀ ਬੋਲਣੀ ਸ਼ਾਇਦ ਉਸ ਨੂੰ ਬੜੀ ਔਖੀ ਜਿਹੀ ਲਗ ਰਹੀ ਸੀ ਪਰ ਹੈ ਸੀ ਬੜੇ ਵੱਖਰੇ ਸਟਾਈਲ ਦੀ। ਹਰ ਗੱਲ ਨੂੰ ਅੰਗਰੇਜ਼ੀ ਵਾਂਗ ਹੀ ਬੜੇ ਅੰਦਾਜ਼ ਨਾਲ ਮੂੰਹ 'ਤੇ ਅਜੀਬ ਹਾਵ-ਭਾਵ ਬਣਾ ਕੇ ਬੋਲਦਾ ਬੜਾ ਚੰਗਾ ਲਗਦਾ ਸੀ।

ਇਸੇ ਤਰ੍ਹਾਂ ਕਈ ਸ਼ਬਦਾਂ ਦੇ ਨਾਲ ਜੁੜੇ ਸ਼ਬਦ, ਲਗੇ-ਸਾਗੇ, ਰੋਟੀ-ਸ਼ੋਟੀ, ਚਾਹ-ਚੂਹ, ਨੇੜੇ-ਤੇੜੇ, ਪੈਗ-ਸ਼ੈਗ, ਰੰਗ-ਸ਼ੰਗ, ਦਾਰੂ-ਸ਼ਾਰੂ, ਗੁੱਸਾ-ਗੱਸਾ, ਗਾਣਾ-ਸ਼ਾਣਾ, ਗੱਪ-ਸ਼ੱਪ, ਐਰਾ-ਗੈਰਾ, ਗਰਮੀ-ਸ਼ਰਮੀ, ਠੰਡ-ਠੁੰਡ, ਇਸ਼ਕ-ਵਿਸ਼ਕ, ਮਖੌਲ-ਮਖੁਲ ਵਰਗੇ ਸ਼ਬਦ ਸਹਿਜੇ ਹੀ ਮਾਂ ਬੋਲੀ ਦੀ ਰਵਾਨਗੀ ਨੂੰ ਹੋਰ ਰੰਗੀਨ ਮਿਜ਼ਾਜੀ ਬਣਾਉਂਦੇ ਹਨ।

ਇੱਕ ਦਿਨ ਮੈਂ ਇਟਲੀ 'ਚ ਇੱਕ ਪਾਰਕ ਵਿਚ ਆਪਣੇ ਪੋਤਿਆਂ ਨਾਲ ਬੈਠਾ ਸਾਂ ਤਾਂ ਇੱਕ ਕਾਲਾ ਸ਼ੈਨੇਗਾਲੀ ਆਇਆ ਤਾਂ ਮੇਰੇ ਪੋਤੇ ਨੂੰ ਸਤ ਸ੍ਰੀ ਆਕਾਲ ਕਹਿ ਕੇ ਪੁੱਛਣ ਲੱਗਾ ਕਿ ਕੀ ਹਾਲ ਆ? ਕਿੰਨੇ ਸਾਲ ਦਾ ਤੂੰ? ਮੇਰਾ ਪੋਤਾ ਡਰ ਕੇ ਮੇਰੀ ਕੱਛ ਵਿਚ ਵੜ ਗਿਆ। ਮੈਂ ਉਸ ਨੂੰ ਦੱਸਿਆ ਕਿ ਇਹ ਪੰਜ ਸਾਲ ਦਾ ਹੈ। ਉਹ ਹੱਸਦਾ ਤੇ ਕਹਿਣ ਲੱਗਾ, ਠੀਕ ਇਆ। ਜਿਹੜੇ ਕਹਿੰਦੇ ਹਨ ਕਿ ਪੰਜਾਬੀ ਬੋਲਣੀ ਬੜੀ ਔਖੀ ਹੈ, ਉਨ੍ਹਾਂ ਵਾਸਤੇ ਮਿਸਾਲ ਇਹ ਇਕ ਮਿਸਾਲ ਹੈ।

ਰੱਬ ਕਰੇ ਅਨੇਕਾਂ ਰੰਗਾਂ ਰੂਪਾਂ ਦੇ ਸੱਭਿਆਚਾਰ ਨਾਲ ਸ਼ਿੰਗਾਰੀ ਪੰਜਾਬੀ ਮਾਂ ਬੋਲੀ ਵਧਦੀ-ਫੁਲਦੀ ਅਤੇ ਹੋਰ ਅਨੇਕ ਨਵੇਂ ਰੰਗ-ਰੂਪਾਂ ਦਾ ਨਿਖਾਰ ਲੈ ਕੇ ਪ੍ਰਫੁਲਿਤ ਹੁੰਦੀ ਰਹੇ।

ਰੱਬੀ ਰੰਗ ਵਿਚ ਰੰਗੀ ਹੈ, ਇਹ ਮਾਂ ਬੋਲੀ,  
ਤਾਂਹੀਓਂ ਲਗਦੀ ਚੰਗੀ ਹੈ, ਇਹ ਮਾਂ ਬੋਲੀ।  
ਵਿਚ ਵਿਦੇਸ਼ਾਂ ਆ ਕੇ ਵੀ ਇਹ ਭੁੱਲਦੀ ਨਾ,  
ਲਗਦੀ ਰੰਗ-ਬਰੰਗੀ ਹੈ, ਇਹ ਮਾਂ ਬੋਲੀ।  
ਇਸ ਦਾ ਸਭਿਆਚਾਰ ਨਿਰਾਲਾ ਹੋਰਾਂ ਤੋਂ,  
ਕਦੇ ਨਾ ਵੇਖੇ ਤੰਗੀ ਹੈ, ਇਹ ਮਾਂ ਬੋਲੀ।  
ਗਿੱਧੇ-ਭੰਗੜੇ ਹਾਸੇ, ਖੇੜੇ ਵੰਡਦੀ ਹੈ,  
ਕਦੇ ਨਾ ਵੇਖੇ ਤੰਗੀ ਹੈ, ਇਹ ਮਾਂ ਬੋਲੀ।

## ਨਸ਼ੱਈਆਂ ਬਾਰੇ ਹਸਾਉਣੀਆਂ

ਇਕ ਅਮਲੀ ਮੀਟੀਆਂ ਅੱਖਾਂ ਨਾਲ ਹੀ ਲੋਰ ਵਿਚ ਸ਼ਹਿਰ ਦੀ ਸੜਕ 'ਤੇ ਤੁਰਿਆ ਜਾ ਰਿਹਾ ਸੀ। ਸੜਕ ਕਿਨਾਰੇ ਲੱਗੇ ਲੈਟਰ ਬਾਕਸ ਵਿਚ ਜਾ ਵੱਜਾ। ਮਾੜੀ ਜਿਹੀ ਅੱਖ ਉਘੇੜ ਕੇ ਵੇਖਿਆ ਤਾਂ ਲਾਲ ਰੰਗ ਦੀ ਕੋਈ ਗੋਲ-ਮਟੋਲ ਸ਼ੈਅ ਦਿਸੀ। ਉਸ ਨੇ ਸਮਝਿਆ ਕਿਸੇ ਲਾਲ ਸਾੜੀ ਵਾਲੀ ਔਰਤ ਨਾਲ ਜਾ ਵੱਜਾ ਹੈ। ਝੱਟ ਕਹਿਣ ਲੱਗਾ, "ਭੈਣ ਜੀ, ਮਾਫ ਕਰਨਾ, ਮੈਂ ਧਿਆਨ ਨਹੀਂ ਕੀਤਾ।" ਤੇ ਰਤਾ ਲਾਂਭੇ ਹੋ ਕੇ ਅੱਗੇ ਤੁਰ ਪਿਆ। ਥੋੜ੍ਹਾ ਹੀ ਅੱਗੇ ਗਿਆ ਸੀ ਕਿ ਪਾਣੀ ਦੇ ਨਲਕੇ ਨਾਲ ਜਾ ਵੱਜਾ। ਫੇਰ ਅੱਖ ਉਘੇੜ ਕੇ ਵੇਖਿਆ ਤਾਂ ਉਸ ਨੂੰ ਇਕ ਮਧਰੀ ਜਿਹੀ ਚੀਜ਼ ਨਜ਼ਰ ਆਈ। ਸੋਚਿਆ ਕੋਈ ਬੱਚਾ ਹੈ, ਸੋ ਆਖਣ ਲੱਗਾ, "ਕਾਕਾ, ਮਾਫ ਕਰੀਂ, ਮੈਂ ਬੇਧਿਆਨੇ ਵਿਚ ਤੇਰੇ ਨਾਲ ਆ ਵੱਜਾ ਹਾਂ।"


ਫਿਰ ਅੱਗੇ ਤੁਰ ਪਿਆ। ਅੱਗੇ ਗਿਆ ਤਾਂ ਬਿਜਲੀ ਦੇ ਖੰਭੇ ਨਾਲ ਜਾ ਵੱਜਾ। ਵੇਖਿਆ ਇਕ ਚਿੱਟੀ ਸ਼ੈਅ ਹੈ। ਸੋਚਣ ਲੱਗਾ, ਕਿਸੇ ਬਜ਼ੁਰਗ ਨਾਲ ਆ ਵੱਜਾ ਹਾਂ। ਕਹਿਣ ਲੱਗਾ, "ਬਾਬਾ ਖਿਮਾਂ ਕਰੀਂ, ਮੈਂ ਬੇਧਿਆਨਾ ਹੋਇਆ ਤੇਰੇ ਵਿਚ ਆ ਵੱਜਾ ਹਾਂ।" ਫਿਰ ਸੜਕ ਤੋਂ ਪਾਸੇ ਹਟ ਕੇ ਇਕ ਪਾਸੇ ਕੰਧ ਨਾਲ ਲੱਗ ਕੇ ਖਲੋ ਗਿਆ ਤੇ ਕਹਿਣ ਲੱਗਾ, "ਇਹ ਜਲੂਸ ਲੰਘ ਜਾਵੇ, ਅਸੀਂ ਫੇਰ ਹੀ ਚੱਲਾਂਗੇ।"

*-ਡਾ. ਜਸਵੰਤ ਸਿੰਘ ਨੇਕੀ (ਮਰਹੂਮ)*

ਹਿੰਦੀ ਕਹਾਣੀ

# ਇਕ ਅਧੂਰੀ ਕਹਾਣੀ

*ਅੱਜ ਕੱਲ੍ਹ ਅਮਰੀਕਾ ਵੱਸਦੀ ਹਿੰਦੀ ਲੇਖਕਾ ਸੁਸ਼ਮ ਬੇਦੀ ਦਾ ਜਨਮ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਦੇ ਕਈ ਕਹਾਣੀ ਸੰਗ੍ਰਹਿ, ਨਾਵਲ, ਕਾਵਿ ਸੰਗ੍ਰਹਿ ਤੇ ਆਤਮ ਕਥਾ ਆਦਿ ਕਈ ਰਚਨਾਵਾਂ ਛਪ ਚੁੱਕੀਆਂ ਹਨ। ਇਨ੍ਹਾਂ ਵਿਚੋਂ ਕਈ ਰਚਨਾਵਾਂ ਦਾ ਅੰਗਰੇਜ਼ੀ, ਫਰਾਂਸੀਸੀ, ਡੱਚ, ਬੰਗਲਾ, ਉੜੀਆ, ਆਸਾਮੀ, ਪੰਜਾਬੀ ਤੇ ਉਰਦੂ ਵਿਚ ਅਨੁਵਾਦ ਹੋਇਆ ਹੈ। 'ਇਕ ਅਧੂਰੀ ਕਹਾਣੀ' ਵਿਚ ਉਨ੍ਹਾਂ ਅਮਰੀਕੀ ਸਮਾਜ ਦੀਆਂ ਤਹਿਆਂ ਹੇਠ ਲਗਾਤਾਰ ਸੁਲਗਦੇ ਅਤੇ ਅਕਸਰ ਭਾਂਬੜ ਬਣ-ਬਣ ਮੱਚਦੇ ਨਸਲੀ ਵਿਤਕਰੇ ਦੀ ਕਥਾ ਬਹੁਤ ਭਾਵਕ ਢੰਗ ਨਾਲ ਬਿਆਨ ਕੀਤੀ ਹੈ। -ਸੰਪਾਦਕ*



**ਮੂਲ: ਸੁਸ਼ਮ ਬੇਦੀ**

**ਤਰਜਮਾ: ਸੁਖਪਾਲ ਸਿੰਘ ਹੁੰਦਲ**

ਉਹ ਮੈਨੂੰ ਅਚਾਨਕ ਹੀ ਮਿਲਿਆ ਸੀ ਤੇ ਉਹ ਵੀ ਉਮਰ ਦੇ ਇਸ ਪੜਾਅ 'ਤੇ, ਜਦੋਂ ਮੈਨੂੰ ਕਿਸੇ ਮਰਦ ਦੀ ਤਲਾਸ਼ ਨਹੀਂ ਸੀ। ਮੈਂ ਇਕਾਂਤ ਵਿਚ ਰਮ ਚੁੱਕੀ ਸੀ ਤੇ ਮੇਰੇ ਜੀਵਨ ਦਾ ਕੇਂਦਰ ਸਿਰਫ ਮੇਰੀ ਲੇਖਣੀ ਹੀ ਸੀ...। ਉਹ ਮੈਨੂੰ ਮਿਲਿਆ ਵੀ ਲੇਖਣੀ ਦੇ ਰਾਹੀਂ ਸੀ।

ਮੇਰਾ ਨਾਵਲ ਪੜ੍ਹ ਕੇ ਸੰਪਰਕ ਕੀਤਾ। ਉਹਨੇ ਮੈਨੂੰ ਚਿੱਠੀ ਭੇਜੀ, ਮਿਲਣ ਦੀ ਇੱਛਾ ਜ਼ਾਹਿਰ ਕੀਤੀ ਤੇ ਫਿਰ ਫੋਨ ਕੀਤਾ। ਇੰਨੀ ਦੂਰ ਆਉਣ ਦੀ ਕੀ ਲੋੜ ਐ? ਕੋਈ ਦੂਰੋਂ ਆ ਰਿਹਾ ਹੋਵੇ ਤਾਂ ਮੇਰੇ ਉਤੇ ਬੋਝ ਪੈ ਜਾਂਦਾ ਐ, ਹਿੰਦੁਸਤਾਨੀ ਆਦਤਾਂ ਜਾਂਦੀਆਂ ਨਹੀਂ। ਮਹਿਮਾਨ-ਨਿਵਾਜ਼ੀ ਆਦਿ।

ਮੈਂ ਸੋਚਿਆ, ਇੰਨੀ ਦੂਰ ਨਿਊ ਯਾਰਕ ਆ ਕੇ ਮਿਲਣ ਦੀ ਕੀ ਜ਼ਰੂਰਤ ਸੀ। ਕਦੇ ਕਿਤੇ ਜਾਵਾਂਗੀ ਤਾਂ ਮਿਲ ਲੈਣਾ,

ਪਰ ਉਹਨੇ ਤਾਂ ਮਿਲ ਕੇ ਹੀ ਗੱਲ ਕਰਨੀ ਸੀ, ਆਉਣ ਦਾ ਕਸ਼ਟ ਉਠਾਉਣਾ ਹੀ ਸੀ। ਹਾਂ ਕਰਨੀ ਪਈ, ਸਮਾਂ ਦੇਣਾ ਹੀ ਪਿਆ, ਪਰ ਉਹ ਘਰ ਨਹੀਂ ਆਇਆ, ਹੋਟਲ ਵਿਚ ਰੁਕਿਆ ਤੇ ਮੈਨੂੰ ਫੋਨ ਕੀਤਾ।

"ਤੁਸੀਂ ਮੈਨੂੰ ਲੰਚ 'ਤੇ ਰੈਸਤਰਾਂ ਵਿਚ ਮਿਲੋ, ਪਤਾ ਦੇ ਦਿੰਦਾ ਹਾਂ...ਉਸ ਰੈਸਤਰਾਂ ਦਾ ਖਾਣਾ ਵਧੀਆ ਹੁੰਦਾ ਐ।"

"ਠੀਕ।"

ਮੇਰੇ ਰੈਸਤਰਾਂ ਵਿਚ ਦਾਖਲ ਹੁੰਦਿਆਂ ਹੀ ਇਕ ਨੌਜਵਾਨ ਉਠ ਕੇ ਮੇਰੇ ਵੱਲ ਵਧਿਆ, ਤਾਂ ਮੈਂ ਸਮਝ ਗਈ ਕਿ ਇਹੋ ਉਹ ਸ਼ਖਸ ਹੋਵੇਗਾ ਜਿਸ ਨੂੰ ਮੈਂ ਮਿਲਣ ਆਈ ਆਂ। ਉਹਦਾ ਵਧਿਆ ਹੋਇਆ ਹੱਥ ਦੇਖ ਕੇ ਮੈਂ ਵੀ ਹੱਥ ਵਧਾ ਦਿੱਤਾ।

"ਰਾਜਾ।"

ਮੈਂ ਧਿਆਨ ਕੀਤਾ ਤਾਂ ਉਹ ਮੈਨੂੰ ਆਪਣੇ ਨਾਲੋਂ ਉਮਰ ਵਿਚ ਘੱਟੋ-ਘੱਟ ਦਸ ਸਾਲ ਛੋਟਾ ਜਾਪਿਆ।

ਸੱਠ ਸਾਲ ਦੀ ਉਮਰ ਵਿਚ ਪਹੁੰਚ ਕੇ ਹੁਣ ਜ਼ਿਆਦਾਤਰ ਮਿਲਣ ਵਾਲੇ ਮੈਥੋਂ ਘੱਟ ਉਮਰ ਦੇ ਹੀ ਹੁੰਦੇ ਐ। ਸੋ, ਇਹ ਕੋਈ ਨਵੀਂ ਗੱਲ ਨਹੀਂ ਲੱਗੀ। ਉਂਝ ਆਪਣੇ ਤੋਂ ਛੋਟੀ ਉਮਰ ਵਾਲਿਆਂ ਵਿਚ ਇਕ ਦਮਖਮ, ਇਕ ਊਰਜਾ ਹੁੰਦੀ ਹੈ ਜਿਸ ਦੀ ਤਲਾਸ਼ ਮੈਨੂੰ ਹਮੇਸ਼ਾ ਰਹਿੰਦੀ ਐ।

"ਤੁਸੀਂ ਜਾਣਦੇ ਓ ਨਾ ਕਿ ਮੈਂ ਤੁਹਾਨੂੰ ਕਿਉਂ ਮਿਲਣਾ ਚਾਹੁੰਨਾਂ?"

"ਤੁਸੀਂ ਸ਼ਾਇਦ ਆਪਣੇ ਪੱਤਰ ਵਿਚ ਕੁਝ ਇਸ਼ਾਰਾ ਕੀਤਾ ਸੀ, ਪਰ ਮੈਨੂੰ ਧਿਆਨ ਨਹੀਂ।"

"ਮੈਂ ਤੁਹਾਨੂੰ ਇਕ ਕਹਾਣੀ ਦੇਣੀ ਚਾਹੁੰਦਾ ਹਾਂ।"

"ਮੈਨੂੰ? ਕਿਉਂ?"

"ਕਿਉਂਕਿ ਤੁਸੀਂ ਜਿਸ ਤਰ੍ਹਾਂ ਲਿਖਦੇ ਹੋ, ਸ਼ਬਦਾਂ ਦਾ ਸਹੀ ਇਸਤੇਮਾਲ ਕਰਦੇ ਓ, ਬਹੁਤ ਪਾਰਦਰਸ਼ੀ ਤੇ ਦਲੀਲ ਵਾਲਾ ਹੁੰਦਾ ਐ। ਲੱਗਦੈ ਜਿਵੇਂ ਗੱਲ ਹੋਰ ਕਿਸੇ ਢੰਗ ਨਾਲ ਕਹੀ ਹੀ ਨਾ ਜਾ ਸਕਦੀ ਹੋਵੇ। ਉਹ ਕਹਿਣਗੇ, ਤਾਂ ਕੁਝ ਹੋਰ ਭਾਵੇਂ ਹੋ ਜਾਵੇ, ਪਰ ਉਸ ਤਰ੍ਹਾਂ ਵਾਪਰੀ ਨਹੀਂ ਹੁੰਦੀ। ਜੋ ਅਸਰ ਤੁਹਾਡੀ ਗੱਲ ਵਿਚ ਹੈ, ਉਸ ਦਾ ਕੋਈ ਸਾਨੀ ਨਹੀਂ।"

"ਲੱਗਦੈ ਤੁਸੀਂ ਕੇਵਲ ਮੈਨੂੰ ਪੜ੍ਹਿਐ?" ਉਹਨੇ ਮੇਰੀ ਟਿੱਪਣੀ ਨੂੰ ਸੁਣੀ-ਅਣਸੁਣੀ ਕਰ ਦਿੱਤਾ।

"ਫਿਰ ਤੁਹਾਡੇ ਪਾਤਰ ਇੰਜ ਲਗਦੇ ਨੇ, ਜਿਵੇਂ ਜਿਉਂਦੇ ਜਾਗਦੇ ਇਨਸਾਨ ਹੁੰਦੇ ਨੇ। ਲਗਦੈ, ਜਿਵੇਂ ਜਿਉਂਦੇ ਜਾਗਦੇ ਸਾਹਮਣੇ ਖਲੋਤੇ ਹੋਣ। ਜੋ ਚਰਿੱਤਰ ਮੈਂ ਤੁਹਾਨੂੰ ਦੇਣਾ ਚਾਹੁੰਦਾ ਹਾਂ, ਉਹਦੀ ਰੂਹ ਨੂੰ ਕੇਵਲ ਤੁਸੀਂ ਹੀ ਫੜ ਸਕਦੇ ਓ।"

"ਦੇਖੋ, ਮੈਂ ਤੁਹਾਡੇ ਨਾਲ ਕੋਈ ਵਾਅਦਾ ਨਹੀਂ ਕਰ ਸਕਦੀ ਕਿ ਤੁਹਾਡੀ ਦੱਸੀ ਹੋਈ ਕਹਾਣੀ ਲਿਖ ਸਕਾਂ। ਮੈਂ ਇੰਜ ਲਿਖਦੀ ਨਹੀਂ। ਜਦੋਂ ਕੁਝ ਮੇਰੇ ਅੰਦਰੋਂ ਉਠਦੈ, ਮੈਂ ਤਦੇ ਲਿਖਦੀ ਆਂ।"

"ਪਰ ਮੈਂ ਜੋ ਕਹਾਣੀ ਤੁਹਾਨੂੰ ਦੇਣਾ ਚਾਹੁੰਦਾ ਹਾਂ, ਉਹ ਤਾਂ ਤੁਹਾਡੇ ਇਸ ਅਮਰੀਕੀ ਸਮਾਜ ਦੀ ਹੀ ਐ। ਇਥੋਂ ਦੀ ਇਕ ਬਦਸੂਰਤ ਸੱਚਾਈ, ਤੁਸੀਂ ਵੀ ਤਾਂ ਕੁਝ ਮਹਿਸੂਸ ਕੀਤਾ ਹੋਵੇਗਾ।"

ਮੈਂ ਉਹਦੇ ਵੱਲ ਸਵਾਲੀਆ ਨਜ਼ਰਾਂ ਨਾਲ ਤੱਕਦੀ ਰਹੀ ਤੇ ਉਹਨੇ ਆਪਣੀ ਗੱਲ ਜਾਰੀ ਰੱਖੀ, "ਅੱਛਾ! ਕੀ ਕਦੇ ਤੁਸੀਂ ਮਹਿਸੂਸ ਕੀਤੈ ਕਿ ਇਥੇ ਪੁਲਿਸ ਹੱਥੋਂ ਜਦੋਂ ਵੀ ਕੋਈ ਜਵਾਨ ਮਾਰਿਆ ਜਾਂਦੈ ਤਾਂ ਉਹ ਕਾਲਾ ਹੀ ਕਿਉਂ ਹੁੰਦੈ?"

ਉਹਦੀ ਆਵਾਜ਼ ਵਿਚ ਡੂੰਘੀ ਸੱਟ ਸੁਣਾਈ ਦੇ ਰਹੀ ਸੀ। ਮੈਂ ਚੌਂਕ ਗਈ। ਇਹ ਆਦਮੀ ਤਾਂ ਹਿੰਦੁਸਤਾਨੀ ਮੂਲ ਦਾ ਐ, ਫਿਰ ਇਹਨੂੰ ਕਾਲਿਆਂ ਨਾਲ ਹਮਦਰਦੀ ਕਿਉਂ! ਅਜਿਹਾ ਮੈਂ ਬਹੁਤ ਘੱਟ ਵੇਖਿਆ ਜਾਂ ਸੁਣਿਆ ਸੀ। ਆਪਣੇ 'ਇਸ ਲੋਕ' ਨੂੰ ਸੁਧਾਰਨ ਲਈ ਇਥੇ ਆਉਣ ਵਾਲੇ ਸਾਰੇ ਭਾਰਤੀ, ਗੋਰਿਆਂ ਵਰਗਾ ਜੀਵਨ ਜੀਣ ਦੀ ਹੀ ਰੀਝ ਰੱਖਦੇ ਨੇ ਤੇ ਉਨ੍ਹਾਂ ਵਰਗਾ ਹੀ ਬਣਨ ਦੀ ਕਾਮਨਾ ਕਰਦੇ ਨੇ, ਤੇ ਕਾਲੀ ਲੋਕਾਈ ਨੂੰ ਉਸੇ ਤਰ੍ਹਾਂ ਦੇਖ ਕੇ ਵੀ ਅਣਡਿੱਠ ਕਰਨ ਦੀ ਕੋਸ਼ਿਸ਼ ਕਰਦੇ ਨੇ ਜਿਵੇਂ ਗੋਰੇ ਲੋਕ। ਉਨ੍ਹਾਂ ਦਾ ਦੋਸਤੀ ਦਾ ਹੱਥ ਵੀ ਗੋਰਿਆਂ ਵੱਲ ਹੀ ਵਧਦੈ। ਉਹ ਉਨ੍ਹਾਂ ਹੀ ਘਰਾਂ ਜਾਂ ਇਮਾਰਤਾਂ ਵਿਚ ਰਹਿਣਾ ਪਸੰਦ ਕਰਦੇ ਨੇ ਜਿਥੇ ਗੋਰੇ ਰਹਿੰਦੇ ਹੋਣ। ਉਹ ਉਹੋ ਜਿਹੀਆਂ ਹੀ ਨੌਕਰੀਆਂ ਕਰਨੀਆਂ ਪਸੰਦ ਕਰਦੇ ਨੇ ਜਿਵੇਂ ਅਮਰੀਕੀ ਗੋਰੇ। ਉਨ੍ਹਾਂ ਹੀ ਯੂਨੀਵਰਸਿਟੀਆਂ, ਕਾਲਜਾਂ ਵਿਚ ਪੜ੍ਹਨਾ ਪਸੰਦ ਕਰਦੇ ਨੇ ਜਿਥੇ ਜ਼ਿਆਦਾਤਰ ਗੋਰੇ ਪੜ੍ਹਦੇ ਨੇ।

"ਜਾਣਦੀ ਆਂ। ਨਿਊ ਯਾਰਕ ਵਰਗੇ ਸ਼ਹਿਰ ਵਿਚ ਰੰਗ-ਭੇਦ ਪ੍ਰਤੀ ਜਿਹੋ ਜਿਹੀ ਸਹਿਣਸ਼ੀਲਤਾ ਵੇਖਣ ਨੂੰ ਮਿਲਦੀ ਹੈ, ਉਹੋ ਜਿਹੀ ਅਮਰੀਕਾ ਵਿਚ ਹੋਰ ਕਿਤੇ ਨਹੀਂ। ਹਰ ਰੋਜ਼ ਬਾਹਰ ਵਾਲਿਆਂ ਨਾਲ ਵਾਹ ਪੈਂਦੈ, ਆਦੀ ਹੋ ਜਾਂਦੇ ਆਂ। ਫਰਕ ਹੋਣਾ ਸੁਭਾਵਕ ਲੱਗਣ ਲੱਗ ਪੈਂਦੈ, ਪਰ ਇਥੇ ਗੋਰਾ ਰੰਗ ਹੀ ਆਮ ਹੈ...ਉਂਜ ਦੱਖਣ ਦੀ ਗੱਲ ਕੁਝ ਹੋਰ ਐ। ਉਨ੍ਹਾਂ ਲੋਕਾਂ ਨੇ ਸਦੀਆਂ ਤੱਕ ਕਾਲਿਆਂ ਨੂੰ ਦਾਸ ਬਣਾ ਕੇ ਰੱਖਿਐ। ਉਹ ਉਨ੍ਹਾਂ ਲਈ ਇਨਸਾਨ ਨਹੀਂ, ਖੇਤਾਂ ਵਿਚ ਜੁਤਣ ਵਾਲੇ ਪਸ਼ੂ ਸਨ, ਜਾਂ ਭਾਰ ਢੋਣ ਵਾਲੇ ਖੋਤੇ। ਉਨ੍ਹਾਂ ਨੂੰ ਇਨ੍ਹਾਂ ਦਾਸਾਂ ਵਿਚ ਨਾ ਤਾਂ ਕੋਈ ਮਾਨਵਤਾ ਦਿੱਸਦੀ ਸੀ ਤੇ ਨਾ ਹੀ ਉਹ ਉਨ੍ਹਾਂ ਵਿਚ ਮਹਿਸੂਸ ਕਰਨ ਜਾਂ ਦੇਖ ਸਕਣ ਦੀ ਸਮਰੱਥਾ ਸਮਝਦੇ ਸਨ। ਅਮਰੀਕਾ ਦਾ ਇਹ ਕਾਲਾ ਇਤਿਹਾਸ ਆਮ ਤੌਰ 'ਤੇ ਉਸ ਦੇ ਅੱਜ, ਵਰਤਮਾਨ 'ਤੇ ਹਾਵੀ ਹੋ ਜਾਂਦੈ। ਗੋਰੇ ਇਨ੍ਹਾਂ ਨੂੰ ਬਰਾਬਰ ਦੇ ਹੱਕਦਾਰ ਮੰਨ ਹੀ ਨਹੀਂ ਪਾਉਂਦੇ, ਕਾਨੂੰਨ ਭਾਵੇਂ ਕਿੰਨਾ ਵੀ ਕਾਲਿਆਂ ਦੇ ਹੱਕ ਵਿਚ ਹੋਵੇ! ਅਜੀਬ ਗੱਲ ਐ ਨਾ, ਇਕ ਪਾਸੇ ਤਾਂ ਇਨਸਾਨ ਦੀ ਆਜ਼ਾਦੀ ਤੇ ਬਰਾਬਰੀ ਦੇ ਮੂਲ ਸਿਧਾਂਤਾਂ 'ਤੇ ਇਸ ਮੁਲਕ ਦੀ ਨੀਂਹ ਰੱਖੀ ਗਈ ਐ ਅਤੇ ਇਸੇ ਅਸੂਲ-ਨਿਯਮ ਨਾਲ ਇਸ ਨੂੰ ਆਜ਼ਾਦੀ ਮਿਲੀ ਹੈ, ਪਰ ਬਹੁਤੇ ਲੋਕ ਆਪਣੀ ਨਸਲ ਨੂੰ ਉਚੀ ਸਮਝਦੇ ਨੇ। ਤੁਹਾਨੂੰ ਪਤਾ ਹੈ ਕਿ ਜਦੋਂ ਇਥੇ ਸੰਵਿਧਾਨ ਤਿਆਰ ਹੋ ਰਿਹਾ ਸੀ, ਤੇ ਮੂਲ ਹੱਕਾਂ-ਅਧਿਕਾਰਾਂ, ਆਜ਼ਾਦੀ ਸੁਤੰਤਰਤਾ ਤੇ ਬਰਾਬਰੀ-ਸਮਾਨਤਾ ਦੀ ਨੀਂਹ ਰੱਖੀ ਜਾ ਰਹੀ ਸੀ ਤਾਂ ਇਹ ਸਵਾਲ ਵੀ ਉਠਿਆ ਸੀ ਕਿ ਕੀ ਅਸੀਂ ਆਪਣੇ ਕਾਲੇ ਦਾਸਾਂ ਨੂੰ ਵੀ ਉਹੋ ਸੁਤੰਤਰਤਾ ਦੇਈਏ ਜਿਹੜੀ ਅਸੀਂ ਆਪਣੇ ਲਈ ਜਾਂ ਮਾਨਵ ਜਾਤੀ ਲਈ ਮੰਗ ਰਹੇ ਹਾਂ। ਅਖੀਰ ਵਿਚ ਇਸ ਤਰ੍ਹਾਂ ਦਾ ਫੈਸਲਾ ਹੋਇਆ ਕਿ ਜਿਹੜੇ ਸਮਾਜ ਦੇ ਮੈਂਬਰ ਹਨ, ਉਨ੍ਹਾਂ ਲਈ ਹੀ ਸੁਤੰਤਰਤਾ ਤੇ ਸਮਾਨਤਾ ਦੇ ਅਧਿਕਾਰ ਹਨ, ਇਹ ਕਾਲੇ ਦਾਸ ਕਿਸੇ ਸਮਾਜ ਦੇ ਮੈਂਬਰ ਨਹੀਂ ਹਨ। ਕਿਹੋ ਜਿਹਾ ਘੋਰ ਅਨਿਆਂ ਕਿ ਜਿਵੇਂ ਉਹ ਇਨਸਾਨ ਹੀ ਨਹੀਂ ਸਨ! ਕਿਸੇ ਸਮਾਜ ਦੇ ਮੈਂਬਰ ਨਹੀਂ ਸਨ। ਉਹ ਕੋਈ ਜੰਗਲੀ ਜਾਨਵਰ ਜਾਂ ਵਣ-ਮਾਨਸ ਸਨ।"

"ਤੁਸੀਂ ਕੇਵਲ ਦੱਖਣੀ ਅਮਰੀਕਾ ਦੀ ਗੱਲ ਕਰ ਰਹੇ ਓ, ਪਰ ਦੇਖੋ, ਉਂਜ ਅਮਰੀਕਾ ਦੇ ਉਤਰ ਵਿਚ ਜ਼ਬਾਨੀ ਸੰਵੇਦਨਾ ਤੇ ਹਮਦਰਦੀ ਤਾਂ ਖੂਬ ਦਿਖਾਈ ਜਾਂਦੀ ਐ, ਪਰ ਅਸਲ ਵਿਚ ਇਹ ਲੋਕ ਕਾਲਿਆਂ ਨੂੰ ਐਨ ਆਪਣੇ ਬਰਾਬਰ ਸਮਝਣ ਵਿਚ ਆਪਣੀ ਹੇਠੀ ਮੰਨਦੇ ਹਨ। ਤੁਸੀਂ ਵੇਖਦੇ ਹੋ, ਜਿਥੇ-ਜਿਥੇ ਕਾਲੇ ਘਰ ਖਰੀਦਦੇ ਨੇ, ਉਥੋਂ ਗੋਰੇ ਨਿਕਲ ਜਾਂਦੇ ਨੇ। ਇਸ ਨਾਲ ਤਾਂ ਸਾਡੀਆਂ ਸਾਰਿਆਂ ਦੀਆਂ ਸ਼ਕਲਾਂ ਬਦਲ ਜਾਂਦੀਆਂ ਨੇ, ਜਾਇਦਾਦ ਦੀਆਂ ਕੀਮਤਾਂ ਡਿੱਗ ਜਾਂਦੀਆਂ ਨੇ ਕਿ ਇਥੇ ਤਾਂ ਕਾਲੇ ਜ਼ਿਆਦਾ ਰਹਿੰਦੇ ਨੇ। ਉਪਰੋਂ ਸਭਿਅਕ ਦਿਸਦੇ ਹੋਏ ਵੀ ਅਸੀਂ ਫਰਕ-ਭੇਦਭਾਵ ਘੱਟ ਤਾਂ ਨਹੀਂ ਕੀਤੇ।"

ਮੈਂ ਕਿਹਾ, "ਅਸੀਂ ਹਿੰਦੁਸਤਾਨੀ ਕਿਹੜਾ ਘੱਟ ਆਂ। ਸਾਡੇ ਵਿਚ ਕਿਹੜਾ ਗੋਰੇ ਕਾਲੇ ਦਾ ਫਰਕ ਕਰਨਾ ਘੱਟ ਹੈ! ਅਸੀਂ ਵੀ ਗੋਰਿਆਂ ਨਾਲ ਹੀ ਉਠਣਾ-ਬੈਠਣਾ ਪਸੰਦ ਕਰਦੇ ਹਾਂ, ਉਨ੍ਹਾਂ ਨਾਲ ਦੋਸਤੀ 'ਤੇ ਮਾਣ ਕਰਦੇ ਹਾਂ। ਗੋਰੀ ਵਹੁਟੀ ਤਾਂ ਸ਼ੌਕ ਨਾਲ ਘਰ ਲੈ ਆਉਂਦੇ ਹਾਂ, ਹਿੰਦੁਸਤਾਨੀ ਕਾਲੀ 'ਤੇ ਨੱਕ ਬੁੱਲ੍ਹ ਚਾੜ੍ਹਦੇ ਹਾਂ। ਇਸ ਰੰਗ ਦੇ ਅਹਿਸਾਸ ਤੋਂ ਤਾਂ ਅਸੀਂ ਵੀ ਉਪਰ ਉਠਣਾ ਹੈ।"

"ਬੱਸ ਤੁਸੀਂ ਮੇਰੀ ਗੱਲ ਨੂੰ ਸਮਝੋਗੇ, ਮੈਂ ਤੁਹਾਨੂੰ ਹੀ ਦੇਣੀ ਚਾਹੁੰਦਾ ਹਾਂ ਇਹ ਕਹਾਣੀ। ਪਲੀਜ਼ ਤੁਸੀਂ ਜ਼ਰੂਰ ਲਿਖੋ।"

"ਉਹ ਤਾਂ ਖੈਰ ਮੈਂ ਦੇਖ ਲਵਾਂਗੀ, ਪਰ ਤੁਸੀਂ ਤਾਂ ਹਿੰਦੁਸਤਾਨੀ ਲੱਗਦੇ ਓ। ਤੁਸੀਂ ਕਿਸੇ ਕਾਲੇ ਬਾਰੇ...।"

"ਮੈਂ ਬਹੁਤ ਛੋਟਾ ਹੁੰਦਾ ਹੀ ਇਥੇ ਪਹੁੰਚ ਗਿਆ ਸੀ। ਇਥੇ ਹੀ ਵੱਡਾ ਹੋਇਆ ਹਾਂ। ਮੇਰਾ ਆਪਣਾ ਰੰਗ ਵੀ ਤਾਂ ਇੰਨਾ ਸਾਂਵਲਾ ਹੈ ਕਿ ਲੋਕ ਕਈ ਵਾਰ ਮੈਨੂੰ ਉਨ੍ਹਾਂ ਵਿਚ ਹੀ ਗਿਣ ਲੈਂਦੇ ਨੇ। ਬੱਸ ਮੇਰੇ ਵਾਲ ਘੁੰਗਰਾਲੇ ਨਹੀਂ ਹਨ।"

"ਸਹੀ।"




"ਮੇਰੇ ਮਾਂ-ਬਾਪ ਅਫਰੀਕਾ ਤੋਂ ਹੀ ਇਥੇ ਆਏ ਸਨ। ਮੈਂ ਚਾਰ-ਪੰਜ ਸਾਲ ਦਾ ਹੋਵਾਂਗਾ, ਜਦੋਂ ਉਹ ਕੀਨੀਆ ਤੋਂ ਮਿਜ਼ੂਰੀ ਆਏ ਸਨ। ਤੁਹਾਨੂੰ ਸ਼ਾਇਦ ਇਹ ਮਹਿਸੂਸ ਨਹੀਂ ਹੋਇਆ, ਕਿਉਂਕਿ ਤੁਸੀਂ ਮੇਰੇ ਹਿੰਦੁਸਤਾਨੀ ਨਾਮ ਤੋਂ ਜਾਣੂ ਹੋ। ਨਾਮ ਹਟਾ ਕੇ ਵੇਖੋ ਤਾਂ...ਮੇਰੇ ਮਾਂ-ਬਾਪ ਮਿਜ਼ੂਰੀ ਵਿਚ ਹੀ ਟਿਕ ਗਏ, ਪਰ ਸਕੂਲ ਵਿਚ ਗਿਆ ਤਾਂ ਦੋਸਤੀਆਂ ਵੀ ਕਾਲਿਆਂ ਨਾਲ ਹੀ ਹੁੰਦੀਆਂ ਸਨ। ਉਨ੍ਹਾਂ ਦੇ ਨਾਲ ਹੀ ਮੈਨੂੰ ਆਪਣਾਪਣ ਲੱਗਦਾ ਸੀ। ਆਖਰਕਾਰ ਰੰਗ ਤਾਂ ਗੋਰਾ ਮੇਰਾ ਹੈ ਨਹੀਂ ਸੀ।"

ਅਸੀਂ ਇੰਨੀ ਦੇਰ ਤੱਕ ਗੱਲਾਂ ਕਰਦੇ ਰਹੇ ਕਿ ਰੈਸਤਰਾਂ ਬੰਦ ਹੋਣ ਦਾ ਸਮਾਂ ਹੋ ਗਿਆ। ਮੈਂ ਬੈਰੇ ਦੇ ਚਿਹਰੇ 'ਤੇ ਬੇਚੈਨੀ ਮਹਿਸੂਸ ਕੀਤੀ, ਉਹ ਕਹਿ ਰਿਹਾ ਸੀ ਕਿ ਕੁਝ ਹੋਰ ਚਾਹੀਦੈ ਜਾਂ ਬਿੱਲ ਲੈ ਆਵੇ। ਮੈਨੂੰ ਚੰਗਾ ਨਹੀਂ ਲੱਗਾ ਕਿ ਮੇਜ਼ਬਾਨ ਨੂੰ ਕਿਸੇ ਪਰੇਸ਼ਾਨੀ ਵਿਚ ਪਾਵਾਂ, ਸੋ ਝੱਟ ਕਹਿ ਦਿੱਤਾ, "ਲੈ ਆਵੋ ਚੈਕ।"

ਇਥੇ ਬਿੱਲ ਨੂੰ ਚੈਕ ਕਹਿੰਦੇ ਨੇ।

"ਤੁਸੀਂ ਚਾਹੋ ਤਾਂ ਮੇਰੇ ਘਰ ਚੱਲ ਸਕਦੇ ਓ। ਗੱਲਬਾਤ ਉਥੇ ਚੱਲਦੀ ਰਵ੍ਹੇਗੀ।"

ਉਹ ਥੋੜ੍ਹਾ ਜਿਹਾ ਚੌਂਕ ਗਿਆ। ਪਹਿਲਾਂ ਮੈਂ ਜਾਣਬੁੱਝ ਕੇ ਉਹਨੂੰ ਘਰ ਨਹੀਂ ਸੀ ਬੁਲਾਇਆ, ਅਣਜਾਣੇ ਬੰਦਿਆਂ ਨੂੰ ਮੈਂ ਘਰ ਨਹੀਂ ਬੁਲਾਉਂਦੀ, ਪਰ ਹੁਣ ਉਹ ਮੈਨੂੰ ਬਹੁਤ ਦਇਆਵਾਨ ਜਿਹਾ ਇਨਸਾਨ ਜਾਪਿਆ ਜਿਹੜਾ ਆਪਣੇ ਲਈ ਨਹੀਂ, ਕਿਸੇ ਹੋਰ ਲਈ ਸੋਚ ਰਿਹਾ ਸੀ। ਮੈਨੂੰ ਇਹੋ ਜਿਹੇ ਲੋਕ ਬਹੁਤ ਘੱਟ ਮਿਲਦੇ ਨੇ। ਜਿਸ ਤਰ੍ਹਾਂ ਦੇ ਲੇਖਕਾਂ ਨੂੰ ਮੈਂ ਮਿਲਦੀ ਹਾਂ, ਉਨ੍ਹਾਂ ਨੂੰ ਮਿਲ ਕੇ ਹਮੇਸ਼ਾ ਇਹੋ ਮਹਿਸੂਸ ਹੁੰਦਾ ਐ ਕਿ ਲੇਖਕ ਸਵਾਰਥੀ ਜੀਵ ਹੁੰਦੇ ਨੇ। ਮੇਰਾ ਆਪਣੇ ਵੱਲ ਧਿਆਨ ਜਾਂਦੈ। ਹਮੇਸ਼ਾ ਆਪਣੀਆਂ ਜ਼ਰੂਰਤਾਂ ਦਾ ਧਿਆਨ ਰੱਖਦੀ ਆਂ, ਆਪਣੇ ਸਮੇਂ ਵੱਲੋਂ ਕੰਜੂਸੀ, ਆਪਣੇ ਸਾਧਨਾਂ ਦੀ ਬੱਚਤ ਕਿ ਬੱਸ ਕੁਝ ਨਾ ਕਰਨਾ ਪਵੇ, ਦੁਨੀਆਂ ਦਾ ਸਾਰਾ ਸਮਾਂ ਸਿਰਫ ਲਿਖਣ ਵਿਚ ਲਗਾ ਦੇਵਾਂ। ਉਂਜ ਦੇਖਿਆ ਜਾਵੇ ਤਾਂ ਕਿਸੇ ਨੂੰ ਕੀ ਫਰਕ ਪੈਂਦੈ ਕਿ ਫਲਾਣੀ ਕਿਤਾਬ ਤੁਸੀਂ ਲਿਖੀ ਜਾਂ ਕਿਸੇ ਹੋਰ ਨੇ। ਦੁਨੀਆਂ ਤੁਹਾਡੇ ਲਿਖਣ ਨਾਲ ਤਾਂ ਚੱਲਦੀ ਨਹੀਂ, ਨਾ ਰੁਕਦੀ ਐ। ਫਿਰ ਮਾਰਕਸ ਅਤੇ ਫਰਾਇਡ ਨੇ ਦੁਨੀਆਂ ਵਿਚ ਕਿੰਨਾ ਕੁ ਫਰਕ ਪਾ ਦਿੱਤਾ? ਇਹ ਕਹਾਣੀਆਂ, ਕਵਿਤਾਵਾਂ, ਨਾਵਲ ਲਿਖ ਕੇ ਭਲਾ ਅਸੀਂ ਦੁਨੀਆਂ ਨੂੰ ਕੀ ਦੇ ਦੇਵਾਂਗੇ! ਤੇ ਘੁਮੰਡ ਇੰਨਾ ਕਿ ਸਾਨੂੰ ਪੂਜੋ, ਸਨਮਾਨ ਕਰੋ ਸਾਡਾ, ਕਿ ਅਸੀਂ ਫਲਾਣੀ ਕਿਤਾਬ ਲਿਖੀ ਹੈ, ਫਲਾਣੀ ਗੱਲ ਕਹਿ ਦਿੱਤੀ ਜੋ ਪਹਿਲਾਂ ਕਿਸੇ ਨੇ ਨਹੀਂ ਕਹੀ। ਆਪਣੀਆਂ ਸਰਕਾਰਾਂ ਤੋਂ ਮੰਗ ਕਰਦੇ ਹਾਂ ਕਿ ਕਿਉਂ ਨਹੀਂ ਕਲਾਵਾਂ ਦੇ ਵਿਕਾਸ ਲਈ ਕੁਝ ਕਰਦੀਆਂ। ਜਨਤਾ ਭਾਵੇਂ ਕਿੰਨੀ ਵੀ ਗਰੀਬੀ ਕਿਉਂ ਨਾ ਭੋਗ ਰਹੀ ਹੋਵੇ, ਸਾਡੇ ਲਈ ਖਰਚਾ ਜ਼ਰੂਰ ਕੱਢਣਾ ਚਾਹੀਦੈ; ਤੇ ਜਦੋਂ ਕਿਸੇ ਨੂੰ ਇਨਾਮ ਮਿਲ ਜਾਵੇ ਤਾਂ ਅਸੀਂ ਸੜ-ਭੁੱਜ ਕੇ ਸੁਆਹ ਹੋ ਜਾਂਦੇ ਹਾਂ ਜਾਂ ਫਿਰ ਦਾਅਵਾ ਕਰਨ ਲੱਗਦੇ ਹਾਂ ਕਿ ਅਸੀਂ ਤਾਂ ਇਨ੍ਹਾਂ ਇਨਾਮਾਂ ਤੋਂ ਕਿਤੇ ਉਚੇ ਹਾਂ।

ਤੇ ਕਦੇ-ਕਦੇ ਇਹ, ਰਾਜਾ ਵਰਗੇ ਸਿਰਫਿਰੇ ਆ ਕੇ ਸਾਡੇ ਹੰਕਾਰ ਨੂੰ ਪੱਠੇ ਪਾ ਜਾਂਦੇ ਨੇ, ਤੇ ਅਸੀਂ ਇਸ ਤਰ੍ਹਾਂ ਭੜਕਣ ਲੱਗ ਜਾਂਦੇ ਹਾਂ ਜਿਵੇਂ ਸਾਰੀ ਦੁਨੀਆਂ ਦਾ ਉਜਾਲਾ ਸਾਡੇ ਨਾਲ ਹੀ ਕਾਇਮ ਹੋਵੇ।

ਉਹ ਚਲਾ ਗਿਆ ਤੇ ਮੈਂ ਆਪਣੇ ਆਪ ਨੂੰ ਸਵਾਲ ਕਰਦੀ ਰਹੀ ਕਿ ਮੇਰੀ ਸੰਵੇਦਨਾ ਇੰਨੀ ਨਹੀਂ ਵਧ-ਬਣ ਚੁੱਕੀ ਕਿ ਮੈਂ ਉਨ੍ਹਾਂ ਦੁੱਖਾਂ ਦੀ ਕਹਾਣੀ ਲਿਖ ਸਕਾਂ ਜਿਨ੍ਹਾਂ ਨੂੰ ਮੈਂ ਆਪ ਨਹੀਂ ਝੱਲਿਆ? ਪਰ ਮੇਰੇ ਵਰਗੇ ਇਕ ਹੋਰ ਇਨਸਾਨ ਨੇ ਝੱਲਿਆ ਹੈ। ਜਿਹੋ ਜਿਹਾ ਕਾਲੇ ਗੋਰੇ ਦਾ ਫਰਕ-ਭੇਦ ਇਥੇ ਹੈ, ਉਸ ਤੋਂ ਕਿਤੇ ਭੈੜਾ ਵਿਹਾਰ ਤਾਂ ਮੈਂ ਵੱਡੀ ਹੁੰਦਿਆਂ ਆਪਣੇ ਹੀ ਮੁਲਕ ਵਿਚ ਅਛੂਤਾਂ ਨਾਲ ਹੁੰਦਾ ਵੇਖਿਆ ਹੈ। ਰੱਖਿਆ ਹੋਇਆ ਜਮਾਂਦਾਰ ਜਦੋਂ ਆਉਂਦਾ ਸੀ ਤਾਂ ਬਾਹਰੋਂ ਹੀ ਟੱਟੀ ਸਾਫ ਕਰ ਕੇ ਚਲਿਆ ਜਾਂਦਾ ਸੀ। ਰਾਤ ਦੀ ਬੇਹੀ ਰੋਟੀ ਅਸੀਂ ਉਸ ਦੀ ਝੋਲੀ ਵਿਚ ਪਾ ਦਿੰਦੇ ਸੀ, ਪਰ ਕਦੇ ਉਹਨੂੰ ਛੂਹਿਆ ਨਹੀਂ। ਦੂਰ-ਦੂਰ ਰਹਿਣਾ ਕਿ ਕਿਧਰੇ ਗਲਤੀ ਨਾਲ ਛੂਹ ਨਾ ਜਾਵੇ। ਉਸ ਤੋਂ ਬੋ ਆਉਂਦੀ ਸੀ ਸਾਨੂੰ। ਗੁਸਲਖਾਨਾ ਮਾਈ ਹੀ ਸਾਫ ਕਰਦੀ ਸੀ। ਉਹਦੀ ਜਾਤ ਕੁਝ ਉਪਰ ਹੋਵੇਗੀ, ਪਰ ਕਿਥੇ ਸੀ ਸਾਡੇ ਮਨ ਵਿਚ ਸਨਮਾਨ? ਉਨ੍ਹਾਂ ਸਭ ਨੂੰ ਆਪਣੇ ਤੋਂ ਛੋਟੇ 'ਤੇ ਹੀਣ ਸਮਝਣਾ! ਉਹ ਵਿਚਾਰੇ ਸਨਮਾਨ ਦੀ ਆਸ ਵੀ ਕਿਥੇ ਕਰਦੇ ਸੀ!! ਇਹ ਚੇਤਨਾ ਤਾਂ ਮੇਰੇ ਅੰਦਰ ਇਥੇ ਆ ਕੇ ਹੀ ਆਈ ਕਿ ਘਰ ਦਾ ਨੌਕਰ ਸਾਡੇ ਲਈ ਨੌਕਰ, ਯਾਨੀ ਹੀਣ ਸੀ, ਉਹਨੂੰ ਗਾਲੀ ਵੀ ਦਿੱਤੀ ਜਾ ਸਕਦੀ ਸੀ, ਬੇਇੱਜ਼ਤੀ ਭਰੇ ਸ਼ਬਦ ਵੀ ਆਖੇ ਜਾ ਸਕਦੇ ਸਨ, ਤੇ ਇਹਦੇ ਲਈ ਸਾਡੇ ਅੰਦਰ ਕੋਈ ਅਪਰਾਧ-ਗੁਨਾਹ ਦੀ ਭਾਵਨਾ ਪੈਦਾ ਨਹੀਂ ਸੀ ਹੁੰਦੀ।

ਹੁਣ ਮੈਂ ਇਸ ਤਰ੍ਹਾਂ ਸੋਚਦੀ ਹਾਂ ਕਿ ਸਾਡੇ ਵਿਚ ਪੂਰਨ ਮਾਨਵਤਾ ਨਹੀਂ ਬਣਨ ਦਿੱਤੀ ਜਾਂਦੀ। ਜਿਵੇਂ ਇਥੋਂ ਦੇ ਗੋਰਿਆਂ ਨੇ ਇਹ ਢੰਗ ਕੱਢਿਆ ਹੈ ਕਿ ਕਾਲੇ ਸਭਿਅਕ ਸਮਾਜ ਦੇ ਮੈਂਬਰ ਨਹੀਂ ਹੁੰਦੇ, ਉਸੇ ਤਰ੍ਹਾਂ ਸਾਡੇ ਸ਼ਾਸਤਰਾਂ ਨੇ ਵੀ ਇਹ ਦਲੀਲ ਦਿੱਤੀ ਹੈ ਕਿ ਉਨ੍ਹਾਂ ਦਾ ਕੰਮ ਹੀ ਉਚੀਆਂ ਜਾਤਾਂ ਦੀ ਸੇਵਾ ਕਰਨਾ ਹੈ, ਜੇ ਅਸੀਂ ਉਨ੍ਹਾਂ ਨੂੰ ਆਪਣੇ ਉਚ ਅਸਥਾਨਾਂ ਮੰਦਰਾਂ ਆਦਿ ਵਿਚ ਨਹੀਂ ਜਾਣ ਦਿੰਦੇ ਜਾਂ ਸ਼ਾਸਤਰ ਪੜ੍ਹਨ ਦਾ ਹੱਕ ਨਹੀਂ ਦਿੰਦੇ ਤਾਂ ਸਹੀ ਹੈ; ਉਨ੍ਹਾਂ ਦਾ ਤਾਂ ਬੱਸ ਇਹੋ ਕੰਮ ਹੈ ਕਿ ਜੋ ਘ੍ਰਿਣਤ ਜਾਂ ਮਾਮੂਲੀ ਕੰਮ ਅਸੀਂ ਨਹੀਂ ਕਰਨਾ ਚਾਹੁੰਦੇ, ਉਨ੍ਹਾਂ ਕੋਲੋਂ ਕਰਵਾਏ ਜਾਣ। ਉਪਰੋਂ ਝਿੜਕ-ਝੰਬ ਸਭ ਜਾਇਜ਼। ਘਰ ਦਾ ਕੁਝ ਚੋਰੀ ਹੋਣ 'ਤੇ ਨੌਕਰਾਂ 'ਤੇ ਇਲਜ਼ਾਮ ਲਗਾ ਦੇਣੇ, ਨੌਕਰੀ ਤੋਂ ਕੱਢ ਦੇਣਾ, ਇਹ ਸਭ ਆਪਣੇ ਘਰ ਵਿਚ ਹੀ ਤਾਂ ਦੇਖਿਆ ਸੀ ਮੈਂ, ਪਰ ਉਦੋਂ ਉਨ੍ਹਾਂ ਨਾਲ ਹੋ ਰਹੀ ਬੇਇਨਸਾਫੀ ਨੂੰ ਠੀਕ ਤਰ੍ਹਾਂ ਦੇਖ ਨਹੀਂ ਸੀ ਸਕਦੀ। ਮਾਂ ਨੇ ਘਰ ਸੰਭਾਲਣਾ ਹੁੰਦਾ ਸੀ। ਝਿੜਕ-ਝਾੜ ਕੇ ਉਨ੍ਹਾਂ ਕੋਲੋਂ ਕੰਮ ਨਾ ਲੈਂਦੀ ਤਾਂ ਕੌਣ ਸੰਭਾਲਦਾ ਇੰਨਾ ਵੱਡਾ ਘਰ? ਸਾਡੇ ਸਭ ਸਕੂਲ ਜਾਣ ਵਾਲੇ ਬੱਚਿਆਂ ਦੇ ਕੰਮ। ਬੱਸ ਇਕ ਹੀ ਦਲੀਲ-ਇਨ੍ਹਾਂ ਬਿਨਾਂ ਕੰਮ ਵੀ ਤਾਂ ਨਹੀਂ ਸਰਦਾ। ਇਸੇ ਤਰ੍ਹਾਂ ਕੁਝ ਅਮਰੀਕੀ ਗੋਰਿਆਂ ਨੇ ਕਿਹਾ ਸੀ ਕਿ ਦਾਸ ਪ੍ਰਥਾ ਖਤਮ ਕਰਨੀ ਵਾਜਬ ਨਹੀਂ, ਕਿਉਂਕਿ ਇਸ ਬਿਨਾਂ ਸਮਾਜ ਦਾ ਗੁਜ਼ਾਰਾ ਨਹੀਂ। ਸਾਰਾ ਅਰਥਚਾਰਾ ਵਿਗੜ ਜਾਵੇਗਾ। ਜੇ ਖੇਤ ਵਾਹੁਣੇ ਹਨ ਤਾਂ ਕਾਲੇ ਦਾਸ ਵਾਹੁਣਗੇ, ਫੈਕਟਰੀਆਂ ਵਿਚ ਉਹੋ ਹੀ ਪਿਸਦੇ ਸਨ, ਭਾਰ ਉਹੀ ਢੋਂਦੇ ਸਨ, ਇਨ੍ਹਾਂ ਦੇ ਮਹਿਲਾਂ ਵਰਗੇ ਮਕਾਨ ਉਹੀ ਬਣਾਉਂਦੇ ਹਨ, ਘਰ ਦੀ ਸਫਾਈ, ਖਾਣਾ-ਸਭ ਉਨ੍ਹਾਂ ਦੇ ਜ਼ਿੰਮੇ। ਗੋਰੇ ਕੇਵਲ ਪ੍ਰਬੰਧ ਕਰਦੇ, ਵੱਡੇ-ਵੱਡੇ ਕੰਮ, ਲੇਖਾ ਰੱਖਣਾ, ਵਪਾਰ ਵਧਾਉਣਾ, ਕਾਲਿਆਂ 'ਤੇ ਹੰਟਰ ਚਲਾਉਣੇ, ਜ਼ਬਰਦਸਤੀ ਕੰਮ ਲੈਣੇ।

ਉਸ ਰਾਤ ਮੈਂ ਸੌਂ ਨਹੀਂ ਸਕੀ। ਸੌਣ ਤੋਂ ਪਹਿਲਾਂ ਟੀ.ਵੀ. ਉਤੇ ਖਬਰਾਂ ਦੇਖਣ ਲੱਗੀ ਤਾਂ ਉਸੇ ਕਾਲੇ ਲੜਕੇ ਦਾ ਚਿਹਰਾ ਸਕਰੀਨ 'ਤੇ ਛਪਿਆ ਹੋਇਆ ਸੀ। ਉਸ ਨਿਹੱਥੇ ਗਭਰੇਟ ਦੇ ਚਿਹਰੇ 'ਤੇ ਮੈਨੂੰ ਭੋਲਾਪਣ ਦਿਖਾਈ ਦੇ ਰਿਹਾ ਸੀ। ਸਰੀਰ ਜ਼ਰੂਰ ਵੱਡਾ ਸੀ ਉਸ ਦਾ। ਛੇ ਫੁੱਟ ਤੋਂ ਕੁਝ ਉਤੇ ਹੀ ਕੱਦ। ਲੰਬਾ ਉਚਾ। ਤਾਂਬੇ ਵਰਗਾ ਚਮਕਦਾ ਗੂੜ੍ਹਾ ਰੰਗ, ਵਾਲ ਘੁੰਗਰਾਲੇ। ਫਿਨਸੀਆਂ ਨਾਲ ਭਰਿਆ ਚਿਹਰਾ ਸੁੰਦਰ ਨਹੀਂ ਸੀ, ਪਰ ਡਰਾਉਣਾ ਵੀ ਨਹੀਂ ਸੀ।

ਇੰਜ ਅਕਸਰ ਹੁੰਦਾ ਹੈ ਕਿ ਲੋਕ ਲੰਬੇ-ਉਚੇ, ਕਾਲੇ ਗਭਰੇਟਾਂ ਦੇ ਵੱਡੇ ਕੱਦ-ਕਾਠ ਤੋਂ ਡਰ ਜਾਂਦੇ ਹਨ। ਕੀ ਇਸੇ ਕਰ ਕੇ ਪੁਲਿਸਮੈਨ ਡਰ ਗਿਆ ਤੇ ਉਸ ਵਿਚਾਰੇ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਬੇਪਰਵਾਹੀ ਜ਼ਰੂਰ ਸੀ ਉਸ ਦੇ ਚਿਹਰੇ ਉਤੇ, ਲਾਪਰਵਾਹੀ ਵੀ ਤੇ ਘੁਮੰਡ ਵੀ, ਜਵਾਨੀ ਦਾ ਤੇ ਖਾਸ ਕਰ ਕੇ ਕੱਚੀ ਜਵਾਨੀ ਦਾ। ਡਰ ਵੀ ਤਾਂ ਸੀ; ਨਹੀਂ ਤਾਂ ਭੱਜਦਾ ਕਿਉਂ? ਪਰ ਕਿਉਂ ਨਫਰਤ ਭਰੀ ਹੈ ਇਨ੍ਹਾਂ ਦੇ ਦਿਲਾਂ ਵਿਚ, ਸਮਝ ਨਹੀਂ ਸਕਦਾ ਉਹ। ਨਫਰਤ ਜੋ ਇਤਿਹਾਸਕ ਹੈ, ਪੈਦਾਇਸ਼ੀ ਹੈ; ਇਸ ਲਈ ਹੈ ਕਿ ਬਚਪਨ ਤੋਂ ਉਨ੍ਹਾਂ ਨੂੰ ਸਿੱਖਾਇਆ ਗਿਆ ਹੈ ਕਿ ਤੁਸੀਂ ਚੰਗੇਰੀ ਨਸਲ ਦੇ ਹੋ, ਤੁਹਾਡਾ ਗੋਰਾਪਣ ਹੀ ਤੁਹਾਡੇ ਉਤਮ ਹੋਣ ਦਾ ਸਬੂਤ ਹੈ। ਕੇਵਲ ਸਰੀਰ ਦਾ ਰੰਗ ਹੀ ਇਹ ਦੱਸਣ ਲਈ ਕਾਫੀ ਹੈ ਕਿ ਤੁਹਾਨੂੰ ਦੁਨੀਆਂ ਦੇ ਵਧੀਆ, ਅਹਿਮ ਕੰਮਾਂ ਲਈ ਚੁਣਿਆ ਗਿਆ ਹੈ। ਇਥੇ ਉਂਜ ਤਾਂ ਲੋਕਤੰਤਰ ਹੈ, ਪਰ ਕਿਸ ਕੋਲ ਤਾਕਤ ਹੋਵੇਗੀ ਤੇ ਕਿਸ ਕੋਲ ਨਹੀਂ, ਇਹ ਸਰੀਰ ਦੇ ਰੰਗ ਦੇ ਆਧਾਰ 'ਤੇ ਫੈਸਲਾ ਕੀਤਾ ਜਾਵੇਗਾ। ਤੁਹਾਡੇ ਬੱਚੇ ਉਤਮ ਸਕੂਲਾਂ ਵਿਚ ਨਹੀਂ ਜਾ ਸਕਣਗੇ, ਕਿਉਂਕਿ ਉਨ੍ਹਾਂ ਦਾ ਰੰਗ ਤੁਹਾਡੇ ਵਰਗਾ ਹੈ, ਉਹ ਵੀ ਉਸੇ ਤਰ੍ਹਾਂ ਸਮਾਜ ਦੀ

*(ਬਾਕੀ ਅਗਲੇ ਸਫੇ 'ਤੇ)*

ਉਤਮਤਾ ਤੋਂ ਵਾਂਝੇ ਰਹਿਣਗੇ ਜਿਵੇਂ ਤੁਸੀਂ।

ਘਰ ਆ ਕੇ ਗੱਲਬਾਤ ਜਾਰੀ ਰਹੀ ਤਾਂ ਮੈਂ ਪੁੱਛਿਆ, "ਤੁਸੀਂ ਜਾਣਦੇ ਸੀ ਉਸ ਲੜਕੇ ਨੂੰ?"

ਜਾਣਦਾ ਸੀ?...ਹਾਂ ਜ਼ਰੂਰ ਜਾਣਦਾ ਸੀ। ਜਾਣਦਾ ਸੀ ਕਿ ਉਹ ਕਿੰਨਾ ਭੋਲਾ ਤੇ ਨਰਮ ਦਿਲ ਲੜਕਾ ਸੀ। ਗੁਸੈਲ ਜ਼ਰੂਰ ਸੀ, ਬਿਲਕੁਲ ਅੱਲ੍ਹੜਾਂ ਵਾਂਗ, ਪਰ ਫਾਲਤੂ ਝਗੜਿਆਂ ਵਿਚ ਨਹੀਂ ਸੀ ਪੈਂਦਾ। ਦੋਸਤਾਂ ਨਾਲ ਮਿਲ ਕੇ ਭਾਵੇਂ ਕਿੰਨਾ ਹੀ ਖੱਪਖਾਨਾ ਮਚਾ ਲਵੇ, ਪਰ ਅਪਰਾਧ ਵਰਗੀ ਕਿਸੇ ਚੀਜ਼ ਨਾਲ ਉਸ ਦੀ ਕੋਈ ਵਾਕਫ਼ੀਅਤ ਨਹੀਂ ਸੀ। ਮਾਂ ਸਿਖਾਉਂਦੀ ਰਹਿੰਦੀ ਸੀ, ਸਕੂਲ ਦਾ ਕੰਮ ਠੀਕ ਤਰ੍ਹਾਂ ਨਾਲ ਕਰਿਆ ਕਰ, ਕਿਸੇ ਬੁਰੀ ਸੰਗਤ ਵਿਚ ਨਹੀਂ ਪੈਣਾ। ਦੋਸਤ ਤਾਂ ਉਸ ਦੇ ਸਾਰੇ ਗੁਆਂਢ ਦੇ ਕਾਲੇ ਲੜਕੇ ਹੀ ਸਨ। ਕੁਝ ਸ਼ੈਤਾਨ ਸਨ, ਕੁਝ ਭੋਲੇ, ਪਰ ਉਹਨੇ ਕੋਈ ਗਲਤ ਕੰਮ ਨਹੀਂ ਕੀਤਾ। ਕੋਈ ਇਹੋ ਜਿਹੀ ਸ਼ਿਕਾਇਤ ਕਦੇ ਨਹੀਂ ਆਈ। ਹਾਂ! ਭੱਜਿਆ ਜ਼ਰੂਰ ਸੀ, ਪੁਲਿਸ ਦੇ ਡਰ ਤੋਂ ਭੱਜਿਆ ਸੀ। ਇਹੋ ਉਸ ਦਾ ਕਸੂਰ ਸੀ। ਕਾਸ਼! ਮੈਂ ਉਥੇ ਹੁੰਦਾ ਤੇ ਉਹਨੂੰ ਸਲਾਹ ਦੇ ਸਕਦਾ ਕਿ ਬੱਚੇ, ਭੱਜਣ ਦੀ ਕੋਈ ਜ਼ਰੂਰਤ ਨਹੀਂ। ਤੂੰ ਕੋਈ ਅਪਰਾਧ ਨਹੀਂ ਕੀਤਾ। ਮੈਦਾਨ ਵਿਚ ਖੇਡਣਾ, ਹੱਸਣਾ, ਸ਼ੋਰ ਮਚਾਉਣਾ ਵੀ ਜੇ ਅਪਰਾਧ ਹਨ, ਤਾਂ ਲਾਹਨਤ ਹੈ ਇਸ ਮੁਲਕ ਉਤੇ, ਤੇ ਇਥੋਂ ਦੀ ਆਜ਼ਾਦੀ ਉਤੇ!

ਉਸ ਰਾਤ ਮੈਂ ਸੌਂ ਨਹੀਂ ਸਕੀ। ਫਿਰ ਵੀ ਲੱਗਾ ਕਿ ਇਹ ਕਹਾਣੀ ਨਹੀਂ ਲਿਖ ਸਕਦੀ ਮੈਂ। ਮੈਨੂੰ ਕੀ ਪਤਾ, ਉਹ ਲੜਕਾ ਜਦੋਂ ਭੱਜਿਆ ਤਾਂ ਉਸ ਦੇ ਮਨ ਵਿਚ ਕੀ ਸੀ! ਹੋ ਸਕਦਾ ਹੈ ਕਿ ਉਹ ਆਪਸ ਵਿਚ ਮਿਲ ਕੇ ਕੋਈ ਸ਼ੈਤਾਨੀ ਕਰਨ ਬਾਰੇ ਸੋਚ ਰਹੇ ਹੋਣ, ਇਸੇ ਕਰ ਕੇ ਪੁਲਿਸ ਦੀ ਗੱਡੀ ਵੇਖ ਕੇ ਭੱਜ ਖਲੋਤੇ। ਰੋਕਿਆ ਤਾਂ ਉਹ ਤੇਜ਼ੀ ਨਾਲ ਭੱਜ ਪਏ ਤਾਂ ਉਨ੍ਹਾਂ ਨੂੰ ਰੋਕਣ ਲਈ ਪੁਲਿਸ ਨੂੰ ਗੋਲੀ ਚਲਾਉਣੀ ਪਈ। ਉਂਝ ਖ਼ਬਰਾਂ ਵਿਚ ਤਾਂ ਇਹ ਕਿਹਾ ਗਿਆ ਹੈ ਕਿ ਪੁਲਿਸ ਕਾਂਸਟੇਬਲ ਨੂੰ ਜਾਪਿਆ ਕਿ ਲੜਕਾ ਉਸ ਉਤੇ ਹਮਲਾ ਕਰਨ ਲੱਗਾ ਹੈ, ਤਾਂ ਗੋਲੀ ਚਲਾਈ। ਜਦੋਂ ਚਲਾਈ ਤਾਂ ਇਕ ਨਹੀਂ, ਚਾਰ-ਪੰਜ ਇਕੱਠੀਆਂ ਚਲਾਈਆਂ ਤਾਂ ਜੋ ਮਿੰਟਾਂ ਵਿਚ ਹੀ ਖਤਰਾ ਟਲ ਜਾਵੇ। ਜਵਾਨ ਲੜਕਿਆਂ ਦਾ ਟੋਲਾ ਅਧੋਤ-ਅਧਖੜ ਕਿਸਮ ਦੇ ਹੰਢੇ-ਵਰਤੇ ਪੁਲਿਸ ਅਫਸਰਾਂ ਨੂੰ ਡਰਾ ਵੀ ਤਾਂ ਦਿੰਦਾ ਹੈ, ਤੇ ਫਿਰ ਆਪਣੀ ਸੁਰੱਖਿਆ ਲਈ ਦੂਜਿਆਂ ਨੂੰ ਮਾਰ ਸੁੱਟਣਾ ਤਾਂ ਗੈਰ-ਕਾਨੂੰਨੀ ਵੀ ਨਹੀਂ।

ਇਨ੍ਹਾਂ ਗਭਰੇਟਾਂ ਵਿਚ ਪੁਲਿਸ ਦੀ ਇੰਨੀ ਦਹਿਸ਼ਤ! ਪੁਲਿਸ ਇਨ੍ਹਾਂ ਦੀ ਰੱਖਿਅਕ ਨਹੀਂ, ਇਨ੍ਹਾਂ ਲਈ ਰਾਖਸ਼ੀ ਸ਼ਕਤੀ ਹੈ ਜਿਸ ਕੋਲੋਂ ਕੇਵਲ ਡਰਿਆ ਹੀ ਜਾ ਸਕਦਾ ਹੈ, ਸੁਰੱਖਿਆ ਦਾ ਕੋਈ ਭਰੋਸਾ ਨਹੀਂ।

ਮੈਂ ਜਦੋਂ ਪੁਲਿਸ ਦੀ ਗੱਡੀ ਦੇਖਦੀ ਹਾਂ ਤਾਂ ਭਰੋਸਾ ਜਿਹਾ ਬੱਝਦਾ ਹੈ। ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀ ਹਾਂ। ਜੇ ਰਸਤਾ ਭੁੱਲ ਜਾਵਾਂ ਤਾਂ ਜਾਣਦੀ ਹਾਂ ਕਿ ਇਹ ਸਹੀ ਰਸਤੇ 'ਤੇ ਪਾ ਦੇਣਗੇ, ਪਰ ਇਨ੍ਹਾਂ ਗਭਰੇਟਾਂ ਦੀ ਇਸ ਤਰ੍ਹਾਂ ਦੀ ਪ੍ਰਤੀਕਿਰਿਆ ਕਿਉਂ ਨਹੀਂ ਹੁੰਦੀ?

ਇਨ੍ਹਾਂ ਸੋਚਾਂ ਵਿਚਕਾਰ ਮੈਂ ਉਸ ਤੋਂ ਪੁੱਛਿਆ, "ਤੁਹਾਨੂੰ ਇਸ ਲੜਕੇ ਨਾਲ ਇੰਨੀ ਹਮਦਰਦੀ ਕਿਉਂ ਹੈ? ਤੁਹਾਡਾ ਰਿਸ਼ਤੇਦਾਰ ਹੈ?"

"ਮੈਂ ਤਾਂ ਨਿਆਂ ਦੀ ਮੰਗ ਕਰ ਰਿਹਾ ਹਾਂ, ਉਹਨੂੰ ਨਿਆਂ ਦਿਵਾਉਣ ਲਈ ਲੜ ਰਿਹਾ ਹਾਂ। ਬੱਸ, ਤੁਸੀਂ ਅਜਿਹੀ ਕਹਾਣੀ ਲਿਖੋ ਕਿ ਲੋਕ ਉਹਦੀ ਅੰਤਰ-ਆਤਮਾ ਨੂੰ ਸਮਝ ਸਕਣ, ਉਹਦੇ ਅੰਦਰਲੀ ਮਾਸੂਮ ਸੱਚਾਈ ਨੂੰ ਸਮਝ ਸਕਣ, ਉਸ ਦੀ ਜਵਾਨੀ 'ਤੇ ਟੁੱਟੇ ਕਹਿਰ ਤੇ ਬੇਇਨਸਾਫੀ ਬਾਰੇ ਜਾਣ ਸਕਣ। ਆਖਰਕਾਰ ਕਿਉਂ, ਕਿਉਂ ਹਰ ਕਾਲਾ ਲੜਕਾ ਜਵਾਨ ਹੁੰਦੇ-ਹੁੰਦੇ ਇਸ ਸਮਾਜ ਦਾ ਸਰਾਪ ਬਣ ਜਾਂਦਾ ਹੈ। ਕਿਉਂ ਉਹਨੂੰ ਸਾਧਾਰਨ ਜੀਵਨ ਜੀਣ ਦੇ ਹੱਕ ਤੋਂ ਵਾਂਝਾ ਕਰ ਦਿੱਤਾ ਜਾਂਦਾ ਹੈ? ਉਹਦਾ ਗਲਾ ਖੁੱਲ੍ਹਣ ਤੋਂ ਪਹਿਲਾਂ ਹੀ ਕਿਉਂ ਘੁੱਟ ਦਿੱਤਾ ਜਾਂਦਾ ਹੈ। ਜਾਂ ਤਾਂ ਉਹ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਜਾਂਦੇ ਨੇ, ਤੇ ਜਾਂ ਫਿਰ ਜੇਲ੍ਹਾਂ ਵਿਚ ਸੜ ਕੇ ਸਾਰੀ ਉਮਰ ਕੱਟ ਦਿੰਦੇ ਨੇ। ਕਿਉਂ?"

ਮੈਂ ਉਸ ਬੰਦੇ ਪ੍ਰਤੀ ਸੰਵੇਦਨਸ਼ੀਲ ਹੋ ਰਹੀ ਸੀ, ਜਦੋਂ ਕਿ ਮੇਰੇ ਅੰਦਰ ਕੋਈ ਕਹਾਣੀ ਆਕਾਰ ਨਹੀਂ ਸੀ ਲੈ ਰਹੀ। ਮੈਂ ਅਜਿਹਾ ਕੋਈ ਵਚਨ ਨਹੀਂ ਦੇਣਾ ਚਾਹੁੰਦੀ ਸੀ ਕਿ ਮੈਂ ਉਸ ਬਾਰੇ ਲਿਖਾਂਗੀ। ਫਿਰ ਵੀ ਮੇਰਾ ਉਹਦੇ ਨਾਲ ਡੂੰਘਾ ਰਿਸ਼ਤਾ ਬਣੀ ਗਿਆ।

"ਉਹ ਮੇਰੇ ਘਰ ਠਹਿਰ ਸਕਦਾ ਹੈ।" ਮੈਂ ਆਖਿਆ।

ਅਸੀਂ ਅਕਸਰ ਲੰਬਾ ਸਮਾਂ ਬਿਤਾਉਂਦੇ। ਮੈਨੂੰ ਉਹਦੀ ਉਡੀਕ ਰਹਿਣ ਲੱਗ ਪਈ, ਕਦੇ ਕਦਾਈਂ ਉਹਨੂੰ ਆਪਣੇ ਕੋਲ ਬੁਲਾ ਲੈਂਦੀ। ਉਹ ਹਮੇਸ਼ਾ ਕੋਈ ਨਾ ਕੋਈ ਢੰਗ ਲੱਭ ਲੈਂਦਾ, ਨਾਲ ਸਮਾਂ ਬਿਤਾਉਣ ਦਾ। ਕੋਈ ਗੁੰਮਨਾਮ ਜਿਹਾ ਰਿਸ਼ਤਾ ਬਣ ਰਿਹਾ ਸੀ ਸਾਡੇ ਦੋਵਾਂ ਵਿਚਕਾਰ! ਉਹਦਾ ਆਉਣਾ ਮੈਨੂੰ ਚੰਗਾ ਲੱਗਦਾ। ਕਿਧਰੇ ਨਾ ਕਿਧਰੇ ਮਨ ਵਿਚ ਉਡੀਕ ਬਣੀ ਰਹਿੰਦੀ।

ਫਿਰ ਇਕ ਵਾਰੀ ਮੈਂ ਉਹਨੂੰ ਪੁੱਛਿਆ, "ਅਮਰੀਕਾ ਦੇ ਕਈ ਸ਼ਹਿਰਾਂ ਵਿਚ ਬੇਇਨਸਾਫੀ ਵਾਲੇ ਅਜਿਹੇ ਹਾਦਸੇ ਹੋਏ ਹਨ, ਤੁਹਾਡੀ ਮਾਈਕਲ ਵਿਚ ਹੀ ਦਿਲਚਸਪੀ ਕਿਉਂ ਹੈ?"

ਉਹ ਚੁੱਪ ਰਿਹਾ, ਪਰ ਉਸ ਦੀਆਂ ਅੱਖਾਂ ਕਾਫੀ ਕੁਝ ਕਹਿ ਰਹੀਆਂ ਸਨ। ਕਿੰਨੀ ਪੀੜ, ਕਿੰਨਾ ਖਾਲੀਪਣ, ਕਿੰਨੀ ਲਾਚਾਰੀ ਸੀ ਉਹਦੀਆਂ ਅੱਖਾਂ ਵਿਚ! ਪਲਾਂ ਵਿਚ ਹੀ ਜਿਵੇਂ ਦੁੱਖਾਂ ਦੇ ਪਰਨਾਲੇ ਵਗ ਉਠੇ।

"ਤੁਸੀਂ ਸੱਚੀਂ ਜਾਣਨਾ ਚਾਹੁੰਦੇ ਓ?"

ਮੈਂ ਉਹਦੀਆਂ ਅੱਖਾਂ ਵਿਚ ਝਲਕਦੇ ਪੀੜ ਦੇ ਪਰਛਾਵਿਆਂ ਵਿਚੋਂ ਕੁਝ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ।

"ਮੇਰਾ ਬੇਟਾ ਸੀ ਉਹ।"

"ਓਹ? ਅੱਛਾ ਤਾਂ...?"

"ਅਫਰੀਕੀ ਅਮਰੀਕਨ ਨਾਲ ਸ਼ਾਦੀ ਕੀਤੀ ਸੀ। ਮੇਰੇ ਨਾਲ ਕਾਲਜ ਵਿਚ ਸੀ। ਬਹੁਤ ਪਿਆਰ ਸੀ ਅਸਾਡਾ, ਸਾਡੇ ਪਿਆਰ ਦੀ ਸੰਤਾਨ ਸੀ ਉਹ।"

ਮੈਂ ਚੁੱਪ ਸੀ।

ਕਿਵੇਂ ਬਰਦਾਸ਼ਤ ਕੀਤਾ ਹੋਵੇਗਾ ਦੋਵਾਂ ਨੇ, ਇਕੋ-ਇਕ ਸੰਤਾਨ ਨੂੰ ਇਸ ਤਰ੍ਹਾਂ ਗੁਆ ਦੇਣਾ। ਬੇਕਸੂਰ ਬੱਚੇ ਦਾ ਪੁਲਿਸ ਹੱਥੋਂ ਬਲੀ ਹੋਣਾ।

"ਮੈਨੂੰ ਅਫਸੋਸ ਹੈ। ਇੰਨਾ ਕੁਝ ਬੀਤ ਗਿਆ ਤੁਹਾਡੇ ਨਾਲ... ਤੇ ਤੁਹਾਡੀ ਪਤਨੀ?"

"ਹਾਂ ਮੇਰੀ ਪਤਨੀ...।" ਉਹਨੇ ਭਰੇ ਗਲੇ ਨਾਲ ਹਉਕਾ ਲਿਆ। ਲੱਗਾ, ਹੁਣੇ ਫੁੱਟ-ਫੁੱਟ ਕੇ ਰੋ ਪਵੇਗਾ। ਉਹਨੂੰ ਆਪਣਾ ਦਰਦ ਸੰਭਾਲਣਾ ਬੇਹੱਦ ਮੁਸ਼ਕਿਲ ਲੱਗ ਰਿਹਾ ਸੀ।

"ਉਹ... ਉਹ...।" ਇਸ ਤੋਂ ਅੱਗੇ ਉਹਦੇ ਮੂੰਹ ਵਿਚੋਂ ਸ਼ਬਦ ਨਹੀਂ ਸਨ ਨਿਕਲ ਰਹੇ। ਉਹ ਚੁੱਪ-ਚਾਪ ਜ਼ਮੀਨ 'ਤੇ ਅੱਖਾਂ ਟਿਕਾਈ ਬੈਠਾ ਸੀ। ਮੇਰੀ ਹਿੰਮਤ ਨਹੀਂ ਪਈ ਕਿ ਉਸ ਕੋਲੋਂ ਅੱਗੇ ਕੋਈ ਸਵਾਲ ਪੁੱਛਾਂ।

"ਪਾਗਲ ਹੋ ਗਈ ਸੀ ਉਹ!" ਉਹਨੇ ਕਿਹਾ।

ਮੇਰੀਆਂ ਸਵਾਲੀਆ ਨਜ਼ਰਾਂ ਉਸ 'ਤੇ ਟਿਕੀਆਂ ਹੋਈਆਂ ਸਨ।

"ਮੇਰੇ ਨਾਲੋਂ ਕਿਧਰੇ ਜ਼ਿਆਦਾ ਪਿਆਰ ਕਰਦੀ ਸੀ ਉਹ ਉਹਨੂੰ, ਮਾਂ ਸੀ ਨਾ! ਮਾਂ ਦਾ ਦਿਲ ਕਮਜ਼ੋਰ ਹੁੰਦੈ, ਜਵਾਨ ਹਸਮੁਖ ਜਿਉਂਦਾ ਜਾਗਦਾ, ਹੱਸਦਾ ਖੇਡਦਾ ਬੇਟਾ ਜਦੋਂ ਸ਼ਾਮ ਨੂੰ ਘਰ ਵਾਪਸ ਨਹੀਂ ਆਉਂਦਾ ਤੇ ਘਰ ਵਾਪਸ ਆਉਂਦੀ ਹੈ ਉਹਦੀ ਖੂਨ ਨਾਲ ਲਥਪਥ ਲੋਥ। ਉਹ ਵੀ ਸਿੱਧੀ ਘਰ ਨਹੀਂ ਆਉਂਦੀ, ਲੱਭਣ ਲਈ ਪੁਲਿਸ ਸਟੇਸ਼ਨ ਜਾਣਾ ਪੈਂਦੈ। ਲਾਵਾਰਿਸ ਨੰਗੀ ਲਾਸ਼ ਪਈ ਰਹਿੰਦੀ ਐ ਜ਼ਮੀਨ 'ਤੇ, ਘੰਟਿਆਂ ਬਾਅਦ ਬੜੇ ਆਰਾਮ ਨਾਲ ਜਾਂਦੀ ਹੈ ਲਾਸ਼ ਉਠਾਉਣ ਵਾਲੀ ਗੱਡੀ। ਸ਼ਾਇਦ ਜੇ ਕੁਝ ਸਮਾਂ ਪਹਿਲਾਂ ਹਸਪਤਾਲ ਲਿਜਾਇਆ ਜਾਂਦਾ ਤਾਂ ਬਚ ਵੀ ਸਕਦਾ ਸੀ। ਸਰੀਰ ਦਾ ਸਾਰਾ ਖੂਨ ਨੁੱਚੜ ਚੁੱਕਾ ਸੀ, ਨਬਜ਼ ਠੰਢੀ ਪੈ ਚੁੱਕੀ ਸੀ। ਠੰਢੀ ਮੌਤ ਦਾ ਐਲਾਨ। ਉਨ੍ਹਾਂ ਰਗਾਂ ਵਿਚ ਵਗਦੇ ਗਰਮ ਖੂਨ ਦਾ ਇਸ ਹੱਦ ਤੱਕ ਠੰਢਾਪਣ, ਜਿਵੇਂ ਅੱਗ ਦੇ ਗੋਲੇ ਨੂੰ ਬਰਫ ਦੀ ਠੰਢੀ ਝੀਲ ਵਿਚ ਗੱਡ ਦਿੱਤਾ ਗਿਆ ਹੋਵੇ। ਤੁਸੀਂ ਆਪ ਹੀ ਸੋਚੋ, ਕੀ ਹੋਇਆ ਹੋਵੇਗਾ ਉਸ ਦਾ ਹਾਲ!"

ਮੈਂ ਆਪਣਾ ਸਾਹ ਰੋਕ ਕੇ ਸੁਣਨ ਵਾਲੀ ਮਸ਼ੀਨ ਬਣੀ ਹੋਈ ਸਾਂ। ਸਰੀਰ ਦੇ ਰੌਂਗਟੇ ਕਿੱਲਾਂ ਵਾਂਗ ਸਖਤ ਹੋ ਗਏ ਸਨ।

"ਉਹ... ਉਹ।" ਰੋਣ ਫੁੱਟਣ ਨਾਲ ਉਹਦੀ ਆਵਾਜ਼ ਘਿਗਿਆ ਗਈ ਸੀ।

"ਪਤਾ ਨਹੀਂ ਕਿੰਨਾ ਕੁ ਵੱਡਾ ਦਿਲ ਹੋਵੇਗਾ ਉਹਦਾ! ਮੁਆਫ ਕਰ ਦਿੱਤੇ ਉਹਨੇ। ਰੋਂਦੀ ਰਹਿੰਦੀ ਏ ਤੇ ਰੱਬ ਕੋਲੋਂ ਮਨ ਦੀ ਸ਼ਾਂਤੀ ਮੰਗਦੀ ਰਹਿੰਦੀ ਐ। ਬੜੀ ਧਾਰਮਿਕ ਹੈ। ਹਰ ਐਤਵਾਰ ਚਰਚ ਜਾਂਦੀ ਐ। ਪਾਦਰੀ ਵੀ ਉਹਨੂੰ ਤਸੱਲੀ ਦਿੰਦੇ ਕਿ ਤੇਰੇ ਬੇਟੇ ਦਾ ਬਲੀਦਾਨ ਜ਼ਰੂਰ ਅੱਛਾ ਨਤੀਜਾ ਲੈ ਕੇ ਆਵੇਗਾ। ਦੇਖੋ ਨਾ, ਉਹਦੇ ਕੋਲ ਵੀ ਲਾਚਾਰੀ ਦੇ ਸਿਵਾਏ ਹੋਰ ਕੀ ਏ? ਅਕਸਰ ਘੋਰ ਉਦਾਸੀ ਵਿਚ ਚਲੀ ਜਾਂਦੀ ਏ। ਅੱਜ ਕੱਲ੍ਹ ਇਲਾਜ ਲਈ ਉਹ ਮਨੋਵਿਸ਼ਲੇਸ਼ਕ ਕੋਲ ਜਾ ਰਹੀ ਹੈ। ਬੜੀ ਅਜੀਬ ਹਾਲਤ ਹੈ ਉਸ ਦੀ। ਕਦੇ-ਕਦੇ ਬਹੁਤ ਵਿਸ਼ਾਲ ਹਿਰਦੇ ਵਾਲੀ ਬਣ ਜਾਂਦੀ ਹੈ ਤੇ ਕਦੇ-ਕਦੇ ਬੌਖਲਾ ਕੇ ਕਹਿੰਦੀ ਐ- "ਮੈਂ ਵੀ ਇਨ੍ਹਾਂ ਨੂੰ ਛੱਡਣ ਵਾਲੀ ਨਹੀਂ।" ਪਰ ਵਿਚਾਰੀ ਕਰੇ ਵੀ ਤਾਂ ਕੀ ਕਰੇ! ਹਰ ਕਿਸੇ ਦੇ ਬੱਚੇ ਦੀ ਤਾਂ ਮਦਦ ਕਰਦੀ ਸੀ। ਉਨ੍ਹਾਂ ਨੂੰ ਸਹੀ ਰਸਤੇ ਉਤੇ ਚੱਲਣ ਦੀ ਸਿੱਖਿਆ ਦਿੰਦੀ ਸੀ ਤੇ ਆਪਣਾ ਹੀ ਬੇਟਾ... ਕਿਵੇਂ ਸਹਿਣ ਕਰੇ।"

"ਬੱਸ... ਜਿਸ ਦਿਨ ਤੋਂ ਅਰਥੀ ਉਠੀ ਐ, ਉਹਦੀ ਜ਼ਿੰਦਗੀ ਤਹਿਸ-ਨਹਿਸ ਹੀ ਹੋ ਗਈ ਐ। ਕਦੇ ਪੂਜਾ, ਕਦੇ ਸ਼ਿਕਾਇਤਾਂ, ਕਦੇ ਪਾਗਲਾਂ ਵਰਗਾ ਵਿਰਲਾਪ ਤੇ ਕਈ ਦਿਨਾਂ ਤੱਕ ਮੌਤ ਵਰਗੀ ਚੁੱਪ, ਇਸੇ ਲਈ ਤਾਂ ਤੁਹਾਡੇ ਕੋਲ...।"

ਉਹਨੇ ਕਿਸੇ ਤਰ੍ਹਾਂ ਨਾਲ ਸਿਰ ਚੁੱਕ ਕੇ ਮੇਰੇ ਵੱਲ ਦੇਖ ਕੇ ਅੱਖ ਮਿਲਾਈ ਤੇ ਬੋਲਿਆ, "ਦੱਸੋ... ਲਿਖੋਗੇ ਮੇਰੀ ਕਹਾਣੀ?"

ਮੇਰੀਆਂ ਅੱਖਾਂ ਭਰੀਆਂ ਹੋਈਆਂ ਸਨ। ਸ਼ਬਦ ਤਾਂ ਸਨ ਹੀ ਨਹੀਂ ਮੇਰੇ ਕੋਲ। ਉਸ ਸਮੇਂ ਮੇਰੀ ਭਾਸ਼ਾ ਕੇਵਲ ਰੋ ਸਕਦੀ ਸੀ, ਕਿਸੇ ਛਟਪਟਾਉਂਦੇ ਝਰਨੇ ਵਾਂਗ ਵਹਿ ਸਕਦੀ ਸੀ। ਉਹਨੂੰ ਕਹਾਣੀ ਵਿਚ ਕਿਵੇਂ ਢਾਲ ਸਕਦੀ ਸੀ?

ਕਿਵੇਂ ਲਿਖਾਂਗੀ ਇਹਦੀ ਕਹਾਣੀ। ਇਹ ਤਾਂ ਇਹਦੀ ਲੜਾਈ ਐ, ਜੀਹਨੂੰ ਜਾਰੀ ਰੱਖਣ ਲਈ ਉਹਨੇ ਕਹਾਣੀ ਕਹਿਣੀ ਐ, ਪਰ ਮੈਂ ਕੀ ਛੂਹ ਪਾਵਾਂਗੀ ਉਸ ਦੇ ਦਰਦ ਦੇ ਭੇਤ ਨੂੰ! ਕਿਵੇਂ ਲਿਖੀ ਜਾਵੇਗੀ ਇਹ ਕਹਾਣੀ। ਕਿਥੇ ਅਤੇ ਕਿਵੇਂ ਖਤਮ ਕਰਨੀ ਹੋਵੇਗੀ ਇਹ ਕਹਾਣੀ!

## ਕਾਵਿ-ਕਿਆਰੀ

### ਜਦੋਂ ਸਿਰ 'ਤੇ ਦੁਪੱਟਾ ਲੈ ਕੇ ਨਿਕਲਾਂ

ਜਦੋਂ ਸਿਰ 'ਤੇ ਦੁਪੱਟਾ ਲੈ ਕੇ ਨਿਕਲਾਂ,
ਹਵਾਵਾਂ ਰੁਕ ਜਾਣ ਸੋਹਣਿਆ।
ਮੈਨੂੰ ਵੇਖ ਕੇ ਬਾਗਾਂ 'ਚ ਫੁੱਲ ਖਿੜਦੇ,
ਤੇ ਮੋਰ ਪੈਲਾਂ ਪਾਣ ਸੋਹਣਿਆ।

ਕਾਲੇ ਕਾਲੇ ਕੇਸਾਂ ਉਤੇ ਸੱਜਦਾ ਦੁਪੱਟਾ ਏ,
ਬੂਟੀਆਂ ਦਾ ਰੰਗ ਨੀਲਾ ਲਾਲ ਪੀਲਾ ਖੱਟਾ ਏ,
ਜਦੋਂ ਉੱਡਦਾ ਲਹਿਰੀਆ ਮੇਰਾ,
ਬਹਾਰਾਂ ਮੁਸਕਾਨ ਸੋਹਣਿਆ...

ਸੋਹਣੇ ਜਿਹੇ ਦੁਪੱਟੇ 'ਤੇ ਮੈਂ ਬੂਟੀਆਂ ਪਵਾਈਆਂ ਨੇ,
ਬੂਟੀਆਂ ਦੇ ਰੰਗਾਂ ਵਿਚ ਸੱਧਰਾਂ ਸਜਾਈਆਂ ਨੇ,
ਸਿਰ ਢਕ ਕੇ ਬੁੱਕਲ ਜਦੋਂ ਮਾਰਾਂ,
ਤੇ ਵੇਖਦਾ ਜਹਾਨ ਸੋਹਣਿਆ...

ਰੰਗ ਮੈਂ ਬਸੰਤੀ ਵਾਲਾ ਸੂਟ ਅੱਜ ਪਾਇਆ ਏ,
ਏਸੇ ਸੋਹਣੇ ਰੰਗ ਦਾ ਦੁਪੱਟਾ ਰੰਗਵਾਇਆ ਏ,
ਕਦੀ ਲੱਥੇ ਨਾ ਦੁਪੱਟਾ ਮੇਰੇ ਸਿਰ ਤੋਂ,
ਦੁਪੱਟਾ ਮੇਰੀ ਸ਼ਾਨ ਸੋਹਣਿਆ...

ਸੋਹਣੇ ਜਿਹੇ ਦੁਪੱਟੇ ਵਿਚ ਜੜੇ ਮੈਂ ਸਿਤਾਰੇ ਨੇ,
ਲੱਗਦੇ ਸਿਤਾਰੇ ਬੜੇ ਚੰਨ ਨੂੰ ਪਿਆਰੇ ਨੇ,
ਚੰਨ ਝਾਤੀਆਂ ਬੱਦਲ ਵਿਚੋਂ ਮਾਰੇ,
ਤੇ ਵੇਖੇ ਅਸਮਾਨ ਸੋਹਣਿਆ...

ਵੇਖ ਕੇ ਦੁਪੱਟਾ ਮੇਰਾ ਛਾਈਆਂ ਹਰਿਆਲੀਆਂ,
ਝੂਮਦਾ ਏ ਪੱਤਾ ਪੱਤਾ ਝੂਮਦੀਆਂ ਡਾਲੀਆਂ,
ਦਿਲ ਕਰਦੈ ਅੰਬਰ ਤੱਕ ਉਡ ਜਾਂ,
ਮੈਂ ਭਰ ਕੇ ਉਡਾਣ ਸੋਹਣਿਆ...

ਸੋਹਣੇ ਜਿਹੇ ਦੁਪੱਟੇ ਵਿਚ ਲਾਲੀ ਏ ਗੁਲਾਬ ਦੀ,
ਸਿਰ ਦੇ ਦੁਪੱਟੇ ਨਾਲ ਸ਼ਾਨ ਹੈ ਪੰਜਾਬ ਦੀ,
ਜਦੋਂ ਸਿਰ 'ਤੇ ਲਵਾਂ ਮੈਂ ਸੱਤ ਰੰਗੀਆ,
ਬਣਾਂ ਮੈਂ ਬਲਵਾਨ ਸੋਹਣਿਆ...

ਸੋਹਣੇ ਜਿਹੇ ਦੁਪੱਟੇ ਨਾਲ ਦਿਲੋਂ ਮੇਰੀ ਪ੍ਰੀਤ ਏ,
ਸਿਰ 'ਤੇ ਦੁਪੱਟਾ ਏ ਤੇ ਜਿਉਂਦੀ 'ਸੁਰਜੀਤ' ਏ,
ਨੰਗੀ ਸਿਰ ਤੋਂ ਕਦੀ ਨਾ ਕੋਈ ਹੋਵੇ,
ਮੈਂ ਮੰਗਾਂ ਵਰਦਾਨ ਸੋਹਣਿਆ...

ਜਦੋਂ ਸਿਰ 'ਤੇ ਦੁਪੱਟਾ ਲੈ ਕੇ ਨਿਕਲਾਂ,
ਹਵਾਵਾਂ ਰੁਕ ਜਾਣ ਸੋਹਣਿਆ।
ਮੈਨੂੰ ਵੇਖ ਕੇ ਬਾਗਾਂ 'ਚ ਫੁੱਲ ਖਿੜਦੇ,
ਤੇ ਮੋਰ ਪੈਲਾਂ ਪਾਣ ਸੋਹਣਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

### ਮਿਰਜ਼ਾ!

ਜਦ ਵੀ ਲੋਕੀਂ ਮਿਰਜ਼ੇ ਨੂੰ ਵਡਿਆਉਂਦੇ ਨੇ।
ਭੈਣ ਭਰਾ ਦੇ ਰਿਸ਼ਤੇ ਨੂੰ ਦਫਨਾਉਂਦੇ ਨੇ।
ਜਿਸ ਦਾ ਸੱਭਿਆਚਾਰ ਮੁਬਾਰਕ ਉਸ ਨੂੰ ਤਾਂ,
ਜਿਸ ਦਾ ਨਹੀਂ ਏ ਉਸ ਨੂੰ ਕਿਉਂ ਉਕਸਾਉਂਦੇ ਨੇ।
ਮੌਂ ਦੀ ਧੀ ਮਿਰਜ਼ਾ ਕੱਢ ਕੇ ਲੈ ਗਿਆ ਸੀ,
ਕਾਹਤੋਂ ਲੋਕੀਂ ਫਕਰ ਨਾਲ ਇਹ ਗਾਉਂਦੇ ਨੇ।
ਜਿਨ੍ਹਾਂ ਲਈ ਇਹ ਰਿਸ਼ਤਾ ਭੈਣ-ਭਰਾ ਦਾ ਹੈ,
ਉਨ੍ਹਾਂ ਲਈ ਕਿਉਂ ਰਿਸ਼ਤੇ ਨੂੰ ਛੁਟਿਆਉਂਦੇ ਨੇ।
ਮੌਂ ਦੇ ਜਾਇਆਂ ਹੀ ਮਿਰਜ਼ਾ ਵੱਢਿਆ ਸੀ,
ਕਿਉਂ ਉਹ ਭਾਈ ਸਾਹਿਬਾਂ ਦੇ ਅਖਵਾਉਂਦੇ ਨੇ।
ਪਾਕਿ ਮੁਹੱਬਤ ਰੂਹਾਂ ਦੀ ਗਲਵੱਕੜੀ ਏ,
ਗਾਇਕ-ਲੇਖਕ ਜਿਸਮਾਂ ਦੀ ਸਮਝਾਉਂਦੇ ਨੇ।
ਖੁਦ ਦੇ ਬੱਚੇ ਮਿਰਜ਼ੇ-ਸਾਹਿਬਾਂ ਬਣਦੇ ਜਦ,
ਫੇਰ ਅਨੈਤਿਕ ਸੋਧਾਂ ਤੇ ਪਛਤਾਉਂਦੇ ਨੇ।

*-ਡਾ. ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ*

### ਪਾਕਿਸਤਾਨ ਨੂੰ

ਸ਼ਰੀਫ਼ ਸ਼ਰੀਫ਼ ਤੈਨੂੰ ਜਹਾਨ ਕਹਿੰਦਾ,
ਪਰ ਮੈਂ ਨਾ ਇਹ ਕਦੇ ਕਹਿਣ ਲੱਗਾ।
'ਹਮਸਾਏ ਮਾਂ ਪਿਉ ਜਾਏ' ਨੇ ਹੁੰਦੇ,
ਇਸ ਸੱਚ ਨੂੰ ਜਿਵੇਂ ਤੂੰ ਗ੍ਰਹਿਣ ਲੱਗਾ।
ਚੰਦਰਾ ਗਵਾਂਢ ਨਾ ਹੋਵੇ ਜੱਗ ਕਹਿੰਦਾ,
ਕੁਪੱਤਾ ਮਿੱਤਰ ਨਾ ਕਦੇ ਰਹਿਣ ਲੱਗਾ।
ਰਹਿੰਦਾ ਪ੍ਰੇਮ ਪਿਆਰ ਹੈ ਜੱਗ ਉਤੇ,
ਕੋਝਾ ਬੋਲ ਨਾ ਪੰਨੂ ਕਦੇ ਸਹਿਣ ਲੱਗਾ।

ਅਸੀਂ ਦੇਸ਼ ਭਾਰਤ ਦੇ ਹਾਂ ਸ਼ੇਰ ਯੋਧੇ,
ਮੱਥਾ ਮੁੱਢੋਂ ਪਹਾੜ ਨੂੰ ਮਾਰਦੇ ਰਹੇ।
ਵਿਦੇਸ਼ੀ ਧਾੜਵੀਆਂ ਦੇ ਖੱਟੇ ਦੰਦ ਕੀਤੇ,
ਤੋਪਾਂ ਗੋਲਿਆਂ ਬੰਬਾਂ ਨੂੰ ਠਾਰਦੇ ਰਹੇ।
ਮਹਿਮੂਦ ਗਜ਼ਨਵੀ ਤੋਂ ਅੱਜ ਤੱਕ ਵੇਖੀਂ,
ਵਿਦੇਸ਼ੀ ਵੈਰੀ ਨੂੰ ਸਦਾ ਵੰਗਾਰਦੇ ਰਹੇ।
ਤੱਤੀ ਤਵੀ 'ਤੇ ਬੈਠ ਨਾ ਸੀਅ ਕੀਤੀ,
ਸਰਬੰਸ ਦੇਸ਼ ਤੇ ਕੌਮ ਤੋਂ ਵਾਰਦੇ ਰਹੇ।

ਤੇਗ ਬਹਾਦਰ ਦਿੱਲੀ ਵਿਚ ਸੀਸ ਦਿੱਤਾ,
ਪੁੱਤ ਪੋਤਿਆਂ ਤਾਈਂ ਬਲਿਹਾਰਦੇ ਰਹੇ।
ਨਲੂਏ ਸ਼ੇਰ ਨੇ ਸਿੱਖਾਂ ਦੀ ਧਾਕ ਪਾਈ,
ਪਠਾਣ ਭੂਤਰੇ ਨੂੰ ਸਦਾ ਪਛਾੜਦੇ ਰਹੇ।

ਬੰਦ ਬੰਦ ਕਟਵਾ ਕੇ ਫਾਂਸੀ ਚੁੰਮ ਕਰਕੇ,
ਖੋਪਰੀ ਸਿਰਾਂ ਦੀ ਹੱਸ ਕੇ ਵਾਰਦੇ ਰਹੇ।
ਹਮੇਸ਼ਾ ਸਿੰਘਾਂ ਨੇ ਸੀਸ ਕੁਰਬਾਨ ਕੀਤੇ,
ਜਦੋਂ ਲੋੜ ਪਈ ਹੁਕਮ ਸਤਿਕਾਰਦੇ ਰਹੇ।

ਵੀਰ ਵੀਰ ਤੈਨੂੰ ਮੁੱਢੋਂ ਅਸੀਂ ਆਖਦੇ ਰਹੇ,
ਪਰ ਤੂੰ ਵੀਰ ਦਾ ਗਲਾ ਉਠ ਘੁੱਟਿਆ ਏ।
ਮਿੱਤਰ ਬਣ ਕੇ ਤੂੰ ਮਿੱਤਰ ਮਾਰ ਕੀਤੀ,
ਉਲਟਾ ਸੱਜਣ ਦਾ ਬੂਹਾ ਜਾ ਪੁੱਟਿਆ ਏ।
ਅਸਾਂ ਨੇ ਪਿਆਰ ਦੀ ਬੱਸ ਲਾਹੌਰ ਭੇਜੀ,
ਤੂੰ ਕਾਰਗਿਲ 'ਤੇ ਜਾਲ ਜਾ ਸੁੱਟਿਆ ਏ।
ਢਾਈ ਘਰ ਤਾਂ ਡੈਣ ਵੀ ਛੱਡ ਲੈਂਦੀ,
ਸਾਡਾ ਕਸ਼ਮੀਰ ਤੂੰ ਉਠ ਲੁੱਟਿਆ ਏ।

ਤੀਲ੍ਹੀ ਸਾਡੇ ਵੱਲ ਸੁੱਟ ਕੇ ਸੇਕਣ ਦੀ ਥਾਂ,
ਸੋਟਾ ਆਪਣੀ ਪੀੜ੍ਹੀ ਹੇਠ ਮਾਰ ਜਾ ਕੇ।
ਸ਼ੋਅਲੇ ਜਨੂੰਨ ਦੇ ਭੜਕਦੇ ਘਰ ਤੇਰੇ,
ਪਾਣੀ ਪਾ ਕੇ ਉਨ੍ਹਾਂ ਨੂੰ ਠਾਰ ਜਾ ਕੇ।
ਭੁੱਖੇ, ਨੰਗੇ, ਬੇਕਾਰ ਪਏ ਲੋਕ ਤੇਰੇ,
ਪਹਿਲਾਂ ਉਨ੍ਹਾਂ ਦਾ ਹਾਲ ਸੁਧਾਰ ਜਾ ਕੇ।
ਪੱਲੇ ਤੇਰੇ ਤਾਂ ਦਾਣੇ ਨਹੀਂ ਰਹੇ ਬਾਕੀ,
ਆਪਣੇ ਦੇਸ਼ ਦਾ ਕੁਝ ਸਵਾਰ ਜਾ ਕੇ।

ਛੱਡਦੇ ਪੁੱਠੇ ਪੰਗੇ ਲੈਣੇ ਐਵੇਂ,
ਅਸੀਂ ਤਾਂ ਲੜਨਾ ਚਾਹੁੰਦੇ ਨਹੀਂ।
ਵੱਸੋ ਆਪ ਤੇ ਵੱਸਣ ਦਿਓ ਸਭ ਨੂੰ,
ਅਸੂਲ ਇਹ ਛੱਡਣਾ ਚਾਹੁੰਦੇ ਨਹੀਂ।
ਜੇ ਕੋਈ ਦੁਸ਼ਮਣ ਚੜ੍ਹ ਕੇ ਆ ਜੇ,
ਉਸ ਨੂੰ ਫਿਰ ਛੱਡਣਾ ਚਾਹੁੰਦੇ ਨਹੀਂ।
ਧਾੜਵੀ ਫੜ ਕੇ ਮਾਰ ਮੁਕਾਉਣੇ,
ਜਿਉਂਦੇ ਨੂੰ ਕੱਢਣਾ ਚਾਹੁੰਦੇ ਨਹੀਂ।

ਮਾਰ ਮਾਰ ਕੇ ਤੈਨੂੰ ਮੁਕਾ ਦਿਆਂਗੇ,
ਬੱਚਾ ਬੱਚਾ ਦੇਸ਼ ਦਾ ਪਹਿਰੇਦਾਰ ਸਾਡਾ।
ਟੇਢੀ ਅੱਖ ਅਸਾਂ ਕਿਸੇ ਦੀ ਤੱਕਣੀ ਨਹੀਂ,
ਭਾਰਤ ਮਾਂ ਨਾਲ ਡਾਢਾ ਪਿਆਰ ਸਾਡਾ।
ਇੱਥੇ ਜਨਮ ਲਿਆ, ਇਹਦਾ ਲੂਣ ਖਾਧਾ,
ਇਹਨੂੰ ਜਾਨ ਦੇਣੀ ਇਹ ਇਕਰਾਰ ਸਾਡਾ।
ਸੀਸ ਤਲੀ 'ਤੇ ਪੰਨੂੰ ਨੇ ਧਰੇ ਹੋਏ ਨੇ,
ਲੋੜ ਪਵੇ ਤੇ ਨਹੀਂ ਇਨਕਾਰ ਸਾਡਾ।

*-ਚਰਨਜੀਤ ਸਿੰਘ ਪੰਨੂੰ*

---

### ਗ਼ਜ਼ਲ

ਖ਼ਬਰਸਾਰਾਂ ਦੀ ਬਾਤ ਕਰਦੇ ਓ।
ਬੱਸ ਵਿਹਾਰਾਂ ਦੀ ਬਾਤ ਕਰਦੇ ਓ।
ਕਿਹੜੀ ਦੁਨੀਆਂ 'ਚ ਸਾਹਿਬ ਵਸਦੇ ਓ,
ਕਿਹੜੇ ਪਿਆਰਾਂ ਦੀ ਬਾਤ ਕਰਦੇ ਓ?
ਚੋਗ ਨੂੰ ਗਏ, ਨਾ ਮੁੜੇ ਵਤਨੀਂ,
ਕੀ ਉਡਾਰਾਂ ਦੀ ਬਾਤ ਕਰਦੇ ਓ।
ਕੀ ਸਮਝਦੇ ਓ ਭਲਾ ਸਾਨੂੰ,
ਫਿਰ 'ਕਰਾਰਾਂ ਦੀ ਬਾਤ ਕਰਦੇ ਓ।
ਗੱਲ ਗੱਲ 'ਤੇ ਚੋਣਵੀਂ ਗਾਲ੍ਹ,
ਸ਼ੋਦ ਯਾਰਾਂ ਦੀ ਬਾਤ ਕਰਦੇ ਓ।
ਜੀਭ ਕੱਟ ਜਾਏਗੀ ਐਵੇਂ,
ਖਾਕਸਾਰਾਂ ਦੀ ਬਾਤ ਕਰਦੇ ਓ।
ਠੀਕ ਹੈ ਸ਼ੈਖ ਜੀ ਪਰ ਲੰਮੇ,
ਇੰਤਜ਼ਾਰਾਂ ਦੀ ਬਾਤ ਕਰਦੇ ਓ।
ਜਦ ਕੁਲਬੀਰ ਜੀ ਪੀ ਲੈਂਦੇ ਓ,
ਸਮਝਦਾਰਾਂ ਦੀ ਬਾਤ ਕਰਦੇ ਓ।

*-ਕੁਲਬੀਰ ਪੱਡਾ*

---

### ਨਰਕ ਸਵਰਗ

ਨਰਕ, ਸਵਰਗ ਕੀ ਦੇਖਣਾ,
ਇੱਥੇ ਹੀ ਰੰਗ ਹਜ਼ਾਰ ਨੇ।
ਪਿਆਰ-ਮੁਹੱਬਤ ਕੋਹਾਂ ਦੂਰ,
ਸਭ ਮਤਲਬ ਦੇ ਯਾਰ ਨੇ।
ਭੈਣ, ਭਤੀਜੀ, ਧੀ ਨਾ ਬਖ਼ਸ਼ਣ,
ਦਲਾਲ ਤਾਂ ਹੁੰਦੇ ਗੱਦਾਰ ਨੇ।
ਕੌਣ ਕਿਸੇ ਦੇ ਸਿਰ ਦਾ ਸਾਂਈਂ,
ਕਰਦੇ ਸੱਭੇ ਵਪਾਰ ਨੇ।
ਦੇਸ਼ ਲਈ ਨਾ (ਅੱਜ) ਹੋਣ ਸ਼ਹੀਦ,
ਵੰਡਦੇ ਭ੍ਰਿਸ਼ਟਾਚਾਰ ਨੇ।
ਜੁਆਕਾਂ ਨੂੰ ਲਾ ਨਸ਼ਿਆਂ ਦੇ ਲੜ,
ਬਣਦੇ ਵੱਡੇ ਵਫਾਦਾਰ ਨੇ।
ਸੁਥਰੇ ਬਾਣੇ 'ਚ ਸਾਧ ਬਣੇ ਅੱਜ,
ਲੁੱਟਾਂ ਦੇ ਗਰਮ ਬਾਜ਼ਾਰ ਨੇ।
ਹੈਵਾਨ ਤਾਂ ਬੜ੍ਹਕਾਂ ਮਾਰੇ 'ਰੰਧਾਵਾ',
ਬੇਕਸੂਰ, ਜੇਲ੍ਹੀਂ ਗ੍ਰਿਫ਼ਤਾਰ ਨੇ।

*-ਵਰਿੰਦਰ ਕੌਰ ਰੰਧਾਵਾ*

---

### ਨਜ਼ਮ

ਪੁਸਤਕ ਚਾਹੇ ਵਾਰਤਕ ਦੀ ਹੋਵੇ
ਜਾਂ ਕਵਿਤਾ, ਗ਼ਜ਼ਲ ਗੀਤਾਂ ਦੀ ਹੋਵੇ।
ਪੁਸਤਕ ਦਾ ਮਾਣ ਤਾਂ ਉਹ ਹੁੰਦਾ ਹੈ
ਜੋ ਉਸ ਵਿਚ ਲਿਖਿਆ ਹੈ।
ਮੁੱਖ ਬੰਦ ਲਿਖਣ ਨਾਲ ਪੁਸਤਕ
ਹਰਮਨ-ਪਿਆਰੀ ਨਹੀ ਹੁੰਦੀ।
ਮੁੱਖ ਬੰਦ ਚਾਹੇ ਉਸਤਾਦਾਂ ਦੇ
ਉਸਤਾਦ ਲਿਖ ਲੈਣ
ਹਰਮਨ ਪਿਆਰਾ ਉਹ ਹੀ ਹੁੰਦਾ ਹੈ
ਜੋ ਆਵਾਮ ਦੀ ਗੱਲ ਕਰਦਾ ਹੈ।
ਚਾਹੇ ਉਹ ਗੀਤਾਂ ਵਿਚ ਕਰੇ
ਜਾਂ ਫਿਰ ਕਵਿਤਾ ਵਿਚ।

*-ਅਜੇ ਤਨਵੀਰ*

ਸ਼ੈਫਾਲੀ ਭੂਸ਼ਨ



# ਜੁਗਨੀ

## ਪੰਜਾਬ, ਸੰਗੀਤ ਅਤੇ ਸਮਰੱਥਾ

'ਜੁਗਨੀ' ਨਿੱਘੀ, ਇਮਾਨਦਾਰ ਤੇ ਸੁੱਚੀ ਪਿਆਰ ਕਹਾਣੀ ਹੈ। ਇਸ ਵਿਚ ਸੰਗੀਤ ਦੀ ਰੂਹ ਧੜਕਦੀ ਹੈ। 'ਜੁਗਨੀ' ਸ਼ੈਫਾਲੀ ਭੂਸ਼ਨ ਦੀ ਪਲੇਠੀ ਫੀਚਰ ਫਿਲਮ ਹੈ ਅਤੇ ਇਸ ਫਿਲਮ ਨਾਲ ਉਸ ਨੇ ਦਰਸਾ ਦਿੱਤਾ ਹੈ ਕਿ ਉਸ ਕੋਲ ਕਲਾ ਦਾ ਭਰਪੂਰ ਖਜ਼ਾਨਾ ਹੈ। ਫਿਲਮ ਦੇ ਪੰਜਾਬੀ ਰੰਗ ਨੇ ਪੂਰਾ ਰੰਗ ਬੰਨ੍ਹ ਦਿੱਤਾ ਹੈ। ਹਰ ਪਾਸਿਉਂ ਉਸ ਨੂੰ ਸ਼ਾਬਾਸ਼ ਮਿਲ ਰਹੀ ਹੈ। ਸ਼ੈਫਾਲੀ ਅਲਾਹਾਬਾਦ ਜੰਮੀ ਅਤੇ ਦਿੱਲੀ ਵਿਚ ਵੱਡੀ ਹੋਈ। ਦਿੱਲੀ ਨੇ ਹੀ ਉਸ ਨੂੰ ਫਿਲਮਾਂ ਦੇ ਲੜ ਲਾਇਆ। ਉਸ ਨੇ ਕਲਾਸੀਕਲ ਗਾਇਨ ਦੀ ਬਾਕਾਇਦਾ ਸਿਖਲਾਈ ਵੀ ਲਈ ਹੋਈ ਹੈ, ਇਸ ਲਈ ਸੰਗੀਤ ਹਰ ਪਲ ਉਸ ਦੇ ਦਿਲ ਅੰਦਰ ਤਰਬਾਂ ਛੇੜਦਾ ਰਹਿੰਦਾ ਹੈ। ਉਹਨੇ 'ਬੀਟ ਆਫ ਇੰਡੀਆ' ਨਾਂ ਦਾ ਸੰਗੀਤ ਗਰੁੱਪ ਵੀ ਬਣਾਇਆ ਸੀ। ਇਸ ਗਰੁੱਪ ਦਾ ਮੁੱਖ ਕੰਮ ਮੁਲਕ ਭਰ ਵਿਚ ਘੁੰਮ-ਫਿਰ ਕੇ ਮੁਕਾਮੀ (ਸਥਾਨਕ) ਸੰਗੀਤ ਨਾਲ ਸਾਂਝ ਪਾਉਣਾ ਸੀ। ਇਸ ਤੋਂ ਹੀ ਅਗਾਂਹ 'ਜੁਗਨੀ' ਵਾਲਾ ਪ੍ਰੋਜੈਕਟ ਨਿਕਲਿਆ।

ਕਈ ਸਾਲ ਪਹਿਲਾਂ ਸ਼ੈਫਾਲੀ ਜਦੋਂ ਇਕ ਲੋਕ ਗਾਇਕ 'ਤੇ ਕੰਮ ਕਰ ਰਹੀ ਸੀ ਤਾਂ ਉਸ ਨੇ ਇਸ ਬਾਰੇ ਮਸ਼ਹੂਰ ਸੰਗੀਤ ਹਸਤੀ ਏ.ਆਰ. ਰਹਿਮਾਨ ਵੱਲ ਚਿੱਠੀ ਘੱਲ ਦਿੱਤੀ। ਇਹ ਚਿੱਠੀ ਖਾਸ ਹੋ ਨਿਬੜੀ ਅਤੇ ਦੋਹਾਂ ਦੀ ਮਿਲਣੀ ਲਈ ਰਾਹ ਖੁੱਲ੍ਹ ਗਿਆ।

ਫਿਲਮ 'ਜੁਗਨੀ' ਦਾ ਨਾਂ ਪਹਿਲਾਂ 'ਧੁਨ' ਸੋਚਿਆ ਗਿਆ ਸੀ। ਇਹਦੇ ਲਈ ਪਹਿਲਾਂ ਕਿਸੇ ਅਸਲ ਗਾਇਕ ਤੋਂ ਅਦਾਕਾਰੀ ਕਰਵਾਉਣ ਦਾ ਫੈਸਲਾ ਹੋਇਆ, ਪਰ ਗੱਲ ਸਿਰੇ ਨਾ ਲੱਗੀ।


ਫਿਰ ਕਿਸੇ ਅਦਾਕਾਰ ਨੂੰ ਹੀ ਸਾਈਨ ਕਰਨ ਦਾ ਫੈਸਲਾ ਹੋਇਆ ਅਤੇ ਸਿਧਾਂਤ ਬਹਿਲ ਅਤੇ ਸੁਗੰਧਾ ਗਰਗ ਦੇ ਰੂਪ ਵਿਚ ਫਿਲਮ ਲਈ ਜੋੜੀ ਤੈਅ ਹੋ ਗਈ। ਸੰਗੀਤ ਦੀ ਜ਼ਿੰਮੇਵਾਰੀ ਦਾ ਗੁਣਾ ਪ੍ਰਤਿਭਾਸ਼ਾਲੀ ਸੰਗੀਤਕਾਰ ਕਲਿੰਟਨ ਸੇਰੇਜੋ ਉਤੇ ਪੈ ਗਿਆ। ਉਹਨੇ 'ਜੁਗਨੀ' ਦਾ ਖਿਆਲ ਫੜ ਲਿਆ ਸੀ ਅਤੇ ਜਦੋਂ ਇਸ ਫਿਲਮ ਦਾ ਸੰਗੀਤ ਤਿਆਰ ਹੋਇਆ, ਸੱਚ-ਮੁੱਚ ਧੰਨ-ਧੰਨ ਹੋ ਗਈ।



ਸੁਗੰਧਾ ਗਰਗ

ਫਿਲਮ ਵਿਚ ਸੰਗੀਤ ਦੀ ਸ਼ੈਦਾਈ ਮੁਟਿਆਰ ਵੱਖ-ਵੱਖ ਥਾਈਂ ਸੰਗੀਤ ਦੀ ਰੂਹ ਲੱਭਦੀ ਫਿਰਦੀ ਹੈ। ਆਖਰਕਾਰ ਉਸ ਨੂੰ ਸੰਗੀਤ ਨੂੰ ਸਮਰਪਿਤ ਇਕ ਔਰਤ ਲੱਭ ਜਾਂਦੀ ਹੈ, ਪਰ ਇਸ ਔਰਤ ਦਾ ਮੁੰਡਾ ਵੀ ਸੰਗੀਤ ਦਾ ਉਨਾ ਹੀ ਸ਼ੈਦਾਈ ਹੈ ਅਤੇ ਇਥੋਂ ਹੀ ਪਿਆਰ ਕਹਾਣੀ ਦੀ ਜਾਗ ਲੱਗ ਜਾਂਦੀ ਹੈ। ਇਸ ਪਿਆਰ ਕਹਾਣੀ ਨੂੰ ਸ਼ੈਫਾਲੀ ਨੂੰ ਰੂਹ ਨਾਲ ਬਿਆਨ ਕੀਤਾ ਹੈ।

***-ਸਿਮਰਨ ਕੌਰ***




# ਮੁਜ਼ੱਫਰ ਅਲੀ ਦੀ 'ਗਮਨ'


## ਸੀਨੇ ਮੇਂ ਜਲਨ, ਆਂਖ ਮੇਂ ਤੂਫਾਨ ਸਾ ਕਿਉਂ ਹੈ...

ਆਵਾਜ਼ ਦੇ ਕਹਾਂ ਹੈ... -35-



ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਗਮਨ' 1978 ਵਿਚ ਰਿਲੀਜ਼ ਹੋਈ। ਇਸ ਦੇ ਨਿਰਦੇਸ਼ਕ ਮੁਜ਼ੱਫਰ ਅਲੀ ਸਨ। ਮੁਜ਼ੱਫਰ ਅਲੀ ਨਾ ਸਿਰਫ ਫਿਲਮਸਾਜ਼ ਹਨ ਬਲਕਿ ਨਿਪੁੰਨ ਫੈਸ਼ਨ ਡਿਜ਼ਾਈਨਰ, ਚਿੱਤਰਕਾਰ, ਕਵੀ, ਸਮਾਜ ਸੇਵੀ ਵੀ ਹਨ। ਉਨ੍ਹਾਂ ਦੀਆਂ ਫਿਲਮਾਂ ਵਿਚੋਂ ਉਨ੍ਹਾਂ ਦੀ ਸ਼ਖਸੀਅਤ ਨੂੰ ਪੜ੍ਹਿਆ ਜਾ ਸਕਦਾ ਹੈ। ਉਨ੍ਹਾਂ ਅਨੁਸਾਰ, "ਮੇਰੀਆਂ ਸਾਰੀਆਂ ਫਿਲਮਾਂ ਮੇਰੀ ਜ਼ਿੰਦਗੀ ਦੇ ਪੰਨਿਆਂ ਵਾਂਗ ਹਨ। ਮੇਰੇ ਲਈ ਫਿਲਮ ਬਣਾਉਣਾ ਜ਼ਿੰਦਗੀ ਦੇ ਕੈਨਵਸ ਵਿਚ ਰੰਗ ਭਰਨ ਵਾਂਗ ਹੈ। ਫਿਲਮ ਸਿਰਫ ਦਰਸ਼ਕਾਂ ਦੀ ਸੰਤੁਸ਼ਟੀ ਲਈ ਨਹੀਂ ਹੋਣੀ ਚਾਹੀਦੀ, ਸਗੋਂ ਫਿਲਮ ਬਣਾਉਣ ਤੋਂ ਬਾਅਦ ਨਿਰਦੇਸ਼ਕ ਦੀ ਰੂਹ ਵੀ ਰੱਜਣੀ ਚਾਹੀਦੀ ਹੈ।" ਮੁਜ਼ੱਫਰ ਅਲੀ ਦੀ ਪਹਿਲੀ ਫਿਲਮ 'ਜੂਨੀ' ਉਨ੍ਹਾਂ ਦੇ ਦਿਲ ਦੇ ਬਹੁਤ ਨਜ਼ਦੀਕ ਸੀ। ਫਿਲਮ 'ਜੂਨੀ' ਕਸ਼ਮੀਰ ਦੀ ਬੇਹੱਦ ਮਕਬੂਲ ਸ਼ਾਇਰਾ ਹੱਬਾ ਖਾਤੂਨ ਦੀ ਜ਼ਿੰਦਗੀ 'ਤੇ ਆਧਾਰਿਤ ਸੀ। ਹੱਬਾ ਖਾਤੂਨ ਦੀ ਜ਼ਿੰਦਗੀ 'ਤੇ ਫਿਲਮ ਬਣਾਉਣ ਦਾ ਸੁਪਨਾ ਹਿੰਦੀ ਦੇ ਕਈ ਨਿਰਦੇਸ਼ਕਾਂ ਨੇ ਦੇਖਿਆ। ਸਭ ਤੋਂ ਪਹਿਲਾਂ 'ਮਦਰ ਇੰਡੀਆ' ਵਰਗੀ ਯਾਦਗਾਰੀ ਫਿਲਮ ਬਣਾਉਣ ਵਾਲੇ ਨਿਰਦੇਸ਼ਕ ਮਹਿਬੂਬ ਖਾਨ ਨੇ 1960 ਵਿਚ ਅਦਾਕਾਰਾ ਸ਼ਾਇਰਾ ਬਾਨੋ ਨੂੰ ਇਸ ਭੂਮਿਕਾ ਲਈ ਸਾਈਨ ਕੀਤਾ। ਉਨ੍ਹਾਂ ਦੀ ਬੇਵਕਤ ਮੌਤ ਨਾਲ ਫਿਲਮ ਠੱਪ ਹੋ ਗਈ। ਇਸ ਤੋਂ ਬਾਅਦ ਸੰਜੇ ਦੱਤ ਨੇ 1980 ਵਿਚ ਜ਼ੀਨਤ ਅਮਾਨ ਨੂੰ ਇਹ ਭੂਮਿਕਾ ਕਰਨ ਲਈ ਮਨਾ ਲਿਆ। ਫਿਲਮ ਲਈ ਸੰਗੀਤਕਾਰ ਦੇ ਤੌਰ 'ਤੇ ਨੌਸ਼ਾਦ ਅਤੇ ਗਾਇਕ ਦੇ ਤੌਰ 'ਤੇ ਮੁਹੰਮਦ ਰਫੀ ਨੂੰ ਸਾਈਨ ਵੀ ਕਰ ਲਿਆ ਗਿਆ, ਪਰ ਪ੍ਰੋਜੈਕਟ ਅੱਗੇ ਨਹੀਂ ਤੁਰ ਸਕਿਆ।



ਮੁਜ਼ੱਫਰ ਅਲੀ


ਮੁਜ਼ੱਫਰ ਅਲੀ ਨੇ ਇਸ ਫਿਲਮ ਲਈ ਕਸ਼ਮੀਰ ਵਿਚ ਜਾ ਡੇਰੇ ਲਾਏ। ਕਸ਼ਮੀਰ ਉਸ ਸਮੇਂ ਔਖੇ ਦੌਰ ਵਿਚੋਂ ਲੰਘ ਰਿਹਾ ਸੀ। ਫਿਲਮ ਦਾ ਸੰਗੀਤ ਤਿਆਰ ਹੋ ਜਾਣ ਦੇ ਬਾਵਜੂਦ ਇੱਕ ਤੋਂ ਬਾਅਦ ਇੱਕ ਕਾਰਨਾਂ ਕਰ ਕੇ ਫਿਲਮ ਵਿਚ ਦੇਰੀ ਹੁੰਦੀ ਗਈ। ਇਥੋਂ ਤੱਕ ਕਿ ਮੁਜ਼ੱਫਰ ਅਲੀ ਨੂੰ ਵੀ ਯਕੀਨ ਹੋ ਗਿਆ ਕਿ ਹੁਣ ਇਸ ਨੂੰ ਖੁਦਾ ਵੀ ਸਿਰੇ ਨਹੀਂ ਲਾ ਸਕਦਾ। ਇਉਂ ਹੱਬਾ ਖਾਤੂਨ ਦੀ ਦਾਸਤਾਂ ਫਿਰ ਇਤਿਹਾਸ ਦੀ ਧੁੰਦ ਵਿਚ ਗੁਆਚ ਗਈ।

ਫਿਲਮ 'ਗਮਨ' ਦੀ ਪੂਰੀ ਕਥਾ ਇਸ ਦੇ ਗਾਣੇ 'ਸੀਨੇ ਮੇਂ ਜਲਨ ਆਂਖੋਂ ਮੇਂ ਤੂਫਾਨ ਸਾ ਕਿਉਂ ਹੈ, ਇਸ ਸ਼ਹਿਰ ਮੇਂ ਹਰ ਸ਼ਖਸ ਪਰੇਸ਼ਾਨ ਸਾ ਕਿਉਂ ਹੈ' ਵਿਚ ਪਈ ਹੈ। ਭੁੱਖ ਦੀ ਜ਼ਲਾਲਤ ਨਾਲ ਜੂਝਦੇ ਪਿੰਡਾਂ ਦਾ ਆਵਾਮ ਜਦੋਂ ਕੀੜੀਆਂ ਦੇ ਭੌਣ ਵਾਂਗ ਸ਼ਹਿਰਾਂ ਦੀਆਂ ਸੜਕਾਂ 'ਤੇ ਨਿਕਲਦਾ ਹੈ ਤਾਂ ਉਨ੍ਹਾਂ ਦੀਆਂ ਪਸ਼ੇਮਾਨੀਆਂ ਦੀ ਹਰ ਫਰਿਆਦ ਸ਼ਹਿਰਾਂ ਦੇ ਮੀਨਾਰਾਂ ਨਾਲ ਹੀ ਟਰਕਾ ਕੇ ਚਕਨਾਚੂਰ ਕਿਉਂ ਹੋ ਜਾਂਦੀ ਹੈ? ਦੂਜੇ ਅਰਥਾਂ ਵਿਚ ਬੰਦੇ ਵਿਚੋਂ ਬੰਦਾ ਹੋਣ ਦੀ ਭਾਵਨਾ ਦਾ ਖੁਰਨਾ ਹੀ ਤਾਂ 'ਗਮਨ' ਹੈ। ਮੁਜ਼ੱਫਰ ਅਲੀ ਦੀ ਅੱਖ ਇਸ ਖੋਰੇ ਦੀਆਂ ਬਾਰੀਕੀਆਂ ਨੂੰ ਬਹੁਤ ਸੂਖਮਤਾ ਨਾਲ ਫੜਦੀ ਹੈ। ਸ਼ਹਿਰ ਵਿਚ ਰੋਜ਼ੀ-ਰੋਟੀ ਕਮਾਉਣ ਆਇਆ ਗੁਲਾਮ ਹਸਨ (ਫਾਰੂਕ ਸ਼ੇਖ) ਆਪਣੇ ਦੋਸਤ ਤਿਵਾੜੀ (ਜਲਾਲਾ ਆਗਾ) ਅਤੇ ਉਸ ਦੀ ਦੋਸਤ ਯਸ਼ੋਧਰਾ (ਗੀਤਾ ਸਿਥਾਰਥ) ਦੀ ਮੁਹੱਬਤ ਦੇ ਕਤਲ ਰਾਹੀਂ ਮੁੰਬਈ ਸ਼ਹਿਰ ਦੇ ਖਾਸੇ ਨੂੰ ਸਮਝਦਾ ਹੈ। ਪਹਿਲਾਂ ਪਹਿਲ ਜਦੋਂ ਉਹ ਆਪਣੀ ਪਤਨੀ ਖੈਰੂ (ਸਮਿਤਾ ਪਾਟਿਲ) ਅਤੇ ਬਿਮਾਰ ਮਾਂ ਨੂੰ ਪਿੰਡ ਛੱਡ ਕੇ ਸ਼ਹਿਰ ਆਉਂਦਾ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਸੁਪਨਿਆਂ ਦੇ ਇਸ ਸ਼ਹਿਰ ਵਿਚ ਕੁਝ ਵੀ ਹਾਸਿਲ ਕੀਤਾ ਜਾ ਸਕਦਾ ਹੈ, ਪਰ ਛੇਤੀ ਹੀ ਉਸ ਨੂੰ ਗੁਆਉਣ ਅਤੇ ਪਾਉਣ ਦੇ ਅਸਲ ਅਰਥਾਂ ਦੀ ਸਮਝ ਆਉਣ ਲੱਗਦੀ ਹੈ। ਜਦੋਂ ਯਸ਼ੋਧਰਾ ਦਾ ਟੱਬਰ ਉਸ ਦੇ ਦੋਸਤ ਤਿਵਾੜੀ ਅਤੇ ਯਸ਼ੋਧਰਾ ਨੂੰ ਇਸ ਲਈ ਮਾਰ ਦਿੰਦਾ ਹੈ ਕਿ ਹੁਣ ਯਸ਼ੋਧਰਾ ਆਪਣੀ ਕਮਾਈ, ਆਪਣੇ ਪਤੀ ਦੇ ਹੱਥ ਦਿਆ ਕਰੇਗੀ, ਤਾਂ ਸ਼ਹਿਰੀ ਕਰੂਰਤਾਂ ਦੀਆਂ ਕਿੰਨੀਆਂ ਪਰਤਾਂ ਖੁੱਲ੍ਹ ਜਾਂਦੀਆਂ ਹਨ!

ਟੈਕਸੀ ਚਲਾਉਂਦਿਆਂ ਗੁਲਾਮ ਹਸਨ ਦਾ ਵਾਸਤਾ ਸ਼ਹਿਰ ਦੇ ਹਰ ਤਬਕੇ ਨਾਲ ਪੈਂਦਾ ਹੈ। ਉਹਦੀ ਟੈਕਸੀ ਵਿਚ ਅਮੀਰ, ਪਰ ਅੱਯਾਸ਼ ਗਾਹਕਾਂ ਦਾ ਖੋਖਲਾਪਣ, ਬਦਲ ਰਹੀਆਂ ਕਦਰਾਂ-ਕੀਮਤਾਂ ਦਾ ਰੋਣਾ ਰੋਂਦੇ ਪਾਰਸੀ (ਜੋ ਸ਼ਹਿਰ ਦੀ ਬਦਲ ਰਹੀ ਆਵੋ-ਹਵਾ ਤੋਂ ਦੁਖੀ ਹਨ), ਸ਼ਹਿਰ ਦੇ ਉਚੀ ਨੱਕ ਵਾਲੇ ਲੋਕਾਂ ਦੀਆਂ ਘਟੀਆ ਕਾਨਾਫੂਸੀਆਂ, ਜ਼ਰੂਰਤਮੰਦਾਂ ਦੀਆਂ ਦੁਸ਼ਵਾਰੀਆਂ ਦਾ ਰੋਣਾ ਰੋਇਆ ਜਾਂਦਾ ਹੈ; ਭਾਵ ਟੈਕਸੀ ਅਜਿਹੀ ਜਗ੍ਹਾ ਬਣ ਜਾਂਦੀ ਹੈ ਜਿੱਥੇ ਸ਼ਹਿਰ ਦੀਆਂ ਸਾਰੀਆਂ ਨਾਜ਼ੁਕ ਰਗਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਟੈਕਸੀ ਚਲਾਉਣ ਦੌਰਾਨ ਹੀ ਗੁਲਾਮ ਹਸਨ ਆਕਾਸ਼ ਚੁੰਮਦੀਆਂ ਇਮਾਰਤਾਂ ਵਿਚਕਾਰ ਵਸਦੀਆਂ ਗੰਦੀਆਂ ਬਸਤੀਆਂ ਵਿਚ ਰਹਿੰਦੇ ਮਜ਼ਦੂਰਾਂ ਦੇ ਸੁਪਨਿਆਂ ਨਾਲ ਰੂ-ਬ-ਰੂ ਹੁੰਦਾ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਸ਼ਹਿਰ ਵੱਡਾ ਜੂਆਖਾਨਾ ਹੈ ਜਿੱਥੇ ਹਰ ਬੰਦਾ ਆਪਣੀ ਜ਼ਿੰਦਗੀ ਦਾ ਸੱਟਾ ਖੇਡਦਾ ਹੈ, ਪਰ ਅੰਤ ਹਾਰ ਜਾਂਦਾ ਹੈ। ਬਹੁਤ ਵਾਰ ਸ਼ਹਿਰ ਹਾਰ ਕੇ ਵੀ ਜਿੱਤ ਜਾਂਦਾ ਹੈ। ਇਹ ਸ਼ਹਿਰ ਤਿਵਾੜੀ (ਜਲਾਲਾ ਆਗਾ) ਅਤੇ ਉਸ ਦੀ ਦੋਸਤ ਯਸ਼ੋਧਰਾ (ਗੀਤਾ ਸਿਥਾਰਥ) ਵਰਗੀਆਂ ਮੁਹੱਬਤਾਂ ਦੀ ਕਤਲਗਾਹ ਹੀ ਤਾਂ ਹੈ ਜਿੱਥੇ ਦਿਲਾਂ ਨੂੰ ਜ਼ਿੰਦਾ ਹੀ ਦਫਨ ਕਰ ਦਿੱਤਾ ਗਿਆ ਹੈ। ਇਸ ਸੱਚ ਨੂੰ ਜ਼ੁਬਾਨ ਦਿੰਦਿਆਂ ਉਹ ਆਖਦਾ ਹੈ-

***ਦਿਲ ਹੈ ਤੋ ਧੜਕਨੇ ਕਾ ਬਹਾਨਾ ਕੋਈ ਢੂੰਡੇ,***
***ਪੱਥਰ ਕੀ ਤਰਹ ਬੇਹਿੱਸ ਔਰ ਬੇਜਾਨ ਸਾ ਕਿਉਂ ਹੈ?***
***ਤਨਹਾਈ ਕੀ ਯੇ ਕੌਨ ਸੀ ਮੰਜ਼ਿਲ ਹੈ ਰਫੀਕੋਂ,***
***ਤਾ ਹੱਦ-ਏ-ਨਜ਼ਰ ਏਕ ਬਿਆਂਬਾਨ ਸਾ ਕਿਉਂ ਹੈ?***







ਮੁਜ਼ੱਫਰ ਅਲੀ ਦੀ ਫਿਲਮ 'ਜ਼ੂਨੀ' ਲਈ ਸ਼ੂਟਿੰਗ ਕਰ ਰਹੀ ਡਿੰਪਲ ਕਪਾਡੀਆ ਅਤੇ (ਸੱਜੇ-ਉਪਰ) 'ਗੁਮਾਨ' ਵਿਚ ਸਮਿਤਾ ਪਾਟਿਲ ਤੇ (ਹੇਠਾਂ) ਫਾਰੂਕ ਸ਼ੇਖ।


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


Need Water? Tired of waiting in Line?
Are you looking for a drilling company to drill water well at your farm?
Hydrotech Solutions do best deep water drilling in shortest time and no one can beat our price.
Hydrotech convert pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street in C21 at Ag Show
Hydrotech Solutlions LLC


BIGGEST SALE EVER
On Desi TV!
40% OFF
PER MONTH FOR 12 MONTHS
PUNJABI MEGA PACK
$24.99/mo Regular price
$14.99/mo
FOR 12 MONTHS
Requires credit qualification and subscription to qualifying American or DishLATINO programming.
Use Offer Code SAVEBIG
Cannot be combined with other International offers.
FROM SERIOUS ISSUES TO NON-STOP COMEDY, DISH HAS IT ALL.
jus
Ajj Da Mudda
aapka colors
Comedy Nights With Kapil
PTC PUNJABI
GLOBAL PUNJAB
jus punjabi
TASHAN
PTC NEWS
WILLOW HD
AND MANY MORE
$54.99 EVERYDAY PRICE
$24.99/mo
FOR 12 MONTHS
OVER 50% OFF
PER MONTH FOR 12 MONTHS
HINDI MEGA PACK
Requires credit qualification and subscription to qualifying American or DishLATINO programming. Cannot be combined with other International offers.
Use Offer Code SAVEBIG
FREE
• 100+ Bollywood Movies On Demand
• Professional Installation in up to 6 rooms
ORDER NOW!
1-888-622-8456
MUST MENTION OFFER CODE: SAVEBIG AT TIME OF ORDERING.
Cannot be combined with other Offer Codes
dish
International programming requires additional $10/mo International Basic package or any America's Top or DishLATINO package.
Important Terms and Conditions: Promotional Offers:
$10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
$30/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months.
Requires activation of new qualifying DISH service. All prices, fees, charges, packages, programming, features, functionality and offers subject to change without notice. After 12 months, then-current everyday monthly price applies unless you call or go online to downgrade. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers. Activation Fee may apply. Offers subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offers end 4/30/2016.
© 2016 DISH Network L.L.C. All rights reserved.